ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 33 | 24 August 2022 to 30 August 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਯੂ.ਕੇ. ਦੀਆਂ ਏਜੰਸੀਆਂ ’ਤੇ ਜਗਤਾਰ ਸਿੰਘ ਜੌਹਲ ਬਾਰੇ ਭਾਰਤ ਨੂੰ ਜਾਣਕਾਰੀ ਦੇਣ ਦੇ ਲੱਗੇ ਦੋਸ਼

## ✪ ਮਨੁੱਖੀ ਅਧਿਕਾਰ ਸਮੂਹ ਰੀਪ੍ਰੀਵ ਨੇ ਮੀਡੀਆ ਨੂੰ ਕੁਝ ਦਸਤਾਵੇਜ਼ ਦਿਖਾ ਕੇ ਕੀਤਾ ਪਰਦਾਫਾਸ਼ ✪ ਜੌਹਲ ’ਤੇ ਕਤਲ ਦੀ ਸਾਜ਼ਿਸ਼ ਰਚਣ ਅਤੇ ਇੱਕ ਖਾਲਿਸਤਾਨੀ ਖਾੜਕੂ ਜਥੇਬੰਦੀ ਦਾ ਮੈਂਬਰ ਹੋਣ ਦੇ ਲੱਗੇ ਸਨ ਇਲਜ਼ਾਮ

ਬ੍ਰਿਟੇਨ ਦੇ ਭਾਰਤੀ ਮੂਲ ਦੇ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਅਗਵਾ ਕੀਤੇ ਜਾਣ ਅਤੇ ਫਿਰ ਤਸ਼ੱਦਦ ਦਿੱਤੇ ਜਾਣ ਦੇ ਮਾਮਲੇ ਵਿੱਚ ਹੁਣ ਯੂਕੇ ਦੀਆਂ ਖੁਫੀਆ ਏਜੰਸੀਆਂ ਦੀ ਸ਼ਮੂਲੀਅਤ ਦੀ ਗੱਲ ਸਾਹਮਣੇ ਆ ਰਹੀ ਹੈ। ਯੂ.ਕੇ. ਦੀਆਂ ਖੁਫੀਆ ਏਜੰਸੀਆਂ ’ਤੇ ਇਲਜ਼ਾਮ ਹੈ ਕਿ ਉਨਾਂ ਨੇ ਭਾਰਤੀ ਅਧਿਕਾਰੀਆਂ ਨੂੰ ਜੌਹਲ ਬਾਰੇ ਸੂਚਨਾ ਦਿੱਤੀ ਸੀ, ਜਿਸ ਤੋਂ ਬਾਅਦ ਜੌਹਲ ਨੂੰ ਅਗਵਾ ਕਰ ਲਿਆ ਗਿਆ ਅਤੇ ਫਿਰ ਤਸੀਹੇ ਦਿੱਤੇ ਗਏ।

**ਕੀ ਹੈ ਮਾਮਲਾ**

ਇਹ ਘਟਨਾ 2017 ਦੀ ਹੈ ਜਦੋਂ ਡਮਬੈਰਟਨ (ਸਕਾਟਲੈਂਡ) ਦੇ ਰਹਿਣ ਵਾਲੇ ਜੌਹਲ ਭਾਰਤ ਆਏ ਹੋਏ ਸਨ। ਉਸ ਵੇਲੇ ਉਨਾਂ ਦੇ ਪਰਿਵਾਰ ਦਾ ਕਹਿਣਾ ਸੀ ਕਿ ਇੱਕ ਅਣਜਾਣ ਕਾਰ ਜਗਤਾਰ ਸਿੰਘ ਨੂੰ ਚੁੱਕ ਕੇ ਲੈ ਗਈ ਸੀ।ਜਗਤਾਰ ਦਾ ਕਹਿਣਾ ਹੈ ਕਿ ਉਸ ਤੋਂ ਬਾਅਦ ਉਨਾਂ ਨੂੰ ਕਈ ਦਿਨਾਂ ਤੱਕ ਤਸੀਹੇ ਦਿੱਤੇ ਗਏ। ਉਨਾਂ ਨੂੰ ਬਿਜਲੀ ਦੇ ਝਟਕੇ ਵੀ ਦਿੱਤੇ ਗਏ। ਉਦੋਂ ਤੋਂ ਉਨਾਂ ਨੂੰ ਨਜ਼ਰਬੰਦ ਰੱਖਿਆ ਗਿਆ ਹੈ।ਉਸ ਤੋਂ ਬਾਅਦ ਦੇ ਬ੍ਰਿਟੇਨ ਦੇ ਵੱਖ-ਵੱਖ ਪ੍ਰਧਾਨ ਮੰਤਰੀਆਂ ਨੇ ਉਨਾਂ ਦਾ ਮਾਮਲਾ ਚੁੱਕਿਆ ਹੈ ਪਰ ਭਾਰਤ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਜੌਹਲ ਨੂੰ ਤਸੀਹੇ ਦਿੱਤੇ ਗਏ ਸਨ ਜਾਂ ਉਨਾਂ ਨਾਲ ਕੋਈ ਦੁਰਵਿਵਹਾਰ ਕੀਤਾ ਗਿਆ ਸੀ।

ਮਈ ਮਹੀਨੇ ਵਿੱਚ ਜੌਹਲ ’ਤੇ ਕਤਲ ਦੀ ਸਾਜ਼ਿਸ਼ ਰਚਣ ਅਤੇ ਇੱਕ ਖਾਲਿਸਤਾਨੀ ਖਾੜਕੂ ਜਥੇਬੰਦੀ ਦਾ ਮੈਂਬਰ ਹੋਣ ਦਾ ਇਲਜ਼ਾਮ ਕਾਨੂੰਨੀ ਤੌਰ ’ਤੇ ਲਗਾ ਦਿੱਤਾ ਗਿਆ।ਜੌਹਲ ਨੂੰ ਅਗਲੇ ਮਹੀਨੇ ਉਨਾਂ ਖ਼ਿਲਾਫ਼ ਲੱਗੇ ਇਲਜਾਮਾਂ ਦੀ ਪੂਰੀ ਚਾਰਜਸ਼ੀਟ ਦੇ ਨਾਲ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਉਸ ਵਿੱਚ ਉਨਾਂ ਨੂੰ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ।ਹੁਣ ਮਨੁੱਖੀ ਅਧਿਕਾਰ ਸਮੂਹ ਰੀਪ੍ਰੀਵ ਨੇ ਮੀਡੀਆ ਨੂੰ ਕੁਝ ਦਸਤਾਵੇਜ਼ ਦਿਖਾਏ ਹਨ। ਰੀਪ੍ਰੀਵ ਦਾ ਕਹਿਣਾ ਹੈ ਕਿ ਇਹ ਦਸਤਾਵੇਜ਼ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਜੌਹਲ ਦੀ ਗ੍ਰਿਫ਼ਤਾਰੀ ਬ੍ਰਿਟਿਸ਼ ਖੁਫੀਆ ਜਾਣਕਾਰੀ ਤੋਂ ਬਾਅਦ ਕੀਤੀ ਗਈ ਸੀ। ਯੂ.ਕੇ. ਸਰਕਾਰ ਕਹਿੰਦੀ ਹੈ ਕਿ ਉਹ ਚੱਲ ਰਹੇ ਕਾਨੂੰਨੀ ਕੇਸ ’ਤੇ ਟਿੱਪਣੀ ਨਹੀਂ ਕਰੇਗੀ।

ਰੀਪ੍ਰੀਵ ਦਾ ਦਾਅਵਾ

ਰੀਪ੍ਰੀਵ ਦਾ ਕਹਿਣਾ ਹੈ ਕਿ ਇਸ ਨੇ ਜੌਹਲ ਦੇ ਕੇਸ ਨਾਲ ਸਬੰਧਤ ਕਈ ਜਾਣਕਾਰੀਆਂ ਨੂੰ ਖੁਫੀਆ ਏਜੰਸੀਆਂ ਦੀ ਨਿਗਰਾਨੀ ਕਰਨ ਵਾਲੇ ਨਿਗਰਾਨੀ ਸਮੂਹ ਵੱਲੋਂ ਤਿਆਰ ਇੱਕ ਰਿਪੋਰਟ ਨਾਲ ਮਿਲਾਇਆ ਹੈ ਅਤੇ ਉਹ



ਜਾਣਕਾਰੀਆਂ ਰਿਪੋਰਟ ਵਿਚ ਦਰਜ ਦੁਰਵਿਵਹਾਰ ਦੇ ਇੱਕ ਖਾਸ ਦਾਅਵੇ ਨਾਲ ਮੇਲ ਖਾਂਦੀਆਂ ਹਨ।

ਇਨਵੈਸਟੀਗੇਟਰੀ ਪਾਵਰਜ਼ ਕਮਿਸ਼ਨਰ ਆਫਿਸ (ਆਈਪੀਸੀਓ) ਦੀ ਰਿਪੋਰਟ ਕਹਿੰਦੀ ਹੈ, ‘ਜਾਂਚ ਦੇ ਦੌਰਾਨ, ਐੱਮਆਈਪ ਨੇ ਸੀਕ੍ਰੇਟ ਇੰਟੈਲੀਜੈਂਸ ਸਰਵਿਸ (ਐੱਮਆਈ6) ਰਾਹੀਂ ਇੱਕ ਸੰਪਰਕ ਸਾਥੀ ਨੂੰ ਖੁਫੀਆ ਜਾਣਕਾਰੀ ਦਿੱਤੀ ਗਈ। ਇਹ ਜਾਣਕਾਰੀ ਬ੍ਰਿਟੇਨ ਦੀ ਸੀਕ੍ਰੇਟ ਇੰਟੈਲੀਜੈਂਸ ਸਰਵਿਸ ਐੱਮਆਈ6 ਰਾਹੀਂ ਦਿੱਤੀ ਗਈ ਸੀ।’

‘ਖੁਫ਼ੀਆ ਜਾਣਕਾਰੀ ਦੇ ਸਬਜੈਕਟ (ਵਿਅਕਤੀ) ਨੂੰ ਪਾਰਟਨਰ ਦੇਸ਼ ਨੇ ਆਪਣੇ ਮੁਲਕ ਵਿੱਚ ਗ੍ਰਿਫਤਾਰ ਕੀਤਾ ਸੀ। ਉਸ ਵਿਅਕਤੀ ਨੇ ਬ੍ਰਿਟਿਸ਼ ਕਾਉਂਸਲਰ ਅਧਿਕਾਰੀ ਨੂੰ ਦੱਸਿਆ ਕਿ ਉਸ ਨੂੰ ਤਸੀਹੇ ਦਿੱਤੇ ਗਏ ਸਨ।’

ਰਿਪੋਰਟ ਵਿੱਚ ਜਗਤਾਰ ਸਿੰਘ ਜੌਹਲ ਦਾ ਨਾਮ ਨਹੀਂ ਹੈ, ਪਰ ਰੀਪ੍ਰੀਵ ਦੇ ਜਾਂਚਕਰਤਾ ਇਸ ਗੱਲ ’ਤੇ ਜ਼ੋਰ ਦੇ ਰਹੇ ਹਨ ਕਿ ਸਬੰਧਤ ਮਿਤੀਆਂ, ਬ੍ਰਿਟਿਸ਼ ਪ੍ਰਧਾਨ ਮੰਤਰੀਆਂ ਦੁਆਰਾ ਕੀਤੀ ਗਈ ਲਾਬਿੰਗ ਅਤੇ ਭਾਰਤੀ ਪ੍ਰੈਸ ਵਿੱਚ ਛਪੇ ਸਹਾਇਕ ਸਬੂਤਾਂ ਦੇ ਵੇਰਵਿਆਂ ਕਾਰਨ ਇਸ ਰਿਪੋਰਟ ਦੇ ਤੱਥ ਜੌਹਲ ਦੇ ਕੇਸ ਨਾਲ ਮੇਲ ਖਾਂਦੇ ਹਨ।2017 ਵਿੱਚ, ਹਿੰਦੁਸਤਾਨ ਟਾਈਮਜ਼ ਨੇ ਰਿਪੋਰਟ ਦਿੱਤੀ ਕਿ ‘ਯੂ.ਕੇ. ਦੇ ਇੱਕ ਸਰੋਤ’ ਦੁਆਰਾ ਪੰਜਾਬ ਪੁਲਿਸ ਨੂੰ ਇੱਕ ਪ੍ਰਮੁੱਖ ਵਿਅਕਤੀ, ‘ਜੌਹਲ’ ਬਾਰੇ ‘ਅਸਪੱਸ਼ਟ ਜਾਣਕਾਰੀ’ ਦੇਣ ਤੋਂ ਬਾਅਦ ਜਗਤਾਰ ਸਿੰਘ ਜੌਹਲ ‘ਨਿਗਰਾਨੀ ਵਿੱਚ’ ਆਏ ਸਨ।

ਭਾਰਤ ਸਰਕਾਰ ਜੌਹਲ ’ਤੇ ਕਤਲਾਂ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਉਂਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਉਹ ਖਾਲਿਸਤਾਨ ਨਾਲ ਸਬੰਧਿਤ ਹਨ। ਹਾਲਾਂਕਿ ਜੌਹਲ ਕਿਸੇ ਵੀ ਗਲਤ ਕੰਮ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਦੇ ਹਨ।

ਜਗਤਾਰ ਸਿੰਘ ਜੌਹਲ ਇੱਕ ਸਰਗਰਮ ਬਲੌਗਰ ਅਤੇ ਸਿੱਖ ਮਨੁੱਖੀ ਅਧਿਕਾਰਾਂ ਦੇ ਪ੍ਰਚਾਰਕ (ਕੈਂਪੇਨੇਰ) ਸਨ। ਕਿਹਾ ਜਾਂਦਾ ਹੈ ਕਿ ਇਸ ਨੇ ਜੌਹਲ ਨੂੰ ਭਾਰਤੀ ਅਧਿਕਾਰੀਆਂ ਦੀ ਨਜ਼ਰ ਵਿੱਚ ਲਿਆਂਦਾ ਸੀ।

ਜਗਤਾਰ ਦੇ ਭਰਾ ਗੁਰਪ੍ਰੀਤ ਨੇ ਦੱਸਿਆ ਕਿ ਉਨਾਂ ਨੂੰ ਅਜਿਹੀ ਕਿਸੇ ਵੀ ਗਤੀਵਿਧੀ ਬਾਰੇ ਪਤਾ ਨਹੀਂ ਸੀ ਜਿਸ ਨੂੰ ਗੈਰ-ਕਾਨੂੰਨੀ ਮੰਨਿਆ ਜਾ ਸਕਦਾ ਹੈ।

ਜੌਹਲ ਇਸ ਸਮੇਂ ਦਿੱਲੀ ਦੀ ਜੇਲ ਵਿੱਚ ਬੰਦ ਹਨ। ਉਨਾਂ ਨੇ ਇਲਜ਼ਾਮ ਲਗਾਇਆ ਹੈ ਕਿ ਉਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਉਨਾਂ ਨੂੰ ਕਿਸੇ ਨਾਲ ਸੰਪਰਕ ਨਹੀਂ ਕਰਨ ਦਿੱਤਾ ਗਿਆ, ਅਖੀਰ ਵਿਚ ਉਨਾਂ ਤੋਂ ਘੰਟਿਆਂ ਤੱਕ ਬੇਰਹਿਮੀ ਨਾਲ ਪੁੱਛਗਿੱਛ ਕੀਤੀ ਗਈ।ਉਨਾਂ ਇਹ ਵੀ ਇਲਜ਼ਾਮ ਲਗਾਇਆ ਕਿ ਸ਼ੁਰੂ ਵਿੱਚ ਉਨਾਂ ਨੂੰ ਵਕੀਲਾਂ ਜਾਂ ਬ੍ਰਿਟਿਸ਼ ਕਾਉਂਸਲਰ ਅਧਿਕਾਰੀਆਂ ਨਾਲ ਸੰਪਰਕ ਨਹੀਂ ਕਰਨ ਦਿੱਤਾ ਗਿਆ ਸੀ।ਉਨਾਂ ਦਾ ਕਹਿਣਾ ਹੈ ਕਿ ਉਨਾਂ ਕੋਲੋਂ ਕੋਰੇ ਕਾਗਜ਼ਾਂ ’ਤੇ ਦਸਤਖਤ ਕਰਵਾਏ ਗਏ ਸਨ ਜੋ ਬਾਅਦ ਵਿੱਚ ਜੌਹਲ ਦੇ ਵਿਰੁੱਧ ਝੂਠੇ ਇਕਬਾਲ ਵਜੋਂ ਵਰਤੇ ਗਏ।ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਕਿਹਾ ਕਿ ਉਨਾਂ ਨੇ ਇਸ ਸਾਲ ਅਪ੍ਰੈਲ ਵਿੱਚ ਭਾਰਤ ਦੀ ਯਾਤਰਾ ਦੌਰਾਨ ਜੌਹਲ ਦਾ ਮਾਮਲਾ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਕੋਲ ਉਠਾਇਆ ਸੀ। ਉਨਾਂ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਟੈਰੇਸਾ ਮੇਅ ਨੇ ਵੀ ਆਪਣੇ ਕਾਰਜਕਾਲ ਦੌਰਾਨ ਭਾਰਤ ਸਰਕਾਰ ਕੋਲ ਇਹ ਮਾਮਲਾ ਚੁੱਕਿਆ ਸੀ।

ਰੀਪ੍ਰੀਵ ਦਾ ਕਹਿਣਾ ਹੈ ਕਿ 12 ਅਗਸਤ ਨੂੰ ਜਗਤਾਰ ਜੌਹਲ ਨੇ ਵਿਦੇਸ਼ ਦਫਤਰ, ਗ੍ਰਹਿ ਦਫਤਰ ਅਤੇ ਅਟਾਰਨੀ ਜਨਰਲ ਦੇ ਖ਼ਿਲਾਫ਼ ਹਾਈ ਕੋਰਟ ਵਿੱਚ ਦਾਅਵਾ ਦਾਇਰ ਕੀਤਾ ਅਤੇ ਇਲਜ਼ਾਮ ਲਾਇਆ ਕਿ ਯੂ.ਕੇ. ਦੀਆਂ ਖੁਫੀਆ ਏਜੰਸੀਆਂ ਨੇ ਗੈਰ-ਕਾਨੂੰਨੀ ਢੰਗ ਨਾਲ ਭਾਰਤੀ ਅਧਿਕਾਰੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਜਦਕਿ ਇਸ ਗੱਲ ਦਾ ਖ਼ਤਰਾ ਸੀ ਕਿ ਜੌਹਲ ਨੂੰ ਤਸੀਹੇ ਦਿੱਤੇ ਜਾਣਗੇ।

ਰੀਪ੍ਰੀਵ ਦਾ ਕਹਿਣਾ ਹੈ ਕਿ ਇਹ ਕੇਸ ਦਿਖਾਉਂਦਾ ਹੈ ਕਿ ਬਰਤਾਨਵੀ ਸਰਕਾਰ ਤਸ਼ੱਦਦ ਅਤੇ ਮੌਤ ਦੀ ਸਜ਼ਾ ਬਾਰੇ ਆਪਣੀ ਨੀਤੀ ਵਿੱਚ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਕਮੀਆਂ ਨੂੰ ਦੂਰ ਕਰਨ ਵਿੱਚ ਅਸਫਲ ਰਹੀ ਹੈ ਅਤੇ ਉਸ ਨੇ ਪਿਛਲੀਆਂ ਅਸਫਲਤਾਵਾਂ ਤੋਂ ਬਹੁਤ ਘੱਟ ਸਿੱਖਿਆ ਹੈ। ਜਿਵੇਂ ਕਿ ਐੱਮਆਈ6 ਦੀ ਸੂਹੀਆ ਜਾਣਕਾਰੀ ਕਾਰਨ ਲੀਬੀਆ ਦੇ ਵਿਰੋਧੀ ਅਬਦੁੱਲ ਹਾਕਿਮ ਬੇਲਹਾਜ ਦੀ ਹਵਾਲਗੀ ਹੋਈ ਸੀ ਅਤੇ ਉਸ ਨਾਲ ਤਸ਼ੱਦਦ ਹੋਇਆ ਸੀ।

ਇਨਾਂ ਇਲਜ਼ਾਮਾਂ ’ਤੇ ਟਿੱਪਣੀ ਕਰਦਿਆਂ ਐੱਮਪੀ ਸਟੀਵ ਬੇਕਰ ਨੇ ਕਿਹਾ, ‘ਇਹ ਭਿਆਨਕ ਮਾਮਲਾ, ਜਿੱਥੇ ਯੂ.ਕੇ. ਦੀ ਖੁਫੀਆ ਜਾਣਕਾਰੀ ਸਾਂਝਾ ਕਰਨ ਨੂੰ ਬੇਰਹਿਮੀ ਵਾਲੇ ਤਸ਼ੱਦਦ ਨਾਲ ਜੋੜਿਆ ਗਿਆ ਹੈ, ਸਪੱਸ਼ਟ ਤੌਰ ’ਤੇ ਦਰਸਾਉਂਦਾ ਹੈ ਕਿ ਰਾਸ਼ਟਰੀ ਸੁਰੱਖਿਆ ਬਿੱਲ ਵਿੱਚ ਸੁਧਾਰ ਕਰਨ ਦੀ ਲੋੜ ਕਿਉਂ ਹੈ।’

ਜਿਨਾਂ ਤਿੰਨ ਸਰਕਾਰੀ ਵਿਭਾਗਾਂ ’ਤੇ ਇਲਜ਼ਾਮ ਲੱਗੇ ਹਨ, ਉਨਾਂ ਦੀ ਵੱਲੋਂ ਜਵਾਬ ਦਿੰਦੇ ਹੋਏ ਵਿਦੇਸ਼ ਦਫਤਰ ਨੇ ਕਿਹਾ, ‘ਇੱਕ ਚੱਲ ਰਹੇ ਕਾਨੂੰਨੀ ਮਾਮਲੇ ’ਤੇ ਟਿੱਪਣੀ ਕਰਨਾ ਅਣਉਚਿਤ ਹੋਵੇਗਾ।’

# ਪ੍ਰਧਾਨ ਮੰਤਰੀ ਮੋਦੀ ਨੇ ਨਿਊ ਚੰਡੀਗੜ੍ਹ ਵਿਚ ਕੀਤਾ ਕੈਂਸਰ ਹਸਪਤਾਲ ਅਤੇ ਖੋਜ ਸੈਂਟਰ ਦਾ ਉਦਘਾਟਨ,

## ਕਿਹਾ- ਦੇਸ਼ ਦੇ ਹਰ ਜਿਲ੍ਹੇ ਵਿਚ ਮੈਡੀਕਲ ਕਾਲਜ ਖੋਲ੍ਹਣ ਦੀ ਹੈ ਯੋਜਨਾ

**ਚੰਡੀਗੜ੍ਹ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 50 ਏਕੜ ਵਿਚ ਬਣੇ ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਸੈਂਟਰ ਅੱਜ ਦੇਸ਼ ਵਾਸੀਆਂ ਨੂੰ ਸਮਰਪਿਤ ਕਰ ਦਿੱਤਾ । ਚੰਡੀਗੜ੍ਹ ਦੇ ਨੇੜੇ ਮੁੱਲਾਂਪੁਰ ਸਥਿਤ ਹੋਮੀ ਭਾਭਾ ਕੈਂਸਰ ਹਸਪਤਾਲ ਉਤਰੀ ਭਾਰਤ ਦਾ ਸਭ ਤੋਂ ਵੱਡਾ ਕੈਂਸਰ ਦਾ ਹਸਪਤਾਲ ਹੋਵੇਗਾ । ਇਸ ਹਸਪਤਾਲ ਨਾਲ ਪੰਜਾਬ, ਚੰਡੀਗੜ੍ਹ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਹਸਪਤਾਲ ਦਾ ਉਦਘਾਟਨ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ।

ਆਪਣੇ ਸੰਬੋਧਨ ਵਿੱਚ ਪੀਐਮ ਮੋਦੀ ਨੇ ਕਿਹਾ ਕਿ ਭਾਰਤ ਨੂੰ ਵਿਕਸਤ ਬਣਾਉਣ ਲਈ ਇਸ ਦੀਆਂ ਸਿਹਤ ਸੇਵਾਵਾਂ ਦਾ ਵਿਕਾਸ ਕਰਨਾ ਵੀ ਓਨਾ ਹੀ ਜਰੂਰੀ ਹੈ। ਜਦੋਂ ਭਾਰਤ ਦੇ ਲੋਕਾਂ ਨੂੰ ਆਧੁਨਿਕ ਹਸਪਤਾਲ, ਇਲਾਜ ਲਈ ਆਧੁਨਿਕ ਸਹੂਲਤਾਂ ਮਿਲਣਗੀਆਂ ਤਾਂ ਉਹ ਜਲਦੀ ਠੀਕ ਹੋ ਜਾਣਗੇ। ਉਸਦੀ ਊਰਜਾ ਨੂੰ ਸਹੀ ਦਿਸਾ ਵਿੱਚ ਚਲਾਇਆ ਜਾਵੇਗਾ।



ਪ੍ਰਧਾਨ ਮੰਤਰੀ ਨੇ ਕਿਹਾ, ਚੰਗੀ ਸਿਹਤ ਸੰਭਾਲ ਪ੍ਰਣਾਲੀ ਦਾ ਮਤਲਬ ਸਿਰਫ ਚਾਰ ਦੀਵਾਰੀ ਬਣਾਉਣਾ ਨਹੀਂ ਹੈ। ਕਿਸੇ ਵੀ ਦੇਸ ਦੀ ਸਿਹਤ ਸੰਭਾਲ ਪ੍ਰਣਾਲੀ ਉਦੋਂ ਹੀ ਮਜਬੂਤ ਹੁੰਦੀ ਹੈ ਜਦੋਂ ਉਹ ਹਰ ਤਰ੍ਹਾਂ ਨਾਲ ਹੱਲ ਪ੍ਰਦਾਨ ਕਰਦਾ ਹੈ, ਕਦਮ-ਕਦਮ ਸਹਿਯੋਗ ਮਿਲੇ, ਇਸ ਲਈ ਪਿਛਲੇ ਅੱਠ ਸਾਲਾਂ ਵਿੱਚ ਦੇਸ ਵਿੱਚ ਸਰਵਪੱਖੀ ਸਿਹਤ ਸੰਭਾਲ ਨੂੰ ਪ੍ਰਮੁੱਖ ਤਰਜੀਹਾਂ ਵਿੱਚ ਰੱਖਿਆ ਗਿਆ ਹੈ।ਜਦੋਂ ਲੋਕਾਂ ਨੂੰ ਆਧੁਨਿਕ ਹਸਪਤਾਲ ਅਤੇ ਸਹੂਲਤਾਂ ਮਿਲਣਗੀਆਂ ਅਤੇ ਉਹ ਜਲਦੀ ਠੀਕ ਹੋ ਜਾਣਗੇ। ਫਿਰ ਉਹਨਾਂ ਦੀ ਊਰਜਾ ਨੂੰ ਸਹੀ ਦਿਸਾ ਵਿੱਚ ਚਲਾਇਆ ਜਾਵੇਗਾ।

ਬਾਕੀ ਸਫ਼ਾ 31 ’ਤੇ

# ਕੈਨੇਡਾ ਦੀ ਨੌਜਵਾਨ ਪੀੜੀ ਲਈ ਪ੍ਰੇਰਨਾ ਸਰੋਤ : ਹਰਲੀਨ ਕੌਰ ਸਿੱਧੂ

**ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ:** ਅੰਤਰਰਾਸ਼ਟਰੀ ਬਾਸਕਟਬਾਲ ਖਿਡਾਰਨ ਹਰਲੀਨ ਕੌਰ ਸਿੱਧੂ ਨੌਜਵਾਨ ਵਰਗ ਲਈ ਰੋਲ ਮਾਡਲ ਹੈ। ਬੀਤੇ ਦਿਨੀਂ ਓਮਨੀ ਟੈਲੀਵਿਜ਼ਨ ਵਲੋਂ ਉਸ ਤੇ ਤਿਆਰ ਕੀਤੀ ਗਈ 22 ਮਿੰਟ ਦੀ ਫ਼ਿਲਮ ਦਿਖਾਈ ਜਾ ਰਹੀ ਹੈ। ਮੈਨੂੰ ਨਿੱਜੀ ਤੌਰ ’ਤੇ ਮਾਣ ਅਤੇ ਖ਼ੁਸ਼ੀ ਹੈ ਕਿ ਸਕੂਲ ਸਮੇਂ ਹਰਲੀਨ ਕੌਰ ਨੂੰ ਪੜਾਉਣ ਦਾ ਸੁਭਾਗ ਹਾਸਲ ਹੋਇਆ। ਕੈਨੇਡਾ ਵਿਚਲੀਆਂ ਸਿੱਖ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ ਇਸ ਬੱਚੀ ਦੇ ਪਰਿਵਾਰਕ ਪਿਛੋਕੜ ਵਿਚ ਸ਼ਾਮਿਲ ਹਨ। ਦਾਦਾ ਜੀ ਸ. ਜੋਗਿੰਦਰ ਸਿੰਘ ਸਿੱਧੂ ਖ਼ਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਵੈਨਕੂਵਰ ਦੇ ਮੁੱਖ ਸੇਵਾਦਾਰ ਅਤੇ




ਗੁਰਦੁਆਰਾ ਸਿੰਘ ਸਭਾ ਸਰੀ ਦੇ ਪਹਿਲੇ ਮੁੱਖ ਸੇਵਾਦਾਰ ਅਤੇ ਬਾਨੀਆਂ ਵਿੱਚੋਂ ਇਕ ਉੱਘੀ ਸ਼ਖ਼ਸੀਅਤ ਰਹੇ ਹਨ। ਹਰਲੀਨ ਕੌਰ ਦੇ ਨਾਨਾ ਜੀ ਸਵਰਗੀ ਭਾਈ ਦਲਜੀਤ ਸਿੰਘ ਸੰਧੂ ਸਿਰਫ਼ ਖ਼ਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਦੇ ਪ੍ਰਧਾਨ ਹੀ ਨਹੀਂ ਰਹੇ, ਬਲਕਿ ਸਿੱਖ ਰਾਜਨੀਤੀ ਵਿੱਚ ਜਥੇਦਾਰ ਟੌਹੜਾ ਅਤੇ ਮਨਜੀਤ ਸਿੰਘ ਕਲਕੱਤਾ ਸਮੇਤ ਬਹੁਤ ਸਾਰੀਆਂ ਸ਼ਖ਼ਸੀਅਤਾਂ ਦੇ ਨਜ਼ਦੀਕੀ ਰਹੇ। ਖੇਡਾਂ ਦਾ ਵਿਰਸਾ ਹਰਲੀਨ ਕੌਰ ਨੂੰ ਗੁੜਤੀ ਵਿਚੋਂ ਮਿਲਿਆ ਹੈ।

ਬਾਕੀ ਸਫ਼ਾ 31 ’ਤੇ


Certificate Course in
DATA ANALYTICS
Eligibility : B.Tech, M.Tech, BCA, MCA, BSc, MSc, MBA
Mentors are industry expert from USA and India
100% Placement assistance for high growth tech jess
100% fee waiver / scholarship from Sikh Education Council and Startup Farms IT Limited.
Support and mentorship for projects and case siudy solutions
Training experience certificate by Startup Farms It Ltd
Total Seats : 50
Course Duration : 6 Months
Selection criteria : Interview
EXPERTS FROM USA & INDIA
SRI GURU GRANTH SAHIB WORLD UNIVERSITY
FATEHGARH SAHIB , PUNJAB
Admission Helpline
70096-48231, 62805-38113


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
QUIKQ
wex
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
TOGETHER WE SAVE
YOU BREAK DOWN
WE SHOW UP
24-HOUR ROADSIDE ASSISTANCE
ROAD SQUAD
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਜਪਗੋਬਿੰਦ ਸਿੰਘ ਸਭ ਤੋਂ ਛੋਟੀ ਉਮਰ ਦਾ ਕੈਨੇਡੀਅਨ ਸਿੱਖ ਪਾਇਲਟ ਬਣਿਆ

ਔਟਵਾ/ਏ.ਟੀ.ਨਿਊਜ਼ :- ਜਿੱਥੇ ਸਿੱਖ ਕੌਮ ਨੇ ਦੇਸ਼ ਵਿਦੇਸ਼ ਵਿੱਚ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰੀਆਂ ਨੇ ਉਥੇ ਹੀ ਕੈਨੇਡੀਅਨ ਸਿਟੀਜ਼ਨ, ਪੰਜਾਬ ਦੇ ਜਲੰਧਰ ਜ਼ਿਲੇ ਨਾਲ ਸੰਬਧਿਤ ਅੰਮ੍ਰਿਤਧਾਰੀ ਸਿੱਖ ਜਪਗੋਬਿੰਦ ਸਿੰਘ ਨੇ 16 ਸਾਲਾਂ ਦੀ ਉਮਰ ’ਚ ਸੋਲੋ ਪਾਇਲਟ ਬਣਕੇ ਕੈਨੇਡਾ ਦੇ ਇਤਿਹਾਸ ਵਿਚ ਗੌਰਵਮਈ ਪੰਨਾ ਸ਼ਾਮਿਲ ਕਰਦਿਆਂ ਸਿੱਖ ਕੌਮ ਦਾ ਮਾਣ ਹੋਰ ਵੀ ਵਧਾ ਦਿੱਤਾ ਹੈ। ਓਨਟਾਰੀਓ ਵਿੱਚ ਭਾਵੇਂ ਜਪਗੋਬਿੰਦ ਦੀ ਉਮਰ ਹਜੇ ਕਾਰ ਡਰਾਈਵਿੰਗ ਦਾ ਲਾਈਸੈਂਸ ਲੈਣ ਦੇ ਯੋਗ ਨਹੀਂ ਪਰ ਟਰਾਂਸਪੋਰਟ ਕੈਨੇਡਾ ਨੇ ਉਸ ਨੂੰ ਜਹਾਜ ਉਡਾਉਣ ਦਾ ਲਾਈਸੈਂਸ ਜਾਰੀ ਕਰ ਦਿੱਤਾ ਹੈ। ਜਿਸ ਨਾਲ ਜਪਗੋਬਿੰਦ ਸਿੰਘ ਦਾ ਸੁਪਨਾ ਹੀ ਪੂਰਾ ਨਹੀਂ ਹੋਇਆ ਸਗੋਂ ਨੌਜਵਾਨ ਵਰਗ ਨੂੰ ਸੇਧ ਵੀ ਮਿਲੀ ਹੈ ਅਤੇ ਕਰੜੀ ਮਿਹਨਤ ਕਰਨ ’ਤੇ ਆਪਣੀ ਯੋਗਤਾ ਨੂੰ ਸਹੀ ਪਾਸੇ ਲਗਾ ਕੇ ਜ਼ਿੰਦਗੀ ਵਿੱਚ ਕਾਮਯਾਬ ਹੋਣ ਦਾ ਗੁਰ ਵੀ ਮਿਲਿਆ ਹੈ। ਜਪਗੋਬਿੰਦ ਸਿੰਘ ਨੇ ਕਈ ਸਾਲਾਂ ਦੀ ਕਰੜੀ ਮਿਹਨਤ ਤੋਂ ਬਾਅਦ ਇਹ ਕਾਮਯਾਬੀ ਹਾਸਲ ਕੀਤੀ ਹੈ। ਜਪਗੋਬਿੰਦ ਨੇ ਪਾਇਲਟ ਬਨਣ ਦੀ ਤਿਆਰੀ ਬੀ.ਸੀ. ਤੋਂ ਸ਼ੁਰੂ ਕੀਤੀ। ਐਲਬਰਟਾ ਅਤੇ ਔਂਟੈਰੀਓ ਵਿੱਚ ਸਿਖਲਾਈ ਉਪਰੰਤ ਆਖਰੀ ਟਰੇਨਿੰਗ ਕਿਊਬਿਕ ਵਿੱਚ ਪੂਰੀ ਕੀਤੀ ਹੈ।

ਜਪਗੋਬਿੰਦ ਸ਼ੁਰੂ ਤੋਂ ਹੀ ਆਨਰ ਰੋਲ ਵਿਦਿਆਰਥੀ ਰਿਹਾ ਹੈ। ਮੈਥੇਮੈਟਿਕਸ, ਸੰਗੀਤ, ਇਤਿਹਾਸ ਅਤੇ ਸਾਇੰਸ ਮੁਕਾਬਲਿਆਂ ਦੇ ਨਾਲ-ਨਾਲ ਜਪਗੋਬਿੰਦ ਨੇ ਰੋਬੋਟਿਕਸ ਮੁਕਾਬਲਿਆਂ ਵਿੱਚ ਵੀ ਪਹਿਲੀਆਂ ਪੁਜੀਸ਼ਨਾਂ ਹਾਸਲ ਕੀਤੀਆਂ ਹਨ। ਹਾਲ ਹੀ ਵਿੱਚ ਇੰਟਰਨੈਸ਼ਨਲ ਐਵਾਰਡ ਡਿਊਕ ਆੱਫ ਐਡਿਨਬਰਗ ਕਾਂਸੀ ਅਤੇ ਚਾਂਦੀ ਦਾ ਤਮਗ਼ਾ ਪ੍ਰਾਪਤ ਕੀਤਾ ਹੈ। ਖਾਲਸਾ ਸਕੂਲ ਸਰੀ ਅਤੇ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਸਰੀ ਬੀ.ਸੀ. ਤੋਂ ਆਪਣੀ ਮੁੱਢਲੀ ਸਿਖਿਆ ਲੈਣ ਉਪਰੰਤ ਜਪਗੋਬਿੰਦ ਸਿੰਘ ਨੇ ਸੇਂਟ ਮਾਈਕਲ ਹਾਈ ਸਕੂਲ ਤੋਂ ਆਪਣੀ ਗ੍ਰੈਜੂਏਸ਼ਨ



ਪੂਰੀ ਕੀਤੀ। ਹੁਣ ਜਪਗੋਬਿੰਦ ਨੂੰ ਔਟਵਾ ਦੀਆਂ ਯੂਨੀਵਰਸਿਟੀਆਂ ਨੇ ਐਰੋ ਸਪੇਸ ਇੰਜੀਨੀਅਰਿੰਗ ਵਿੱਚ ਸਕਾਲਰਸ਼ਿਪ ਦੀ ਪੇਸ਼ਕਸ਼ ਕੀਤੀ ਹੈ। 16 ਸਾਲ ਦੀ ਉਮਰ ਵਿੱਚ ਯੂਨੀਵਰਸਿਟੀ ਵਿੱਚ ਪੜ੍ਹਾਈ ਵੀ ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੈ।

ਗਤਕਾ, ਕੀਰਤਨ ਅਤੇ ਤਬਲੇ ਦੇ ਨਾਲ-ਨਾਲ ਜਪਗੋਬਿੰਦ ਦੀ ਖੇਡਾਂ ਵਿੱਚ ਵਿਸ਼ੇਸ਼ ਰੁਚੀ ਹੈ। ਆਪਣੇ ਸਕੂਲ ਦੀ ਸੋਕਰ ਟੀਮ ਤੋਂ ਇਲਾਵਾ ਜਪਗੋਬਿੰਦ ਈਸਟ ਔਂਟੈਰੀਓ ਡਿਸਟਰਿਕਟ ਸੋਕਰ ਲੀਗ ਵਿੱਚ ਵੀ ਖੇਡਦਾ ਹੈ।

ਪਿਛਲੇ ਦਿਨੀ ਸਾਡੇ ਕਈ ਨੌਜਵਾਨਾਂ ਨੇ ਇੰਗਲੈਂਡ ’ਚ ਹੋਈਆਂ ਕਾਮਨਵੈਲਥ ਖੇਡਾਂ ਵਿੱਚ ਤਮਗ਼ੇ ਜਿੱਤ ਕੇ ਕੈਨੇਡਾ ਅਤੇ ਸਿੱਖਾਂ ਦਾ ਮਾਣ ਸਾਰੀ ਦੁਨੀਆਂ ’ਚ ਵਧਾਇਆ ਸੀ ਉਸ ਦੇ ਨਾਲ ਹੀ ਅੰਮ੍ਰਿਤਧਾਰੀ ਗੁਰਸਿੱਖ ਜਪਗੋਬਿੰਦ ਸਿੰਘ ਨੇ ਸਭ ਤੋਂ ਛੋਟੀ ਉਮਰ ਦਾ ਸਿੱਖ ਸੋਲੋ ਪਾਇਲਟ ਬਣ ਕੇ ਸਿੱਖ ਕੌਮ ਦਾ ਸਿਰ ਮਾਣ ਨਾਲ ਹੋਰ ਉਚਾ ਕਰ ਦਿੱਤਾ ਹੈ।

# 84 ਸਿੱਖ ਕਤਲੇਆਮ ਨੂੰ ਵੱਡੇ ਪਰਦੇ ’ਤੇ ਦਿਖਾਉਣਗੇ ਦਿਲਜੀਤ ਦੋਸਾਂਝ

ਜਲੰਧਰ/ਏ.ਟੀ.ਨਿਊਜ਼ :- ਪੰਜਾਬੀ ਫ਼ਿਲਮ ਇੰਡਸਟਰੀ ਵਿਚ ਪ੍ਰਸਿੱਧੀ ਖੱਟਣ ਤੋਂ ਬਾਅਦ ਦਿਲਜੀਤ ਦੋਸਾਂਝ ਨੇ ਬਾਲੀਵੁੱਡ ਵਿਚ ਵੀ ਖ਼ਾਸ ਮੁਕਾਮ ਹਾਸਲ ਕਰ ਲਿਆ ਹੈ। ਦਿਲਜੀਤ ਨੇ ਆਪਣੀ ਅਗਲੀ ਹਿੰਦੀ ਫ਼ਿਲਮ ਦਾ ਐਲਾਨ ਕਰ ਦਿੱਤਾ ਹੈ। ਦਿਲਜੀਤ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਉੱਤੇ ਫ਼ਿਲਮ ‘ਜੋਗੀ’ ਦਾ ਪੋਸਟਰ ਸ਼ੇਅਰ ਕਰਦਿਆਂ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਇਸ ਫ਼ਿਲਮ ਨੂੰ ਅਲੀ ਅੱਬਾਸ ਜ਼ਫਰ ਦੁਆਰਾ ਨਿਰਦੇਸ਼ਿਤ ਕੀਤਾ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਫ਼ਿਲਮ 1984 ਦੇ ਸਿੱਖ ਕਤਲੇਆਮ ’ਤੇ ਆਧਾਰਿਤ ਹੈ। ਦਿਲਜੀਤ ਨੇ ਨਿੱਜੀ ਚੈਨਲ ਨਾਲ ਗੱਲਬਾਤ ਕਰਦਿਆਂ ਦੱਸਿਆ, ‘ਮੇਰੇ ਜਨਮ ਦਾ ਸਾਲ ਵੀ 1984 ਹੈ। ਮੈਂ ਉਸ ਦੌਰ ਬਾਰੇ ਅਸਲ ਜ਼ਿੰਦਗੀ ਦੇ ਤਜ਼ਰਬਿਆਂ ਅਤੇ ਕਤਲੇਆਮ ਅਤੇ ਕਹਾਣੀਆਂ ਬਾਰੇ ਸੁਣ ਕੇ ਵੱਡਾ ਹੋਇਆ ਹਾਂ। ਅਸਲ ਵਿਚ ਮੈਂ ਕੁਝ ਸਮਾਂ ਪਹਿਲਾਂ ਪੰਜਾਬ ਵਿਚ 1984 ਵਿਚ ਇੱਕ ਪੰਜਾਬੀ ਫ਼ਿਲਮ ਕੀਤੀ ਸੀ। ਇਸ ਫ਼ਿਲਮ ਨੇ ਨੈਸ਼ਨਲ ਐਵਾਰਡ ਵੀ ਜਿੱਤਿਆ ਸੀ। ਇਸ ਲਈ ਇਹ ਕੰਸੈਪਟ ਮੇਰੇ ਲਈ ਬਹੁਤ ਮਹੱਤਵਪੂਰਨ ਹੈ ਅਤੇ ਅਲੀ ਸਰ ਨੇ ਸਹੀ ਕਹਾਣੀ ਚੁਣੀ ਹੈ। ਦੱਸ ਦਈਏ ਕਿ ਇਹ




ਫ਼ਿਲਮ ਸਿੱਧੇ ਨੈੱਟਫਲਿਕਸ ’ਤੇ 16 ਸਤੰਬਰ ਨੂੰ ਰਿਲੀਜ਼ ਹੋਵੇਗੀ। ਦਿਲਜੀਤ ਦਾ ਮੰਨਣਾ ਹੈ ਕਿ ਓਟੀਟੀ ਰਿਲੀਜ਼ਿੰਗ ਲਈ ਸਹੀ ਰਸਤਾ ਹੈ, ਕਿਉਂਕਿ ਇਸ ਪਲੇਟਫ਼ਾਰਮ ਤੋਂ ਤੁਸੀਂ ਸਿੱਧਾ ਪੂਰੀ ਦੁਨੀਆ ਦੇ ਦਰਸ਼ਕਾਂ ਨਾਲ ਜੁੜਦੇ ਹੋ। ਉਨਾਂ ਕਿਹਾ, ‘ਸਾਡੇ ਲਈ ਘਟਨਾ ਦੀ ਕਹਾਣੀ ਲੋਕਾਂ ਨੂੰ ਦੱਸਣਾ ਬਹੁਤ ਜ਼ਰੂਰੀ ਹੈ। ਇਸ ਬਾਰੇ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ। ਇਸ ਲਈ ਇੱਕ ਓਟੀਟੀ ਪਲੇਟਫਾਰਮ ’ਤੇ ਆਉਣ ਵਾਲੀ ਇੱਕ ਫ਼ਿਲਮ ਇਸ ਲਈ ਜ਼ਰੂਰੀ ਸੀ ਕਿਉਂਕਿ ਇਸ ਵਿਸ਼ੇ ਦੀ ਅਜੇ ਤੱਕ ਡਿਜੀਟਲ ਸਪੇਸ ਵਿਚ ਖੋਜ ਨਹੀਂ ਕੀਤੀ ਗਈ ਹੈ। ਇਹ ਸਾਡੇ ਲਈ ਕਹਾਣੀ ਸੁਣਾਉਣ ਦਾ ਵਧੀਆ ਮੌਕਾ ਹੈ।’ ਦਿਲਜੀਤ ਨੇ ਯਾਦ ਕੀਤਾ ਕਿ ਜਦੋਂ ਉਹ 1984 ਵਿਚ ਪਿੰਡ ਵਿਚ ‘ਪੰਜਾਬ’ ਦੀ ਸ਼ੂਟਿੰਗ ਕਰ ਰਿਹਾ ਸੀ ਤਾਂ ਪਿੰਡ ਵਾਸੀ ਅਕਸਰ ਕਹਿੰਦੇ ਸਨ ਕਿ ਇਹ ਫ਼ਿਲਮ ਨਹੀਂ, ਉਨਾਂ ਦੀ ਜ਼ਿੰਦਗੀ ਹੈ। ਉਨਾਂ ਨੇ ਕਿਹਾ, ‘ਇਸ ਵਾਰ ਵੀ ਸਾਡੇ ਨਾਲ ਹਕੀਕਤ ਦਾ ਅਹਿਸਾਸ ਸੀ।’

ਦੱਸਣਯੋਗ ਹੈ ਕਿ ਦਿਲਜੀਤ ਦੀ 2020 ਦੀ ‘ਸੂਰਜ ਪੇ ਮੰਗਲ ਭਾਰੀ’ ਤੋਂ ਬਾਅਦ ਉਹ ਕਿਸੇ ਵੀ ਹਿੰਦੀ ਫ਼ਿਲਮ ਵਿਚ ਨਜ਼ਰ ਨਹੀਂ ਆਏ। ਆਖਰੀ ਪੰਜਾਬੀ ਫ਼ਿਲਮ 2021 ਦੀ ‘ਹੌਂਸਲਾ ਰੱਖ’ ਸੀ, ਜਿਸ ਵਿਚ ਸ਼ਹਿਨਾਜ਼ ਗਿੱਲ ਅਤੇ ਸੋਨਮ ਬਾਜਵਾ ਨੇ ਵੀ ਅਦਾਕਾਰੀ ਕੀਤੀ ਸੀ।

# ਹਵਾਈ ਜਹਾਜ਼ ’ਚ ਕਿਰਪਾਨ ਲੈ ਕੇ ਜਾਣ ਦਾ ਮੁੱਦਾ

## ਨੋਟੀਫਿਕੇਸ਼ਨ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਲਈ ਵਾਪਸ

**ਨਵੀਂ ਦਿੱਲੀ** : ਸਿੱਖ ਯਾਤਰੀਆਂ ਨੂੰ ਘਰੇਲੂ ਜਹਾਜ਼ਾਂ ਵਿਚ ਕਿਰਪਾਨ ਲੈ ਕੇ ਜਾਣ ਦੀ ਇਜਾਜ਼ਤ ਦੇਣ ਵਾਲੇ ਨੋਟੀਫਿਕੇਸ਼ਨ ਨੂੰ ਬੀਤੇ ਸੋਮਵਾਰ ਨੂੰ ਪਟੀਸ਼ਨਕਰਤਾ ਨੇ ਵਾਪਸ ਲੈ ਲਿਆ। ਉਸ ਨੇ ਦੱਸਿਆ ਕਿ ਉਹ ਪਟੀਸ਼ਨ ਦੀ ਪੈਰਵੀ ਨਹੀਂ ਕਰਨਾ ਚਾਹੁੰਦੇ।

ਪਟੀਸ਼ਨਕਰਤਾ ਦੀ ਮੰਗ ਨੂੰ ਸਵੀਕਾਰ ਕਰਦੇ ਹੋਏ ਚੀਫ਼ ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਦੀ ਬੈਂਚ ਨੇ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਬੈਂਚ ਨੇ 18 ਅਗਸਤ ਨੂੰ ਪਟੀਸ਼ਨ ’ਤੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ, ਗ੍ਰਹਿ ਮੰਤਰਾਲੇ, ਸ਼ਹਿਰੀ ਹਵਾਬਾਜ਼ੀ ਦੇ ਡਾਇਰੈਕਟਰ ਜਨਰਲ ਤੋਂ ਜਵਾਬ ਮੰਗਿਆ ਸੀ। ਪਟੀਸ਼ਨਕਰਤਾ ਹਰਸ਼ ਵਿਭੋਰ ਸਿੰਘਲ ਨੇ ਦਲੀਲ ਦਿੱਤੀ ਕਿ 4 ਮਾਰਚ ਨੂੰ ਜਾਰੀ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਸਿੱਖ ਯਾਤਰੀ ਘਰੇਲੂ ਉਡਾਨਾਂ ਵਿੱਚ ਕਿਸੇ ਵੀ ਭਾਰਤੀ ਹਵਾਈ ਜਹਾਜ਼ ਵਿੱਚ ਯਾਤਰਾ ਕਰਦੇ ਸਮੇਂ ਨਿੱਜੀ ਤੌਰ ’ਤੇ ਕਿਰਪਾਨ ਲੈ ਸਕਦੇ ਹਨ। ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਉਲਟ ਧਾਰਨਾ ਦੇ ਬਾਵਜੂਦ ਕਿਰਪਾਨ ਸੈਂਕੜੇ ਕਤਲਾਂ ਵਿੱਚ ਵਰਤੀ ਜਾਂਦੀ ਬਲੇਡ ਹੈ ਅਤੇ ਕਈ ਕਤਲ ਕੇਸਾਂ ਦਾ ਸੁਪਰੀਮ ਕੋਰਟ ਵੱਲੋਂ ਫ਼ੈਸਲਾ ਵੀ ਕੀਤਾ ਜਾ ਚੁੱਕਾ



ਹੈ। ਉਸ ਨੇ ਕਿਹਾ ਕਿ ਹਵਾਈ ਜਹਾਜ਼ਾਂ ਵਿੱਚ ਕਿਰਪਾਨ ਦੀ ਇਜਾਜ਼ਤ ਦੇਣਾ ਹਵਾਬਾਜ਼ੀ ਸੁਰੱਖਿਆ ਲਈ ਖ਼ਤਰਨਾਕ ਹੈ।

**ਮਾਨ ਦਾ ਬਿਆਨ**

ਯਾਦ ਰਹੇ ਕਿ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਬਿਆਨ ਦਿੱਤਾ ਸੀ ਕਿ ਜੇਕਰ ਹਿੰਦੂ ਜਨੇਊ ਪਹਿਨ ਕੇ ਜਹਾਜ਼ ਵਿਚ ਸਫਰ ਕਰ ਸਕਦੇ ਹਨ ਤਾਂ ਸਿੱਖ ਕਿਰਪਾਨ ਨਾਲ ਸਫਰ ਕਿਉਂ ਨਹੀਂ ਕਰ ਸਕਦੇ। ਜਿਸ ਨੇ ਸ਼ਰਾਰਤ ਕਰਨੀ ਹੈ ਉਹ ਜਨੇਊ ਦੀ ਜਗਾ ਚੀਨ ਦਾ ਧਾਗਾ ਪਾ ਕੇ ਜਾਵੇ ਅਤੇ ਧਮਕੀ ਦੇਵੇ ਕਿ ਮੈਂ ਗਰਦਨ ਉਡਾ ਦੇਵਾਂਗਾ ਅਤੇ ਉਹ ਜਹਾਜ਼ ਨੂੰ ਹਾਈਜੈਕ ਵੀ ਕਰ ਸਕਦਾ ਹੈ। ਮਾਨ ਨੇ ਕਿਹਾ ਕਿ ਸਿੱਖਾਂ ਨੂੰ ਕਿਰਪਾਨ ਲੈ ਕੇ ਜਾਣ ਦੀ ਅਜ਼ਾਦੀ ਹੈ। ਜਿਸ ਤਰਾਂ ਦਾ ਜਨੇਊ ਹਿੰਦੂਆਂ ਦਾ ਧਾਰਮਿਕ ਚਿੰਨ ਹੈ, ਉਸੇ ਹੀ ਕਿਰਪਾਨ ਵੀ ਸਿੱਖਾਂ ਦਾ ਧਾਰਮਿਕ ਚਿੰਨ ਹੈ।

ਉਨਾਂ ਕਿਹਾ ਕਿ ਜਿਸ ਤਰਾਂ ਸਿੱਖਾਂ ਵੱਲੋਂ ਰੱਖੀ ਜਾ ਕਿਰਪਾਨ ਨੂੰ ਖਤਰਾ ਮੰਨਿਆ ਜਾ ਰਿਹਾ ਹੈ ਤਾਂ ਉਸੇ ਤਰਾਂ ਹਿੰਦੂਆਂ ਦਾ ਜਨੇਊ ਵੀ ਲੋਕਾਂ ਲਈ ਖਤਰੇ ਦਾ ਰੂਪ ਧਾਰਨ ਕਰ ਸਕਦਾ ਹੈ, ਲਿਹਾਜ਼ਾ ਸਾਨੂੰ ਸਾਵਧਾਨੀ ਵਰਤਣੀ ਪਵੇਗੀ। ਉਨਾਂ ਅੱਗੇ ਕਿਹਾ ਕਿ ਜੇਕਰ ਸਿੱਖਾਂ ਦੀ ਕਿਰਪਾਨ ਉਤਾਰੀ ਜਾਵੇਗੀ ਤਾਂ ਹਿੰਦੂਆਂ ਦੇ ਜਨੇਊ ਵੀ ਉਤਾਰੇ ਜਾਣਗੇ।

# ਕੈਨੇਡਾ ਦੀ ਮਰਦਮਸ਼ੁਮਾਰੀ ’ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿਚ 49.4 ਫੀਸਦੀ ਵਾਧਾ

ਐਡਮਿੰਟਨ/ਏ.ਟੀ.ਨਿਊਜ਼ :- ਕੈਨੇਡਾ ਸਰਕਾਰ ਵਲੋਂ ਬੀਤੇ ਦਿਨੀਂ ਕਰਵਾਈ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ’ਚ 49.4 ਫੀਸਦੀ ਵਾਧਾ ਨੋਟ ਕੀਤਾ ਗਿਆ। ਪਿਛਲੇ ਦਿਨੀਂ ਇਕ ਸਮਾਗਮ ਵਿਚ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲਾਨੀ ਜੋਲੀ ਨੇ ਦੱਸਿਆ ਸੀ ਕਿ ਪੰਜਾਬੀ ਬੋਲੀ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਬਹੁਤ ਤੇਜ਼ੀ ਨਾਲ ਵਧ ਰਹੀ ਹੈ ਤੇ ਇਹ ਪੰਜਾਬੀਆਂ ਦਾ ਕੈਨੇਡਾ ਵਿਚ ਭਾਰੀ ਮਾਤਰਾ ਵਿਚ ਪ੍ਰਵੇਸ਼ ਕਰਨ ਦੀ ਨਿਸ਼ਾਨੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਵਿਚ ਬੋਲਣ ਵਾਲੀਆਂ ਭਾਸ਼ਾਵਾਂ ਵਿਚ ਪੰਜਾਬੀ ਭਾਸ਼ਾ ਇਕ ਖਾਸ ਭਾਸ਼ਾ ਬਣ ਗਈ ਹੈ। ਦੱਸ ਦੇਈਏ ਕਿ ਕੈਨੇਡਾ ਵਿਚ ਅੰਗਰੇਜ਼ੀ, ਫਰੈਂਚ ਤੇ ਮੈਂਡਰਿਨ ਤੋਂ ਬਾਅਦ ਪੰਜਾਬੀ ਭਾਸ਼ਾ ਦਾ ਭਾਰੀ ਵਾਧਾ ਪੰਜਾਬੀਆਂ ਲਈ ਖੁਸ਼ੀ ਦੀ ਗੱਲ ਹੈ। ਜ਼ਿਕਰਯੋਗ ਹੈ ਕਿ ਹੁਣ ਹਸਪਤਾਲਾਂ, ਡਰਾਈਵਰੀ ਲਾਇਸੰਸ (ਰਜਿਸਟਰੀ ਸੈਂਟਰ) ਤੇ ਬੱਸਾਂ ਗੱਡੀਆਂ ਵਿਚ ਪੰਜਾਬੀ ਦੇ ਕਾਊਂਟਰ ਲੱਗ ਗਏ ਹਨ।

# 4.7 ਮਿਲੀਅਨ ਡਾਲਰ ਤੋਂ ਵੱਧ ਦੀ ਧੋਖਾਧੜੀ ਦੇ ਦੋਸ਼ੀ ਜਸਮਿੰਦਰ ਸਿੰਘ ਨੂੰ 4 ਸਾਲ ਦੀ ਕੈਦ

**ਫਰੀਮਾਂਟ/ਏ.ਟੀ.ਨਿਊਜ਼** :- ਕੈਲੀਫੋਰਨੀਆ ਦੇ ਜਸਮਿੰਦਰ ਸਿੰਘ ਨੂੰ ਨਿਊਯਾਰਕ ਦੇ ਪੂਰਬੀ ਜ਼ਿਲੇ ਵਿੱਚ ਲਗਭਗ ੪.੭ ਮਿਲੀਅਨ ਡਾਲਰ ਦੀ ਅਮਰੀਕਨ ਐਕਸਪ੍ਰੈਸ ਦੀ ਧੋਖਾਧੜੀ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਜਿਸ ਕਾਰਨ ਉਸ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।



ਅਦਾਲਤੀ ਦਸਤਾਵੇਜ਼ਾਂ ਅਤੇ ਮੁਕੱਦਮੇ ਦੌਰਾਨ ਪੇਸ਼ ਕੀਤੇ ਗਏ ਸਬੂਤਾਂ ਦੇ ਅਨੁਸਾਰ, ਨਵੰਬਰ 2017 ਤੋਂ ਦਸੰਬਰ 2019 ਦੇ ਵਿਚਕਾਰ, ਫਰੀਮਾਂਟ ਦੇ 45 ਸਾਲਾ ਜਸਮਿੰਦਰ ਸਿੰਘ ਨੇ ਹਜ਼ਾਰਾਂ ਐਪਲ ਫੋਨ ਖਰੀਦਣ ਲਈ ਉਨਾਂ ਸੰਸਥਾਵਾਂ ਦੇ ਨਾਮ ’ਤੇ 10 ਅਮਰੀਕਨ ਐਕਸਪ੍ਰੈਸ ਕ੍ਰੈਡਿਟ ਕਾਰਡਾਂ ਦੀ ਵਰਤੋਂ ਕੀਤੀ, ਜਿਨਾਂ ਨੂੰ ਉਸਨੇ **iPhones** ਖਰੀਦਣ ਲਈ ਖੁਦ ਬਣਾਇਆ ਸੀ। ਫਿਰ ਉਸਨੇ ਲੱਖਾਂ ਡਾਲਰਾਂ ਵਿੱਚ ਵਿਦੇਸ਼ੀ ਖਰੀਦਦਾਰਾਂ ਨੂੰ ਆਈਫੋਨ ਵੇਚੇ। ਆਪਣੀ ਸਕੀਮ ਦੇ ਤਹਿਤ, ਜਸਮਿੰਦਰ ਸਿੰਘ ਨੇ ਅਮਰੀਕਨ ਐਕਸਪ੍ਰੈਸ ਨੂੰ ਝੂਠਾ ਦੱਸਿਆ ਕਿ ਉਹ ਆਈਫੋਨਾਂ ਦੀ ਖਰੀਦ ਤੋਂ ਲਏ ਗਏ ਲਗਭਗ 4.7 ਮਿਲੀਅਨ ਡਾਲਰ ਖਰਚਿਆਂ ਦੀ ਅਦਾਇਗੀ ਕਰਨ ਵਿੱਚ ਅਸਮਰੱਥ ਸੀ ਅਤੇ ਉਸ ਨੇ ਅਮਰੀਕਨ ਐਕਸਪ੍ਰੈਸ ਤੋਂ ਵਾਧੂ ਕ੍ਰੈਡਿਟ ਸੁਰੱਖਿਅਤ ਕਰਨ ਲਈ ਜਾਅਲੀ ਭੁਗਤਾਨ ਚਲਾਨ ਬਣਾਏ। ਜਸਮਿੰਦਰ ਸਿੰਘ ਨੇ ਫਿਰ ਇਸ ਸਕੀਮ ਦੀ ਕਮਾਈ ਨੂੰ ਨਿੱਜੀ ਖਰਚਿਆਂ ਦਾ ਭੁਗਤਾਨ ਕਰਨ ਅਤੇ ਲਗਜ਼ਰੀ ਵਸਤੂਆਂ ਖਰੀਦਣ ਲਈ ਵਰਤਿਆ, ਜਿਸ ਵਿੱਚ 1.3 ਮਿਲੀਅਨ ਡਾਲਰ ਦਾ ਘਰ ਅਤੇ ਇੱਕ ਲਗਜ਼ਰੀ ਵਾਹਨ ਸ਼ਾਮਲ ਸੀ।

ਧੋਖਾਧੜੀ ਦੇ ਮਾਮਲੇ ਵਿਚ ਜਸਮਿੰਦਰ ਸਿੰਘ ਨੂੰ 4,651,845.08 ਡਾਲਰ ਮੁਆਵਜ਼ੇ ਵਜੋਂ ਅਦਾ ਕਰਨ ਅਤੇ 3,018,602.22 ਡਾਲਰ ਜ਼ਬਤ ਕਰਨ ਦਾ ਹੁਕਮ ਦਿੱਤਾ ਗਿਆ ਹੈ।

ਅਸਿਸਟੈਂਟ ਅਟਾਰਨੀ ਜਨਰਲ ਕੈਨੇਥ ਏ. ਪੋਲੀਟ, ਜਸਟਿਸ ਡਿਪਾਰਟਮੈਂਟ ਦੇ ਕ੍ਰਿਮੀਨਲ ਡਵੀਜ਼ਨ ਦੇ ਜੂਨੀਅਰ, ਨਿਊਯਾਰਕ ਦੇ ਪੂਰਬੀ ਜ਼ਿਲੇ ਲਈ ਅਮਰੀਕੀ ਅਟਾਰਨੀ ਬ੍ਰੇਨ ਪੀਸ, ਐਫਬੀਆਈ ਦੇ ਕ੍ਰਿਮੀਨਲ ਇਨਵੈਸਟੀਗੇਟਿਵ ਡਵੀਜ਼ਨ ਦੇ ਸਹਾਇਕ ਡਾਇਰੈਕਟਰ ਲੁਈਸ ਕਵੇਸਾਡਾ ਅਤੇ ਐਫਬੀਆਈ ਦੇ ਨਿਊਯਾਰਕ ਫੀਲਡ ਦਫਤਰ ਦੇ ਸਹਾਇਕ ਡਾਇਰੈਕਟਰ-ਇਨ-ਚਾਰਜ ਮਾਈਕਲ ਜੇ. ਡਰਿਸਕੋਲ ਨੇ ਉਪਰੋਕਤ ਘੋਸ਼ਣਾ ਕੀਤੀ।

ਕ੍ਰਿਮੀਨਲ ਡਵੀਜ਼ਨ ਦੇ ਫਰਾਡ ਸੈਕਸ਼ਨ ਦੇ ਟ੍ਰਾਇਲ ਅਟਾਰਨੀ ਪੈਟਰਿਕ ਜੇ. ਕੈਂਪਬੈਲ ਅਤੇ ਨਿਊਯਾਰਕ ਦੇ ਪੂਰਬੀ ਜ਼ਿਲੇ ਦੇ ਸਹਾਇਕ ਅਮਰੀਕੀ ਅਟਾਰਨੀ ਮਾਈਕਲ ਡਬਲਯੂ ਗਿਬਾਲਡੀ ਨੇ ਇਸ ਕੇਸ ਦੀ ਪੈਰਵੀ ਕੀਤੀ ਸੀ।

# 500 ਤੋਂ ਵੱਧ ਦਿਨ ਦੀ ਉਡੀਕ ਕਰਨੀ ਪਵੇਗੀ ਅਮਰੀਕੀ ਵੀਜ਼ਾ ਲਈ ਤੇ ਕੈਨੇਡਾ ਲਈ ਵੀ ਲੰਬੀ ਕਤਾਰ

## ਮੁਸ਼ਕਲ ਹੋਇਆ ਵਿਦੇਸ਼ ਜਾਣਾ

**ਵੀਜ਼ਾ ਅਪਾਇੰਟਮੈਂਟ ਵਿਚ ਇਸ ਦੇਰੀ ਦਾ ਅਸਰ ਵੱਡੇ ਪੱਧਰ ’ਤੇ ਲੋਕਾਂ ਉੱਤੇ ਹੋ ਰਿਹਾ ਹੈ। ਇਹ ਕਈ ਲੋਕਾਂ ਦੇ ਕਰੀਅਰ ਤਬਾਹ ਹੋਣ ਵਾਲੀ ਗੱਲ ਹੈ। ਵਿਦਿਆਰਥੀਆਂ ਉੱਤੇ ਦਾ ਇਸ ਦਾ ਅਸਰ ਡੂੰਘਾ ਪੈ ਰਿਹਾ ਹੈ। ਕਈ ਅਜਿਹੇ ਕੋਰਸ ਹਨ ਜਿਨਾਂ ਦੀ ਮਿਆਦ ਸ਼ੁਰੂ ਹੋਣ ਵਾਲੀ ਹੈ ਪਰ ਵਿਦਿਆਰਥੀਆਂ ਨੂੰ ਵੀਜ਼ਾ ਸਬੰਧੀ ਕੋਈ ਵੀ ਜਾਣਕਾਰੀ ਨਹੀਂ ਹੈ। ਵੱਡੀ ਗਿਣਤੀ ਵਿਚ ਵਿਦਿਆਰਥੀ ਕਾਲਜ-ਯੂਨੀਵਰਸਿਟੀਆਂ ਦੀ ਫੀਸ ਭਰ ਚੁੱਕੇ ਹਨ ਪਰ ਹੁਣ ਉਨਾਂ ਨੂੰ ਵੀਜ਼ਾ ਹੀ ਨਹੀਂ ਮਿਲ ਰਿਹਾ। ਕਾਲਜ ਰਿਫੰਡ ਕਰਨ ਨੂੰ ਵੀ ਤਿਆਰ ਨਹੀਂ ਹਨ। ਇਸ ਦੇ ਲਈ ਉਨਾਂ ਨੂੰ ਹਾਈ ਕਮਿਸ਼ਨ ਦੀ ਚਿੱਠੀ ਚਾਹੀਦੀ ਹੈ ਪਰ ਹਾਈ ਕਮਿਸ਼ਨ ਕੋਈ ਵੀ ਰਾਬਤਾ ਕਾਇਮ ਨਹੀਂ ਕਰ ਰਿਹਾ, ਯੂਐੱਸਏ ਅਤੇ ਕੈਨੇਡਾ ਲਈ ਪੰਜਾਬ ਵਿਚੋਂ ਵੱਡੀ ਗਿਣਤੀ ’ਚ ਲੋਕ ਜਾਣ ਦੀ ਉਡੀਕ ਕਰ ਰਹੇ ਹਨ। ਕਈ ਬੱਚਿਆਂ ਦੇ ਕੰਪੀਟੇਟੀਵ ਕੋਰਸ ਅਤੇ ਸਕਾਲਰਸ਼ਿਪ ਪ੍ਰੋਗਰਾਮ ਸ਼ੁਰੂ ਹੋ ਰਹੇ ਹਨ ਪਰ ਵੀਜ਼ਾ ਬਾਰੇ ਉਨਾਂ ਕੋਲ ਕੋਈ ਵੀ ਜਾਣਕਾਰੀ ਹਾਲੇ ਨਹੀਂ ਹੈ।**

**ਜਲੰਧਰ/ਏ.ਟੀ.ਨਿਊਜ਼ :-** ਅਮਰੀਕਾ, ਕੈਨੇਡਾ ਜਾਂ ਹੋਰ ਕਿਸੇ ਦੇਸ਼ ਵਿਚ ਜਾਣ ਦੀ ਤਿਆਰੀ ਕਰ ਰਹੇ ਹੋ ? ਤਾਂ ਇਹ ਜਾਣ ਲਓ ਕਿ ਤੁਹਾਡਾ ਇੰਤਜ਼ਾਰ ਤੁਹਾਡੀ ਉਮੀਦ ਤੋਂ ਕਿਤੇ ਵੱਧ ਹੋ ਸਕਦਾ ਹੈ। ਅਮਰੀਕਾ ਦੇ ਵੀਜ਼ਾ ਦੀ ਅਪਾਇੰਟਮੈਂਟ ਲਈ ਤੁਹਾਨੂੰ ਘੱਟੋ-ਘੱਟ 500 ਦਿਨ ਯਾਨੀ ਕਰੀਬ ਡੇਢ ਸਾਲ ਇੰਤਜ਼ਾਰ ਕਰਨਾ ਪਵੇਗਾ। ਕੈਨੇਡਾ ਲਈ ਵੀ 24 ਲੱਖ ਦੇ ਕਰੀਬ ਅਰਜ਼ੀਆਂ ਇਕੱਠੀਆਂ ਹੋ ਗਈਆਂ ਹਨ। ਅਮਰੀਕਾ ਲਈ ਤੁਸੀਂ ਹੁਣ ਵੀਜ਼ਾ ਅਪਾਇੰਟਮੈਂਟ ਲਈ ਅਪਲਾਈ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਤੁਹਾਡੀ ਵਾਰੀ ਸਾਲ 2024 ਦੇ ਮਾਰਚ-ਅਪ੍ਰੈਲ ਮਹੀਨੇ ਵਿਚ ਆਵੇ। ਅਮਰੀਕਾ ਦੀ ਸਰਕਾਰ ਦੀ **travel.state.gov** ਵੈੱਬਸਾਈਟ ’ਤੇ ਮੌਜੂਦ ਜਾਣਕਾਰੀ ਦੇ ਅਨੁਸਾਰ ਜੇਕਰ ਤੁਸੀਂ ਦਿੱਲੀ ਤੋਂ ਵੀਜ਼ਾ ਲਈ ਅਪਲਾਈ ਕਰ ਰਹੇ ਹੋ ਤਾਂ ਤੁਹਾਨੂੰ ਵਿਜ਼ੀਟਰ ਵੀਜ਼ਾ ਲਈ 582 ਦਿਨ, ਸਟੂਡੈਂਟ ਵੀਜ਼ਾ ਲਈ 471 ਦਿਨ ਅਤੇ ਬਾਕੀ ਵੀਜ਼ਾ ਲਈ 198 ਦਿਨਾਂ ਦਾ ਇੰਤਜ਼ਾਰ ਕਰਨਾ ਪਵੇਗਾ। ਜੇਕਰ ਤੁਸੀਂ ਮੁੰਬਈ ਤੋਂ ਵੀਜ਼ਾ ਲਈ ਅਪਲਾਈ ਕਰ ਰਹੇ ਹੋ ਤਾਂ ਤੁਹਾਨੂੰ ਵਿਜ਼ੀਟਰ ਵੀਜ਼ਾ ਲਈ 580 ਦਿਨ, ਸਟੂਡੈਂਟ ਵੀਜ਼ਾ ਲਈ 12 ਦਿਨ ਅਤੇ ਬਾਕੀ ਵੀਜ਼ਾ ਲਈ 100 ਦਿਨਾਂ ਦਾ ਇੰਤਜ਼ਾਰ ਕਰਨਾ ਪਵੇਗਾ। ਹੈਦਰਾਬਾਦ ਤੋਂ ਵੀਜ਼ਾ ਲਈ ਅਪਲਾਈ ਕਰ ਰਹੇ ਹੋ ਤਾਂ ਤੁਹਾਨੂੰ ਵਿਜ਼ੀਟਰ ਵੀਜ਼ਾ ਲਈ 510 ਦਿਨ, ਸਟੂਡੈਂਟ ਵੀਜ਼ਾ ਲਈ 471 ਦਿਨ ਅਤੇ ਬਾਕੀ ਵੀਜ਼ਾ ਲਈ 197 ਦਿਨਾਂ ਦਾ ਇੰਤਜ਼ਾਰ ਕਰਨਾ ਪਵੇਗਾ।

ਵਿਦਿਆਰਥੀਆਂ ਲਈ ਵਧੀ ਪ੍ਰੇਸ਼ਾਨੀ

ਅਮਰੀਕਾ ਜਾਣ ਦੇ ਚਾਹਵਾਨ ਹਰ ਸ਼ਖ਼ਸ ਲਈ ਇਹ ਵੱਡੀ ਦਿੱਕਤ ਸਾਬਤ ਹੋ ਰਹੀ ਹੈ ਪਰ ਵਿਦਿਆਰਥੀਆਂ ਲਈ ਪ੍ਰੇਸ਼ਾਨੀ ਦਾ ਸਬਬ ਹੋਰ ਵੀ ਜ਼ਿਆਦਾ ਹੋ ਗਿਆ ਹੈ। ਕਈ ਵਿਦਿਆਰਥੀ ਅਜਿਹੇ ਹਨ ਜਿਨਾਂ ਨੇ ਅਮਰੀਕਾ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਲਈ ਦਾਖ਼ਲਾ ਲਿਆ ਹੋਇਆ ਹੈ। ਉਨਾਂ ਵਿਚੋਂ ਕਈਆਂ ਦੇ ਕੋਰਸ ਸ਼ੁਰੂ ਹੋ ਚੁੱਕੇ ਹਨ ਅਤੇ ਕਈਆਂ ਦੇ ਕੋਰਸ ਅਗਲੇ ਮਹੀਨੇ ਤੋਂ ਸ਼ੁਰੂ ਹੋਣ ਵਾਲੇ ਹਨ। ਵੀਜ਼ਾ ਅਪਾਇੰਟਮੇਂਟ ਦਾ ਨਾ ਮਿਲਣਾ ਉਨਾਂ ਲਈ ਵੱਡੀ ਮੁਸੀਬਤ ਸਾਬਤ ਹੋ ਰਿਹਾ ਹੈ। ਜਲੰਧਰ ਦੀ ਰਹਿਣ ਵਾਲੀ ਅਰਸ਼ਦੀਪ ਨੇ ਦੱਸਿਆ ਕਿ ‘ਮੈਨੂੰ ਬੜੀ ਮਿਹਨਤ ਨਾਲ ਅਮਰੀਕਾ ਦੀ ਨਾਮਵਰ ਯੂਨੀਵਰਸਿਟੀ ਵਿਚ ਦਾਖ਼ਲਾ ਮਿਲਿਆ ਹੈ ਪਰ ਵੀਜ਼ਾ ਅਪਾਈਂਟਮੈਂਟ ਦੀ ਲੰਮੀ ਉਡੀਕ ਨੇ ਪ੍ਰੇਸ਼ਾਨੀ ਵਿਚ ਪਾ ਦਿੱਤਾ ਹੈ। ਅਗਲੇ ਮਹੀਨੇ ਤੋਂ ਮੇਰਾ ਕੋਰਸ ਸ਼ੁਰੂ ਹੋ ਜਾਵੇਗਾ। ਜਦੋਂ ਤੱਕ ਵੀਜ਼ਾ ਨਹੀਂ ਮਿਲ ਜਾਂਦਾ, ਉਦੋਂ ਤੱਕ ਪ੍ਰੇਸ਼ਾਨੀ ਬਰਕਰਾਰ ਰਹੇਗੀ। ‘ਇਸ ਤਰਾਂ ਲੁਧਿਆਣਾ ਦੇ ਇੱਕ ਪਰਿਵਾਰ ਨੇ ਦੱਸਿਆ ਕਿ ਉਨਾਂ ਦੀ ਧੀ ਦੇ ਵਿਆਹ ਲਈ ਉਨਾਂ ਨੇ ਅਮਰੀਕਾ ਜਾਣਾ ਹੈ ਪਰ ਵੀਜ਼ਾ ਨਾ ਮਿਲਣ ਦੀ ਦਿੱਕਤ ਨੇ ਉਨਾਂ ਨੂੰ ਸ਼ਸੋਪੰਜ ਵਿਚ ਪਾ ਦਿੱਤਾ ਹੈ।

ਕੈਨੇਡਾ ਜਾਣ ਵਾਲਿਆਂ ਲਈ ਵਧੀ ਜੱਦੋ-ਜਹਿਦ

ਕੈਨੇਡਾ ਦੀ ਸਰਕਾਰੀ ਵੈੱਬਸਾਈਟ ਦੇ ਮੁਤਾਬਕ, ਕੈਨੇਡਾ ਲਈ ਇਸ ਵੇਲੇ ਵਿਜ਼ੀਟਰ ਵੀਜ਼ਾ ਲਈ 158 ਦਿਨਾਂ ਦਾ ਇੰਤਜ਼ਾਰ ਕਰਨਾ ਪਵੇਗਾ। ਐੱਨਡੀਟੀਵੀ ਦੀ ਇੱਕ ਖ਼ਬਰ ਦੇ ਮੁਤਾਬਕ, ਕੈਨੇਡਾ ਵਿਚ ਸਥਿਤੀ ਹੋਰ ਵੀ ਜ਼ਿਆਦਾ ਖ਼ਰਾਬ ਹੋ ਰਹੀ ਹੈ। ਕੈਨੇਡਾ ਦੇ ਵੀਜ਼ਾ ਲਈ ਅਪਲਾਈ ਕਰਨ ਵਾਲਿਆਂ ਦੀ ਗਿਣਤੀ 24 ਲੱਖ ਨੂੰ ਪਾਰ ਕਰ ਗਈ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਸਰ ਨੇ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਇਸ ਬੈਕਲੌਗ (ਅਰਜ਼ੀਆਂ ਦੇ ਇਕੱਠ)



ਨੂੰ ਸਾਫ਼ ਕਰਨ ਲਈ ਸਟਾਫ਼ ਵਿਚ ਵਾਧਾ ਕਰ ਰਹੇ ਹਨ। ਅੰਮ੍ਰਿਤਸਰ ਦੇ ਸ਼ਾਨਤਨੁ ਨੇ ਦੱਸਿਆ ਕਿ ਉਨਾਂ ਨੇ ਓਟਵਾ ਦੇ ਐਲਗੋਨਕੁਈਨ ਕਾਲੇਜ ’ਚ ‘ਸਟ੍ਰੈਟੇਜਿਕ ਗਲੋਬਲ ਬਿਜ਼ਨੇਸ ਮੈਨੇਜਮੇਂਟ’ ਦੇ ਕੋਰਸ ਲਈ ਦਾਖ਼ਲਾ ਲਿਆ ਹੈ। ਵੀਜ਼ਾ ਅਪਲਾਈ ਕੀਤੇ ਸਾਢੇ ਚਾਰ ਮਹੀਨੇ ਹੋ ਗਏ ਹਨ। 7 ਸਤੰਬਰ 2022 ਤੋਂ ਕੋਰਸ ਸ਼ੁਰੂ ਹੋਣ ਵਾਲਾ ਹੈ ਪਰ ਹਾਲੇ ਤੱਕ ਵੀਜ਼ਾ ਨਹੀਂ ਮਿਲਿਆ।ਉਨਾਂ ਦੱਸਿਆ ਕਿ ਉਨਾਂ ਦੇ ਨਾਲ-ਨਾਲ ਪਰਿਵਾਰ ਵੀ ਕਾਫ਼ੀ ਪਰੇਸ਼ਾਨ ਹੈ। ਇਸ ਤਰਾਂ ਹੀ ਕਪੂਰਥਲਾ ਦੇ ਮਨਸਿਮਰਨ ਸਿੰਘ ਨੇ ਦੱਸਿਆ ਕਿ ਉਨਾਂ ਨੇ ਪ੍ਰਿੰਸ ਜੌਰਜੀਆ ਦੇ ਸੀਐੱਨਸੀ ਕਾਲੇਜ ਵਿਚ ‘ਐਸੋਸਿਏਟ ਆਫ਼ ਸਾਈਂਸ’ ਕੋਰਸ ਲਈ ਦਾਖ਼ਲਾ ਲਿਆ ਹੈ। ਉਨਾਂ ਦੱਸਿਆ ਕਿ ਕੋਰਸ ਦੀ ਸ਼ੁਰੂਆਤ 6 ਸਤੰਬਰ 2022 ਤੋਂ ਹੋ ਰਹੀ ਹੈ। ਉਨਾਂ ਨੇ 19 ਮਾਰਚ ਤੋਂ ਵੀਜ਼ਾ ਲਈ ਅਪਲਾਈ ਕੀਤਾ ਹੋਇਆ ਹੈ। ਪਰ ਕਰੀਬ 5 ਮਹੀਨੇ ਬੀਤ ਜਾਣ ਦੇ ਬਾਵਜੂਦ ਉਨਾਂ ਨੂੰ ਵੀਜ਼ਾ ਨਹੀਂ ਮਿਲ ਸਕਿਆ ਹੈ।ਉਨਾਂ ਦੱਸਿਆ ਕਿ ਉਨਾਂ ਦੀ ਸਟੱਡੀ ਵਿਚ ਪਹਿਲਾਂ ਹੀ ਕਰੀਬ ਇੱਕ ਸਾਲ ਦਾ ਗੈਪ ਹੈ। ਇਸ ਕਰਕੇ ਉਹ ਅਤੇ ਉਨਾਂ ਦੇ ਮਾਪੇ ਹੋਰ ਵੀ ਜ਼ਿਆਦਾ ਪ੍ਰੇਸ਼ਾਨ ਹੋ ਰਹੇ ਹਨ।

**ਯੂ.ਕੇ. ਲਈ ਵੀ ਵੀਜ਼ਾ ਦੀ ਲੰਮੀ ਕਤਾਰ**

ਯੂ.ਕੇ. ਜਲਦੀ ਹੀ ਨਵੇਂ ਆਵੇਦਕਾਂ ਲਈ ਪਰੀਆਰਟੀ ਵੀਜਾ ਅਤੇ ਸੁਪਰ ਪਰੀਆਰਟੀ ਵੀਜਾ ਦੀ ਸੁਵਿਧਾ ਲੈ ਕੇ ਆਉਣ ਵਾਲਾ ਹੈ।ਇਹ ਸੁਵਿਧਾ ਸਟੂਡੇਂਟ ਵੀਜ਼ਾ ਅਤੇ ਸਪੌਂਸਰਡ ਵਰਕ ਵੀਜ਼ਾ ਲਈ ਕਾਫ਼ੀ ਲਾਹੇਵੰਦ ਸਾਬਤ ਹੋ ਸਕਦੀ ਹੈ। ਇਸ ਨਾਲ ਤੁਹਾਡੀ ਵੀਜ਼ਾ ਫੀਸ ਵੱਧ ਜਾਵੇਗੀ ਪਰ ਤੁਹਾਨੂੰ ਵੀਜ਼ਾ ਜਲਦੀ ਮਿਲ ਸਕਦਾ ਹੈ। ਭਾਰਤ ਵਿਚ ਬ੍ਰਿਟਿਸ਼ ਹਾਈ ਕਮਿਸ਼ਨ ਦੇ ਟਵਿਟਰ ਹੈਂਡਲ ’ਤੇ 12 ਅਗਸਤ ਨੂੰ ਇਸ ਦਾ ਐਲਾਨ ਵੀ ਕੀਤਾ ਗਿਆ ਹੈ। ਉਨਾਂ ਨੇ ਲਿਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਜ਼ਿਆਦਾ ਅਰਜ਼ੀਆਂ ਮਿਲਣ ਦੀ ਸੰਭਾਵਨਾ ਹੈ, ਇਸ ਲਈ ਵੀਜ਼ਾ ਦੇ ਇੱਛੁਕ ਜਲਦੀ ਤੋਂ ਜਲਦੀ ਆਪਣਾ ਅਰਜ਼ੀ ਪੱਤਰ ਦਾਖ਼ਲ ਕਰ ਦੇਣ। ਭਾਰਤ ‘ਵਿਚ ਯੂ.ਕੇ. ਹਾਈ ਕਮਿਸ਼ਨਰ ਐਲਕਸ ਐਲੀਜ਼ ਨੇ ਯੂ.ਕੇ. ਵੀਜ਼ਾ ਲਈ ਹੋ ਰਹੀ ਲੰਮੀ ਦੇਰੀ ਲਈ ਇੱਕ ਵੀਡੀਓ ਮੈਸੇਜ ਰਾਹੀਂ ਮੁਆਫ਼ੀ ਵੀ ਮੰਗੀ। ਉਨਾਂ ਕਿਹਾ, ‘ਤੁਹਾਡੇ ਵਿਚੋਂ ਜ਼ਿਆਦਾਤਰ ਲੋਕਾਂ ਨੂੰ 15 ਦਿਨਾਂ ’ਚ ਯੂ.ਕੇ. ਦਾ ਵੀਜ਼ਾ ਮਿਲ ਰਿਹਾ ਹੈ ਪਰ ਕੁਝ ਜਟਿਲ ਕੇਸਾਂ ਵਿੱਚ ਇਹ ਸਮਾਂ ਇਸ ਤੋਂ ਜ਼ਿਆਦਾ ਹੋ ਰਿਹਾ ਹੈ।’ ਨਾਲ ਹੀ ਉਨਾਂ ਨੇ ਕਿਹਾ ਕਿ ਜਦੋਂ ਤੱਕ ਤੁਹਾਡੇ ਹੱਥ ਵਿਚ ਵੀਜ਼ਾ ਨਹੀਂ ਆ ਜਾਂਦਾ, ਤੁਸੀਂ ਟਿਕਟ ਖਰੀਦਣ ਦੀ ਗਲਤੀ ਨਾ ਕਰੋ।ਉਨਾਂ ਅੱਗੇ ਕਿਹਾ, ‘ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਲਈ ਜ਼ਿਆਦਾ ਜੱਦੋ-ਜਹਿਦ ਨਾ ਕਰਨੀ ਪਵੇ ਅਤੇ ਉਨਾਂ ਨੂੰ ਵੀਜ਼ਾ ਸਮੇਂ ’ਤੇ ਮਿਲ ਜਾਵੇ।’ ਇਸ ਤਰਾਂ ਆਸਟ੍ਰੇਲੀਆ ਵਿਚ ਵੀ ਵੀਜ਼ਾ ਅਪਾਇੰਟਮੈਂਟ ਲਈ ਸਮਾਂ ਕਾਫ਼ੀ ਵੱਧ ਗਿਆ ਹੈ। ਪਹਿਲਾਂ ਜਿਥੇ 30 ਦਿਨਾਂ ਦੇ ਅੰਦਰ ਵੀਜ਼ਾ ਮਿਲ ਜਾਂਦਾ ਸੀ, ਹੁਣ 90 ਤੋਂ ਵੱਧ ਦਿਨ ਲੱਗ ਰਹੇ ਹਨ।

# ਅਮਰੀਕਾ ਦੇ ਕੁਝ ਹਿੱਸਿਆਂ ਵਿਚ ਭਾਰੀ ਮੀਂਹ ਤੋਂ ਤਕਰੀਬਨ ਡੇਢ ਕਰੋੜ ਲੋਕ ਪ੍ਰਭਾਵਿਤ

## ਮੌਸਮ ਵਿਭਾਗ ਵੱਲੋਂ ਹੋਰ ਮੀਂਹ ਦੀ ਚਿਤਾਵਨੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ ਦੱਖਣੀ ਤੇ ਦੱਖਣ-ਪੱਛਮੀ ਖੇਤਰ ਵਿਚ ਭਾਰੀ ਮੀਂਹ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ। ਤਕਰੀਬਨ ਡੇਢ ਕਰੋੜ ਲੋਕ ਮੀਂਹ ਤੋਂ ਪ੍ਰਭਾਵਿਤ ਹੋਏ ਹਨ। ਇਹ ਜਾਣਕਾਰੀ ਕੌਮੀ ਮੌਸਮ ਸੇਵਾ ਨੇ ਦਿੱਤੀ ਹੈ। ਡਲਾਸ ਫੋਰਟ ਵਰਥ ਖੇਤਰ ਵਿਚ ਬੀਤੀ ਰਾਤ ਆਏ



ਅਚਾਨਕ ਹੜ ਨੇ ਆਮ ਜਨ ਜੀਵਨ ਅਸਥਵਿਅਸਥ ਕਰ ਦਿੱਤਾ ਹੈ। ਸੜਕਾਂ ਦਰਿਆ ਦਾ ਰੂਪ ਧਾਰਨ ਕਰ ਗਈਆਂ ਜਿਸ ਕਾਰਨ ਵਾਹਨ ਸੜਕਾਂ ਉਪਰ ਫਸ ਗਏ। ਇਕ 29 ਸਾਲਾ ਔਰਤ ਪਾਣੀ ਵਿਚ ਰੁੜ ਗਈ ਜਿਸ ਨੂੰ ਲੱਭਣ ਲਈ 20 ਤੋਂ ਵਧ ਰਾਹਤ ਕਰਮੀਆਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਡਲਾਸ ਫੋਰਟ ਵਰਥ ਇੰਟਰਨੈਸ਼ਨਲ ਏਅਰਪੋਰਟ ’ਤੇ ਮੀਂਹ ਨੇ ਪੁਰਾਣੇ ਰਿਕਾਰਡ ਮਾਤ ਪਾ ਦਿੱਤੇ ਹਨ ਜਿਥੇ ਰਾਤ ਭਰ ਕਈ ਘੰਟੇ ਮੀਂਹ ਪਿਆ। ਮੁੱਖ ਮੌਸਮ ਵਿਗਿਆਨੀ ਜੋਨਾਥਨ ਪੋਰਟਰ ਨੇ ਕਿਹਾ ਹੈ ਕਿ ਹਵਾਈ ਅੱਡੇ ਉਪਰ ਇਕ ਘੰਟੇ ਵਿਚ 3.01 ਇੰਚ ਮੀਂਹ ਪਿਆ ਜਦ ਕਿ ਇਥੇ ਮੀਂਹ ਪੈਣ ਦਾ ਪਹਿਲਾ ਰਿਕਾਰਡ 2.9 ਇੰਚ ਸੀ ਜੋ 31 ਅਗਸਤ 1976 ਨੂੰ ਬਣਿਆ ਸੀ। ਪਿਛਲੇ 24 ਘੰਟਿਆਂ ਦੌਰਾਨ ਡਲਾਸ-ਫੋਰਟ ਵਰਥ ਖੇਤਰ ਦੇ ਹੋਰ ਹਿੱਸਿਆਂ ਵਿਚ 13 ਇੰਚ ਤੋਂ ਵਧ ਮੀਂਹ ਪਿਆ ਹੈ ਜਦ ਕਿ ਡਾਊਨਟਾਊਨ ਖੇਤਰ ਦੇ ਉੱਤਰ ਪੂਰਬੀ ਹਿੱਸੇ ਵਿਚ 13.14 ਇੰਚ ਮੀਂਹ ਪਿਆ ਹੈ। ਪੋਰਟਰ ਅਨੁਸਾਰ ਹੜ ਕਾਰਨ ਹਾਲਾਤ ਬਹੁਤ ਗੰਭੀਰ ਹਨ। ਨਿਊਜਰਸੀ ਖੇਤਰ ਵਿਚ ਵੀ ‘ਫਲੈਸ਼ ਫਲੱਡ’ ਦਾ ਖਤਰਾ ਪੈਦਾ ਹੋ ਗਿਆ ਹੈ। ਟੈਕਸਾਸ ਵਿਚ ਵੀ ਹਾਲਾਤ ਸੁਖਾਵੇਂ ਨਹੀਂ ਹਨ ਜਿਥੇ ਮੌਸਮ ਵਿਭਾਗ ਨੇ ਭਾਰੀ ਮੀਂਹ ਦੀ ਚਿਤਾਵਨੀ ਦਿੱਤੀ ਹੈ ਜਦ ਕਿ ਪਹਿਲਾਂ ਹੀ ਰਾਜ ਦੇ ਕਈ ਹਿੱਸੇ ਮੀਂਹ ਤੋਂ ਪ੍ਰਭਾਵਤ ਹਨ। ਮੌਸਮ ਵਿਭਾਗ ਨੇ ਕਿਹਾ ਹੈ ਕਿ ਇਸ ਹਫਤੇ ਕੇਂਦਰੀ ਟੈਕਸਾਸ ਤੋਂ ਕੇਂਦਰੀ ਮਿਸੀਸਿਪੀ ਖੇਤਰ ਤੱਕ 7 ਇੰਚ ਜਾਂ ਇਸ ਤੋਂ ਵਧ ਮੀਂਹ ਪੈ ਸਕਦਾ ਹੈ।

# ਪੁਲਿਸ ਅਫਸਰ ਵੱਲੋਂ ਨਸਲੀ ਸੁਨੇਹਾ ਭੇਜਣ ਦਾ ਮਾਮਲਾ

## ਅਮਰੀਕਾ ਦੇ ਅਲਾਬਾਮਾ ਰਾਜ ਦੇ ਸ਼ਹਿਰ ਵਿਨਸੈਂਟ ਦੀ ਸਿਟੀ ਕੌਂਸਲ ਨੇ ਪੁਲਿਸ ਵਿਭਾਗ ਕੀਤਾ ਖਤਮ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕਾ ਦਾ ਅਲਾਬਾਮਾ ਰਾਜ ਦੇ ਸ਼ਹਿਰ ਵਿਨਸੈਂਟ ਦੀ ਸਿਟੀ ਕੌਂਸਲ ਨੇ ਦੋ ਮਹੀਨੇ ਪਹਿਲਾਂ ਇਕ ਪੁਲਿਸ ਅਫਸਰ ਵੱਲੋਂ ਆਪਣੇ ਇਕ ਸਾਥੀ ਨੂੰ ਨਸਲੀ ਭਾਸ਼ਾ ਵਾਲਾ ਸੁਨੇਹਾ ਭੇਜਣ ਦੇ ਮਾਮਲੇ ਵਿਚ ਵੱਡੀ ਕਾਰਵਾਈ ਕਰਦਿਆਂ ਆਰਜੀ ਤੌਰ ’ਤੇ ਪੁਲਿਸ ਵਿਭਾਗ ਭੰਗ ਕਰ ਦਿੱਤਾ ਹੈ। ਸਿਟੀ ਕੌਂਸਲ ਦੀ ਹੰਗਾਮੀ ਮੀਟਿੰਗ ਵਿਚ ਪੁਲਿਸ ਵਿਭਾਗ ਭੰਗ ਕਰਨ ਦਾ ਮਤਾ ਲਿਆਂਦਾ ਗਿਆ ਜਿਸ ਨੂੰ ਵਿਚਾਰ ਵਟਾਂਦਰੇ ਉਪਰੰਤ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਇਸ ਤੋਂ ਪਹਿਲਾਂ ਅਗਸਤ ਦੇ ਸ਼ੁਰੂ ਵਿਚ ਸਿਟੀ ਕੌਂਸਲ ਨੇ ਪੁਲਿਸ ਮੁਖੀ ਤੇ ਸਹਾਇਕ ਪੁਲਿਸ ਮੁੱਖੀ ਨੂੰ ਤਨਖਾਹ ਸਮੇਤ ਮੁਅੱਤਲ ਕਰ ਦਿੱਤਾ ਸੀ ਤੇ ਤੀਸਰਾ ਪੁਲਿਸ ਅਫਸਰ ਉਸੇ ਦਿਨ ਹੀ ਅਸਤੀਫਾ ਦੇ ਗਿਆ ਸੀ। ਸਿਟੀ ਕੌਂਸਲ ਦੀ ਮੀਟਿੰਗ ਤੋਂ ਪਹਿਲਾਂ ਮੇਅਰ ਜੇਮਜ ਲਾਟੀਮੋਰ ਨੇ ਦੱਸਿਆ ਕਿ ਇਕ ਆਰਡੀਨੈਂਸ ਰਾਹੀਂ ਪੁਲਿਸ ਵਿਭਾਗ ਤੋੜ ਦਿੱਤਾ ਗਿਆ ਹੈ ਤੇ ਸਿਟੀ ਕੌਂਸਲ ਨੂੰ ਸ਼ੈਲਬਾਈ ਕਾਊਂਟੀ ਸ਼ੈਰਿਫ ਦੇ ਦਫਤਰ ਨਾਲ ਸਥਾਈ ਲਾਅ ਇਨਫੋਰਸਮੈਂਟ ਦੀ ਵਿਵਸਥਾ ਲਈ ਕਰਾਰ ਕਰਨ ਦੀ ਪ੍ਰਵਾਨਗੀ ਦਿੱਤੀ ਗਈ



*ਵਿਨਸੈਂਟ, ਅਲਬਾਮਾ ਸਿਟੀ ਕੌਂਸਲ ਦੀ ਮੀਟਿੰਗ ਦਾ ਇਕ ਦ੍ਰਿਸ਼*

ਹੈ। ਉਨਾਂ ਕਿਹਾ ਕਿ ਇਕ ਸਾਲ ਸ਼ੈਲਬਾਈ ਕਾਊਂਟੀ ਦੇ ਸ਼ੈਰਿਫ ਦਫਤਰ ਨਾਲ ਕੰਮ ਕਰਨ ਉਪਰੰਤ ਅਸੀਂ ਪੁਲਿਸ ਵਿਭਾਗ ਮੁੜ ਕਾਇਮ ਕਰਾਂਗੇ। ਉਨਾਂ ਕਿਹਾ ਅਸੀਂ ਪੁਲਿਸ ਵਿਭਾਗ ਵਿਚ ਸਹੀ ਲੋਕਾਂ ਨੂੰ ਭਰਤੀ ਕਰਨ ਵਾਸਤੇ ਆਮ ਲੋਕਾਂ ਨਾਲ ਗੱਲ ਕਰਾਂਗੇ। ਮੀਟਿੰਗ ਵਿਚ ਆਮ ਲੋਕ ਵੀ ਸ਼ਾਮਿਲ ਹੋਏ ਜਿਨਾਂ ਨੇ ਪੁਲਿਸ ਵਿਭਾਗ ਬਣਾਈ ਰੱਖਣ ਉਪਰ ਜੋਰ ਦਿੱਤਾ ਤਾਂ ਜੋ ਉਹ ਹੰਗਾਮੀ ਹਾਲਤ ਵਿਚ ਪੁਲਿਸ ਅਫਸਰਾਂ ਨਾਲ ਸੰਪਰਕ ਕਰ ਸਕਣ। ਮੇਅਰ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਵਿਨਸੈਂਟ ਪੁਲਿਸ ਵਿਭਾਗ ਸਦਾ ਲਈ ਖਤਮ ਨਹੀਂ ਕੀਤਾ ਗਿਆ ਹੈ। ਜੋ ਵੀ ਹੋਵੇ ਇਸ ਵੇਲੇ ਵਿਨਸੈਂਟ ਸ਼ਹਿਰ ਦੇ ਵਾਸੀ ਬਿਨਾਂ ਪੁਲਿਸ ਵਿਭਾਗ ਦੇ ਰਹਿ ਰਹੇ ਹਨ। ਲੋਕਾਂ ਦੀ ਮੰਗ ਹੈ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਕੋਈ ਵਿਵਸਥਾ ਫੌਰੀ ਕਾਇਮ ਕਰਨ ਦੀ ਲੋੜ ਹੈ। ਲੋਕਾਂ ਨੇ ਬਾਹਰੋਂ ਪੁਲਿਸ ਵਿਭਾਗ ਦੀਆਂ ਸੇਵਾਵਾਂ ਲੈਣ ਦਾ ਵਿਰੋਧ ਕੀਤਾ ਹੈ ਤੇ ਕਿਹਾ ਹੈ ਕਿ ਇਸ ਨਾਲ ਉਨਾਂ ਦੀ ਸੁਰੱਖਿਆ ਯਕੀਨੀ ਨਹੀਂ ਹੋ ਸਕਦੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

### ਮਾਮਲਾ 328 ਸਰੂਪਾਂ ਦੇ ਮਾਮਲੇ ਦਾ

# ਇਨਸਾਫ਼ ਦੀ ਮੰਗ ਨੂੰ ਲੈ ਕੇ ਸਿੱਖ ਸਦਭਾਵਨਾ ਦਲ ਦਾ ਮਾਰਚ ਮੁੱਖ ਮੰਤਰੀ ਦੀ ਕੋਠੀ ਪਹੁੰਚਿਆ

**ਸੰਗਰੂਰ/ਏ.ਟੀ.ਨਿਊਜ਼:-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਮਾਮਲੇ ਵਿਚ ਕਾਰਵਾਈ ਦੀ ਮੰਗ ਕਰਦਿਆਂ ਸਿੱਖ ਸਦਭਾਵਨਾ ਦਲ ਵਲੋਂ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਦੇ ਨਾਅਰੇ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਸ਼ੁਰੂ ਕੀਤਾ ਸਿੱਖ ਨੀਤੀ ਮਾਰਚ ਦੁਪਹਿਰ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਪਹੁੰਚਿਆ । ਸਿੱਖ ਸਦਭਾਵਨਾ ਦਲ ਦੇ ਮੁਖੀ ਭਾਈ ਬਲਦੇਵ ਸਿੰਘ ਵਡਾਲਾ ਦੇ ਸੱਦੇ 'ਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਵੱਖ ਵੱਖ ਸ਼ਹਿਰਾਂ ਵਿਚੋਂ ਸਿੱਖ ਜਥੇਬੰਦੀਆਂ ਦੇ ਸੈਂਕੜੇ ਆਗੂ ਇਸ ਮਾਰਚ ਵਿਚ ਸ਼ਾਮਲ ਹੋਏ ਅਤੇ ਮੁੱਖ ਮੰਤਰੀ ਕੋਲੋਂ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕੀਤੇ ਜਾਣ ਦੀ ਮੰਗ ਕੀਤੀ। ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਭਾਈ ਬਲਦੇਵ ਸਿੰਘ ਵਡਾਲਾ ਨੇ



ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਕੀਰਤਨ ਕਰਦੇ ਹੋਏ ਭਾਈ ਬਲਦੇਵ ਸਿੰਘ ਵਡਾਲਾ ਤੇ ਉਨ੍ਹਾਂ ਦੇ ਸਾਥੀ ਸਿੰਘ, (ਸੱਜੇ) ਸਿੱਖ ਨੀਤੀ ਮਾਰਚ 'ਚ ਸ਼ਾਮਲ ਹੋ ਕੇ ਪਹੁੰਚੀ ਸੰਗਤ। ਤਸਵੀਰ: ਦਰਸ਼ਨ ਵਧਵਾ

ਕਿਹਾ ਕਿ ਸਿੱਖ ਸਦਭਾਵਨਾ ਦਲ ਪਿਛਲੇ 22 ਮਹੀਨਿਆਂ ਤੋਂ ਇਨਸਾਫ਼ ਦੀ ਮੰਗ ਲਈ ਯਤਨਸ਼ੀਲ ਹੈ। ਉਨਾਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ 'ਤੇ ਇਹ ਯਾਦ ਕਰਵਾਉਣ ਲਈ ਪਹੁੰਚੇ ਹਨ ਕਿ ਸੱਤਾ ਵਿਚ ਆਉਣ ਤੋਂ ਪਹਿਲਾਂ ਉਨਾਂ ਵਲੋਂ ਇਨਸਾਫ਼ ਦਿਵਾਉਣ ਦੇ ਜੋ ਵਾਅਦੇ ਕੀਤੇ ਗਏ ਸਨ, ਉਨਾਂ ਨੂੰ ਪੂਰਾ ਕਰਨ । ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਨ ਦੀ ਮੰਗ 'ਤੇ ਪ੍ਰਸ਼ਾਸਨ ਦਾ ਕੋਈ ਠੋਸ ਜਵਾਬ ਨਾ ਮਿਲਣ ਉੱਤੇ ਉਨਾਂ ਮੁੱਖ ਮੰਤਰੀ ਦੀ ਕੋਠੀ ਅੱਗੇ ਪੱਕਾ ਮੋਰਚਾ ਲਗਾਉਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਭਾਈ ਬਚਿੱਤਰ ਸਿੰਘ, ਜਥੇਦਾਰ ਰਾਜਾ ਰਾਜ ਸਿੰਘ, ਭਾਈ ਹਰਬੇਅੰਤ ਸਿੰਘ, ਬਾਬਾ ਬਲਜੀਤ ਸਿੰਘ ਫੱਕਰ, ਬਾਬਾ ਦਰਸ਼ਨ ਸਿੰਘ ਬਾਠਾਵਾਲੇ, ਅਵਤਾਰ ਸਿੰਘ ਮਸਤੂਆਣਾ ਸਾਹਿਬ ਤੋਂ ਇਲਾਵਾ ਸਿੱਖ ਜੱਥੇਬੰਦੀਆਂ ਦੇ ਆਗੂ ਮੌਜੂਦ ਸਨ ।

# ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਹੋਵੇਗਾ

### ਪੰਜਾਬ ਅਤੇ ਹਰਿਆਣਾ ਵਿਚਾਲੇ ਬਣੀ ਸਹਿਮਤੀ

ਚੰਡੀਗੜ/ਏ.ਟੀ.ਨਿਊਜ਼ :- ਚੰਡੀਗੜ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨਾਂ ਨੂੰ ਲੈ ਕੇ ਰੇੜਕਾ ਹੁਣ ਖ਼ਤਮ ਹੋ ਗਿਆ। ਇਸ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨਾਂ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਵਿਚਾਲੇ ਸਹਿਮਤੀ ਬਣ ਗਈ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਣਾ ਦੇ ਉੱਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨਾਲ ਇਸ ਮਸਲੇ 'ਤੇ ਮੀਟਿੰਗ ਕੀਤੀ ਜੋ ਕਿ ਸਿਰੇ ਚੜ ਗਈ। ਮੀਟਿੰਗ ਦੌਰਾਨ ਹੋਈ ਚਰਚਾ ਮਗਰੋਂ ਦੋਵਾਂ ਰਾਜਾਂ ਵਿਚਾਲੇ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਨਾਂ 'ਤੇ ਸਹਿਮਤੀ ਬਣ ਗਈ। ਦੱਸਿਆ ਜਾ ਰਿਹਾ ਹੈ ਕਿ ਬੈਠਕ ਦੌਰਾਨ ਦੁਸ਼ਿਅੰਤ ਚੌਟਾਲਾ ਨੇ ਹਵਾਈ ਅੱਡੇ ਦੇ ਨਾਂ ਵਿਚ ਪੰਚਕੂਲਾ ਦਾ ਨਾਂਅ ਜੋੜਨ ਦੀ ਸਿਫ਼ਾਰਸ਼ ਵੀ ਕੀਤੀ ਸੀ ਪਰ ਅਖੀਰ ਵਿਚ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਹੀ ਸਹਿਮਤੀ ਬਣੀ।ਜ਼ਿਕਰਯੋਗ ਹੈ ਕਿ ਚੰਡੀਗੜ ਹਵਾਈ ਅੱਡੇ ਦੇ ਨਾਂਅ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਵਿਚਾਲੇ ਕਾਫੀ ਸਮੇਂ ਤੋਂ ਵਿਵਾਦ ਚੱਲਦਾ ਰਿਹਾ ਸੀ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਨੇ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਕਿਹਾ ਸੀ ਪਰ ਹਰਿਆਣਾ ਸਰਕਾਰ ਨੇ ਸਹਿਮਤੀ ਨਹੀਂ ਜਤਾਈ ਅਤੇ ਹਵਾਈ ਅੱਡੇ ਦਾ ਨਾਂ ਮੰਗਲ ਸੈਨ ਦੇ ਨਾਂ 'ਤੇ ਰੱਖਣ ਦੀ ਤਜਵੀਜ਼ ਰੱਖੀ ਸੀ ਪਰ ਉਸ ਵੇਲੇ ਪੰਜਾਬ ਅਤੇ ਹਰਿਆਣਾ ਵਿਚਾਲੇ ਸਹਿਮਤੀ ਨਹੀਂ ਬਣ ਸਕੀ ਸੀ । ਸਾਲ 2007 'ਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਸਮਾਰੋਹ ਮੌਕੇ ਪੰਜਾਬ ਸਰਕਾਰ ਵਲੋਂ ਚੰਡੀਗੜ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਰੱਖਣ ਦਾ ਐਲਾਨ ਕੀਤਾ ਸੀ ਪਰ ਹਰਿਆਣਾ ਨੇ ਸਹਿਮਤੀ ਨਹੀਂ ਜਤਾਈ ਅਤੇ ਦੋਵਾਂ ਸੂਬਿਆਂ ਵਿਚਾਲੇ ਫਸਿਆ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਪਹੁੰਚ ਗਿਆ ਸੀ ਫਿਰ ਇਸ ਮਸਲੇ 'ਤੇ ਦੋਵਾਂ ਰਾਜਾਂ ਨੂੰ ਮਿਲ-ਬੈਠ ਕੇ ਸੁਲਝਾਉਣ ਦੀ ਹਦਾਇਤ ਮਿਲੀ ਸੀ। ਦੱਸਣਯੋਗ ਹੈ ਕਿ ਦੋਵੇਂ ਰਾਜਾਂ ਦੀਆਂ ਸਰਕਾਰਾਂ ਨੂੰ ਇਸ ਹਵਾਈ ਅੱਡੇ ਦਾ ਨਾਮ ਚੰਡੀਗੜ ਹਵਾਈ ਅੱਡਾ ਰੱਖਣ 'ਤੇ ਵੀ ਇਤਰਾਜ਼ ਸੀ । ਦੋਵੇਂ ਰਾਜਾਂ ਦੀਆਂ ਸਰਕਾਰਾਂ ਨੇ ਆਪਣੀਆਂ ਵਿਧਾਨ ਸਭਾਵਾਂ ਵਿਚ ਹਵਾਈ ਅੱਡੇ ਦੇ ਨਾਂ ਨੂੰ ਲੈ ਕੇ ਕਈ ਮਤੇ ਵੀ ਪਾਸ ਕੀਤੇ। ਦੋਵਾਂ ਰਾਜਾਂ ਵਿਚਾਲੇ ਇਸ ਹਵਾਈ ਅੱਡੇ ਦੇ ਨਾਂ ਨੂੰ ਲੈ ਕੇ ਸਹਿਮਤੀ ਬਣਨ ਮਗਰੋਂ ਇਸ ਸੰਬੰਧੀ ਮਤਾ ਜਲਦ ਕੇਂਦਰ ਨੂੰ ਭੇਜਿਆ ਜਾਵੇਗਾ।

# ਗਲਤੀ ਨਾਲ ਬ੍ਰਹਮੋਸ ਮਿਜ਼ਾਈਲ ਦਾਗਣ ਦੇ ਮਾਮਲੇ 'ਚ 3 ਅਧਿਕਾਰੀ ਸਸਪੈਂਡ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਰੱਖਿਆ ਮੰਤਰਾਲੇ ਨੇ ਭਾਰਤੀ ਹਵਾਈ ਸੈਨਾ ਦੇ ਤਿੰਨ ਅਧਿਕਾਰੀਆਂ ਨੂੰ ਬਰਖਾਸਤ ਕਰ ਦਿੱਤਾ ਹੈ ਕਿਉਂਕਿ ਉੱਚ ਪੱਧਰੀ ਜਾਂਚ ਦੌਰਾਨ 9 ਮਾਰਚ ਨੂੰ ਪਾਕਿਸਤਾਨ ਵਿੱਚ ਡਿੱਗੀ ਬ੍ਰਹਮੋਸ ਮਿਜ਼ਾਈਲ ਦੇ ਮਾਮਲੇ ਵਿਚ ਉਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਕੋਰਟ ਆਫ਼ ਇਨਕੁਆਰੀ (ਸੀਓਏ) ਨੇ ਇਸ ਘਟਨਾ ਵਿੱਚ ਪਾਇਆ ਕਿ ਤਿੰਨ ਅਧਿਕਾਰੀਆਂ ਦੀ ਗਲਤੀ ਨਾਲ ਐਸਓਪੀ ਤੋਂ ਭਟਕਣ ਤੋਂ ਬਾਅਦ ਭਟਕ ਕੇ ਪਾਕਿਸਤਾਨ ਵਿਚ ਜਾ ਡਿੱਗੀ। ਇਸ ਘਟਨਾ ਤੋਂ ਤੁਰੰਤ ਬਾਅਦ ਰੱਖਿਆ ਮੰਤਰਾਲੇ ਨੇ ਵੀ ਘਟਨਾ ਦੀ ਜਾਂਚ ਲਈ 'ਕੋਰਟ ਆਫ ਇਨਕੁਆਰੀ' ਦੇ ਹੁਕਮ ਦਿੱਤੇ ਸਨ। ਬ੍ਰਹਮੋਸ ਮਿਜ਼ਾਈਲ ਪਾਕਿਸਤਾਨੀ ਖੇਤਰ ਦੇ 100 ਕਿਲੋਮੀਟਰ ਦੇ ਅੰਦਰ ਡਿੱਗੀ। ਘਟਨਾ ਤੋਂ ਬਾਅਦ ਰੱਖਿਆ ਮੰਤਰਾਲੇ ਨੇ ਇਸ ਨੂੰ 'ਬਹੁਤ ਅਫਸੋਸਜਨਕ' ਦੱਸਿਆ ਸੀ। ਕੇਂਦਰ ਸਰਕਾਰ ਨੇ ਉਨਾਂ ਦੀਆਂ ਸੇਵਾਵਾਂ ਤੁਰੰਤ ਖਤਮ ਕਰ ਦਿੱਤੀਆਂ ਹਨ।

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਗਲਤੀ ਨਾਲ ਪਾਕਿਸਤਾਨ ਦੇ ਖੇਤਰ ਵਿੱਚ ਮਿਜ਼ਾਇਲ ਡਿੱਗਣ ਦੀ ਘਟਨਾ 'ਤੇ ਅਫਸੋਸ ਪ੍ਰਗਟ ਕੀਤਾ ਸੀ। ਉਨਾਂ ਸੰਸਦ ਵਿੱਚ ਕਿਹਾ ਕਿ ਸਰਕਾਰ ਨੇ ਇਸ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਰੱਖਿਆ ਮੰਤਰੀ ਨੇ ਕਿਹਾ ਸੀ ਕਿ ਭਾਰਤ ਦੀ ਮਿਜ਼ਾਈਲ ਪ੍ਰਣਾਲੀ ਬਹੁਤ ਸੁਰੱਖਿਅਤ ਅਤੇ ਭਰੋਸੇਮੰਦ ਹੈ। ਦੇਸ਼ ਦੀ ਰੱਖਿਆ ਸਥਾਪਨਾ ਸੁਰੱਖਿਅਤ ਪ੍ਰਕਿਰਿਆਵਾਂ ਅਤੇ ਮਾਪਦੰਡਾਂ ਨੂੰ ਪ੍ਰਮੁੱਖ ਤਰਜੀਹ ਦਿੰਦੀ ਹੈ।

# ਕ੍ਰਿਸ਼ਨ ਬਾਰੇ ਭੇਟ ਗਾਉਣ ਵਾਲੇ ਰਾਗੀ ਜਥੇ ਨੇ ਮੰਗੀ ਅਕਾਲ ਤਖਤ ਸਾਹਿਬ ਤੋਂ ਮੁਆਫ਼ੀ

ਅੰਮ੍ਰਿਤਸਰ/ਏ.ਟੀ.ਨਿਊਜ਼ :- ਹਰਿਆਣਾ ਦੇ ਪਿੱਪਲੀ ਵਿੱਚ ਇੱਕ ਸਮਾਗਮ ਦੌਰਾਨ ਗੁਰਦੁਆਰੇ ਵਿੱਚ 'ਕ੍ਰਿਸ਼ਨ ਤੇਰੀ ਮੁਰਲੀ 'ਤੇ ਭਲਾ ਕੌਣ ਨਹੀਂ ਨੱਚਦਾ' ਨੂੰ ਸ਼ਬਦ ਰੂਪ ਵਿੱਚ ਗਾਏ ਜਾਣ ਦੀ ਵੀਡੀਓ ਵਾਇਰਲ ਹੋਣ ਮਗਰੋਂ ਇਤਰਾਜ਼ ਕੀਤੇ ਜਾਣ 'ਤੇ ਇੱਥੇ ਰਾਗੀ ਸਰਬਜੀਤ ਸਿੰਘ ਤੇ



ਸੰਦੀਪ ਸਿੰਘ ਨੂਰਪੁਰੀ ਨੇ ਅਕਾਲ ਤਖ਼ਤ ਵਿਖੇ ਮੁਆਫ਼ੀ ਪੱਤਰ ਦਿੱਤਾ ਹੈ। ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਪੱਤਰ ਸੌਂਪਦਿਆਂ ਰਾਗੀ ਸਿੰਘਾਂ ਨੇ ਕਿਹਾ ਕਿ 17 ਅਗਸਤ ਨੂੰ ਇਸ ਧਾਰਨਾ ਨੂੰ ਸ਼ਬਦ ਰੂਪ ਵਿੱਚ ਗਾਉਣ ਦਾ ਕੁਝ ਸੰਗਤ ਨੇ ਵਿਰੋਧ ਕੀਤਾ ਹੈ, ਇਸ ਲਈ ਉਨਾਂ ਅਕਾਲ ਤਖ਼ਤ ਦੇ ਜਥੇਦਾਰ ਕੋਲੋਂ ਗ਼ਲਤੀ ਦੀ ਮੁਆਫ਼ੀ ਮੰਗੀ ਹੈ। ਉਨਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਉਨਾਂ ਨੂੰ ਜੋ ਵੀ ਤਨਖ਼ਾਹ ਲਾਈ ਜਾਵੇਗੀ ਉਹ ਪ੍ਰਵਾਨ ਕਰਨਗੇ। ਜਥੇਦਾਰ ਦੇ ਨਿੱਜੀ ਸਕੱਤਰ ਜਸਪਾਲ ਸਿੰਘ ਨੇ ਦੱਸਿਆ ਕਿ ਇਹ ਪੱਤਰ ਛੇਤੀ ਹੀ ਜਥੇਦਾਰ ਨੂੰ ਸੌਂਪ ਦਿੱਤਾ ਜਾਵੇਗਾ।

# ਭਾਜਪਾ ਵਿਧਾਇਕ ਪੈਗੰਬਰ ਮੁਹੰਮਦ ਖ਼ਿਲਾਫ਼ ਵਿਵਾਦਿਤ ਟਿੱਪਣੀ ਕਰਨ ਤੋਂ ਬਾਅਦ ਗ੍ਰਿਫ਼ਤਾਰ

### ਪਾਰਟੀ ਨੇ ਕੀਤਾ ਮੁਅੱਤਲ, ਨੋਟਿਸ ਜਾਰੀ ਕਰਕੇ 10 ਦਿਨਾਂ ਵਿਚ ਮੰਗਿਆ ਜਵਾਬ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਤੇਲੰਗਾਨਾ ਵਿਚ ਪੈਗੰਬਰ ਮੁਹੰਮਦ ਨੂੰ ਨਿਸ਼ਾਨਾ ਬਣਾ ਕੇ ਵਿਵਾਦਿਤ ਟਿੱਪਣੀ ਕਰਨ ਵਾਲੇ ਭਾਜਪਾ ਵਿਧਾਇਕ ਟੀ. ਰਾਜਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਜਿਸ ਤੋਂ ਬਾਅਦ ਭਾਜਪਾ ਨੇ ਰਾਜਾ ਸਿੰਘ ਨੂੰ ਮੁਅੱਤਲ ਕਰ ਦਿੱਤਾ ਅਤੇ ਉਸ ਨੂੰ ਨੋਟਿਸ ਜਾਰੀ ਕਰਕੇ 10 ਦਿਨਾਂ ਵਿਚ



ਜਵਾਬ ਮੰਗਿਆ ਹੈ ਕਿ ਉਸ ਨੂੰ ਪਾਰਟੀ ਵਿਚੋਂ ਕਿਉਂ ਨਾ ਕੱਢਿਆ ਜਾਵੇ । ਹਾਲਾਂਕਿ ਬਾਅਦ ਵਿਚ ਵੀਡੀਓ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਵਲੋਂ ਹਟਾ ਦਿੱਤਾ ਗਿਆ, ਜਿਸ 'ਤੇ ਇਸ ਨੂੰ ਅਪਲੋਡ ਕੀਤਾ ਗਿਆ ਸੀ । ਰਾਜਾ ਸਿੰਘ ਦੀ ਵਿਵਾਦਿਤ ਟਿੱਪਣੀ ਤੋਂ ਬਾਅਦ ਤੇਲੰਗਾਨਾ ਵਿਚ ਮੁਸਲਿਮ ਭਾਈਚਾਰੇ ਵਲੋਂ ਕਈ ਥਾਈਂ ਪ੍ਰਦਰਸ਼ਨ ਸ਼ੁਰੂ ਹੋ ਗਏ। ਪੁਲਿਸ ਅਨੁਸਾਰ ਭਾਜਪਾ ਵਿਧਾਇਕ ਖ਼ਿਲਾਫ਼ ਕਈ ਪੁਲਿਸ ਥਾਣਿਆਂ ਵਿਚ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ। ਉਨਾਂ ਦੱਸਿਆ ਕਿ ਉਕਤ ਭਾਜਪਾ ਵਿਧਾਇਕ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਹਾਲਾਂਕਿ ਭਾਜਪਾ ਵਿਧਾਇਕ ਦੇ ਸਮਰਥਕਾਂ ਨੇ ਦਲੀਲ ਦਿੱਤੀ ਕਿ ਉਸ ਨੇ ਕਿਸੇ ਧਰਮ ਜਾਂ ਧਾਰਮਿਕ ਸ਼ਖਸੀਅਤ ਦਾ ਨਾਂ ਨਹੀਂ ਲਿਆ।

# ਪਟਿਆਲਾ ਵਿਖੇ ਟੂਰਨਾਮੈਂਟ ਦੌਰਾਨ ਕਬੱਡੀ ਖਿਡਾਰੀ 'ਤੇ ਕਾਤਲਾਨਾ ਹਮਲਾ, ਗੰਭੀਰ ਜ਼ਖ਼ਮੀ

**ਭੁਨਰਹੇੜੀ/ਏ.ਟੀ.ਨਿਊਜ਼ :-** ਨੈਣ ਕਲਾਂ ਕਬੱਡੀ ਖੇਡ ਟੂਰਨਾਮੈਂਟ ਦੌਰਾਨ ਅਣਪਛਾਤੇ ਵਿਅਕਤੀਆਂ ਨੇ ਇਕ ਖਿਡਾਰੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ। ਇਸ ਸਬੰਧੀ ਸਰਪੰਚ ਗੁਰਪ੍ਰੀਤ ਸਿੰਘ ਗੋਰਖਾ ਨੇ ਦੱਸਿਆ ਕਿ ਪਿੰਡ ਨੈਣ ਕਲਾਂ ਵਿਖੇ 23ਵਾਂ ਕਬੱਡੀ ਖੇਡ ਮੇਲਾ ਕਰਵਾਇਆ ਗਿਆ ਸੀ। ਇਸ ਦੌਰਾਨ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵੀ ਉਚੇਚੇ ਤੌਰ 'ਤੇ ਪਹੁੰਚੇ ਸਨ ਤੇ ਉਨਾਂ ਦੇ ਜਾਣ ਤੋਂ ਬਾਅਦ ਖਿਡਾਰੀ ਇਨਾਮ ਹਾਸਲ ਕਰ ਕੇ ਗਰਾਊਂਡ ਤੋਂ ਬਾਹਰ ਖੜੀ ਆਪਣੀ ਗੱਡੀ ਕੋਲ ਜਾ ਰਿਹਾ ਸੀ ਜਿੱਥੇ ਦੋ ਨਕਾਬਪੋਸ਼ ਵਿਅਕਤੀਆਂ ਨੇ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਖਿਡਾਰੀ ਗੰਭੀਰ ਜ਼ਖ਼ਮੀ ਹੋ ਗਿਆ



ਜਿਸ ਨੂੰ ਕਿ ਪ੍ਰਬੰਧਕ ਕਮੇਟੀ ਗੁੱਗਾ ਮਾੜੀ ਨੈਣ ਕਲਾਂ ਦੇ ਮੈਂਬਰਾਂ ਨੇ ਰਾਜਿੰਦਰਾ ਹਸਪਤਾਲ ਵਿਖੇ ਦਾਖਲ ਕਰਵਾਇਆ ਜਿਥੇ ਡਾਕਟਰਾਂ ਨੇ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ। ਖਿਡਾਰੀ ਸਤਿੰਦਰ ਸਿੰਘ ਦਾ ਕਹਿਣਾ ਹੈ ਕਿ ਉਸ ਦੀ ਕਿਸੇ ਨਾਲ ਰੰਜ਼ਿਸ਼ ਨਹੀਂ ਹੈ।

ਬਾਕੀ ਸਫ਼ਾ 31 'ਤੇ

# ਕੌਮੀ ਹੱਕਾਂ ਦੀ ਪ੍ਰਾਪਤੀ ਲਈ ਇਕੱਠੇ ਹੋਣ ਸਿੱਖ ਨੌਜਵਾਨ : ਫਾਰੂਕ ਅਬਦੁੱਲਾ

### ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਗੁਰਦੁਆਰਾ ਸਿੰਘ ਸਭਾ ਪਹਿਲਗਾਮ ਵਿਖੇ ਸਮਾਗਮ ਕਰਵਾਇਆ

ਸ੍ਰੀਨਗਰ/ਏ.ਟੀ.ਨਿਊਜ਼:- ਨੈਸ਼ਨਲ ਕਾਨਫ਼ਰੰਸ ਦੇ ਸਰਪ੍ਰਸਤ ਅਤੇ ਜੰਮੂ ਐਂਡ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁਲਾ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਗੁਰਦੁਆਰਾ ਸਿੰਘ ਸਭਾ ਪਹਿਲਗਾਮ (ਕਸ਼ਮੀਰ) ਵਿਖੇ ਤਿੰਨ ਰੋਜ਼ਾ ਗੁਰਮਤਿ ਸਿਖਲਾਈ ਕੈਂਪ ਦਾ ਆਯੋਜਨ ਕਰਨ 'ਤੇ ਫੈਡਰੇਸ਼ਨ ਦੇ ਸਰਪ੍ਰਸਤ ਭਾਈ ਪਰਮਜੀਤ ਸਿੰਘ ਖਾਲਸਾ, ਭਾਈ ਮੇਜਰ ਸਿੰਘ ਖਾਲਸਾ ਸਮੇਤ ਸਮੂਹ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਸ ਤਰਾਂ ਦੇ ਪ੍ਰੇਰਣਾਦਾਇਕ ਕੈਂਪ ਨੌਜਵਾਨ ਪੀੜੀ ਨੂੰ ਜੀਵਨ ਦੀ ਉਸਾਰੂ ਦਿਸ਼ਾ ਪ੍ਰਦਾਨ ਕਰਵਾਉਣ ਦੇ ਨਾਲ ਨਾਲ ਉਨਾਂ ਨੂੰ ਆਪਣੇ ਸ਼ਾਨਾਮੱਤੀ ਇਤਿਹਾਸ ਤੇ ਵਿਰਸੇ ਨਾਲ ਜੋੜਨ ਵਿਚ ਸਹਾਈ ਸਿੱਧ ਹੁੰਦੇ ਹਨ । ਡਾ. ਫਾਰੂਕ ਅਬਦੁੱਲਾ ਨੇ ਕਿਹਾ ਕਿ ਉਨਾਂ ਦੀ ਅਚਾਨਕ ਸਿਹਤ ਖਰਾਬ ਹੋਣ ਕਾਰਨ ਉਹ ਉਕਤ ਗੁਰਮਤਿ ਸਿਖਲਾਈ ਕੈਂਪ ਵਿਚ ਨਿੱਜੀ ਤੌਰ 'ਤੇ ਸ਼ਿਰਕਤ ਨਹੀਂ ਕਰ ਸਕੇ। ਉਨਾਂ ਕਿਹਾ ਕਿ ਸਿੱਖ ਨੌਜਵਾਨ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਇਕਜੁੱਟ ਹੋ ਕੇ ਮੈਦਾਨ ਵਿਚ ਨਿਤਰਣ। ਇਸ ਮੌਕੇ ਡਾ: ਸੁਖਦਿਆਲ ਸਿੰਘ ਨੇ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਵਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿੱਖ ਕੌਮ ਨੇ ਆਜ਼ਾਦੀ ਦੇ ਸੰਘਰਸ਼ ਵਿਚ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪਰ ਹੁਣ ਪੰਜਾਬ ਨੂੰ ਇਹ ਸਵਾਲ ਕੀਤਾ ਜਾਂਦਾ ਹੈ ਕਿ ਪੰਜਾਬ ਨੇ ਦੇਸ਼ ਲਈ ਕੀ ਕੀਤਾ ? ਇਸ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ ਸਾਹਿਬ ਆਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਨੌਜਵਾਨਾਂ ਨੂੰ ਨਸ਼ਾ ਰਹਿਤ ਹੋ ਕੇ ਬਾਣੀ ਅਤੇ



ਬਾਣੇ ਨਾਲ ਜੁੜਨ ਦਾ ਸੱਦਾ ਦਿੱਤਾ। ਸਮਾਗਮ ਦੌਰਾਨ ਬਾਬਾ ਅਵਤਾਰ ਸਿੰਘ ਸਾਧਾਂ ਵਾਲੇ, ਭਾਈ ਰਾਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਪ੍ਰੋ: ਗੁਰਦਿਆਲ ਸਿੰਘ, ਪ੍ਰੋ: ਜਸਕੀਰਤ ਸਿੰਘ, ਡਾ: ਜਸਵਿੰਦਰ ਸਿੰਘ, ਡਾ: ਜਗਦੀਸ਼ ਸਿੰਘ ਮੁਕੇਰੀਆਂ, ਡਾ: ਹਰਭਜਨ ਸਿੰਘ, ਪ੍ਰੋ: ਹਰਪਾਲ ਸਿੰਘ ਪੰਨੂ ਅਤੇ ਡਾ: ਪਿਆਰਾ ਲਾਲ ਗਰਗ ਨੇ ਵੀ ਸੰਬੋਧਨ ਕੀਤਾ। ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਦੀਪ ਸਿੰਘ, ਭਾਈ ਸਿਮਰਪ੍ਰੀਤ ਸਿੰਘ ਅਤੇ ਜਵੱਦੀ ਟਕਸਾਲ ਦੇ ਜਥੇ ਨੇ ਕੀਰਤਨ ਅਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਗੁਰਮਤਿ ਵਿਚਾਰਾਂ ਕੀਤੀਆਂ ।ਇਸ ਮੌਕੇ ਸ੍ਰੀਨਗਰ ਇਕਾਈ ਦੇ ਆਗੂ ਹਰਜੀਤ ਸਿੰਘ ਸ੍ਰੀਨਗਰ, ਕੁਲਵੰਤ ਸਿੰਘ ਆਜ਼ਾਦ, ਸਰਪੰਚ ਬਿਕਰਮ ਸਿੰਘ ਪੱਪਾ ਅਤੇ ਭਾਈ ਨਰਿੰਦਰ ਸਿੰਘ ਜੰਮੂ ਆਦਿ ਵੀ ਸਾਥੀਆਂ ਸਮੇਤ ਹਾਜ਼ਰ ਸਨ।

# ਅਨਾਜ ਘੁਟਾਲੇ ਵਿਚ ਪੰਜਾਬ ਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਵਿਜੀਲੈਂਸ ਵਲੋਂ ਗ੍ਰਿਫ਼ਤਾਰ

## ✪ ਸੈਲੂਨ ਵਿਚ ਵਾਲ਼ ਕਟਵਾਉਣ ਦੌਰਾਨ ਵਿਜੀਲੈਂਸ ਨੇ ਹਿਰਾਸਤ 'ਚ ਲਿਆ ✪ ਰਵਨੀਤ ਬਿੱਟੂ ਵਲੋਂ ਗ੍ਰਿਫ਼ਤਾਰੀ ਮੌਕੇ ਵਿਜੀਲੈਂਸ ਦੇ ਅਫਸਰਾਂ ਨਾਲ ਬਦਤਮੀਜ਼ੀ ✪ ਜਿਸ ਮਾਮਲੇ 'ਤੇ ਅਕਾਲੀ-ਭਾਜਪਾ ਸਰਕਾਰ ਨੂੰ ਘੇਰਿਆ, ਉਸੇ ਮਾਮਲੇ ਵਿਚ ਘਿਰੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ✪ ਆਸ਼ੂ ਤੋਂ ਬਾਅਦ ਹੁਣ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਸ਼ਿਕਾਇਤ, ਭਾਜਪਾ ਆਗੂ ਸਿੰਗਲਾ ਨੇ ਐਸਐਸਪੀ ਵਿਜੀਲੈਂਸ ਤੋਂ ਕੀਤੀ ਇਹ ਮੰਗ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਵਿਜੀਲੈਂਸ ਬਿਊਰੋ ਨੇ ਅਨਾਜ ਚੁੱਕਣ ਦੇ ਮਾਮਲੇ ਵਿੱਚ ਸਾਬਕਾ ਮੰਤਰੀ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਨੂੰ ਬੀਤੇ ਦਿਨੀਂ ਗ੍ਰਿਫ਼ਤਾਰ ਕੀਤਾ ਸੀ। ਕਾਂਗਰਸ ਆਗੂ ਨੂੰ ਉਸ ਸਮੇਂ ਫੜਿਆ ਜਦੋਂ ਉਹ ਮਾਲ ਰੋਡ 'ਤੇ ਇੱਕ ਸੈਲੂਨ ਵਿਚ ਵਾਲ ਕਟਵਾ ਰਹੇ ਸਨ। ਇਸ ਦੌਰਾਨ ਲੁਧਿਆਣਾ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਆਪਣੇ ਸਾਥੀਆਂ ਨਾਲ ਉਥੇ ਪੁੱਜੇ ਅਤੇ ਉਨਾਂ ਆਸ਼ੂ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ ਤੇ ਉਨਾਂ ਦੀ ਵਿਜੀਲੈਂਸ ਅਧਿਕਾਰੀਆਂ ਨਾਲ ਬਦਤਮੀਜੀ ਵੀ ਕੀਤੀ। ਗੁੱਸੇ ਵਿਚ ਆਏ ਬਿੱਟੂ ਨੇ ਵਿਜੀਲੈਂਸ ਅਧਿਕਾਰੀਆਂ ਨੂੰ ਆਪਣੀ ਪਛਾਣ ਜ਼ਾਹਿਰ ਕਰਨ ਲਈ ਆਈਡੀ ਕਾਰਡ ਵੀ ਮੰਗੇ। ਇਸ ਮਗਰੋਂ ਰਵਨੀਤ ਬਿੱਟੂ ਵੀ ਆਸ਼ੂ ਦੇ ਨਾਲ ਹੀ ਵਿਜੀਲੈਂਸ ਦਫ਼ਤਰ ਪੁੱਜੇ। ਉਨਾਂ ਕਾਂਗਰਸ ਵਰਕਰਾਂ ਨੂੰ ਵਿਜੀਲੈਂਸ ਦਫ਼ਤਰ ਦੇ ਬਾਹਰ ਪੁੱਜਣ ਦਾ ਸੱਦਾ ਦਿੱਤਾ ਜਿਸ ਮਗਰੋਂ ਵੱਡੀ ਗਿਣਤੀ ਵਿਚ ਪਾਰਟੀ ਵਰਕਰਾਂ ਨੇ ਵਿਜੀਲੈਂਸ ਦਫ਼ਤਰ ਦੇ ਬਾਹਰ ਧਰਨਾ ਲਾ ਦਿੱਤਾ। ਇਸ ਕਾਰਣ ਕਾਂਗਰਸ ਨੇ ਮੁਹਾਲੀ ਵਿੱਚ ਵਿਜੀਲੈਂਸ ਮੁਖੀ ਦੇ ਦਫ਼ਤਰ ਅੱਗੇ ਪ੍ਰਦਰਸ਼ਨ ਕੀਤਾ ਸੀ। ਉਸ ਸਮੇਂ ਆਸ਼ੂ ਵੀ ਮੋਹਾਲੀ ਵਿਚ ਹੀ ਸੀ ਪਰ ਵਿਜੀਲੈਂਸ ਨੇ ਉਸ ਨੂੰ ਉਥੇ ਗ੍ਰਿਫਤਾਰ ਨਹੀਂ ਕੀਤਾ, ਲੁਧਿਆਣਾ ਪਹੁੰਚਦੇ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਇਸ ਤੋਂ ਪਹਿਲਾਂ ਵਿਜੀਲੈਂਸ ਨੇ ਮੰਡੀਆਂ ਵਿੱਚੋਂ ਅਨਾਜ ਦੀ ਲਿਫਟਿੰਗ ਦਾ ਠੇਕਾ ਲੈਣ ਵਾਲੇ




ਠੇਕੇਦਾਰ ਤੇਲੂ ਰਾਮ, ਸਾਥੀ ਜਗਰੂਪ ਸਿੰਘ, ਗੁਰਦਾਸ ਰਾਮ ਐਂਡ ਕੰਪਨੀ ਅਤੇ ਸੰਦੀਪ ਭਾਟੀਆ ਖ਼ਿਲਾਫ਼ ਕੇਸ ਦਰਜ ਕਰਕੇ ਤੇਲੂ ਰਾਮ ਨੂੰ ਗ੍ਰਿਫ਼ਤਾਰ ਕੀਤਾ ਸੀ। ਵਿਜੀਲੈਂਸ ਨੇ ਕੁਝ ਦਿਨ ਪਹਿਲਾਂ ਆਸ਼ੂ ਦੇ ਨਜ਼ਦੀਕੀ ਮੀਨੂੰ ਮਲਹੋਤਰਾ ਦਾ ਨਾਮ ਲਿਆ ਸੀ ਅਤੇ ਉਸ ਦੇ ਘਰ ਛਾਪਾ ਮਾਰਿਆ ਸੀ ਪਰ ਉਹ ਭੱਜਣ ਵਿੱਚ ਕਾਮਯਾਬ ਹੋ ਗਿਆ ਸੀ। ਵਰਣਨਯੋਗ ਹੈ ਕਿ ਆਸ਼ੂ ਪਹਿਲਾਂ ਹੀ ਹਾਈ ਕੋਰਟ ਵਿਚ ਅਗਾਊਂ ਜ਼ਮਾਨਤ ਲਈ ਪਟੀਸ਼ਨ ਦਾਇਰ ਕਰ ਚੁੱਕੇ ਹਨ। ਪੰਜਾਬ ਵਿਚ ਕੈਪਟਨ ਸਰਕਾਰ ਵੇਲੇ ਵੀ ਆਸ਼ੂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ ਪਰ ਉਦੋਂ ਕੈਪਟਨ ਨੇ ਆਸ਼ੂ ਦਾ ਬਚਾਅ ਕਰਦਿਆਂ ਕਲੀਨ ਚਿੱਟ ਦੇ ਦਿੱਤੀ ਸੀ।ਕਰੀਬ ਸੱਤ ਵਰੇ ਪਹਿਲਾਂ ਕਾਂਗਰਸ ਨੇ ਦੁਪਹੀਆਂ ਵਾਹਨਾਂ ਦੇ ਨੰਬਰ ਲਗਾ ਕੇ ਅਨਾਜ ਢੋਹਣ ਦਾ ਮੁੱਦਾ ਚੁੱਕ ਕੇ ਅਕਾਲੀ-ਭਾਜਪਾ ਗਠਜੋੜ ਸਰਕਾਰ 'ਤੇ ਤਿੱਖਾ ਹਮਲਾ ਕੀਤਾ ਸੀ ਪਰ ਹੁਣ ਉਸੇ ਮਾਮਲੇ ਵਿਚ ਕਾਂਗਰਸ ਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਘਿਰ ਗਏ ਹਨ। ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੂੰ ਘੇਰਨ ਲਈ ਉਦੋਂ ਕਾਂਗਰਸੀ ਆਗੂ ਸੁਨੀਲ ਜਾਖੜ (ਹੁਣ ਭਾਜਪਾਈ) ਮੋਟਰਸਾਈਕਲ 'ਤੇ 'ਇਹ ਮੇਰਾ ਟਰੱਕ ਹੈ' ਦਾ ਬੈਨਰ ਲਗਾ ਕੇ ਵਿਧਾਨ ਸਭਾ ਵਿਚ ਪੁੱਜੇ ਸਨ, ਕਾਂਗਰਸ ਦੇ ਇਸ ਖ਼ੁਲਾਸੇ ਨਾਲ ਇਕ ਵਾਰ ਸੂਬੇ ਦੀ ਸਿਆਸਤ ਵਿਚ ਸਿਆਸੀ ਭੂਚਾਲ ਆ ਗਿਆ ਸੀ ਪਰ ਦਿਲਚਸਪ ਗੱਲ ਹੈ ਕਿ ਜਿਹੜੇ ਮੁੱਦੇ 'ਤੇ ਕਾਂਗਰਸੀ ਆਗੂ ਆਪਣੇ ਸਿਆਸੀ ਸ਼ਰੀਕਾਂ ਨੂੰ ਘੇਰਨ ਦਾ ਯਤਨ ਕਰਦੇ ਰਹੇ ਹਨ, ਅੱਜ ਉਸੇ ਮੁੱਦੇ 'ਤੇ ਖ਼ੁਦ ਘਿਰ ਗਏ ਹਨ।

**ਆਸ਼ੂ ਦੀ ਗ੍ਰਿ.ਫਤਾਰੀ ਦਾ ਕਾਂਗਰਸੀਆਂ ਵਲੋਂ ਵਿਰੋਧ**

ਪੰਜਾਬ ਭਰ ਦੇ ਕਾਂਗਰਸੀ ਵਰਕਰਾਂ ਤੇ ਆਗੂਆਂ ਨੇ ਮੁਹਾਲੀ ਸਥਿਤ ਪੰਜਾਬ ਵਿਜੀਲੈਂਸ ਬਿਊਰੋ ਦੇ ਦਫ਼ਤਰ ਅੱਗੇ ਰੋਸ ਵਿਖਾਵਾ ਕਰਕੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਕੇਸ ਵਿਚ ਨਾਮਜ਼ਦ ਕਰਨ ਦਾ ਵਿਰੋਧ ਕੀਤਾ ਸੀ। ਕਾਂਗਰਸੀਆਂ ਦੇ ਧਰਨੇ ਦੇ ਵਿਚਕਾਰ ਹੀ ਪੁਜੀ ਠੇਕੇਦਾਰ ਯੂਨੀਅਨ ਨੇ ਨਾਅਰੇਬਾਜ਼ੀ ਕਰਕੇ ਵਿਜੀਲੈਂਸ ਦੀ ਕਾਰਵਾਈ ਨੂੰ ਸਹੀ ਠਹਿਰਾਇਆ। ਮੰਗ ਪੱਤਰ ਦੇਣ ਸਮੇਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁੱਖ ਸਰਕਾਰੀਆ ਤੋਂ ਇਲਾਵਾ ਕਾਂਗਰਸ ਦੇ ਵੱਡੇ ਲੀਡਰ ਹਾਜ਼ਰ ਸਨ।

ਇਸ ਦੌਰਾਨ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਵਿਚ ਪਿਛਲੇ ਚਾਰ-ਪੰਜ ਮਹੀਨਿਆਂ ਤੋਂ ਕਾਂਗਰਸੀ ਵਰਕਰਾਂ ਨੂੰ ਵਿਜੀਲੈਂਸ ਤੇ ਪਰਚਿਆਂ ਦੇ ਨਾਂਅ 'ਤੇ ਡਰਾਉਣ-ਧਮਕਾਉਣ ਦਾ ਕੰਮ ਕੀਤਾ ਜਾ ਰਿਹਾ ਹੈ। 'ਆਮ ਆਦਮੀ ਪਾਰਟੀ' ਦੀ ਸਰਕਾਰ ਲਗਾਤਾਰ ਕਾਂਗਰਸੀਆਂ 'ਤੇ ਵਿਜੀਲੈਂਸ ਰਾਹੀਂ ਗ੍ਰਿਫ਼ਤਾਰ ਕਰਵਾਉਣ ਦਾ ਭੈਅ ਬਣਾ ਰਹੀ ਹੈ। ਉਨਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਵਿਜੀਲੈਂਸ ਪਹਿਲਾਂ ਸੰਮਨ ਤਾਮੀਲ ਕਰਵਾਏ, ਇਸ ਤੋਂ ਬਾਅਦ ਉਸ ਦੇ ਬਿਆਨ ਲਏ ਜਾਣ, **ਬਾਕੀ ਸਫ਼ਾ 31'ਤੇ**

## ਨਿਊਯਾਰਕ 'ਚ ਮਹਾਤਮਾ ਗਾਂਧੀ ਦਾ ਬੁੱਤ ਭੰਨਿਆ

**ਨਿਊਯਾਰਕ/ਏ.ਟੀ.ਨਿਊਜ਼ :-** ਨਿਊਯਾਰਕ ਵਿਚ ਇਕ ਹਿੰਦੂ ਮੰਦਿਰ ਦੇ ਬਾਹਰ ਸਥਿਤ ਮਹਾਤਮਾ ਗਾਂਧੀ ਦੀ ਮੂਰਤੀ ਦੀ ਭੰਨ-ਤੋੜ ਦਾ ਮਾਮਲਾ ਸਾਹਮਣੇ ਆਇਆ ਹੈ। ਰਿਪੋਰਟਾਂ ਅਨੁਸਾਰ ਅਣਪਛਾਤੇ ਵਿਅਕਤੀਆਂ ਵਲੋਂ ਸੰਭਾਵਿਤ



ਨਫ਼ਰਤੀ ਅਪਰਾਧ ਵਜੋਂ ਮੂਰਤੀ ਨੂੰ ਨੁਕਸਾਨ ਪਹੁੰਚਾਇਆ ਗਿਆ, ਜਦੋਂਕਿ ਸਪਰੇਅ ਨਾਲ ਅਪਸ਼ਬਦ ਵੀ ਲਿਖੇ ਗਏ ਹਨ। ਵੀਡੀਓ ਵਿਚ 6 ਵਿਅਕਤੀਆਂ ਨੂੰ ਹਥੌੜਿਆਂ ਨਾਲ ਮੂਰਤੀ ਨੂੰ ਤੋੜਦੇ ਹੋਏ ਦੇਖਿਆ ਜਾ ਸਕਦਾ ਹੈ। ਨਿਊਯਾਰਕ ਵਿਚ ਭਾਰਤ ਦੇ ਕੌਂਸਲੇਟ ਜਨਰਲ ਨੇ ਉਕਤ ਘਿਣਾਉਣੀ ਕਾਰਵਾਈ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਲਈ ਮਾਮਲਾ ਅਮਰੀਕੀ ਅਧਿਕਾਰੀਆਂ ਕੋਲ ਉਠਾਇਆ ਹੈ।

## ਭਾਜਪਾ ਆਗੂ ਸ਼ਾਹਨਵਾਜ਼ ਹੁਸੈਨ ਖ਼ਿਲਾ.ਫ ਬਲਾਤਕਾਰ ਦਾ ਮਾਮਲਾ ਦਰਜ ਕਰਨ ਦੇ ਹੁਕਮ

**ਨਵੀਂ ਦਿੱਲੀ/ਏ.ਟੀ.ਨਿਊਜ਼:-** ਦਿੱਲੀ ਹਾਈਕੋਰਟ ਨੇ ਭਾਜਪਾ ਆਗੂ ਸ਼ਾਹਨਵਾਜ਼ ਹੁਸੈਨ ਦੇ ਖ਼ਿਲਾਫ਼ ਜਬਰ ਜਨਾਹ ਦਾ ਮਾਮਲਾ ਦਰਜ ਕਰਨ ਦੇ ਆਦੇਸ਼ ਦਿੱਤੇ ਹਨ, ਨਾਲ ਹੀ ਪੁਲਿਸ ਨੂੰ ਤਿੰਨ ਮਹੀਨੇ ਵਿਚ ਆਪਣੀ ਪੜਤਾਲ ਪੂਰੀ ਕਰਨ ਨੂੰ ਕਿਹਾ ਹੈ। ਦਿੱਲੀ ਹਾਈਕੋਰਟ ਨੇ 2018 ਦੇ ਇਸ ਮਾਮਲੇ ਵਿਚ ਪੁਲਿਸ ਨੂੰ ਝਾੜ ਪਾਉਂਦਿਆਂ ਕਿਹਾ ਕਿ ਸਾਰੇ ਤੱਥਾਂ ਨੂੰ ਵੇਖਣ ਤੋਂ ਬਾਅਦ ਮਾਮਲੇ ਵਿਚ ਐਫ਼. ਆਈ. ਆਰ. ਦਰਜ ਕਰਨ ਨੂੰ ਲੈ ਕੇ ਪੁਲਿਸ ਵਲੋਂ ਇੱਛਾ ਦਾ ਪ੍ਰਗਟਾਵਾ ਨਹੀਂ ਕੀਤਾ ਨਜ਼ਰ ਆ ਰਿਹਾ। ਪੁਲਿਸ ਵਲੋਂ ਹੇਠਲੀ ਅਦਾਲਤ ਵਿਚ ਪੇਸ਼ ਰਿਪੋਰਟ ਅੰਤਿਮ ਰਿਪੋਰਟ ਨਹੀਂ ਸੀ।ਜ਼ਿਕਰਯੋਗ ਹੈ ਕਿ ਦਿੱਲੀ ਦੀ ਇਕ ਔਰਤ ਨੇ ਦੋਸ਼ ਲਗਾਇਆ ਸੀ ਕਿ ਜਨਵਰੀ 2018 ਵਿਚ ਹੁਸੈਨ ਨੇ ਛਤਰਪੁਰ ਫਾਰਮ ਹਾਊਸ ਵਿਚ



ਉਸ ਨਾਲ ਬਲਾਤਕਾਰ ਕੀਤਾ ਸੀ ਅਤੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਸੀ ।

**ਸੁਪਰੀਮ ਕੋਰਟ ਪੁੱਜੇ ਸ਼ਾਹਨਵਾਜ਼**

ਹਾਈਕੋਰਟ ਵਲੋਂ ਐਫ਼. ਆਈ. ਆਰ. ਦਰਜ ਕਰਨ ਦੇ ਆਦੇਸ਼ ਦਿੱਤੇ ਜਾਣ ਤੋਂ ਬਾਅਦ ਹੁਸੈਨ ਨੇ ਹਾਈਕੋਰਟ ਦੇ ਆਦੇਸ਼ 'ਤੇ ਰੋਕ ਲਈ ਸੁਪਰੀਮ ਕੋਰਟ ਦਾ ਰੁਖ਼ ਕੀਤਾ ਹੈ। ਸ਼ਾਹਨਵਾਜ਼ ਦੇ ਵਕੀਲ ਨੇ ਉਨਾਂ ਦੀ ਅਰਜ਼ੀ ਨੂੰ ਚੀਫ਼ ਜਸਟਿਸ ਐਨ. ਵੀ. ਰਮੰਨਾ ਦੇ ਬੈਂਚ ਅੱਗੇ ਫੌਰੀ ਸੁਣਵਾਈ ਲਈ ਪੇਸ਼ ਕੀਤਾ। ਹਾਲਾਂਕਿ ਸੁਪਰੀਮ ਕੋਰਟ ਨੇ ਫਿਲਹਾਲ ਫ਼ੌਰੀ ਸੁਣਵਾਈ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਅਗਲੇ ਹਫ਼ਤੇ ਸੁਣਵਾਈ ਕੀਤੀ ਜਾਵੇਗੀ। ਸ਼ਾਹਨਵਾਜ਼ ਹੁਸੈਨ ਦੇ ਵਕੀਲ ਨੇ ਭਾਜਪਾ ਨੇਤਾ ਦੇ ਜਨਤਕ ਜੀਵਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨਾਂ ਨੂੰ ਬਿਨਾਂ ਕਾਰਨ ਬਦਨਾਮ ਕੀਤਾ ਜਾ ਰਿਹਾ ਹੈ।

## ਬਿਲਕੀਸ ਬਾਨੋ ਕੇਸ 'ਚ ਦੋਸ਼ੀਆਂ ਦੀ ਰਿਹਾਈ ਮਗਰੋਂ ਮੁਸਲਿਮ ਭਾਈਚਾਰੇ ਵਿਚ ਸਹਿਮ ਦਾ ਮਾਹੌਲ

### ਰੰਧਿਕਪੁਰ ਪਿੰਡ ਛੱਡਣ ਲੱਗੇ ਮੁਸਲਮਾਨ ਭਾਈਚਾਰੇ ਦੇ ਲੋਕ

**ਦਾਹੋਦ (ਗੁਜਰਾਤ)/ਏ.ਟੀ.ਨਿਊਜ਼ :-** ਗੁਜਰਾਤ ਦੇ ਦਾਹੋਦ ਜ਼ਿਲੇ ਦੇ ਰੰਧਿਕਪੁਰ ਪਿੰਡ ਦੇ ਇੱਕ ਵਸਨੀਕ ਨੇ ਦਾਅਵਾ ਕੀਤਾ ਕਿ 2002 ਦੇ ਦੰਗਿਆਂ ਦੌਰਾਨ ਬਿਲਕੀਸ ਬਾਨੋ ਨਾਲ ਜਬਰ-ਜਨਾਹ ਅਤੇ ਉਨਾਂ ਦੇ ਪਰਿਵਾਰ ਦੇ ਸੱਤ ਮੈਂਬਰਾਂ ਦੀ ਹੱਤਿਆ ਮਾਮਲੇ



ਵਿੱਚ 11 ਦੋਸ਼ੀਆਂ ਦੀ ਰਿਹਾਈ ਮਗਰੋਂ ਸੁਰੱਖਿਆ ਕਾਰਨਾਂ ਕਾਰਨ ਕਈ ਮੁਸਲਮਾਨ ਪਿੰਡ ਛੱਡ ਕੇ ਚਲੇ ਗਏ ਹਨ। ਇਹ ਘਟਨਾ ਇਸੇ ਪਿੰਡ ਵਿੱਚ ਹੋਈ ਸੀ। ਪੁਲਿਸ ਨੇ ਰੰਧਿਕਪੁਰ ਵਿੱਚ ਸੁਰੱਖਿਆ ਵਧਾ ਦਿੱਤੀ ਹੈ ਕਿਉਂਕਿ ਜੇਲ ਵਿੱਚੋਂ ਰਿਹਾਅ ਹੋਏ ਲੋਕ ਗੁਆਂਢੀ ਪਿੰਡ ਤੋਂ ਹਨ।

## 78.70 ਲੱਖ ਡਰੱਗ ਮਨੀ ਤੇ ਹੈਰੋਇਨ ਸਮੇਤ ਤਿੰਨ ਦੋਸ਼ੀ ਕਾਬੂ

**ਜਲੰਧਰ/ਏ.ਟੀ.ਨਿਊਜ਼ :-** ਜਲੰਧਰ ਦਿਹਾਤ ਦੇ ਕਰਤਾਰਪੁਰ ਥਾਣੇ ਦੀ ਪੁਲਿਸ ਨੇ ਮੁਖ਼ਬਰ ਖਾਸ ਦੀ ਸੂਚਨਾ ਤੇ ਕੀਤੀ ਗਈ ਨਾਕੇਬੰਦੀ ਦੌਰਾਨ ਤਿੰਨ ਨਸ਼ਾ ਤਸਕਰਾਂ ਨੂੰ ਉਸ ਵੇਲੇ ਹੈਰੋਇਨ ਅਤੇ ਡਰੱਗ ਮਨੀ ਸਮੇਤ ਕਾਬੂ ਕੀਤਾ ਜਦ ਉਹ ਹੈਰੋਇਨ ਦੀ ਸਪਲਾਈ ਦੇਣ ਲਈ ਮੋਟਰਸਾਈਕਲ ਉਪਰ ਜਾ ਰਹੇ ਸਨ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐੱਸਐੱਸਪੀ ਦਿਹਾਤੀ ਸਵਰਨਦੀਪ ਸਿੰਘ ਨੇ ਦੱਸਿਆ ਕਿ ਥਾਣਾ ਕਰਤਾਰਪੁਰ ਦੇ ਮੁਖੀ ਇੰਸਪੈਕਟਰ ਰਮਨਦੀਪ ਸਿੰਘ ਨੂੰ ਮੁਖ਼ਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਕਸ਼ਮੀਰ ਸਿੰਘ ਬਿੱਲਾ ਵਾਸੀ ਪਿੰਡ ਡੋਗਰਾਂਵਾਲ ਥਾਣਾ ਸੁਭਾਨਪੁਰ, ਛਿੰਦਾ ਵਾਸੀ ਸੁਭਾਨਪੁਰ ਅਤੇ ਸੁਖਪਾਲ ਸਿੰਘ ਵਾਸੀ ਪਿੰਡ ਮੁੱਧੋਵੱਲ ਥਾਣਾ ਸੁਭਾਨਪੁਰ ਜੋ ਕਿ ਭਾਰੀ ਮਾਤਰਾ ਵਿਚ ਹੈਰੋਇਨ ਦੀ ਤਸਕਰੀ ਕਰਦੇ ਹਨ। ਤਿੰਨੋਂ ਜਣੇ ਭੁਲੱਥ ਸਾਈਡ ਤੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਹੈਰੋਇਨ ਦੀ ਸਪਲਾਈ ਦੇਣ ਲਈ ਜਾ ਰਹੇ ਹਨ। ਜਿਸ 'ਤੇ ਡੀ ਐੱਸ ਪੀ ਬਲਕਾਰ ਸਿੰਘ ਸਮੇਤ ਪੁਲਿਸ ਪਾਰਟੀ ਨੇ ਦੱਸੀ ਹੋਈ ਥਾਂ ਤੇ ਨਾਕੇਬੰਦੀ ਕਰਕੇ ਉਕਤ ਮੋਟਰਸਾਈਕਲ



ਨੂੰ ਰੋਕ ਕੇ ਜਦ ਮੋਟਰਸਾਈਕਲ ਸਵਾਰ ਵਿਅਕਤੀਆਂ ਦੀ ਤਲਾਸ਼ੀ ਲਈ ਤਾਂ ਪੁਲਿਸ ਨੂੰ ਕਸ਼ਮੀਰ ਸਿੰਘ ਦੇ ਕਬਜ਼ੇ ਵਿੱਚੋਂ 125 ਗ੍ਰਾਮ ਹੈਰੋਇਨ ਅਤੇ ਪੰਜ ਲੱਖ ਰੁਪਏ ਦੀ ਨਕਦੀ, ਛਿੰਦਾ ਕੋਲੋਂ 15 ਗਰਾਮ ਹੈਰੋਇਨ ਅਤੇ ਸੁਖਪਾਲ ਸਿੰਘ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ ਜਿਸ 'ਤੇ ਤਿੰਨਾਂ ਨੂੰ ਗ੍ਰਿਫ਼ਤਾਰ ਕਰਕੇ ਜਦ ਉਨਾਂ ਕੋਲੋਂ ਪੁੱਛਗਿੱਛ ਕੀਤੀ ਗਈ ਤਾਂ ਉਨਾਂ ਦੱਸਿਆ ਕਿ ਉਹ ਇਹ ਸਾਰੀ ਤਸਕਰੀ ਸੁਖਦੇਵ ਸਿੰਘ ਵਾਸੀ ਪਿੰਡ ਡੋਗਰਾਂਵਾਲ ਰਲ ਮਿਲ ਕੇ ਕਰਦੇ ਹਨ ਅਤੇ ਡਰੱਗ ਮਨੀ ਸਾਰੇ ਆਪਸ ਵਿਚ ਵੰਡਦੇ ਹਨ। ਸਖ਼ਤੀ ਨਾਲ ਜਦ ਇਨਾਂ ਕੋਲੋਂ ਪੁੱਛਗਿੱਛ ਕੀਤੀ ਤਾਂ ਕਸ਼ਮੀਰ ਸਿੰਘ ਬਿੱਲਾ ਨੇ ਮੰਨਿਆ ਕਿ ਇਸ ਤੋਂ ਪਹਿਲਾਂ ਵੇਚੀ ਗਈ ਹੈਰੋਇਨ ਦੀ ਡਰੱਗ ਮਨੀ ਆਪਣੇ ਘਰ ਪਿੰਡ ਡੋਗਰਾਂਵਾਲ ਥਾਣਾ ਸੁਭਾਨਪੁਰ ਵਿੱਚ ਰੱਖੀ ਹੈ। ਜਿਸ ਤੇ ਪੁਲਿਸ ਪਾਰਟੀ ਨੇ ਉਸ ਦੀ ਨਿਸ਼ਾਨਦੇਹੀ ਤੇ ਉਸ ਦੇ ਘਰੋਂ 73.70 ਲੱਖ ਰੁਪਏ ਵੀ ਬਰਾਮਦ ਕਰ ਲਈ। ਐੱਸਐੱਸਪੀ ਸਵਰਨਦੀਪ ਸਿੰਘ ਨੇ ਦੱਸਿਆ ਕਿ ਫੜੇ ਗਏ ਤਸਕਰਾਂ ਦੇ ਖ਼ਿਲਾਫ਼ ਇਸ ਤੋਂ ਪਹਿਲਾਂ ਵੀ ਜ਼ਿਲਾ ਕਪੂਰਥਲਾ ਵਿੱਚ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ।

## ਅਫਰੀਕਨ ਸਵਾਈਨ ਫਲੂ ਦਾ ਪੰਜਾਬ 'ਚ ਵਧਿਆ ਖ਼ਤਰਾ

### ਬਿਮਾਰ ਸੂਰਾਂ ਨੂੰ ਮਾਰਿਆ ਜਾਵੇਗਾ

**ਚੰਡੀਗੜ/ਏ.ਟੀ.ਨਿਊਜ਼ :-** ਅਫਰੀਕਨ ਸਵਾਈਨ ਫਲੂ ਨੇ ਪੰਜਾਬ ਵਿਚ ਸੂਰਾਂ ਨੂੰ ਲਪੇਟ ਵਿਚ ਲੈ ਲਿਆ ਹੈ। ਇਹਤਿਆਤ ਵਜੋਂ ਪੰਜਾਬ ਸਰਕਾਰ ਨੇ ਹੁਣ ਇਸ ਬਿਮਾਰੀ ਤੋਂ ਪ੍ਰਭਾਵਿਤ ਸੂਰਾਂ ਨੂੰ ਮਾਰਨ ਦੇ ਹੁਕਮ ਦਿੱਤੇ ਗਏ ਹਨ। ਹਾਲਾਂਕਿ ਸਰਕਾਰ ਨੇ ਇਸ ਦੇ ਲਈ ਸੂਰ ਪਾਲਕਾਂ ਨੂੰ ਮੁਆਵਜ਼ੇ ਦਾ ਐਲਾਨ ਵੀ ਕੀਤਾ ਹੈ।ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਹੈ ਕਿ



ਪੰਜਾਬ ਸਰਕਾਰ ਸੂਰ ਪਾਲਣ ਲਈ ਮੁਆਵਜ਼ਾ ਦੇਵੇਗੀ। ਉਨਾਂ ਦੱਸਿਆ ਕਿ ਪਟਿਆਲਾ ਜ਼ਿਲੇ ਵਿੱਚ ਦੋ ਥਾਵਾਂ 'ਤੇ ਅਫਰੀਕਨ ਸਵਾਈਨ ਫੀਵਰ ਦੀ ਪੁਸ਼ਟੀ ਹੋਈ ਹੈ ਅਤੇ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਬਿਮਾਰੀ ਦੇ ਕੇਂਦਰ ਤੋਂ ਇੱਕ ਕਿਲੋਮੀਟਰ ਦੇ ਦਾਇਰੇ ਵਿੱਚ ਸੂਰਾਂ ਨੂੰ ਮਾਰਨਾ ਜ਼ਰੂਰੀ ਹੈ, ਨਹੀਂ ਤਾਂ ਇਹ ਬਿਮਾਰੀ ਫੈਲ ਸਕਦੀ ਹੈ ਅਤੇ ਬਿਮਾਰੀ ਦਾ ਇੱਕ ਭਿਆਨਕ ਰੂਪ ਸਾਹਮਣੇ ਆ ਸਕਦਾ ਹੈ।ਪਸ਼ੂ ਪਾਲਣ ਮੰਤਰੀ ਨੇ ਕਿਹਾ ਕਿ ਇਸ ਬਿਮਾਰੀ ਦੀ ਮੌਤ ਦਰ 100 ਪ੍ਰਤੀਸ਼ਤ ਤੱਕ ਹੋ ਸਕਦੀ ਹੈ ਅਤੇ ਇੱਕ ਵਾਰ ਸੂਰ ਪ੍ਰਭਾਵਿਤ ਹੋਣ ਤੋਂ ਬਾਅਦ ਕੁਝ ਦਿਨਾਂ ਵਿੱਚ ਹੀ ਮਰ ਜਾਂਦਾ ਹੈ। ਉਸਨੇ ਜ਼ੋਰ ਦੇ ਕੇ ਕਿਹਾ ਕਿ ਅਫਰੀਕਨ ਸਵਾਈਨ ਬੁਖਾਰ ਜਾਨਵਰਾਂ ਤੋਂ ਮਨੁੱਖਾਂ ਵਿੱਚ ਸੰਚਾਰਿਤ ਨਹੀਂ ਹੁੰਦਾ ਹੈ, ਇਸ ਲਈ ਇਸ ਦੇ ਮਨੁੱਖਾਂ ਜਾਂ ਹੋਰ ਜਾਨਵਰਾਂ ਵਿੱਚ ਸੰਚਾਰਿਤ ਹੋਣ ਦਾ ਕੋਈ ਡਰ ਨਹੀਂ ਹੈ।

ਮੰਤਰੀ ਨੇ ਦੱਸਿਆ ਕਿ ਇਸ ਛੂਤ ਦੀ ਬਿਮਾਰੀ ਨੂੰ ਹੋਰ ਫੈਲਣ ਤੋਂ ਰੋਕਣ ਲਈ ਜ਼ਿਲਾ ਪਟਿਆਲਾ ਵਿੱਚ ਤਿੰਨ ਵੈਟਰਨਰੀ ਅਫ਼ਸਰ ਤਾਇਨਾਤ ਕੀਤੇ ਗਏ ਹਨ। ਅਗਾਊਂ ਚੇਤਾਵਨੀ ਅਤੇ ਜ਼ਰੂਰੀ ਸਹਾਇਤਾ ਲਈ। ਉਨਾਂ ਕਿਹਾ ਕਿ ਵੈਟਰਨਰੀ ਅਫ਼ਸਰ ਜ਼ਿਲੇ ਵਿੱਚ ਹਰ ਗਤੀਵਿਧੀ 'ਤੇ ਨਜ਼ਰ ਰੱਖਣਗੇ।

# ਮਾਮਲਾ ਜੱਜਾਂ ਦੀ ਨਿਯੁਕਤੀ ਵਿਚ ਸਿੱਖਾਂ ਨਾਲ ਵਿਤਕਰੇ ਦਾ

## ✪ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਨੇ ਮੋਦੀ ਸਰਕਾਰ ਨੂੰ ਘੇਰਿਆ ✪ ਇਹ ਕਿਤੇ ਵੀ ਤਜਵੀਜ਼ ਨਹੀਂ ਹੈ ਕਿ ਕਿਸੇ ਵਿਸ਼ੇਸ਼ ਭਾਈਚਾਰੇ ਦਾ ਜੱਜ ਨਿਯੁਕਤ ਕਰਨਾ ਜ਼ਰੂਰੀ ਹੈ : ਜਸਟਿਸ ਆਰ ਐਸ ਸੋਢੀ

ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ 11 ਜੱਜਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਮਿਲੀ ਤਾਂ ਲੋਕ ਸਭਾ ਵਿੱਚ ਸੰਗਰੂਰ ਦੇ ਐੱਮਪੀ ਸਿਮਰਨਜੀਤ ਸਿੰਘ ਮਾਨ ਨੇ ਸੁਪਰੀਮ ਕੋਰਟ ਵਿੱਚ ਇੱਕ ਵੀ ਸਿੱਖ ਜੱਜ ਨਾ ਹੋਣ 'ਤੇ ਸਵਾਲ ਚੁੱਕਿਆ ਸੀ ਅਤੇ ਜਵਾਬ ਕਾਨੂੰਨ ਮੰਤਰੀ ਕਿਰਨ ਰਿਜੀਜੂ ਨੇ ਦੇ ਵੀ ਦਿੱਤਾ।

ਅਜਿਹੀ ਹੀ ਮੰਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਚੁੱਕੀ।ਸੁਖਬੀਰ ਬਾਦਲ ਨੂੰ ਦੁਖ ਹੋਇਆ ਹੈ ਕਿ ਇਸ ਲਿਸਟ ਵਿੱਚ ਕੋਈ ਵੀ ਸਿੱਖ ਜੱਜ ਨਹੀਂ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਹਮੇਸ਼ਾ ਸਿੱਖਾਂ ਨਾਲ ਵਿਤਕਰਾ ਕੀਤਾ ਹੈ ਤੇ ਹਾਲ ਹੀ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜੱਜਾਂ ਦੀ ਨਿਯੁਕਤੀ ਦੌਰਾਨ ਵੀ ਸਿੱਖਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਉਨਾਂ ਕਿਹਾ ਕਿ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਲਈ 13 ਨਾਵਾਂ ਦੀ ਚੋਣ ਹੋਈ ਸੀ, ਜਿਸ ਵਿੱਚੋਂ 11 ਨੂੰ ਜੱਜਾਂ ਵਜੋਂ ਸਹੁੰ ਚੁਕਵਾ ਦਿੱਤੀ ਗਈ ਪਰ ਇਸ ਪੈਨਲ ਵਿਚ ਰਹਿੰਦੇ ਸਿੱਖ ਨੂੰ ਸਹੁੰ ਨਹੀਂ ਚੁਕਾਈ ਗਈ ਜਿਸ ਕਾਰਨ ਸਿੱਖ ਭਾਈਚਾਰਾ ਨਿਰਾਸ਼ ਹੈ। ਯਾਦ ਰਹੇ ਕਿ ਸੁਪਰੀਮ ਕੋਰਟ ਦੇ ਮੁੱਖ ਜੱਜ ਯਾਨੀ ਚੀਫ ਜਸਟਿਸ ਆਫ ਇੰਡੀਆ ਦੀ ਨਿਯੁਕਤੀ ਸੁਪਰੀਮ ਕੋਰਟ ਵਿੱਚ ਸੀਨੀਓਰਿਟੀ ਦੇ ਅਧਾਰ 'ਤੇ ਹੁੰਦੀ ਹੈ। ਮਤਲਬ ਸਭ ਤੋਂ ਸੀਨੀਅਰ ਜੱਜ ਦੀ ਵਾਰੀ ਹੁੰਦੀ ਹੈ ਅਗਲਾ ਚੀਫ਼ ਜਸਟਿਸ ਬਣਨ ਦੀ। ਆਮ ਤੌਰ 'ਤੇ ਹੁੰਦਾ ਇਹ ਹੈ ਕਿ ਰਿਟਾਇਰ ਹੋ ਰਹੇ ਮੁੱਖ ਜੱਜ ਤੋਂ ਕਾਨੂੰਨ ਮੰਤਰੀ ਸੁਝਾਅ ਮੰਗਦੇ ਹਨ। ਸੁਝਾਏ ਗਏ ਨਾਮ ਨੂੰ ਕਾਨੂੰਨ ਮੰਤਰੀ ਪ੍ਰਧਾਨ ਮੰਤਰੀ ਨੂੰ ਭੇਜਦੇ ਨੇ ਅਤੇ ਪੀਐੱਮ ਉਸ ਨਾਮ ਨੂੰ ਰਾਸ਼ਟਰਪਤੀ ਨੂੰ ਭੇਜਦੇ ਹਨ। ਇਸ ਤੋਂ ਬਾਅਦ ਸੁਪਰੀਮ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਹੁੰਦੀ ਹੈ।

### ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ

ਭਾਰਤੀ ਸੰਵਿਧਾਨ ਦੇ ਆਰਟੀਕਲ 217 ਤਹਿਤ ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਕੀਤੀ ਜਾਂਦੀ ਹੈ। ਇਸ ਨੂੰ ਇਸ ਤਰਾਂ ਸਮਝਦੇ ਹਾਂ। ਮੰਨ ਲਵੋ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਯਾਨੀ ਮੁੱਖ ਜੱਜ ਦੀ ਚੋਣ ਕਰਨੀ ਹੈ।ਇਸ ਲਈ ਭਾਰਤੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ, ਸੁਪਰੀਮ ਕੋਰਟ ਦੇ ਹੀ ਦੋ ਸੀਨੀਅਰ ਜੱਜ ਅਤੇ ਪੰਜਾਬ ਦੇ ਰਾਜਪਾਲ ਵਿਚਾਲੇ ਸਲਾਹ ਮਸ਼ਵਰਾ ਹੋਵੇਗਾ। ਉਸੇ ਹਾਈ ਕੋਰਟ ਦੇ ਕਿਸੇ ਜੱਜ ਨੂੰ ਮੁੱਖ ਜੱਜ ਬਣਾਉਣਾ ਹੈ ਜਾਂ ਫਿਰ ਭਾਰਤ ਦੇ ਕਿਸੇ ਹੋਰ ਹਾਈ ਕੋਰਟ ਦੇ ਜੱਜ ਨੂੰ ਮੁੱਖ ਜੱਜ ਬਣਾਉਣਾ ਹੈ, ਇਸ ਬਾਰੇ ਚਰਚਾ ਹੁੰਦੀ ਹੈ। ਮਤਲਬ ਇਹ ਹੈ ਕਿ ਜੇਕਰ ਪੰਜਾਬ ਹਰਿਆਣਾ ਹਾਈ ਕੋਰਟ ਦਾ ਮੁੱਖ ਜੱਜ ਲਾਉਣਾ ਹੈ ਤਾਂ ਜ਼ਰੂਰੀ ਨਹੀਂ ਹੈ ਕਿ ਉਹ ਜੱਜ ਉਸੇ ਹਾਈ ਕੋਰਟ ਦਾ ਹੋਵੇ, ਉਹ ਜੱਜ ਰਾਜਸਥਾਨ ਹਾਈ ਕੋਰਟ ਦਾ ਵੀ ਹੋ ਸਕਦਾ ਹੈ ਜਾਂ ਤਾਮਿਲਨਾਡੂ ਦੇ ਹਾਈ ਕੋਰਟ ਦਾ ਵੀ ਹੋ ਸਕਦਾ ਹੈ।

ਸਲਾਹ ਮਸ਼ਵਰੇ ਤੋਂ ਬਾਅਦ ਇਹ ਨਾਮ ਭਾਰਤ ਦੇ ਕਾਨੂੰਨ ਮੰਤਰਾਲੇ ਨੂੰ ਭੇਜਿਆ ਜਾਂਦਾ ਹੈ। ਫਿਰ ਕੇਂਦਰੀ ਕਾਨੂੰਨ ਮੰਤਰਾਲਾ ਉਸ ਸੂਬੇ ਦੀ ਸਰਕਾਰ ਯਾਨੀ ਮੁੱਖ ਮੰਤਰੀ ਤੋਂ ਰਾਇ ਲੈ ਕੇ ਚੁਣੇ ਨਾਮ ਨੂੰ ਪ੍ਰਧਾਨ ਮੰਤਰੀ ਨੂੰ ਭੇਜਦਾ ਹੈ।

ਫਿਰ ਪ੍ਰਧਾਨ ਮੰਤਰੀ ਅੱਗੇ ਇਸ ਨਾਮ ਨੂੰ ਰਾਸ਼ਟਰਪਤੀ ਨੂੰ ਭੇਜਦੇ ਹਨ ਅਤੇ ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਹੋ ਜਾਂਦੀ ਹੈ।





ਸੁਪਰੀਮ ਕੋਰਟ ਅਤੇ ਹਾਈ ਕੋਰਟ ਜੇ ਜੱਜਾਂ ਦੀਆ ਨਿਯੁਕਤੀਆਂ ਅਤੇ ਬਦਲੀਆਂ ਦਾ ਕੰਮ ਇੱਕ ਕੋਲੇਜੀਅਮ ਕਰਦਾ ਹੈ। ਇਹ ਸੁਪੀਰਮ ਕੋਰਟ ਦੇ ਹੀ ਜੱਜਾਂ ਦੀ ਇੱਕ ਕਮੇਟੀ ਹੁੰਦੀ ਹੈ ਅਤੇ ਇਸ ਦੀ ਅਗਵਾਈ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਕਰਦੇ ਹਨ। ਚੀਫ਼ ਜਸਟਿਸ ਦੇ ਨਾਲ ਸੁਪਰੀਮ ਕੋਰਟ ਦੇ ਹੀ ਚਾਰ ਸੀਨੀਅਰ ਜੱਜ ਹੁੰਦੇ ਹਨ। ਇਸ ਕੋਲੇਜੀਅਮ ਦੀ ਸਿਫਾਰਸ਼ ਮੰਨਣਾ ਸਰਕਾਰ ਲਈ ਜ਼ਰੂਰੀ ਹੁੰਦਾ ਹੈ। ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਜੱਜਾਂ ਦੀਆਂ ਨਿਯੁਕਤੀਆਂ ਅਤੇ ਬਦਲੀਆਂ ਦਾ ਫੈਸਲਾ ਵੀ ਇਹੀ ਕੋਲੇਜੀਅਮ ਕਰਦਾ ਹੈ। ਇਸਤੋਂ ਇਲਾਵਾ ਹਾਈ ਕੋਰਟਾਂ ਦੇ ਕਿਹੜੇ ਜੱਜ ਤਰੱਕੀ ਮਗਰੋਂ ਸੁਪਰੀਮ ਕੋਰਟ ਜਾਣਗੇ ਇਹ ਫੈਸਲਾ ਵੀ ਕੋਲੇਜੀਅਮ ਹੀ ਕਰਦਾ ਹੈ। ਸਰਕਾਰ ਇਸ ਵੱਲੋਂ ਸੁਝਾਏ ਨਾਵਾਂ ਨੂੰ ਮੁੜ ਵਿਚਾਰ ਲਈ ਵਾਪਸ ਭੇਜ ਸਕਦੀ ਹੈ ਪਰ ਜੇਕਰ ਕੋਲੇਜੀਅਮ ਦੁਬਾਰਾ ਨਾਮ ਭੇਜਦਾ ਹੈ ਤਾਂ ਸਰਕਾਰਾਂ ਨੂੰ ਸਿਫਾਰਸ਼ ਮੰਨਣੀ ਹੀ ਪਏਗੀ।

ਇਹ ਕੋਲੇਜੀਅਮ ਭਾਰਤ ਦੇ ਸੰਵਿਧਾਨ ਦੇ ਦਾਇਰੇ ਵਿੱਚ ਨਹੀਂ ਆਉਂਦਾ ਫਿਰ ਸਵਾਲ ਉੱਠਦਾ ਹੈ ਕਿ ਪਾਰਦਰਸ਼ੀ ਪ੍ਰਕਿਰਿਆ ਕਿੱਥੇ ਗਈ ਅਤੇ ਨਿਰਪੱਖਤਾ ਕਿੱਥੇ ਹੈ। ਜੇਸਿਕਾ ਲਾਲ ਕਤਲ ਕੇਸ, ਤੰਦੂਰ ਕਾਂਡ ਅਤੇ ਪ੍ਰਿਆਦਰਸ਼ਿਨੀ ਮੱਟੂ ਵਰਗੇ ਹਾਈ ਪ੍ਰੋਫਾਇਲ ਕੇਸਾਂ ਦੀ ਸੁਣਵਾਈ ਕਰਨ ਵਾਲੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਆਰਐੱਸ ਸੋਢੀ ਕਹਿੰਦੇ ਹਨ, 'ਇਹ ਉਹੀ ਗੱਲ ਹੋ ਗਈ ਕਿ ਜੱਜ ਹੀ ਜੱਜਾਂ ਨੂੰ ਚੁਣਦੇ ਹਨ। ਅੱਜ ਕੱਲ ਉਨਾਂ ਦੇ ਕਰੀਬੀਆਂ ਜਾਂ ਰਿਸ਼ਤੇਦਾਰਾਂ ਦਾ ਜੱਜ ਬਣਨ ਦੇ ਰੁਝਾਨ ਵਿੱਚ ਵਾਧਾ ਦੇਖਣ ਨੂੰ ਮਿਲਿਆ ਹੈ। ਜੱਜਾਂ ਨੇ ਹੀ ਅੱਗੇ ਜੱਜ ਚੁਣਨੇ ਹਨ ਪਰ ਇਹ ਵੀ ਤਾਂ ਹੋਵੇ ਕਿ ਉਨਾਂ ਨੂੰ ਵੀ ਕੋਈ ਚੁਣੇ।'

ਸਾਲ 2014 ਵਿੱਚ ਕੇਂਦਰ ਦੀ ਮੋਦੀ ਸਰਕਾਰ ਨੇ ਜੱਜਾਂ ਦੀ ਨਿਯੁਕਤੀ ਅਤੇ ਤਬਾਦਲੇ ਲਈ ਨੈਸ਼ਨਲ ਜਿਊਡੀਸ਼ੀਅਲ ਅਪੁਆਇੰਟਮੈਂਟ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ ਪਰ ਇਸ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਗਈ। ਸਾਲ 2015 ਵਿੱਚ ਸੁਪਰੀਮ ਕੋਰਟ ਨੇ ਇਸ ਨੂੰ ਗੈਰ ਸੰਵਿਧਾਨਕ ਦੱਸਦਿਆਂ ਕਿਹਾ ਕਿ ਇਹ ਤਾਂ ਨਿਆਂਪਾਲਿਕਾ ਦੇ ਕੰਮਕਾਜ ਵਿੱਚ ਦਖ਼ਲ ਦੇਣ ਵਾਲੀ ਗੱਲ ਹੈ। ਦਰਅਸਲ 6 ਮੈਂਬਰਾਂ ਵਾਲੇ ਇਸ ਕਮਿਸ਼ਨ ਵਿੱਚ ਚੀਫ਼ ਜਸਟਿਸ ਆਫ ਇੰਡੀਆ, ਸੁਪਰੀਮ ਕੋਰਟ ਦੇ ਦੋ ਸੀਨੀਅਰ ਜੱਜ, ਦੇਸ਼ ਦੇ ਕਾਨੂੰਨ ਮੰਤਰੀ ਅਤੇ ਮੁਲਕ ਦੀਆਂ ਦੋ ਮੰਨੀਆਂ ਪ੍ਰਮੰਨੀਆਂ ਹਸਤੀਆਂ ਹੋਣੀਆਂ ਸਨ।

ਸਾਬਕਾ ਜਸਟਿਸ ਆਰ ਐੱਸ ਸੋਢੀ ਕਹਿੰਦੇ ਹਨ, 'ਨਿਆਂਪਾਲਿਕਾ ਵਿੱਚ ਸਿੱਖਾਂ ਦੀ ਨੁਮਾਇੰਦਗੀ ਤਾਂ ਘੱਟ ਹੈ ਪਰ ਇਹ ਕਿਤੇ ਵੀ ਤਜਵੀਜ਼ ਨਹੀਂ ਹੈ ਕਿ ਕਿਸੇ ਵਿਸ਼ੇਸ਼ ਭਾਈਚਾਰੇ ਦਾ ਜੱਜ ਨਿਯੁਕਤ ਕਰਨਾ ਜ਼ਰੂਰੀ ਹੈ। ਭਾਰਤ ਦੇ ਹਰ ਕੋਨੇ ਤੋਂ ਵੱਖ ਵੱਖ ਭਾਈਚਾਰੇ ਤੋਂ ਲੋਕਾਂ ਦੀ ਅਦਾਲਤਾਂ ਵਿੱਚ ਨੁਮਾਇੰਦਗੀ ਹੋਵੇਗੀ ਤਾਂ ਚੰਗੀ ਗੱਲ ਹੀ ਹੋਵੇਗੀ। ਜੱਜ ਨੇ ਤਾਂ ਫੈਸਲਾ ਕਾਨੂੰਨ ਦੇ ਆਧਾਰ 'ਤੇ ਹੀ ਦੇਣਾ ਹੁੰਦਾ ਹੈ ਉਹ ਭਾਵੇਂ ਕਿਸੇ ਵੀ ਭਾਈਚਾਰੇ ਦਾ ਹੋਵੇ।' ਤੁਹਾਨੂੰ ਇੱਕ ਫੈਕਟ ਦੱਸਦੇ ਜਾਈਏ ਕਿ ਜਸਟਿਸ ਜਗਦੀਸ਼ ਸਿੰਘ ਖੇਹਰ ਭਾਰਤ ਦੇ ਪਹਿਲੇ ਚੀਫ਼ ਜਸਟਿਸ ਬਣੇ ਸਨ ਜੋ ਸਿੱਖ ਭਾਈਚਾਰੇ ਨਾਲ ਸਬੰਧਿਤ ਹਨ।

### ਪੰਜਾਬ ਦੇ ਕਈ ਕਾਂਗਰਸੀ ਆਗੂਆਂ ਨੂੰ ਖ਼ਤਰਾ

ਕੇਂਦਰੀ ਖ਼ੁਫ਼ੀਆ ਏਜੰਸੀ ਨੇ ਪੰਜਾਬ ਸਰਕਾਰ ਨੂੰ ਚੌਕਸ ਕੀਤਾ ਹੈ ਕਿ ਸੂਬੇ ਦੇ ਕਈ ਵੱਡੇ ਨੇਤਾਵਾਂ ਦੀ ਜਾਨ ਨੂੰ ਖ਼ਤਰਾ ਹੈ। ਇਸ ਸੰਬੰਧੀ ਸੂਚਨਾ ਮਿਲਣ 'ਤੇ ਪਤਾ ਲੱਗਿਆ ਹੈ ਕਿ ਪੰਜਾਬ ਸਰਕਾਰ ਵਲੋਂ ਕਈ ਆਗੂਆਂ ਦੀ ਸੁਰੱਖਿਆ ਦੀ ਸਮੀਖਿਆ ਕਰਾਉਣ ਦਾ ਫ਼ੈਸਲਾ ਲਿਆ ਗਿਆ ਹੈ। ਸੂਤਰਾਂ ਅਨੁਸਾਰ ਕੇਂਦਰੀ ਇੰਟੈਲੀਜੈਂਸ ਬਿਊਰੋ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਵੀ ਚੌਕਸ ਰਹਿਣ ਅਤੇ ਕੁਝ ਆਗੂਆਂ ਦੀ ਸੁਰੱਖਿਆ ਵੱਲ ਧਿਆਨ ਦੇਣ ਦੀ ਸੂਚਨਾ ਭੇਜੀ ਹੈ। ਇਸ ਸੂਚੀ ਵਿਚ ਸਭ ਤੋਂ ਉੱਪਰ ਕਈ ਕਾਂਗਰਸੀ ਆਗੂਆਂ ਦੇ ਨਾਂ ਸ਼ਾਮਿਲ ਦੱਸੇ ਜਾ ਰਹੇ ਹਨ। ਇਨਾਂ ਵਿਚ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਤੇ ਵਿਜੇ ਇੰਦਰ ਸਿੰਗਲਾ ਅਤੇ ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਦਾ ਨਾਂ ਸ਼ਾਮਿਲ ਹੈ। ਇਨਾਂ ਤੋਂ ਇਲਾਵਾ ਚਾਰ ਹੋਰ ਨਾਂ ਸ਼ਾਮਿਲ ਹਨ ਜਿਸ ਬਾਰੇ ਅਜੇ ਖ਼ੁਲਾਸਾ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੇਂਦਰੀ ਏਜੰਸੀ ਨੇ ਪੰਜਾਬ ਸਰਕਾਰ ਨੂੰ ਸੂਚਨਾ ਭੇਜ ਕੇ ਕਿਹਾ ਸੀ ਕਿ ਕਾਂਗਰਸੀ ਆਗੂ ਤੇ ਗਾਇਕ ਸਿੱਧੂ ਮੂਸੇਵਾਲਾ ਦੀ ਜਾਨ ਨੂੰ ਖ਼ਤਰਾ ਹੈ ਪਰ ਕੋਈ ਕਾਰਵਾਈ ਕਰਨ ਦੀ ਬਜਾਏ ਸਿੱਧੂ ਮੂਸੇਵਾਲੇ ਦੀ ਸੁਰੱਖਿਆ ਘਟਾ ਦਿੱਤੀ ਗਈ ਸੀ, ਜਿਸ ਮਗਰੋਂ ਸਿੱਧੂ ਮੂਸੇਵਾਲਾ ਦੀ ਹੱਤਿਆ ਕਰ ਦਿੱਤੀ ਗਈ ਸੀ।

### ਕੇਜਰੀਵਾਲ ਦੀਆਂ ਭਰਵੀਆਂ ਸਿਆਸੀ ਰੈਲੀਆਂ ਤੋਂ ਗੁਜਰਾਤ ਤੇ ਹਿਮਾਚਲ ਵਿਚ ਭਾਜਪਾ ਪ੍ਰੇਸ਼ਾਨ

'ਆਪ' ਹੁਣ ਦੋ ਚੋਣਾਵੀਂ ਰਾਜਾਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ 'ਤੇ ਜ਼ੋਰ ਦੇ ਰਹੀ ਹੈ। ਦੋਵਾਂ ਸੂਬਿਆਂ ਵਿਚ 'ਆਪ' ਦੀਆਂ ਰੈਲੀਆਂ ਵਿਚ ਵੱਡੀ ਗਿਣਤੀ 'ਚ ਲੋਕਾਂ ਦੀ ਭੀੜ ਸ਼ਾਮਿਲ ਹੋ ਰਹੀ ਹੈ। ਕੇਜਰੀਵਾਲ ਨੇ ਮੁਫ਼ਤ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ ਹੈ, ਜਿਸ ਬਾਰੇ ਉਨਾਂ ਨੇ ਦਾਅਵਾ ਕੀਤਾ ਹੈ ਕਿ ਇਹ 'ਮੁਫ਼ਤ ਤੋਹਫ਼ੇ' ਨਹੀਂ ਹਨ। ਕੇਜਰੀਵਾਲ ਨੇ ਕਿਹਾ ਕਿ ਜੇਕਰ ਲੋਕਾਂ ਨੂੰ ਉਨਾਂ ਤੱਕ ਪਹੁੰਚ ਦਿੱਤੀ ਜਾਵੇ ਤਾਂ ਭਾਰਤ ਦੁਨੀਆ ਦਾ ਚੋਟੀ ਦਾ ਦੇਸ਼ ਬਣ ਸਕਦਾ ਹੈ। ਹਾਲਾਂਕਿ ਕੇਜਰੀਵਾਲ ਭਾਜਪਾ ਲਈ ਚਿੰਤਾ ਦਾ ਕਾਰਨ ਬਣ ਗਏ ਹਨ, ਕਿਉਂਕਿ ਉਨਾਂ ਦੇ ਅਨੁਸਾਰ 'ਆਪ' ਖ਼ੁਦ ਨੂੰ ਭਗਵਾਂ ਪਾਰਟੀ ਦੀ ਤੁਲਨਾ ਵਿਚ ਵੱਧ ਹਿੰਦੂ ਸਮਰਥਕ ਅਤੇ ਰਾਸ਼ਟਰਵਾਦੀ ਵਜੋਂ ਦਰਸਾਉਣ ਦੀ ਕੋਸ਼ਿਸ਼ ਕਰਦੀ ਹੈ। ਭਾਜਪਾ ਦੇ ਰਣਨੀਤੀਕਾਰਾਂ ਲਈ ਕੇਜਰੀਵਾਲ ਨੂੰ 'ਦੇਸ਼ ਧ੍ਰੋਹੀ' ਜਾਂ 'ਅਰਬਨ ਨਕਸਲ' ਕਹਿ ਕੇ ਆਲੋਚਨਾ ਕਰਨਾ ਮੁਸ਼ਕਲ ਹੈ। ਹੁਣ ਕੇਜਰੀਵਾਲ ਭਾਜਪਾ ਲਈ ਅਸਲੀ ਚੁਣੌਤੀ ਪੇਸ਼ ਕਰ ਰਹੇ ਹਨ।

## ਭਾਜਪਾ ਦੇ ਸਰਬਉੱਚ ਸੰਸਦੀ ਮੰਡਲ ਦੇ ਮੈਂਬਰ ਵਜੋਂ ਲਾਲਪੁਰਾ ਦੀ ਨਿਯੁਕਤੀ




ਇਕਬਾਲ ਸਿੰਘ ਲਾਲਪੁਰਾ ਦੀ ਭਾਜਪਾ ਦੇ ਸਰਬਉੱਚ ਸੰਸਦੀ ਮੰਡਲ ਦੇ ਮੈਂਬਰ ਵਜੋਂ ਨਿਯੁਕਤੀ ਅਜਿਹੇ ਸਮੇਂ ਹੋਈ ਹੈ ਜਦੋਂ ਕਿ ਉਨਾਂ ਦੀ ਕਾਰਗੁਜ਼ਾਰੀ ਦੀ ਪਰਖ ਭਾਰਤ ਦੇ ਇਤਿਹਾਸ ਵਿਚ ਤਿੱਖੀ ਨਜ਼ਰ ਨਾਲ ਕੀਤੀ ਜਾਵੇਗੀ। ਭਾਜਪਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਪਾਰਟੀ ਦੇ ਏਨੇ ਤਾਕਤਵਰ ਫੋਰਮ ਦੇ 11 ਮੈਂਬਰਾਂ ਵਿਚ ਕਿਸੇ ਸਿੱਖ ਨੂੰ ਸ਼ਾਮਿਲ ਕੀਤਾ ਗਿਆ ਹੈ। ਬੇਸ਼ੱਕ ਪ੍ਰਧਾਨ ਮੰਤਰੀ ਕਈ ਵਾਰ 'ਸਭ ਦਾ ਸਾਥ ਸਭ ਦਾ ਵਿਕਾਸ ਤੇ ਸਭ ਦਾ ਵਿਸ਼ਵਾਸ' ਦਾ ਨਾਅਰਾ ਦੇ ਚੁੱਕੇ ਹਨ ਪਰ ਦੇਸ਼ ਵਿਚ ਜਿਸ ਤਰਾਂ ਦੀਆਂ ਸਥਿਤੀਆਂ ਬਣਦੀਆਂ ਦਿਖਾਈ ਦੇ ਰਹੀਆਂ ਹਨ, ਉਨਾਂ ਤੋਂ ਜਾਪਦਾ ਹੈ ਕਿ ਭਾਜਪਾ ਹੌਲੀ-ਹੌਲੀ ਹਿੰਦੂ ਰਾਸ਼ਟਰਵਾਦ ਵੱਲ ਵਧ ਰਹੀ ਹੈ। ਬੇਸ਼ੱਕ ਹਿੰਦੂ ਧਰਮ ਸੰਸਦ ਦਾ ਭਾਜਪਾ ਨਾਲ ਸਿੱਧਾ ਵਾਸਤਾ ਨਹੀਂ ਪਰ ਇਹ ਤਾਂ ਸਪੱਸ਼ਟ ਹੈ ਕਿ ਇਹ ਧਰਮ ਸੰਸਦ ਵਾਲੇ ਭਾਜਪਾ ਸਮਰਥਕ ਹਨ ਤੇ ਉਨਾਂ ਦੀਆਂ ਹਿੰਦੂ ਰਾਸ਼ਟਰ ਬਣਾਉਣ ਦੀਆਂ ਸਰਗਰਮੀਆਂ ਵੀ ਭਾਜਪਾ ਰਾਜ ਵਿਚ ਹੀ ਤੇਜ਼ ਹੋਈਆਂ ਹਨ।

ਪਿਛਲੇ ਦਿਨੀਂ 30 ਪ੍ਰਮੁੱਖ ਹਿੰਦੂ ਸੰਤਾਂ ਅਤੇ ਵਿਦਵਾਨਾਂ ਨੇ ਹਿੰਦੂ ਰਾਸ਼ਟਰ ਦੇ ਸੰਵਿਧਾਨ ਦਾ ਪਹਿਲਾ ਮਸੌਦਾ ਤਿਆਰ ਕਰਨ ਦਾ ਐਲਾਨ ਤਾਂ ਕਰ ਹੀ ਦਿੱਤਾ ਹੈ, ਜਿਸ ਵਿਚ ਭਾਰਤ ਵਿਚ ਰਹਿਣ ਵਾਲੇ ਮੁਸਲਮਾਨਾਂ ਤੇ ਈਸਾਈਆਂ ਨੂੰ ਵੋਟ ਦਾ ਅਧਿਕਾਰ ਨਾ ਦੇਣ ਦੀ ਗੱਲ ਕਹੀ ਗਈ ਹੈ। ਇਸ ਸੰਭਾਵਿਤ ਸੰਵਿਧਾਨ ਅਨੁਸਾਰ ਦੇਸ਼ ਦੀ ਰਾਜਧਾਨੀ ਦਿੱਲੀ ਦੀ ਥਾਂ ਵਾਰਾਨਸੀ (ਕਾਸ਼ੀ) ਹੋਵੇਗੀ। ਇਸ ਕਥਿਤ ਸੰਵਿਧਾਨ ਦੇ ਮੁੱਖ ਸਫ਼ੇ 'ਤੇ ਦੇਵੀ- ਦੇਵਤਿਆਂ ਅਤੇ ਭਾਰਤ ਦੀਆਂ ਮਹਾਨ ਹਸਤੀਆਂ ਦੀਆਂ ਤਸਵੀਰਾਂ ਵਿਚ ਭਗਵਾਨ ਰਾਮ, ਭਗਵਾਨ ਕ੍ਰਿਸ਼ਨ, ਮਹਾਤਮਾ ਬੁੱਧ ਤੇ ਹੋਰ ਕਈਆਂ ਦੇ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਵੀ ਛਾਪੀ ਗਈ ਹੈ। ਭਾਵੇਂ ਅਜੇ ਇਸ ਸੰਵਿਧਾਨ ਨੂੰ ਸੰਖੇਪ ਵਿਚ 32 ਸਫ਼ਿਆਂ ਦਾ ਹੀ ਬਣਾਇਆ ਗਿਆ ਹੈ ਪਰ ਇਹ ਵਿਸਥਾਰ ਵਿਚ ਕੁੱਲ 750 ਸਫ਼ਿਆਂ ਦਾ ਬਣਨ ਦਾ ਅਨੁਮਾਨ ਹੈ। ਇਸ ਤੋਂ ਸਾਫ਼ ਹੈ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਸੋਚ ਰੱਖਣ ਵਾਲੇ ਸਿੱਖਾਂ ਨੂੰ ਨਾਲ ਲੈ ਕੇ ਚੱਲਣ ਦੀ ਸੋਚ ਰਹੇ ਹਨ। ਪਰ ਬਹੁਤ ਸਾਰੇ ਸਿੱਖ ਵਿਦਵਾਨ ਇਸ ਸਥਿਤੀ ਨੂੰ ਭਾਰਤ ਵਿਚ ਸਿੱਖ, ਬੁੱਧ ਅਤੇ ਜੈਨ ਮੱਤ ਨੂੰ ਵਿਸ਼ਾਲ ਹਿੰਦੂ ਧਰਮ ਵਿਚ ਸਮੋ ਲੈਣ ਵਰਗੀ ਕੋਸ਼ਿਸ਼ ਵਜੋਂ ਹੀ ਦੇਖ ਰਹੇ ਹਨ। ਅਜਿਹੀ ਸਥਿਤੀ ਵਿਚ ਇਕ ਸਿੱਖ ਇਕਬਾਲ ਸਿੰਘ ਲਾਲਪੁਰਾ ਦਾ ਹੁਕਮਰਾਨ ਭਾਜਪਾ ਦੀ ਸਭ ਤੋਂ ਤਾਕਤਵਰ ਕਮੇਟੀ (ਬੋਰਡ) ਵਿਚ ਸ਼ਾਮਿਲ ਹੋਣਾ ਬਹੁਤ ਮਹੱਤਵਪੂਰਨ ਹੈ। ਇਹ ਉਸ ਤੋਂ ਵੀ ਵੱਡੀ ਗੱਲ ਹੈ ਜਦੋਂ ਉਸ ਵੇਲੇ ਦੀ ਹੁਕਮਰਾਨ ਕਾਂਗਰਸ ਪਾਰਟੀ ਨੇ ਆਪਣੀ ਵਰਕਿੰਗ ਕਮੇਟੀ ਵਿਚ ਇਕ ਸਿੱਖ ਪ੍ਰਤਾਪ ਸਿੰਘ ਕੈਰੋਂ ਨੂੰ ਸ਼ਾਮਿਲ ਕੀਤਾ ਸੀ। ਉਂਜ ਸਿੱਖਾਂ ਦਾ ਤਜਰਬਾ ਕੋਈ ਬਹੁਤਾ ਵਧੀਆ ਨਹੀਂ ਰਿਹਾ। ਜਦੋਂ-ਜਦੋਂ ਵੀ ਸਿੱਖ ਦੇਸ਼ ਦੇ ਵੱਡੇ ਅਹੁਦਿਆਂ 'ਤੇ ਪੁੱਜੇ, ਸਿੱਖਾਂ ਨੂੰ ਤਾਂ ਉਨਾਂ 'ਤੇ ਮਾਣ ਜ਼ਰੂਰ ਮਹਿਸੂਸ ਹੋਇਆ। ਪਰ ਉਹ 70 ਸਾਲਾਂ ਵਿਚ ਸਿੱਖ ਪੰਥ ਦੇ ਤੇ ਪੰਜਾਬ ਦੇ ਮਸਲੇ ਹੱਲ ਕਰਵਾਉਣ ਵਿਚ ਕੋਈ ਖ਼ਾਸ ਸਹਾਈ ਸਾਬਤ ਨਹੀਂ ਹੋਏ। ਇਸ ਲਈ 'ਲਾਲਪੁਰਾ' ਦੀ ਇਹ ਨਿਯੁਕਤੀ ਉਨਾਂ ਲਈ ਸਿਰਫ ਮਾਣ ਦੀ ਗੱਲ ਹੀ ਨਹੀਂ ਸਗੋਂ ਉਨਾਂ ਸਿਰ ਇਹ ਬਹੁਤ ਵੱਡੀ ਜ਼ਿੰਮੇਵਾਰੀ ਆ ਗਈ ਹੈ ਕਿ ਉਹ ਸਿੱਖਾਂ ਅਤੇ ਪੰਜਾਬ ਦੇ ਮਸਲਿਆਂ ਦੇ ਹੱਲ ਲਈ ਕਿੰਨੀ ਕੁ ਸਮਰੱਥਾ, ਸਿਆਣਪ ਤੇ ਹੌਸਲੇ ਦਾ ਪ੍ਰਗਟਾਵਾ ਕਰਦੇ ਹਨ। ਉਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨਾਂ ਦੀ ਕਾਰਗੁਜ਼ਾਰੀ ਹੁਣ ਦੇਸ਼ ਦੇ ਇਤਿਹਾਸ ਵਿਚ ਵੀ ਤੇ ਖ਼ਾਸ ਕਰਕੇ ਪੰਜਾਬ ਅਤੇ ਸਿੱਖਾਂ ਦੇ ਇਤਿਹਾਸ ਵਿਚ ਦਰਜ ਹੋਵੇਗੀ।

# ਨਿਤਿਸ਼ ਕੁਮਾਰ ਦਾ ਭਾਜਪਾ 'ਤੇ ਬਿਹਾਰੀ ਧੋਬੀ-ਪਟਕਾ ਬਨਾਮ ਮੋਦੀ ਰਾਜਨੀਤੀ

**ਅਭੈ ਕੁਮਾਰ ਅਭੈ**

ਨਿਤਿਸ਼ ਕੁਮਾਰ ਨੇ ਭਾਜਪਾ 'ਤੇ ਆਪਣਾ ਬਿਹਾਰੀ ਧੋਬੀ-ਪਛਾੜ ਦਾਅ ਲਗਾ ਕੇ ਉਸ ਨੂੰ ਚਾਰੋਂ ਖਾਨੇ ਚਿੱਤ ਤਾਂ ਜ਼ਰੂਰ ਕਰ ਦਿੱਤਾ, ਪਰ ਜਿਸ ਤਰਾਂ ਨਾਲ ਉਨ੍ਹਾਂ ਨੇ ਅਤੇ ਤੇਜਸਵੀ ਯਾਦਵ ਨੇ ਮਿਲ ਕੇ ਸਰਕਾਰ ਦਾ ਖਾਕਾ ਤਿਆਰ ਕੀਤਾ ਹੈ, ਉਸ ਤੋਂ ਲਗਦਾ ਹੈ ਕਿ ਉਹ ਜਿੱਤੇ ਹੋਏ ਅਖਾੜੇ ਵਿਚ ਭਾਜਪਾ ਨੂੰ ਫਿਰ ਤੋਂ ਵਾਪਸੀ ਦਾ ਮੌਕਾ ਦੇ ਰਹੇ ਹਨ। ਨਵੀਂ ਸਰਕਾਰ ਦੇ ਕੁਝ ਮੰਤਰੀ ਅਜਿਹੇ ਹਨ, ਜਿਨਾਂ ਨੂੰ ਜੇਕਰ ਸਹੁੰ ਨਾ ਦਿਵਾਈ ਜਾਂਦੀ ਤਾਂ ਚਾਚੇ-ਭਤੀਜੇ ਦੀ ਜੋੜੀ 'ਤੇ ਹਮਲਾ ਕਰਨ ਦਾ ਮੌਕਾ ਭਾਜਪਾ ਨੂੰ ਘੱਟ ਮਿਲਦਾ। ਇਸ ਚੱਕਰ ਵਿਚ ਹੋਇਆ ਇਹ ਹੈ ਕਿ ਭਾਜਪਾ ਦਾ ਖੁੱਲਾ ਜਾਂ ਲੁਕਵਾਂ ਸਮਰਥਨ ਕਰਨ ਵਾਲਾ ਇਲੈਕਟ੍ਰਾਨਿਕ ਮੀਡੀਆ ਦਿਨ-ਰਾਤ ਇਕਪਾਸੜ ਬਹਿਸਾਂ ਕਰਵਾ ਕੇ ਮਹਾਂਗੱਠਜੋੜ ਦੀ ਇਸ ਸਰਕਾਰ ਦੀ ਜਨਤਕ ਸਾਖ਼ 'ਤੇ ਸਵਾਲੀਆ ਨਿਸ਼ਾਨ ਲਗਾਉਣ ਵਿਚ ਜੁਟ ਗਿਆ ਹੈ। ਖ਼ਾਸ ਗੱਲ ਇਹ ਹੈ ਕਿ ਇਨਾਂ ਸਿਆਸੀ ਹਮਲਿਆਂ ਨਾਲ ਨਿਤਿਸ਼-ਤੇਜਸਵੀ ਘਬਰਾਏ ਨਹੀਂ ਹਨ। ਉਨਾਂ ਨੂੰ ਲੱਗ ਰਿਹਾ ਹੈ ਕਿ ਰਾਜ ਦੇ ਵੋਟਰ ਮੰਡਲ ਦਾ ਸਮਾਜਿਕ ਸਮੀਕਰਨ ਕਾਫ਼ੀ ਹੱਦ ਤੱਕ ਉਨਾਂ ਦੇ ਪੱਖ ਵਿਚ ਝੁਕਿਆ ਹੋਇਆ ਹੈ ਅਤੇ ਉਨਾਂ ਦੇ ਵੋਟਰਾਂ 'ਤੇ ਇਨਾਂ ਆਲੋਚਨਾਵਾਂ ਦਾ ਕੋਈ ਅਸਰ ਨਹੀਂ ਪਵੇਗਾ। ਹੋ ਸਕਦਾ ਹੈ ਕਿ ਉਨਾਂ ਦੀ ਗੱਲ ਚੋਣਾਂ ਵਿਚ ਸਹੀ ਨਿਕਲੇ। ਜੇਕਰ ਅਜਿਹਾ ਹੋਇਆ ਤਾਂ ਉਸ ਦਾ ਕਾਰਨ ਇਹ ਹੋਵੇਗਾ ਕਿ ਚੋਣਾਵੀ ਲੋਕਤੰਤਰ ਦਾ ਪੂਰੀ ਤਰਾਂ ਨਾਲ ਫਿਰਕੂਕਰਨ ਹੋ ਗਿਆ ਹੈ।

ਜੇਕਰ ਕੋਈ ਭਾਈਚਾਰਾ ਕਿਸੇ ਸਰਕਾਰ ਜਾਂ ਨੇਤਾ ਦੇ ਹੱਕ ਵਿਚ ਹੈ ਤਾਂ ਕੋਈ ਕੁਝ ਵੀ ਕਹਿੰਦਾ ਰਹੇ, ਉਸ ਦੇ ਵੋਟ ਪਹਿਲਾਂ ਤੋਂ ਤੈਅ ਥਾਂ 'ਤੇ ਪੈਂਦੇ ਹਨ। ਚੋਣਾਂ ਤੋਂ ਠੀਕ ਪਹਿਲਾਂ ਥੋੜੀ-ਬਹੁਤ ਗ਼ਲਤੀ ਦੀ ਸੰਭਾਵਨਾ ਦੇ ਬਾਵਜੂਦ ਮੋਟੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕੁਝ ਜਾਤੀਆਂ ਦੇ ਵੋਟਰ ਕਿਸ ਨੂੰ ਵੋਟ ਪਾਉਣ ਵਾਲੇ ਹਨ। ਨਿਤਿਸ਼-ਤੇਜਸਵੀ ਨੂੰ ਭਾਈਚਾਰੇ ਅਤੇ ਲੋਕਤੰਤਰ ਦੇ ਇਸ ਰਿਸ਼ਤੇ 'ਤੇ ਡੂੰਘਾ ਭਰੋਸਾ ਹੈ। ਇਸ ਲਈ ਉਹ ਨਾ ਤਾਂ ਉਸ ਮੰਤਰੀ ਨੂੰ ਹਟਾਉਣ ਲਈ ਤਿਆਰ ਹਨ, ਜਿਸ ਨੂੰ ਸਹੁੰ ਲੈਣ ਦੀ ਬਜਾਏ ਅਦਾਲਤ ਵਿਚ ਸਮਰਪਣ ਕਰਨਾ ਚਾਹੀਦਾ ਸੀ ਅਤੇ ਨਾ ਹੀ ਉਸ ਨੂੰ ਜਿਸ ਦੇ ਖ਼ਿਲਾਫ਼ ਦੀਵਾਨੀ ਅਦਾਲਤ 'ਚ ਘੁਟਾਲੇ ਦਾ ਮੁਕੱਦਮਾ ਵਿਚਾਰ ਅਧੀਨ ਹੈ। ਨਿਤਿਸ਼ ਦੀ ਹੀ ਪਾਰਟੀ ਦੀ ਇਕ ਵਿਧਾਇਕ ਖੁੱਲ ਕੇ ਇਕ ਮਹਿਲਾ ਮੰਤਰੀ 'ਤੇ ਹੱਤਿਆ ਵਰਗਾ ਸੰਗੀਨ ਇਲਜ਼ਾਮ ਲਗਾ ਰਹੀ ਹੈ। ਪਰ ਨਿਤਿਸ਼ ਦੇ ਬੁਲਾਰਿਆਂ ਦਾ ਕਹਿਣਾ ਹੈ ਕਿ ਉਹ ਔਰਤ ਪਹਿਲਾਂ ਮੰਤਰੀ ਸੀ ਅਤੇ ਇਸ ਵਾਰ ਵੀ ਮੰਤਰੀ ਬਣੀ ਰਹੇਗੀ।

ਇਸ ਠੋਸ ਹਾਲਾਤ ਦੇ ਬਾਵਜੂਦ ਇਹ ਸਵਾਲ ਤਾਂ ਪੁੱਛਿਆ ਹੀ ਜਾ ਸਕਦਾ ਹੈ ਕਿ ਕੀ ਅਜਿਹੇ ਵਿਵਾਦਪੂਰਨ ਮੰਤਰੀਆਂ ਦੀ ਨਿਯੁਕਤੀ ਨੂੰ ਟਾਲ ਕੇ ਇਕ ਨਵੀਂ ਸ਼ੈਲੀ ਦੀ ਰਾਜਨੀਤੀ ਨੂੰ ਮਜ਼ਬੂਤ ਨਹੀਂ ਕੀਤਾ ਜਾ ਸਕਦਾ ਸੀ? ਇਸ ਸਵਾਲ ਦਾ ਉੱਤਰ ਇਹ ਹੈ ਕਿ ਇਸ ਸਮੇਂ ਕਿਸੇ ਪਾਰਟੀ ਜਾਂ ਕਿਸੇ ਨੇਤਾ ਦੇ ਕੋਲ ਨਵੀਂ ਸ਼ੈਲੀ ਅਪਣਾਉਣ ਦੀ ਹਿੰਮਤ ਨਹੀਂ ਹੈ। ਸਾਰੇ ਪਹਿਲਾਂ ਤੋਂ ਨਿਰਧਾਰਿਤ ਵਿਚਾਰਧਾਰਾਵਾਂ, ਤੈਅਸ਼ੁਦਾ ਸਮਾਜਿਕ ਵਿਵਹਾਰ, ਰਾਜਨੀਤਕ ਨੈਤਿਕਤਾ ਦੀ ਮਨਮਰਜ਼ੀ ਵਾਲੀਆਂ ਪਰਿਭਾਸ਼ਾਵਾਂ ਅਤੇ ਬਹੁਤ ਮੌਕਾਪ੍ਰਸਤ ਕਿਸਮ ਦੇ ਚਾਲ-ਚਲਣ ਦੀ ਗ੍ਰਿਫ਼ਤ 'ਚ ਹਨ।

ਇਸ ਮਾਮਲੇ ਵਿਚ ਸਿਰਫ਼ ਮਹਾਂਗੱਠਜੋੜ ਦੀ ਸਰਕਾਰ ਹੀ ਜ਼ਿੰਮੇਵਾਰ ਨਹੀਂ ਹੈ। ਨਾ ਹੀ ਇਹ ਮਸਲਾ ਸਿਰਫ਼ ਰਾਜਨੀਤੀ ਦੇ ਅਪਰਾਧੀਕਰਨ 'ਤੇ ਹੋਣ ਵਾਲੀ ਬਹਿਸ ਦੇ ਦਾਅਰੇ ਵਿਚ ਰਹਿ ਕੇ ਹੱਲ ਕੀਤਾ ਜਾ ਸਕਦਾ ਹੈ। ਇਸ ਦਾ ਸੰਬੰਧ ਰਾਜਨੀਤੀ ਦੇ ਹਰੇਕ ਖੇਤਰ ਨਾਲ ਹੈ ਅਤੇ ਇਸ ਦੇ ਕੇਂਦਰ 'ਚ ਰਾਜਨੀਤਕ ਸ਼ਕਤੀਆਂ ਵਲੋਂ ਰਾਜ ਸੱਤਾ ਦੀ



ਬੇਰੋਕਟੋਕ ਜਾਇਜ਼-ਨਾਜਾਇਜ਼ ਵਰਤੋਂ ਕਰਨ ਦੀ ਸ਼ੈਲੀ ਹੈ। ਕਿਸੇ ਵੀ ਤਰਾਂ ਦੀ ਨਵੀਨਤਾ ਦਾ ਖ਼ਤਰਾ ਚੁੱਕਣ ਦੀ ਬਜਾਏ ਸਾਡੀ ਰਾਜਨੀਤੀ ਇਕ-ਦੂਜੇ ਦੀਆਂ ਬੁਰਾਈਆਂ ਦੁਹਰਾਉਣ 'ਚ ਲੱਗੀ ਹੋਈ ਹੈ।

ਉਦਾਹਰਨ ਦੇ ਤੌਰ 'ਤੇ ਕੀ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਜੇਕਰ ਉੱਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਜਾਂ ਸਮਾਜਵਾਦੀ ਪਾਰਟੀ ਨੂੰ ਫਿਰ ਤੋਂ ਸੱਤਾ ਪ੍ਰਾਪਤ ਹੋ ਜਾਵੇ ਤਾਂ ਕੀ ਉਹ ਸਰਕਾਰ ਚਲਾਉਣ ਦੀ ਕਿਸੇ ਨਵੀਂ ਸ਼ੈਲੀ ਦਾ ਪ੍ਰਦਰਸ਼ਨ ਕਰਦੇ ਨਜ਼ਰ ਆਉਣਗੇ? ਧਿਆਨ ਰਹੇ ਕਿ ਨਵੀਂ ਸ਼ੈਲੀ ਦੀ ਇਹ ਮੰਗ ਸਿਰਫ਼ ਅਪਰਾਧਿਕ ਇਤਿਹਾਸ ਵਾਲੇ ਨੇਤਾਵਾਂ ਨੂੰ ਸੱਤਾ ਪਾਉਣ ਤੋਂ ਰੋਕਣ ਦੇ ਨਾਲ ਨਹੀਂ ਜੁੜੀ ਹੈ। ਆਖਿਰਕਾਰ ਇਹ ਪਾਰਟੀਆਂ ਸਮਾਜਿਕ ਨਿਆਂ ਦੀਆਂ ਚੈਂਪੀਅਨ ਹਨ। ਇਸ ਲਈ ਨਵੀਂ ਸ਼ੈਲੀ ਮੰਗ ਕਰਦੀ ਹੈ ਕਿ ਇਨਾਂ ਪਾਰਟੀਆਂ ਦੀ ਸਰਕਾਰ ਤਹਿਤ ਸਿਰਫ਼ ਦਬੰਗ ਅਤੇ ਮਜ਼ਬੂਤ ਜਾਤੀਗਤ ਭਾਈਚਾਰਿਆਂ ਦਾ ਹੀ ਦ੍ਰਿੜੀਕਰਨ ਨਹੀਂ ਹੋਣਾ ਚਾਹੀਦਾ। ਇਸੇ ਤਰਜ਼ 'ਤੇ ਪੁੱਛਿਆ ਜਾ ਸਕਦਾ ਹੈ ਕਿ, ਕੀ ਗੁਜਰਾਤ ਦੀ ਭਾਜਪਾ ਸਰਕਾਰ ਨੂੰ ਬਿਲਕਿਸ ਬਾਨੋ ਵਾਲੇ ਮਾਮਲੇ ਵਿਚ ਅਦਾਲਤ ਵਲੋਂ ਦਿੱਤੀ ਗਈ ਸਜ਼ਾ ਕੱਟ ਰਹੇ ਦੋਸ਼ੀਆਂ ਨੂੰ ਇਕ ਅਜਿਹੇ ਨਿਯਮ ਤਹਿਤ ਰਿਹਾਅ ਕਰਨ ਤੋਂ ਪ੍ਰਹੇਜ਼ ਨਹੀਂ ਸੀ ਕਰਨਾ ਚਾਹੀਦਾ, ਜਿਸ ਵਿਚ ਖ਼ੁਦ ਉਨਾਂ ਦੀ ਸਰਕਾਰ ਹੀ ਸੋਧਾਂ ਕਰ ਚੁੱਕੀ ਸੀ? ਭਾਜਪਾ ਦੀ ਵਿਚਾਰਧਾਰਾ ਵਿਚ ਅਜਿਹਾ ਕੀ ਹੈ, ਜੋ ਗੁਜਰਾਤ ਸਰਕਾਰ ਨੇ ਅਜਿਹਾ ਕਰਦੇ ਸਮੇਂ ਆਪਣੀ ਹੀ ਪਾਰਟੀ ਦੇ ਪ੍ਰਧਾਨ ਮੰਤਰੀ ਵਲੋਂ 15 ਅਗਸਤ 'ਤੇ ਦਿੱਤੀ ਗਈ ਔਰਤਾਂ ਦੇ ਸਨਮਾਨ ਕਰਨ ਦੀ ਨਸੀਹਤ ਦਾ ਲਿਹਾਜ਼ ਵੀ ਨਹੀਂ ਕੀਤਾ, ਖਾਸ ਕਰਕੇ ਜਿਸ ਨਿਯਮ ਵਿਚ ਖ਼ੁਦ ਉਹ ਸਰਕਾਰ ਹੀ ਸੋਧ ਕਰ ਚੁੱਕੀ ਸੀ। ਭਾਜਪਾ ਦੀ ਵਿਚਾਰਧਾਰਾ ਵਿਚ ਅਜਿਹਾ ਕੀ ਹੈ, ਜੋ ਗੁਜਰਾਤ ਸਰਕਾਰ ਨੇ ਅਜਿਹਾ ਕਰਨ ਸਮੇਂ ਆਪਣੀ ਹੀ ਪਾਰਟੀ ਦੇ ਪ੍ਰਧਾਨ ਮੰਤਰੀ ਵਲੋਂ 15 ਅਗਸਤ 'ਤੇ ਦਿੱਤੀ ਗਈ ਔਰਤਾਂ ਦੇ ਸਨਮਾਨ ਕਰਨ ਦੀ ਨਸੀਹਤ ਦਾ ਵੀ ਲਿਹਾਜ਼ ਨਹੀਂ ਕੀਤਾ।

ਇਸੇ ਤਰਾਂ ਰਾਹੁਲ ਗਾਂਧੀ ਵਲੋਂ ਆਰਥਿਕ ਨੀਤੀਆਂ ਬਾਰੇ ਦਿੱਤੇ ਗਏ ਬਿਆਨ 'ਤੇ ਸਵਾਲ ਚੁੱਕਿਆ ਜਾਣਾ ਚਾਹੀਦਾ ਹੈ। ਉਨਾਂ ਕਿਹਾ ਹੈ ਕਿ ਉਨਾਂ ਦੀ ਪਾਰਟੀ ਅਤੇ ਭਾਜਪਾ ਦੀਆਂ ਆਰਥਿਕ ਨੀਤੀਆਂ ਇਕੋ ਜਿਹੀਆਂ ਹਨ, ਬੱਸ ਜੇਕਰ ਉਨਾਂ ਨੂੰ ਮੌਕਾ ਮਿਲਿਆ ਤਾਂ ਉਹ ਥੋੜਾ ਵੱਖਰੇ ਢੰਗ ਨਾਲ ਲਾਗੂ ਕਰਨਗੇ। ਇਹ ਵੱਖਰਾ ਢੰਗ ਕੀ ਹੋਵੇਗਾ, ਇਸ ਬਾਰੇ ਵੀ ਉਨਾਂ ਨੂੰ ਦੱਸਣਾ ਚਾਹੀਦਾ ਸੀ। ਆਖ਼ਿਰ ਇਨਾਂ ਨੀਤੀਆਂ ਨੂੰ 1990 ਤੋਂ ਬਾਅਦ ਅਤੇ 2014 ਤੋਂ ਪਹਿਲਾਂ ਤੱਕ ਕਾਂਗਰਸ ਦੋ ਕਿਸ਼ਤਾਂ ਵਿਚ ਘੱਟ ਤੋਂ ਘੱਟ 15 ਸਾਲ ਤੱਕ ਲਾਗੂ ਕਰਨ ਦਾ ਮਾਡਲ ਪੇਸ਼ ਕਰ ਚੁੱਕੀ ਹੈ। ਦੂਜੇ ਪਾਸੇ ਭਾਜਪਾ ਦੇ ਬੁਲਾਰੇ ਅਕਸਰ ਕਾਂਗਰਸ 'ਤੇ ਇਕ ਹੀ ਪਰਿਵਾਰ ਦੇ ਸ਼ਿਕੰਜੇ ਦੀ ਆਲੋਚਨਾ ਕਰਦੇ ਰਹਿੰਦੇ ਹਨ। ਉਨਾਂ ਦੀ ਆਲੋਚਨਾ ਸਹੀ ਹੁੰਦੀ ਹੈ। ਪਰ ਉਹ ਕਦੇ ਇਸ ਦਾ ਕਾਰਨ ਨਹੀਂ ਦੱਸਦੇ ਕਿ ਭਾਜਪਾ ਦੀ ਸਥਾਪਨਾ ਤੋਂ ਲੈ ਕੇ ਅੱਜ ਤੱਕ ਉਸ ਦੇ ਕੌਮੀ ਪ੍ਰਧਾਨ ਦੀ ਚੋਣ ਕਿਉਂ ਨਹੀਂ ਹੋਈ?

ਪ੍ਰਧਾਨ ਦਾ ਨਾਂ ਅਚਾਨਕ ਕਿਤਿਓਂ ਟਪਕ ਪੈਂਦਾ ਹੈ ਅਤੇ ਉਸ ਨੂੰ ਫਟਾਫਟ ਨਿਯੁਕਤੀ ਦੀ ਮਾਲਾ ਪਹਿਨਾ ਦਿੱਤੀ ਜਾਂਦੀ ਹੈ। ਅਜੇ ਪਿਛਲੇ ਸਾਲ ਹੀ ਮਮਤਾ ਬੈਨਰਜੀ ਨੇ ਭਾਜਪਾ ਨੂੰ ਹਰਾ ਕੇ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਸ਼ਾਨਦਾਰ ਜਿੱਤ ਹਾਸਲ ਕੀਤੀ ਸੀ। ਕੀ ਉਹ ਨਵੀਂ ਪਾਰੀ ਖੇਡਦਿਆਂ ਪਾਰਟੀ ਦੇ ਰਾਜਨੀਤਕ ਭ੍ਰਿਸ਼ਟਾਚਾਰ ਅਤੇ ਬਾਹੂਬਲ ਦੀ ਬੇਰੋਕਟੋਕ ਵਰਤੋਂ 'ਤੇ ਟਿਕੀ ਹੋਈ ਰਾਜਨੀਤੀ ਨੂੰ ਸੋਧ ਕਰਨ ਬਾਰੇ ਨਹੀਂ ਸੀ ਸੋਚ ਸਕਦੀ? ਨਰਿੰਦਰ ਮੋਦੀ ਪ੍ਰਧਾਨ ਮੰਤਰੀ ਵਜੋਂ ਬਹੁਤ ਹਰਮਨ ਪਿਆਰੇ ਹਨ। ਉਨਾਂ ਦੀ ਸੱਤਾ ਨੂੰ ਕੋਈ ਖ਼ਤਰਾ ਨਹੀਂ ਹੈ। ਪਰ ਚੋਣ ਸੁਧਾਰਾਂ ਦੀ ਦਿਸ਼ਾ ਵਿਚ ਕੋਈ ਕਦਮ ਚੁੱਕਣ ਦੀ ਗੱਲ ਤਾਂ ਦੂਰ ਰਹੀ, ਉਹ ਉਸ ਬਾਰੇ ਇਕ ਲਫ਼ਜ਼ ਬੋਲਣ ਤੋਂ ਵੀ ਦੂਰ ਕਿਉਂ ਰਹਿੰਦੇ ਹਨ? ਇਲੈਕਟੋਰਲ ਬਾਂਡਸ ਦੀ ਵਿਵਸਥਾ ਤਾਂ ਚੋਣ ਸੁਧਾਰ ਦੀ ਭਾਵਨਾ ਦੇ ਬਹੁਤ ਉਲਟ ਹੈ। ਇਸ ਤਰਾਂ ਦੇ ਸਵਾਲਾਂ ਦੀ ਸੂਚੀ ਬਹੁਤ ਲੰਬੀ ਹੋ ਸਕਦੀ ਹੈ। ਜੋ ਨੇਤਾ ਅਤੇ ਪਾਰਟੀਆਂ ਇਸ ਵੇਰਵਿਆਂ ਵਿਚੋਂ ਛੁੱਟ ਗਏ ਹਨ, ਕਹਿਣਾ ਨਾ ਹੋਵੇਗਾ ਕਿ ਇਸ 'ਚ ਉਨਾਂ ਦੀ ਗਿਣਤੀ ਸੌਖਿਆ ਹੀ ਕੀਤੀ ਜਾ ਸਕਦੀ ਹੈ। ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਇਸ ਦੇਸ਼ ਵਿਚ ਕਾਂਗਰਸ ਦੇ ਪ੍ਰਭੁਤਵ ਦੇ ਜ਼ਮਾਨੇ ਵਿਚ ਬਾਕੀ ਸਾਰੀਆਂ ਪਾਰਟੀਆਂ ਨੂੰ ਬਹੁਤ ਲੰਬੇ ਅਰਸੇ ਤੱਕ ਵਿਰੋਧੀ ਧਿਰ ਵਜੋਂ ਰਹਿਣਾ ਪਿਆ ਸੀ। ਕਾਂਗਰਸ ਵੀ ਟੋਟਿਆਂ-ਟੋਟਿਆਂ ਵਿਚ ਲਗਭਗ ਵੀਹ ਸਾਲ ਤੋਂ ਵੱਧ ਸਮੇਂ ਤੱਕ ਵਿਰੋਧੀ ਧਿਰ ਵਿਚ ਰਹਿਣ ਦਾ ਤਜਰਬਾ ਹਾਸਲ ਕਰ ਚੁੱਕੀ ਹੈ। ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਕਿਸੇ ਵੀ ਦਲ ਨੇ ਵਿਰੋਧੀ ਧਿਰ ਵਜੋਂ ਰਾਜਨੀਤੀ ਕਰਦਿਆਂ ਸੱਤਾ ਵਿਚ ਰਹਿਣ ਦੇ ਕਿਸੇ ਬਦਲਵੇਂ ਮਾਡਲ ਦੀ ਪੇਸ਼ਕਸ਼ ਨਹੀਂ ਕੀਤੀ। ਨਾ ਹੀ ਉਨਾਂ ਵਿਚੋਂ ਕਿਸੇ ਪਾਰਟੀ ਨੇ ਚੋਣ ਲੜਨ ਦੇ ਕਿਸੇ ਕਿਫ਼ਾਇਤੀ ਅਤੇ ਆਦਰਸ਼ ਜਾਪਦੇ ਮਾਡਲ ਦੀ ਪ੍ਰਸਤਾਵਨਾ ਦਿੱਤੀ ਹੈ। ਉਹ ਸਾਰੇ ਜਿਵੇਂ-ਕਿਵੇਂ ਵੀ ਸੱਤਾ 'ਤੇ ਕਾਬਜ਼ ਹੋ ਕੇ ਉਹੀ ਸਭ ਕਰਨ ਦੀ ਉਡੀਕ ਕਰਦੇ ਰਹਿੰਦੇ ਹਨ, ਜਿਸ ਦੀ ਆਲੋਚਨਾ ਕਰਦਿਆਂ ਹੋਇਆਂ ਉਨਾਂ ਦਾ ਵਕਤ ਲੰਘਦਾ ਹੈ।

ਹੁਣ ਸਾਨੂੰ ਯਕੀਨ ਕਰ ਲੈਣਾ ਚਾਹੀਦਾ ਹੈ ਕਿ ਲੋਕਤੰਤਰਿਕ ਪ੍ਰਕਿਰਿਆਵਾਂ ਸੱਤਾ ਵਿਚ ਆਉਣ ਅਤੇ ਟਿਕੇ ਰਹਿਣ ਦੀ ਰਾਜਨੀਤਕ ਤਕਨਾਲੋਜੀ ਅਧੀਨ ਹੋ ਚੁੱਕੀਆਂ ਹਨ। ਜੇਕਰ ਕਿਸੇ ਚੀਜ਼ ਦਾ ਵਿਕਾਸ ਹੋ ਰਿਹਾ ਹੈ ਤਾਂ ਉਹ ਇਹੀ ਰਾਜਨੀਤਕ ਤਕਨਾਲੋਜੀ ਹੈ। ਦੌੜ ਇਸ ਗੱਲ ਦੀ ਹੈ ਕਿ ਕਿਹੜਾ ਇਸ ਤਕਨੀਕ ਦੀ ਬਿਹਤਰ ਅਤੇ ਸਫ਼ਾਈ ਨਾਲ ਵਰਤੋਂ ਕਰਦਾ ਹੈ ਅਤੇ ਕੌਣ ਇਸ ਦੀ ਵਰਤੋਂ ਕਰਨ ਵਿਚ ਗ਼ਲਤੀਆਂ ਕਰਦਾ ਹੈ। ਦੂਜੀ ਪਾਰਟੀ ਦੀ ਸਰਕਾਰ ਤੋੜਨ ਵਾਲਿਆਂ ਦੀ ਜਦੋਂ ਆਪਣੀ ਸਰਕਾਰ ਟੁੱਟਦੀ ਹੈ, ਤਾਂ ਉਹ ਠੀਕ ਉਹੀ ਦਲੀਲਾਂ ਦਿੰਦੇ ਹਨ, ਜੋ ਉਨਾਂ ਲੋਕਾਂ ਵਲੋਂ ਦਿੱਤੀਆਂ ਗਈਆਂ ਸਨ, ਜਿਨਾਂ ਦੀ ਸਰਕਾਰ ਟੁੱਟੀ ਸੀ। ਪੀੜਤ ਪੱਖ ਹੋਵੇ ਜਾਂ ਸ਼ੋਸ਼ਣ ਕਰਨ ਵਾਲਾ ਪੱਖ, ਦੋਵੇਂ ਇਕ-ਦੂਜੇ ਦੀਆਂ ਦਲੀਲਾਂ ਨੂੰ ਮੱਥੇ 'ਤੇ ਬਿਨਾਂ ਕੋਈ ਤਿਊੜੀ ਪਾਏ ਅਪਣਾ ਲੈਂਦੇ ਹਨ। ਅਜਿਹਾ ਕਰਨ ਸਮੇਂ ਨਾ ਤਾਂ ਨੇਤਾ, ਨਾ ਪਾਰਟੀਆਂ, ਨਾ ਉਨਾਂ ਦੇ ਸਮਰਥਕ ਅਤੇ ਹੁਣ ਨਾ ਹੀ ਮੀਡੀਆ ਨੂੰ ਇਹ ਧਿਆਨ ਆਉਂਦਾ ਹੈ ਕਿ ਲੋਕਤੰਤਰ ਦਾ ਇੰਜਣ ਆਪਣੇ ਸਾਇਲੈਂਸਰ ਵਿਚੋਂ ਜੋ ਧੂੰਆਂ ਕੱਢ ਰਿਹਾ ਹੈ, ਉਹ ਕਿੰਨਾ ਜ਼ਹਿਰੀਲਾ ਹੋ ਚੁੱਕਾ ਹੈ।

# ਜਪਾਨੀ ਨੌਜਵਾਨ ਪਿਛਲੀ ਪੀੜੀ ਦੇ ਮੁਕਾਬਲੇ ਬਹੁਤ ਘੱਟ ਸ਼ਰਾਬ ਪੀਣ ਲੱਗੇ

**✪ ਜਪਾਨ ਸਰਕਾਰ ਨੂੰ ਪਿਆ ਆਰਥਿਕ ਘਾਟਾ ✪ ਸਰਕਾਰ ਦੇਸ਼ ਵਿੱਚ ਸ਼ਰਾਬ ਪੀਣ ਦੇ ਰੁਝਾਨ ਨੂੰ ਹੱਲਾਸ਼ੇਰੀ ਦੇਣ ਲਈ ਇੱਕ ਕੌਮੀ ਪੱਧਰ ਦਾ ਮੁਕਾਬਲਾ ਕਰਵਾਏਗੀ**

**ਟੋਕੀਓ/ਏ.ਟੀ.ਨਿਊਜ਼ :-** ਜਪਾਨ ਦੀ ਨੌਜਵਾਨ ਪੀੜੀ ਕਾਫ਼ੀ ਸੋਬਰ ਮੰਨੀ ਜਾ ਰਹੀ ਹੈ ਪਰ ਹੁਣ ਉੱਥੋਂ ਦਾ ਪ੍ਰਸ਼ਾਸਨ ਇਸ ਨੂੰ ਬਦਲਣਾ ਚਾਹੁੰਦਾ ਹੈ। ਜਪਾਨੀ ਨੌਜਵਾਨ ਪਿਛਲੀ ਪੀੜੀ ਦੇ ਮੁਕਾਬਲੇ ਬਹੁਤ ਘੱਟ ਸ਼ਰਾਬ ਪੀਂਦੇ ਹਨ ਜਿਸ ਕਾਰਨ ਸਰਕਾਰ ਨੂੰ ਟੈਕਸ ਵਿੱਚ ਘਾਟਾ ਪੈ ਰਿਹਾ ਹੈ। ਹੁਣ ਸਰਕਾਰ ਦੇਸ ਵਿੱਚ ਸ਼ਰਾਬ ਪੀਣ ਦੇ ਰੁਝਾਨ ਨੂੰ ਹੱਲਾਸ਼ੇਰੀ ਦੇਣ ਲਈ, ਇੱਕ ਕੌਮੀ ਪੱਧਰ ਦਾ ਮੁਕਾਬਲਾ ਕਰਵਾਉਣ ਜਾ ਰਹੀ ਹੈ।

ਮੁਕਾਬਲੇ ਵਿੱਚ 20 ਤੋਂ 29 ਸਾਲਾਂ ਦੇ ਲੋਕਾਂ ਨੂੰ ਬਿਜ਼ਨਸ ਆਈਡੀਏ ਪੁੱਛੇ ਜਾਣਗੇ ਕਿ ਕਿਵੇਂ ਉਨਾਂ ਦੇ ਸਾਥੀਆਂ ਨੂੰ ਸ਼ਰਾਬ ਪੀਣ ਲਈ ਉਤਸ਼ਾਹਿਤ ਕੀਤਾ ਜਾਵੇ। ਇਹ ਭਾਵੇਂ ਜਪਾਨੀ ਚੌਲਾਂ ਦੀ ਸ਼ਰਾਬ ਹੋਵੇ, ਸ਼ੋਕੋ ਹੋਵੇ, ਵਿਸਕੀ ਹੋਵੇ, ਬੀਅਰ ਹੋਵੇ ਜਾਂ ਵਾਈਨ ਹੋਵੇ।

ਟੈਕਸ ਵਿਭਾਗ ਲਈ ਕੰਪੀਟਿਸ਼ਨ ਕਰਵਾਉਣ ਵਾਲੇ ਸਮੂਹ ਦਾ ਕਹਿਣਾ ਹੈ ਕਿ ਇਹ ਨਵੀਆਂ ਆਦਤਾਂ ਕੁਝ ਹੱਦ ਤੱਕ ਕੋਵਿਡ ਮਹਾਂਮਾਰੀ ਦੌਰਾਨ ਪਈਆਂ ਹਨ ਅਤੇ ਜਪਾਨ ਦੀ ਉਮਰ ਦਰਾਜ਼ ਹੁੰਦੀ ਜਾ ਰਹੀ ਜਨਸੰਖਿਆ ਵੀ ਸ਼ਰਾਬ ਦੀ ਵਿਕਰੀ ਘਟਣ ਦਾ ਇੱਕ ਕਾਰਨ ਹੈ।ਮੁਕਾਬਲੇ ਵਿੱਚ ਪ੍ਰਤੀਯੋਗੀਆਂ ਤੋਂ ਨਾ ਸਿਰਫ਼ ਮਸ਼ਹੂਰੀਆਂ, ਬਰਾਂਡਿੰਗ ਲਈ ਸੁਝਾਅ ਮੰਗੇ ਗਏ ਸਨ ਸਗੋਂ ਅਜਿਹੇ ਵਿਚਾਰ ਵੀ ਮੰਗੇ ਗਏ ਹਨ ਜਿਨਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕੀਤੀ ਗਈ ਹੋਵੇ।

ਜਪਾਨੀ ਮੀਡੀਆ ਮੁਤਾਬਕ ਸਰਕਾਰ ਨੂੰ ਇਸ ਬਾਰੇ ਮਿਲੀ-ਜੁਲੀ ਪ੍ਰਤੀਕਿਰਿਆ ਮਿਲੀ ਹੈ। ਕੁਝ ਲੋਕ ਨੌਜਵਾਨਾਂ ਵਿੱਚ ਇੱਕ ਨੁਕਸਾਨਦਾਇਕ ਆਦਤ ਨੂੰ ਹੱਲਾਸ਼ੇਰੀ ਦੇਣ ਦੇ ਨਜ਼ਰੀਏ ਤੋਂ ਇਸ ਦਾ ਵਿਰੋਧ ਕਰ ਰਹੇ ਹਨ। ਦੂਜੇ ਲੋਕਾਂ ਦੀ ਰਾਇ ਹੈ ਕਿ ਕਿਸੇ ਮਸ਼ਹੂਰ ਅਦਾਕਾਰਾ ਨੂੰ ਡਿਜੀਟਲ ਕਲੱਬਾਂ ਵਿੱਚ ਵਰਚੁਅਲ ਮੇਜ਼ਬਾਨ ਬਣਾ ਕੇ ਪੇਸ਼ ਕੀਤਾ ਜਾਵੇ। ਪ੍ਰਤੀਯੋਗੀਆਂ ਨੂੰ ਆਪਣੇ ਵਿਚਾਰ ਭੇਜਣ ਲਈ ਸਤੰਬਰ ਅੰਤ ਤੱਕ ਦਾ ਸਮਾਂ ਦਿੱਤਾ ਗਿਆ ਹੈ। ਚੁਣੀਆਂ ਗਈਆਂ ਯੋਜਨਾਵਾਂ ਨੂੰ ਮਾਹਿਰਾਂ ਦੀ ਮਦਦ ਨਾਲ ਵਿਕਸਿਤ ਕੀਤਾ ਜਾਵੇਗਾ।ਕੈਂਪੇਨ ਦੀ ਵੈਬਸਾਈਟ ਮੁਤਾਬਕ ਜਪਾਨ ਵਿੱਚ ਸ਼ਰਾਬ ਦਾ ਬਜ਼ਾਰ ਲਗਾਤਾਰ ਘਟਦਾ ਜਾ ਰਿਹਾ ਹੈ। ਇਸ ਦੇ ਪਿੱਛੇ ਵਧ ਰਹੀ ਔਸਤ ਉਮਰ ਅਤੇ ਨੀਵੀਂ ਜਨਮ ਦਰ ਇੱਕ ਵੱਡਾ ਕਾਰਨ ਹੈ।

ਟੈਕਸ ਵਿਭਾਗ ਦੇ ਤਾਜ਼ਾ ਅੰਕੜਿਆਂ ਮੁਤਾਬਕ ਜਪਾਨੀ ਲੋਕ 1995 ਦੇ ਮੁਕਾਬਲੇ 2020 ਵਿੱਚ ਥੋੜੀ ਸ਼ਰਾਬ ਪੀ ਰਹੇ ਸਨ। ਜਿੱਥੇ 1995 ਵਿੱਚ ਇੱਕ ਔਸਤ ਜਪਾਨੀ ਬਾਲਗ 100 ਲੀਟਰ ਸ਼ਰਾਬ ਹਰ ਸਾਲ ਪੀ ਜਾਂਦਾ ਸੀ ਉੱਥੇ ਹੀ 2020 ਵਿੱਚ ਇਹ ਮਾਤਰਾ ਸਿਰਫ਼ 75 ਲੀਟਰ ਰਹਿ ਗਈ ਸੀ।ਇਸੇ ਤਰਾਂ ਦਿ ਜਪਾਨ ਟਾਈਮਜ਼ ਅਖ਼ਬਾਰ ਮੁਤਾਬਕ ਦੇਸ਼ ਵਿੱਚ ਪਿਛਲੇ ਸਾਲਾਂ ਦੌਰਾਨ ਸ਼ਰਾਬ ਤੋਂ ਇਕੱਠੇ ਹੋਣ ਵਾਲੇ ਮਾਲੀਏ ਵਿੱਚ ਵੀ ਕਮੀ ਆਈ ਹੈ। ਜਿੱਥੇ ਸਾਲ 1980 ਵਿੱਚ ਸ਼ਰਾਬ ਤੋਂ ਕੁੱਲ ਟੈਕਸ ਦਾ 5% ਟੈਕਸ ਇਕੱਠਾ ਹੋਇਆ ਉੱਥੇ 2020 ਵਿੱਚ ਸਿਰਫ਼ 1.7 ਫ਼ੀਸਦੀ।

ਵਿਸ਼ਵ ਬੈਂਕ ਦੇ ਅੰਕੜਿਆਂ ਮੁਤਾਬਕ ਜਪਾਨ ਦੀ ਲਗਭਗ ਇੱਕ ਤਿਹਾਈ ਵਸੋਂ 60 ਸਾਲ ਜਾਂ ਉਸ ਤੋਂ ਜ਼ਿਆਦਾ ਉਮਰ ਦੀ ਹੈ। ਬਜ਼ੁਰਗਾਂ ਦਾ ਇਹ ਅਨੁਪਾਤ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਹੈ।

ਜਪਾਨ ਦੀ ਆਰਥਿਕਤਾ ਨੂੰ ਸਿਰਫ਼ ਘੱਟ ਰਹੀ ਸ਼ਰਾਬ ਦੀ ਵਿਕਰੀ ਤੋਂ ਹੀ ਖ਼ਤਰਾ ਨਹੀਂ ਹੈ ਸਗੋਂ ਲਗਾਤਾਰ ਘੱਟ ਰਹੀ ਨੌਜਵਾਨ ਸ਼ਕਤੀ ਵੀ ਚਿੰਤਾ ਦਾ ਸਬੱਬ ਹੈ। ਭਵਿੱਖ ਵਿੱਚ ਦੇਸ਼ ਕੋਲ ਬਜ਼ੁਰਗਾਂ ਦੀ ਸਾਂਭ ਸੰਭਾਲ ਕਰਨ ਵਾਲੇ ਅਤੇ ਕਈ ਕਿਸਮ ਦੇ ਪੇਸ਼ਿਆਂ ਲਈ ਨੌਜਵਾਨਾਂ ਦੀ ਕਮੀ ਦਾ ਸੰਕਟ ਵੀ ਖੜਾ ਹੋ ਜਾਵੇਗਾ।

# ਭਾਰਤੀ ਨਿਆਂ ਪ੍ਰਣਾਲੀ ਤੋਂ ਮਿਲੀ ਬੇਇਨਸਾਫ਼ੀ : ਬਿਲਕਿਸ ਬਾਨੋ

## ਬਲਾਤਕਾਰੀ ਅਤੇ ਬਾਲ ਕਾਤਲ 'ਸੰਸਕਾਰੀ ਬ੍ਰਾਹਮਣ' ਹਨ ?

**ਸਰਬਜੀਤ ਕੌਰ**

ਪੱਛਮੀ ਭਾਰਤੀ ਰਾਜ ਗੁਜਰਾਤ ਵਿੱਚ 2002 'ਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਦੌਰਾਨ ਇੱਕ ਹਿੰਦੂ ਭੀੜ ਦੁਆਰਾ ਸਮੂਹਿਕ ਬਲਾਤਕਾਰ ਸ਼ਿਕਾਰ ਅਤੇ ਆਪਣੇ ਪਰਿਵਾਰ ਦੇ 14 ਮੈਂਬਰਾਂ ਦੀ ਹੱਤਿਆ ਦੇਖਣ ਵਾਲੀ ਬਿਲਕਿਸ ਬਾਨੋ ਮੁੜ ਸੁਰਖੀਆਂ ਵਿੱਚ ਹੈ। ਬਲਾਤਕਾਰ ਅਤੇ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ 11 ਦੋਸ਼ੀ ਜੇਲ ਤੋਂ ਬਾਹਰ ਆ ਗਏ ਤੇ ਬਾਹਰ ਆਉਣ 'ਤੇ ਉਨਾਂ ਦਾ ਨਾਇਕਾਂ ਦੀ ਤਰਾਂ ਸੁਆਗਤ ਕੀਤਾ ਗਿਆ। ਸੋਸ਼ਲ ਮੀਡਿਆ 'ਤੇ ਇਕ ਵੀਡੀਓ ਵਾਇਰਲ ਹੋਈ, ਜਿਸ ਵਿੱਚ ਦਿਖਾਇਆ ਗਿਆ ਕਿ ਲੋਕ ਗੋਧਰਾ ਜੇਲ ਦੇ ਬਾਹਰ ਕਤਾਰ ਵਿੱਚ ਖੜੇ ਹਨ ਤੇ ਉਨਹਾਂ ਦੇ ਸਵਾਗਤ ਵਿਚ ਆਏ ਰਿਸ਼ਤੇਦਾਰਾਂ ਨੇ ਉਨਾਂ ਨੂੰ ਮਠਿਆਈਆਂ ਦਿੱਤੀਆਂ ਅਤੇ ਸਤਿਕਾਰ ਦਿਖਾਉਣ ਲਈ ਉਨਾਂ ਦੇ ਪੈਰਾਂ ਨੂੰ ਛੂਹਿਆ। ਇਹ ਉਹ ਕੈਦੀ ਸਨ ਜਿਨਾਂ ਨੇ ਸਮੂਹਿਕ ਬਲਤਕਾਰ ਕੀਤਾ ਸੀ। ਇਸ ਦੀ ਸ਼ਿਕਾਰ ਬਿਲਕਿਸ ਬਾਨੋ ਨੇ ਕਿਹਾ ਕਿ ਅਜਿਹੇ ਪੁਰਸ਼ਾਂ ਨੂੰ ਰਿਹਾਅ ਕਰਨ ਦੇ ਫੈਸਲਾ 'ਬੇਇਨਸਾਫ਼ੀ' ਹੈ ਹੁਣ ਉਸ ਦਾ ਭਾਰਤੀ ਨਿਆਂ ਪ੍ਰਣਾਲੀ ਵਿੱਚ ਵਿਸ਼ਵਾਸ ਨਹੀਂ ਰਿਹਾ।

ਮੀਡੀਆ ਨਾਲ ਗੱਲਬਾਤ ਦੌਰਾਨ ਉਸ ਨੇ ਕਿਹਾ ਮੈਂ ਅਜੇ ਵੀ ਸੁੰਨ ਹੋ ਗਈ ਹਾਂ, 'ਜਦੋਂ ਮੈਂ ਸੁਣਿਆ ਕਿ ਮੇਰੇ ਪਰਿਵਾਰ ਅਤੇ ਜ਼ਿੰਦਗੀ ਨੂੰ ਬਰਬਾਦ ਕਰਨ ਵਾਲੇ ਦੋਸ਼ੀ ਆਜ਼ਾਦ ਹੋ ਗਏ ਹਨ,' ਕਿਸੇ ਵੀ ਔਰਤ ਲਈ ਨਿਆਂ ਇਸ ਤਰਾਂ ਕਿਵੇਂ ਖਤਮ ਹੋ ਸਕਦਾ ਹੈ ? ਮੈਂ ਭਾਰਤ ਦੀਆਂ ਸਭ ਤੋਂ ਉੱਚ ਅਦਾਲਤਾਂ 'ਤੇ ਭਰੋਸਾ ਕੀਤਾ। ਮੈਂ ਸਿਸਟਮ 'ਤੇ ਭਰੋਸਾ ਕੀਤਾ, ਅਤੇ ਮੈਂ ਆਪਣੇ ਸਦਮੇ ਨਾਲ ਜੀਣਾ ਹੌਲੀ-ਹੌਲੀ









ਸਿੱਖ ਰਹੀ ਸੀ ਪਰ ਇਨਾਂ ਦੋਸ਼ੀਆਂ ਦੀ ਰਿਹਾਈ ਨੇ ਮੇਰੇ ਤੋਂ ਸ਼ਾਂਤੀ ਖੋਹ ਲਈ ਹੈ ਅਤੇ ਮੇਰਾ ਮਨ ਹਿਲਾ ਦਿੱਤਾ ਹੈ। ਦੋਸ਼ੀਆਂ ਨੂੰ ਰਿਹਾਅ ਕਰਨ ਦੇ ਫੈਸਲੇ ਦਾ ਐਲਾਨ ਗੁਜਰਾਤ ਸਰਕਾਰ ਦੁਆਰਾ ਕੀਤਾ ਗਿਆ ਸੀ ਜਦੋਂ ਭਾਰਤ ਅਜ਼ਾਦੀ ਦੀ 75ਵੀਂ ਵਰੇਗੰਢ ਮਨਾ ਰਿਹਾ ਸੀ। ਗੁਜਰਾਤ ਦੀ ਗਵਰਨਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) – ਹਿੰਦੂ ਰਾਸ਼ਟਰਵਾਦੀ ਪਾਰਟੀ ਜੋ ਕਿ ਰਾਸ਼ਟਰੀ ਤੌਰ 'ਤੇ ਵੀ ਸੱਤਾ ਵਿੱਚ ਹੈ ਉਸ ਨੇ ਇਸ ਰਿਹਾਈ ਦੀ ਮੰਗ ਕੀਤੀ ਸੀ।

ਇਨਾਂ ਦੰਗਿਆ ਦਾ ਸਭ ਤੋਂ ਵੱਡਾ ਝਟਕਾ, ਅਨੁਮਾਨਤ ਤੌਰ 'ਤੇ, ਬਿਲਕਿਸ ਬਾਨੋ ਅਤੇ ਉਸ ਦੇ ਪਰਿਵਾਰ ਨੂੰ ਲੱਗਾ ਹੈ। ਪਰਿਵਾਰ ਦੇ ਗੁੱਸੇ ਅਤੇ ਨਿਰਾਸ਼ਾ ਨੂੰ ਜ਼ੁਰਮ ਦੀ ਤੀਬਰਤਾ ਅਤੇ ਨਿਆਂ ਲਈ ਉਨਾਂ ਨੂੰ ਲੜਨੀ ਲੰਬੀ ਲੜਾਈ ਨੂੰ ਵੇਖਦਿਆਂ ਸਮਝਣਾ ਆਸਾਨ ਹੈ। ਬਿਲਕਿਸ ਬਾਨੋ ਅਤੇ ਉਸਦੇ ਪਰਿਵਾਰ 'ਤੇ ਹਮਲਾ ਦੰਗਿਆਂ ਦੌਰਾਨ ਸਭ ਤੋਂ ਭਿਆਨਕ ਅਪਰਾਧਾਂ ਵਿੱਚੋਂ ਇੱਕ ਸੀ, ਜੋ ਗੋਧਰਾ ਕਸਬੇ ਵਿੱਚ ਇੱਕ ਯਾਤਰੀ ਰੇਲ ਗੱਡੀ ਨੂੰ ਅੱਗ ਲੱਗਣ ਕਾਰਨ 60 ਹਿੰਦੂ ਸ਼ਰਧਾਲੂਆਂ ਦੀ ਮੌਤ ਤੋਂ ਬਾਅਦ ਸ਼ੁਰੂ ਹੋਇਆ ਸੀ।

ਅੱਗ ਲਗਾਉਣ ਲਈ ਮੁਸਲਮਾਨਾਂ ਨੂੰ ਦੋਸ਼ੀ ਠਹਿਰਾਉਂਦੇ ਹੋਏ, ਹਿੰਦੂ ਭੀੜ ਭੜਕ ਗਈ, ਮੁਸਲਿਮ ਆਂਢ-ਗੁਆਂਢ 'ਤੇ ਹਮਲਾ ਕੀਤਾ। ਤਿੰਨ ਦਿਨਾਂ ਵਿੱਚ, 1,000 ਤੋਂ ਵੱਧ ਲੋਕ ਮਾਰੇ ਗਏ, ਜਿਨਾਂ ਵਿੱਚੋਂ ਜ਼ਿਆਦਾਤਰ ਮੁਸਲਮਾਨ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਉਸ ਸਮੇਂ ਗੁਜਰਾਤ ਦੇ ਮੁੱਖ ਮੰਤਰੀ ਸਨ, ਦੀ ਇਸ ਕਤਲੇਆਮ ਨੂੰ ਰੋਕਣ ਲਈ ਲੋੜੀਂਦਾ ਕੰਮ ਨਾ ਕਰਨ ਲਈ ਆਲੋਚਨਾ ਕੀਤੀ ਗਈ ਸੀ। ਉਸਨੇ ਹਮੇਸ਼ਾ ਗਲਤ ਕੰਮਾਂ ਤੋਂ ਇਨਕਾਰ ਕੀਤਾ ਹੈ ਅਤੇ ਦੰਗਿਆਂ ਲਈ ਮੁਆਫੀ ਨਹੀਂ ਮੰਗੀ ਹੈ।

2013 ਵਿੱਚ, ਸੁਪਰੀਮ ਕੋਰਟ ਦੇ ਇੱਕ ਪੈਨਲ ਨੇ ਇਹ ਵੀ ਕਿਹਾ ਸੀ ਕਿ ਉਸ ਉੱਤੇ ਮੁਕੱਦਮਾ ਚਲਾਉਣ ਲਈ ਨਾਕਾਫ਼ੀ ਸਬੂਤ ਸਨ। ਪਰ ਆਲੋਚਕਾਂ ਨੇ ਉਸ ਦੀ ਪਹਿਰੇ 'ਤੇ ਹੋ ਰਹੇ ਦੰਗਿਆਂ ਲਈ ਉਸ ਨੂੰ ਦੋਸ਼ੀ ਠਹਿਰਾਉਣਾ ਜਾਰੀ ਰੱਖਿਆ ਹੈ। ਸਾਲਾਂ ਦੌਰਾਨ, ਅਦਾਲਤਾਂ ਨੇ ਦੰਗਿਆਂ ਵਿੱਚ ਸ਼ਾਮਲ ਹੋਣ ਲਈ ਦਰਜਨਾਂ ਲੋਕਾਂ ਨੂੰ ਦੋਸ਼ੀ ਠਹਿਰਾਇਆ ਹੈ, ਪਰ ਕੁਝ ਉੱਚ-ਪ੍ਰੋਫਾਈਲ ਦੋਸ਼ੀਆਂ ਨੂੰ ਜ਼ਮਾਨਤ ਮਿਲ ਗਈ ਹੈ ਜਾਂ ਉੱਚ ਅਦਾਲਤਾਂ ਦੁਆਰਾ ਬਰੀ ਕਰ ਦਿੱਤਾ ਗਿਆ ਹੈ। ਇਸ ਵਿੱਚ ਮਾਇਆ ਕੋਡਨਾਨੀ, ਇੱਕ ਸਾਬਕਾ ਮੰਤਰੀ ਅਤੇ ਸ਼੍ਰੀਮਾਨ ਮੋਦੀ ਦੀ ਸਹਿਯੋਗੀ ਵੀ ਸ਼ਾਮਲ ਸੀ, ਜਿਸ ਨੂੰ ਇੱਕ ਹੇਠਲੀ ਅਦਾਲਤ ਨੇ 'ਦੰਗਿਆਂ ਦਾ ਕਿੰਗਪਿਨ' ਕਿਹਾ ਸੀ। ਪਰ ਅਜ ਬਿਲਕਿਸ ਬਾਨੋ ਨਾਲ ਜ਼ੁਲਮ ਕਰਨ ਵਾਲੇ ਬੰਦਿਆਂ ਨੂੰ ਵੀ ਰਿਹਾਅ ਕਰ ਦਿੱਤਾ ਗਿਆ ਹੈ।

ਬਿਲਕਿਸ ਬਾਨੋ ਨੇ ਇਕ ਮੀਡੀਆ ਪੱਤਰਕਾਰ ਨੂੰ ਆਪਣਾ ਦਰਦ ਬਿਆਨ ਕੀਤਾ ਤੇ ਉਸ ਕਾਲੇ ਦਿਨ ਦਾ ਕਿੱਸਾ ਦੱਸਿਆ ਕਿ ਰੇਲਗੱਡੀ ਨੂੰ ਅੱਗ ਲੱਗਣ ਤੋਂ ਬਾਅਦ ਮਹੌਲ ਖਰਾਬ ਹੋ ਗਿਆ 'ਮੈਂ ਰਸੋਈ ਵਿੱਚ ਦੁਪਹਿਰ ਦਾ ਖਾਣਾ ਬਣਾ ਰਹੀ ਸੀ, ਜਦੋਂ ਮੇਰੀ ਮਾਸੀ ਅਤੇ ਉਸਦੇ ਬੱਚੇ ਦੌੜੇ ਆਏ। ਉਨਾਂ ਨੇ ਕਿਹਾ ਕਿ ਉਨਾਂ ਦੇ ਘਰਾਂ ਨੂੰ ਅੱਗ ਲੱਗ ਰਹੀ ਹੈ ਅਤੇ ਸਾਨੂੰ ਤੁਰੰਤ ਜਾਣਾ ਪਿਆ,' ਉਸਨੇ ਮੈਨੂੰ ਦੱਸਿਆ। 'ਅਸੀਂ ਸਿਰਫ਼ ਉਹ ਕੱਪੜੇ ਪਾ ਕੇ ਚਲੇ ਗਏ ਜੋ ਅਸੀਂ ਪਹਿਨੇ ਹੋਏ ਸੀ, ਸਾਡੇ ਕੋਲ ਆਪਣੀਆਂ ਚੱਪਲਾਂ ਪਾਉਣ ਦਾ ਸਮਾਂ ਵੀ ਨਹੀਂ ਸੀ।' ਮਾਰਚ ਦੀ ਸਵੇਰ ਨੂੰ, ਜਦੋਂ ਉਹ ਇੱਕ ਨੇੜਲੇ ਪਿੰਡ ਵਿੱਚ ਜਾਣ ਲਈ ਨਿਕਲੇ ਜਿੱਥੇ ਉਨਾਂ ਨੂੰ ਵਿਸ਼ਵਾਸ ਸੀ ਕਿ ਉਹ ਸੁਰੱਖਿਅਤ ਰਹਿਣਗੇ, ਆਦਮੀਆਂ ਦੇ ਇੱਕ ਸਮੂਹ ਨੇ ਉਹਨਾਂ ਨੂੰ ਰੋਕ ਲਿਆ। 'ਉਨਾਂ ਨੇ ਤਲਵਾਰਾਂ ਅਤੇ ਡੰਡਿਆਂ ਨਾਲ ਸਾਡੇ 'ਤੇ ਹਮਲਾ ਕੀਤਾ। ਉਨਾਂ ਵਿੱਚੋਂ ਇੱਕ ਨੇ ਮੇਰੀ ਧੀ ਨੂੰ ਮੇਰੀ ਗੋਦੀ ਤੋਂ ਖੋਹ ਲਿਆ ਅਤੇ ਉਸ ਦਾ ਸਿਰ ਚੱਟਾਨ ਨਾਲ ਮਾਰਦੇ ਹੋਏ ਜ਼ਮੀਨ 'ਤੇ ਸੁੱਟ ਦਿੱਤਾ। ਹਮਲਾਵਰ ਪਿੰਡ ਵਿਚ ਉਸ ਦੇ ਗੁਆਂਢੀ ਸਨ, ਜਿਨਾਂ ਆਦਮੀਆਂ ਨੂੰ ਉਸ ਨੇ ਵੱਡੀ ਹੋਣ ਦੌਰਾਨ ਲਗਭਗ ਰੋਜ਼ਾਨਾ ਦੇਖਿਆ ਸੀ। ਉਨਾਂ ਨੇ ਉਸ ਦੇ ਕੱਪੜੇ ਪਾੜ ਦਿੱਤੇ ਅਤੇ ਉਨਾਂ ਵਿੱਚੋਂ ਕਈਆਂ ਨੇ ਉਸ ਦੀ ਰਹਿਮ ਦੀ ਅਪੀਲ ਨੂੰ ਨਜ਼ਰਅੰਦਾਜ਼ ਕਰਦੇ ਹੋਏ ਉਸ ਨਾਲ ਬਲਾਤਕਾਰ ਕੀਤਾ। ਉਸ ਦੇ ਚਚੇਰੇ ਭਰਾ, ਜਿਸ ਨੇ ਦੋ ਦਿਨ ਪਹਿਲਾਂ ਬੱਚੇ ਨੂੰ ਜਨਮ ਦਿੱਤਾ ਸੀ ਜਦੋਂ ਉਹ ਭੱਜ ਰਹੇ ਸਨ, ਨਾਲ ਬਲਾਤਕਾਰ ਕੀਤਾ ਗਿਆ ਸੀ ਅਤੇ ਉਸ ਦੀ ਹੱਤਿਆ ਕੀਤੀ ਗਈ ਸੀ ਅਤੇ ਉਸ ਦੇ ਨਵਜੰਮੇ ਬੱਚੇ ਨੂੰ ਮਾਰ ਦਿੱਤਾ ਗਿਆ ਸੀ। ਹੰਝੂਆਂ ਨਾਲ ਲੜਦੇ ਹੋਏ, ਉਸਨੇ ਹਮਲੇ ਦੀ ਭਿਆਨਕਤਾ ਨੂੰ ਦੱਸਿਆ।

ਬਿਲਕਿਸ ਬਾਨੋ 17 ਮੁਸਲਮਾਨਾਂ ਦੇ ਇੱਕ ਸਮੂਹ ਵਿੱਚ ਸੀ ਜਿਸ ਵਿੱਚ ਉਸਦੀ ਧੀ, ਉਸਦੀ ਮਾਂ, ਇੱਕ ਗਰਭਵਤੀ ਚਚੇਰੀ ਭੈਣ, ਉਸਦੇ ਛੋਟੇ ਭੈਣ-ਭਰਾ, ਭਤੀਜੀਆਂ ਅਤੇ ਭਤੀਜੇ ਅਤੇ ਦੋ ਬਾਲਗ ਪੁਰਸ਼ ਸ਼ਾਮਲ ਸਨ। ਅਗਲੇ ਕੁਝ ਦਿਨਾਂ ਵਿੱਚ, ਉਹ ਪਿੰਡ-ਪਿੰਡ ਗਏ, ਮਸਜਿਦਾਂ ਵਿੱਚ ਪਨਾਹ ਲੈਣ ਜਾਂ ਹਿੰਦੂ ਗੁਆਂਢੀਆਂ ਦੀ ਮਿਹਰਬਾਨੀ ਨਾਲ ਗੁਜ਼ਾਰਾ ਕਰਦੇ ਰਹੇ।

ਦੋਸ਼ੀਆਂ ਨੂੰ ਰਿਹਾਅ ਕਰਨ ਦੇ ਫੈਸਲੇ ਦਾ ਲੋਕਾਂ ਵਿਚ ਭਾਰੀ ਰੋਸ ਹੈ। ਵਿਰੋਧੀ ਪਾਰਟੀਆਂ, ਕਾਰਕੁਨਾਂ ਅਤੇ ਕਈ ਪੱਤਰਕਾਰਾਂ ਦੁਆਰਾ ਇਸਦੀ ਆਲੋਚਨਾ ਕੀਤੀ ਗਈ ਹੈ, ਜਿਨਾਂ ਨੇ ਕਿਹਾ ਹੈ ਕਿ ਇਹ ਭਾਰਤ ਦੇ ਘੱਟ ਗਿਣਤੀ ਮੁਸਲਮਾਨਾਂ ਨਾਲ ਵਿਤਕਰਾ ਕਰਦਾ ਹੈ। 2014 ਵਿਚ ਭਾਜਪਾ ਦੀ ਸੰਘੀ ਸਰਕਾਰ ਬਣਨ ਤੋਂ ਬਾਅਦ ਭਾਈਚਾਰੇ 'ਤੇ ਹਮਲੇ ਤੇਜ਼ੀ ਨਾਲ ਵਧੇ ਹਨ। ਕਈਆਂ ਨੇ ਇਹ ਵੀ ਦੱਸਿਆ ਹੈ ਕਿ ਰਿਹਾਈ ਸੰਘੀ ਸਰਕਾਰ ਅਤੇ ਗੁਜਰਾਤ ਰਾਜ ਸਰਕਾਰ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਉਲਟ ਹੈ-ਦੋਵੇਂ ਕਹਿੰਦੇ ਹਨ ਕਿ ਬਲਾਤਕਾਰ ਅਤੇ ਕਤਲ ਦੇ ਦੋਸ਼ੀਆਂ ਨੂੰ ਮੁਆਫੀ ਨਹੀਂ ਦਿੱਤੀ ਜਾ ਸਕਦੀ। ਇਨਾਂ ਅਪਰਾਧਾਂ ਵਿੱਚ ਉਮਰ ਕੈਦ ਦੀ ਸਜ਼ਾ ਆਮ ਤੌਰ 'ਤੇ ਭਾਰਤ ਵਿੱਚ ਮੌਤ ਤੱਕ ਭੁਗਤਾਈ ਜਾਂਦੀ ਹੈ।

ਇਸ ਰਿਹਾਈ ਦੀ ਆਲੋਚਨਾ ਕਰਦੇ ਹੋਏ ਜਾਵੇਦ ਅਖਤਰ ਨੇ ਟਵੀਟ ਕੀਤਾ, 'ਜਿਨਾਂ ਲੋਕਾਂ ਨੇ 5 ਮਹੀਨੇ ਦੀ ਗਰਭਵਤੀ ਔਰਤ ਨਾਲ ਬਲਾਤਕਾਰ ਕਰਨ ਤੋਂ ਬਾਅਦ ਉਸ ਦੀ 3 ਸਾਲ ਦੀ ਬੇਟੀ ਸਮੇਤ ਉਸ ਦੇ ਪਰਿਵਾਰ ਦੇ ੭ ਲੋਕਾਂ ਦੀ ਹੱਤਿਆ ਕਰ ਦਿੱਤੀ, ਉਨਾਂ ਨੂੰ ਜੇਲ ਤੋਂ ਛੁਡਾਇਆ ਗਿਆ ਅਤੇ ਮਠਿਆਈਆਂ ਭੇਟ ਕੀਤੀਆਂ ਗਈਆਂ। ਸੋਚੋ, ਸਾਡੇ ਸਮਾਜ ਵਿੱਚ ਕੁਝ ਗੰਭੀਰਤਾ ਨਾਲ ਗਲਤ ਹੋ ਰਿਹਾ ਹੈ।'

## ਬਿਲਕਿਸ ਬਾਨੋ ਕੇਸ ਹਰ ਔਰਤ ਲਈ ਮਾਇਨੇ ਰੱਖਦਾ ਹੈ : ਬਰਖਾ ਦੱਤ

ਬਰਖਾ ਦੱਤ ਇੱਕ ਭਾਰਤੀ ਟੈਲੀਵਿਜ਼ਨ ਪੱਤਰਕਾਰ ਅਤੇ ਕਾਲਮਨਵੀਸ ਹੈ। ਉਹ ਐਨਡੀਟੀਵੀ ਤੇ ਇੱਕ ਗਰੁੱਪ ਸੰਪਾਦਕ ਹੈ। ਬਿਲਕਿਸ ਬਾਨੋ ਦੇ ਦਰਦ ਨੂੰ ਬਿਆਨ ਕਰਦੇ ਬਰਖਾ ਦੱਤ ਨੇ ਕਿਹਾ ਕਿ, ਕੀ ਤੁਸੀਂ ਕਲਪਨਾ ਵੀ ਕਰ ਸਕਦੇ ਹੋ ਕਿ ਪੰਜ ਮਹੀਨਿਆਂ ਦੀ ਗਰਭਵਤੀ ਹੋਣ ਅਤੇ ਮਰਦਾਂ ਦੀ ਭੀੜ ਤੁਹਾਡੇ 'ਤੇ ਇਕ-ਇਕ ਕਰਕੇ, ਬਲਾਤਕਾਰ ਕਰਦੇ ਹਨ, ਕਿਹੋ ਜਿਹਾ ਮਹਿਸੂਸ ਹੁੰਦਾ ਹੈ ? ਫਿਰ, ਕਲਪਨਾ ਕਰੋ, ਕਿ ਤੁਸੀਂ ਆਪਣੀ ਮਾਂ ਦੇ ਸਮੂਹਿਕ ਬਲਾਤਕਾਰ ਦੇ ਗਵਾਹ ਹੋ। ਤੁਹਾਡੀਆਂ ਦੋ ਭੈਣਾਂ ਦੀ ਵਾਰੀ ਆਉਂਦੀ ਹੈ ਜਿਨਾਂ ਨੂੰ ਦਰਦਨਾਕ ਮੌਤ ਦਿੱਤੀ ਜਾਂਦੀ ਹੈ। ਤੁਸੀਂ ਬੇਵੱਸ ਖ਼ੂਨ ਨਾਲ ਲੱਥਪੱਥ ਆਪਣੇ ਆਪ ਨੂੰ ਫਰਸ਼ 'ਤੇ ਡਿੱਗੇ ਹੋਏ ਪਾਇਆ ਹੈ, ਜਰਾ ਸੋਚੋ, ਤੁਹਾਡੀ ਬਾਂਹ ਤੁਹਾਡੇ ਬਲਾਤਕਾਰੀਆਂ ਦੁਆਰਾ ਤੋੜ ਦਿੱਤੀ ਗਈ ਹੈ, ਤੁਹਾਡੀ ਤਿੰਨ ਸਾਲਾਂ ਦੀ ਧੀ ਤੁਹਾਡੀਆਂ ਅੱਖਾਂ ਦੇ ਸਾਹਮਣੇ ਮਾਰੀ ਗਈ ਹੈ, ਉਸ ਦਾ ਸਿਰ ਪੱਥਰ ਨਾਲ ਭੰਨਿਆ ਗਿਆ ਹੈ। ਇਸ ਤੋਂ ਵੀ ਮਾੜੀ ਗੱਲ, ਕਲਪਨਾ ਕਰੋ ਕਿ ਤੁਸੀਂ ਇਨਾਂ ਆਦਮੀਆਂ ਨੂੰ ਜਾਣਦੇ ਹੋ। ਉਹ ਅਜਨਬੀ ਨਹੀਂ ਹਨ : ਉਹ ਤੁਹਾਡੇ ਗੁਆਂਢੀ ਹਨ। ਉਹ ਤੁਹਾਡੇ ਪਰਿਵਾਰ ਤੋਂ ਦੁੱਧ ਖਰੀਦਦੇ ਹਨ। ਕੀ ਤੁਸੀਂ ਸੋਚਿਆ ਸੀ ਕਿ ਉਹ ਤੁਹਾਡੇ ਨਾਲ ਬੁਰਾ ਸਲੂਕ ਕਰਨਗੇ ?

ਫਿਰ ਕਲਪਨਾ ਕਰੋ ਕਿ ਤੁਸੀਂ ਆਪਣੀ ਜ਼ਿੰਦਗੀ ਦੇ 17 ਸਾਲ ਭਾਰਤ ਦੀਆਂ ਅਦਾਲਤਾਂ ਵਿੱਚ ਨਿਆਂ ਲਈ ਲੜਨ ਲਈ ਸਮਰਪਿਤ ਕਰਦੇ ਹੋ, 20 ਵਾਰ ਇਸ ਲਈ ਅੱਗੇ ਵਧਦੇ ਹੋ ਕਿਉਂਕਿ ਤੁਹਾਡਾ ਕੇਸ ਸ਼ੁਰੂ ਵਿੱਚ ਤੁਹਾਡੇ ਗ੍ਰਹਿ ਰਾਜ ਤੋਂ ਬਾਹਰ ਤਬਦੀਲ ਕੀਤਾ ਗਿਆ ਸੀ। ਸਜਾ ਮਿਲਣ ਤੋਂ ਬਾਅਦ 11 ਆਦਮੀ ਜਿਨਾਂ ਨੇ ਤੁਹਾਡੇ ਨਾਲ ਅਜਿਹਾ ਕੀਤਾ, ਪਰ ਰਾਜ ਦੇ ਇੱਕ ਕਾਰਜਕਾਰੀ ਆਦੇਸ਼ ਦੁਆਰਾ ਜੇਲ ਤੋਂ ਜਲਦੀ ਰਿਹਾਅ ਹੋ ਗਏ। ਸਭ ਤੋਂ ਕਠੋਰ, ਮਨ ਨੂੰ ਜੰਝੋੜ ਕੇ ਰੱਖ ਦੇਣ ਵਾਲੀਆਂ ਕੁਝ ਕਹਾਣੀਆਂ 'ਚ ਤੁਸੀ ਨਿੱਜੀ ਮਹਿਸੂਸ ਕਰਦੇ ਹੋ ਜਿਨਾਂ ਵਿਚ ਬਿਲਕਿਸ ਬਾਨੋ ਮੇਰੇ ਲਈ ਅਜਿਹੀ ਹੀ ਇੱਕ ਹੈ।

20 ਸਾਲ ਪਹਿਲਾਂ, ਜਿਸ ਰਾਤ ਮੈਂ ਉਸ ਨੂੰ ਗੋਧਰਾ ਦੇ ਇੱਕ ਰਾਹਤ ਕੈਂਪ ਵਿੱਚ ਮਿਲੀ, ਇੱਕ ਤਰਪਾਲ ਦੀ ਚਾਦਰ ਦੇ ਹੇਠਾਂ, ਮਿੱਟੀ ਦੇ ਤੇਲ ਦੇ ਦੀਵੇ ਦੇ ਧੁੰਦਲੇ ਝਪਕਦੇ ਹੋਏ, ਦੂਜੀਆਂ ਔਰਤਾਂ ਦੇ ਨਾਲ ਇਕੱਠੀਆਂ ਹੋਈਆਂ ਸੀ। ਪਰ ਇਸ ਹਫਤੇ ਦੀਆਂ ਸੁਰਖੀਆਂ ਤੋਂ ਬਾਅਦ, ਇਹ ਕੱਲ ਵਰਗਾ ਮਹਿਸੂਸ ਹੁੰਦਾ ਹੈ।

ਮੈਨੂੰ ਯਾਦ ਹੈ ਕਿ ਜਦੋਂ ਉਸਨੇ ਦੱਸਿਆ ਕਿ ਉਸ ਰਾਤ ਉਸ ਨਾਲ ਕੀ ਕੀਤਾ ਗਿਆ ਸੀ, ਉਹ ਰੋਈ ਨਹੀਂ ਸੀ। ਉਸਨੇ ਆਪਣੀਆਂ ਅੱਖਾਂ ਵਿੱਚ ਸਦਮੇ ਨੂੰ ਇੱਕ ਖਾਲੀ, ਟੁੱਟੇ ਹੋਏ ਪ੍ਰਗਟਾਵੇ ਨਾਲ ਪਹਿਨਿਆ, ਜਿਵੇਂ ਉਸਦੇ ਅੰਦਰ ਕੋਈ ਚੀਜ਼ ਮਰ ਗਈ ਹੋਵੇ। ਉਸ ਦੇ ਪਤੀ ਯਾਕੂਬ ਨੇ ਮੈਨੂੰ ਦੱਸਿਆ ਕਿ ਕਿਉਂਕਿ ਜਿਨਾਂ ਆਦਮੀਆਂ ਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਉਸ ਦੇ ਬੱਚੇ ਨੂੰ ਮਾਰਿਆ, ਉਨਾਂ ਨੂੰ ਆਜ਼ਾਦ ਕਰ ਦਿੱਤਾ ਗਿਆ-ਜੇਲ ਦੇ ਬਾਹਰ ਮਠਿਆਈਆਂ ਅਤੇ ਹਾਰਾਂ ਨਾਲ ਸਵਾਗਤ ਕੀਤਾ ਗਿਆ-ਬਿਲਕੀਸ ਵੀ ਉਸੇ ਤਰਾਂ ਸੁੰਨ ਹੋ ਗਈ ਜਾਪਦੀ ਹੈ। ਉਹ ਮੁਸ਼ਕਿਲ ਨਾਲ ਬੋਲ ਰਹੀ ਹੈ। ਉਹ ਇਕੱਲਾ ਮਹਿਸੂਸ ਕਰਦੀ ਹੈ।

ਤੁਸੀਂ ਸੋਚੋਗੇ ਕਿ ਬਿਲਕਿਸ ਦੀ ਸੱਟ ਲਈ ਹੋਰ ਅਪਮਾਨ ਜੋੜਨਾ ਸੰਭਵ ਨਹੀਂ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਵਿਧਾਇਕ, ਸੀਕੇ ਰਾਉਲਜੀ, ਗੁਜਰਾਤ ਪੈਨਲ ਦੇ ਇੱਕ ਮੈਂਬਰ, ਜਿਸ ਨੇ ਇਹਨਾਂ ਦੋਸ਼ੀਆਂ ਦੀ ਰਿਹਾਈ ਦੀ ਸਿਫ਼ਾਰਸ਼ ਕੀਤੀ ਸੀ, ਨੇ ਮੋਜੋ ਸਟੋਰੀ, ਜਿਸਦੀ ਮੈਂ ਡਿਜ਼ੀਟਲ ਪਲੇਟਫਾਰਮ ਹਾਂ, ਨੂੰ ਦੱਸਿਆ ਕਿ ਇਹ ਆਦਮੀ 'ਬ੍ਰਾਹਮਣ ਸਨ ਅਤੇ ਬ੍ਰਾਹਮਣਾਂ ਦੇ ਚੰਗੇ ਸੰਸਕਾਰ ਹਨ। (ਸਭਿਆਚਾਰ)। ਜੇਲ ਵਿੱਚ ਉਨਾਂ ਦਾ ਆਚਰਣ ਚੰਗਾ ਸੀ।' ਜਿਵੇਂ ਹੀ ਮੇਰੇ ਸਾਥੀ ਨਾਲ ਇੰਟਰਵਿਊ ਦਾ ਵੀਡੀਓ ਵਾਇਰਲ ਹੋਇਆ, ਪਾਰਟੀ ਦੇ ਹਮਦਰਦ ਅਤੇ ਸਮਰਥਕ ਵੀ ਸ਼ਰਮਿੰਦਾ ਹੋਏ। 'ਸੰਸਕਾਰੀ' ਬਲਾਤਕਾਰੀਆਂ ਬਾਰੇ ਸਾਡੀ ਇੰਟਰਵਿਊ ਇੱਕ ਗੱਲ ਦਾ ਨਿਪਟਾਰਾ ਕਰਦੀ ਹੈ: ਕੈਦੀ ਮੁਆਫ਼ੀ ਸਕੀਮ ਦੇ ਹਿੱਸੇ ਵਜੋਂ, 14 ਸਾਲਾਂ ਬਾਅਦ ਇਨਾਂ ਵਿਅਕਤੀਆਂ ਨੂੰ ਰਿਹਾਅ ਕਰਨ ਦੇ ਫੈਸਲੇ ਵਿੱਚ ਕੁਝ ਵੀ ਸੁਧਾਰਵਾਦੀ ਨਹੀਂ ਹੈ। ਰਾਉਲਜੀ ਨੇ ਉਨਾਂ ਦੇ ਦੋਸ਼ 'ਤੇ ਸਵਾਲ ਕੀਤਾ ਕੀ ਉਨਾਂ ਨੇ ਅਪਰਾਧ ਕੀਤਾ ਹੈ ਜਾਂ ਨਹੀਂ, ਮੈਨੂੰ ਨਹੀਂ ਪਤਾ'।

ਅਜੇ ਬਿਆਨ ਤੋਂ ਬੇਸ਼ਰਮੀ ਤੇ ਬੇਇਨਸਾਫ਼ੀ ਸਾਹਮਣੇ ਆ ਰਹੀ ਹੈ। ਇਸ ਦੀ ਕਨੂੰਨੀਤਾ ਬੇਤੁਕੀ ਹੈ, 2022 ਦੀਆਂ ਗਰਮੀਆਂ ਵਿੱਚ ਐਲਾਨੇ ਗਏ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ ਇਹ ਸਪੱਸ਼ਟ ਕਰਦੇ ਹਨ ਕਿ ਬਲਾਤਕਾਰ ਦੇ ਦੋਸ਼ੀਆਂ ਨੂੰ ਜਲਦੀ ਰਿਹਾਈ 'ਤੇ ਕੈਦੀ ਪ੍ਰੋਗਰਾਮਾਂ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਜੇਕਰ ਗੁਜਰਾਤ ਸਰਕਾਰ ਨੇ 1992 ਦੇ ਪੁਰਾਣੇ ਕਾਨੂੰਨ ਤਹਿਤ ਕਾਰਵਾਈ ਕੀਤੀ ਹੈ, ਤਾਂ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਲਈ ਕੇਂਦਰ ਸਰਕਾਰ ਦੇ ਕਿਸੇ ਵਿਅਕਤੀ ਦੀ ਮਨਜ਼ੂਰੀ ਜ਼ਰੂਰੀ ਹੋਵੇਗੀ। ਹਰੀ ਝੰਡੀ ਕਿਸ ਨੇ ਅਤੇ ਕਿਸ ਪੱਧਰ 'ਤੇ ਦਿੱਤੀ ਇਸ 'ਤੇ ਧੁੰਦਲਾਪਣ ਦਾ ਪਰਦਾ ਹੈ।

ਬਿਲਕਿਸ ਬਾਨੋ ਦੀ ਵਕੀਲ ਸ਼ੋਭਾ ਗੁਪਤਾ ਨੇ ਬਲਾਤਕਾਰ ਪੀੜਤਾ ਦੇ ਨਾਲ-ਨਾਲ ਉਸ ਨੂੰ ਇਨਸਾਫ਼ ਦਿਵਾਉਣ ਲਈ ਕਈ ਸਾਲਾਂ ਤੋਂ ਲੜਾਈ ਲੜੀ ਹੈ। ਉਸਨੇ ਮੈਨੂੰ ਦੱਸਿਆ ਕਿ ਉਹ ਟੁੱਟ ਚੁੱਕੀ ਹੈ ਅਤੇ ਬਿਲਕਿਸ ਦਾ ਸਾਹਮਣਾ ਕਰਨ ਵਿੱਚ ਅਸਮਰੱਥ ਹੈ। ਅਤੇ ਫਿਰ ਵੀ ਜਦੋਂ ਮੈਂ ਉਸ ਨੂੰ ਪੁੱਛਿਆ ਕਿ ਕੀ ਬਿਲਕਿਸ ਗੁਜਰਾਤ ਸਰਕਾਰ ਦੇ ਫੈਸਲੇ ਵਿਰੁੱਧ ਅਦਾਲਤ ਵਿੱਚ ਪਟੀਸ਼ਨ ਪਾਵੇਗੀ, ਤਾਂ ਉਸਦੇ ਸ਼ਬਦਾਂ ਨੇ ਮੈਨੂੰ ਸ਼ਰਮਸਾਰ ਕਰ ਦਿੱਤਾ। 'ਇੱਕ ਇਨਸਾਨ ਵਿੱਚ ਕਿੰਨੀ ਹਿੰਮਤ ਹੋ ਸਕਦੀ ਹੈ ? ਹੁਣ ਕਿਸੇ ਹੋਰ ਨੂੰ ਲੜਨਾ ਚਾਹੀਦਾ ਹੈ। ਸੀਬੀਆਈ (ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ) ਨੂੰ ਫੈਸਲੇ ਦੇ ਖਿਲਾਫ ਅਪੀਲ ਕਰਨੀ ਚਾਹੀਦੀ ਹੈ, ਕੇਂਦਰ ਨੂੰ ਅਪੀਲ ਕਰਨੀ ਚਾਹੀਦੀ ਹੈ। ਪ੍ਰਧਾਨ ਮੰਤਰੀ ਨੂੰ ਅੰਦਰ ਆਉਣਾ ਚਾਹੀਦਾ ਹੈ।' ਅਸੀਂ ਦੂਰ ਦੇਖ ਸਕਦੇ ਹਾਂ ਅਤੇ ਦਿਖਾਵਾ ਕਰ ਸਕਦੇ ਹਾਂ ਕਿ ਇਹ ਸਾਡੀ ਸਮੱਸਿਆ ਨਹੀਂ ਹੈ। ਸ਼ੋਭਾ ਗੁਪਤਾ ਨੇ ਦੱਸਿਆ ਕਿ ਇੱਕ ਹੋਰ ਔਰਤ ਜਿਸਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ, ਨੇ ਉਸਨੂੰ ਫੋਨ ਕੀਤਾ ਜਦੋਂ ਇਹ ਦੋਸ਼ੀ ਰਿਹਾਅ ਹੋ ਗਏ ਅਤੇ ਨਿਰਾਸ਼ ਹੋ ਕੇ ਪੁੱਛਿਆ ਕਿ ਕੀ ਉਸਨੂੰ ਆਪਣਾ ਕੇਸ ਵਾਪਸ ਲੈਣਾ ਚਾਹੀਦਾ ਹੈ। 16 ਦਸੰਬਰ, 2012 ਦੇ ਕੇਸ ਦੌਰਾਨ ਦੇਖਿਆ ਗਿਆ ਗੁੱਸਾ ਕਿੱਥੇ ਹੈ ? ਕੀ ਇਹ ਲੋਕ ਆਪਣੀ ਬਾਕੀ ਦੀ ਜ਼ਿੰਦਗੀ ਜੇਲ ਵਿੱਚ ਬਿਤਾਉਣ ਦੇ ਹੱਕਦਾਰ ਨਹੀਂ ਹਨ ? ਬਿਲਕੀਸ ਨੇ ਪੁੱਛਿਆ, ਕੀ ਕਿਸੇ ਵੀ ਔਰਤ ਦੀ ਇਨਸਾਫ਼ ਲਈ ਲੜਾਈ ਇਸ ਤਰਾਂ ਖਤਮ ਹੋ ਸਕਦੀ ਹੈ ? ਇਸ ਸਵਾਲ ਦਾ ਜਵਾਬ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿੰਨਾ ਰੌਲਾ ਪਾਉਂਦੇ ਹਾਂ। ਆਉ ਨਰਕ ਨੂੰ ਉੱਚਾ ਕਰੀਏ।

# ਪੰਜਾਬ ਉਪਰ ਕਰਜ਼ੇ ਦੀ ਪੰਡ ਭਾਰੀ

**ਡਾ. ਕੇਸਰ ਸਿੰਘ**

**ਪਿਛਲੇ ਸਮੇਂ ਦੌਰਾਨ ਪੰਜਾਬ ਦੀ ਬਹੁਤ ਮਾੜੀ ਅਤੇ ਕਮਜ਼ੋਰ ਵਿੱਤੀ ਹਾਲਤ ਲਈ ਸੂਬੇ ਦਾ ਆਪਣੇ ਟੈਕਸਾਂ ਤੋਂ ਮਾਲੀਆ ਲਗਾਤਾਰ ਘਟਣਾ, ਗੈਰ-ਕਰਾਂ ਤੋਂ ਨਾ-ਮਾਤਰ ਮਾਲੀਆ ਅਤੇ ਉਸ ਦਾ ਵੀ ਲਗਾਤਾਰ ਘਟਣਾ, ਖਰਚਿਆਂ ਵਿਚ ਬੱਝਵੇਂ ਖਰਚਿਆਂ ਦਾ ਬਹੁਤ ਵੱਡਾ ਹਿੱਸਾ ਹੋਣਾ, ਸਬਸਿਡੀਆਂ ਦਾ ਬਹੁਤਾਤ ਵਿਚ ਹੋਣਾ ਅਤੇ ਕੋਵਿਡ-19 ਦੀ ਮਾਰ ਮੁਖ ਕਾਰਨ ਹਨ। 2017-18 ਤੋਂ 2021-22 ਦੇ ਪੰਜ ਸਾਲਾਂ ਦੇ ਔਸਤ ਅੰਕੜਿਆਂ ਮੁਤਾਬਿਕ, ਸੂਬੇ ਦੇ ਕੁੱਲ ਮਾਲੀਏ ਵਿਚ ਆਪਣੇ ਟੈਕਸਾਂ ਦਾ 48 ਫ਼ੀਸਦ, ਗੈਰ-ਕਰਾਂ ਤੋਂ ਮਾਲੀਏ ਦਾ 9 ਫ਼ੀਸਦ ਅਤੇ ਕੇਂਦਰ ਸਰਕਾਰ ਤੋਂ ਪ੍ਰਾਪਤ ਫੰਡਾਂ ਦਾ 43 ਫ਼ੀਸਦ ਹਿੱਸਾ ਸੀ। ਇਸੇ ਸਮੇਂ ਦੌਰਾਨ ਹਰਿਆਣਾ ਦੇ ਕੁੱਲ ਮਾਲੀਏ ਵਿਚ ਆਪਣੇ ਟੈਕਸਾਂ ਤੋਂ 65 ਫ਼ੀਸਦ, ਗੈਰ-ਕਰਾਂ ਤੋਂ 12 ਫ਼ੀਸਦ ਅਤੇ ਕੇਂਦਰ ਤੋਂ ਫੰਡਾਂ ਦਾ 23 ਫ਼ੀਸਦ ਹਿੱਸਾ ਸੀ।**

ਆਮ ਆਦਮੀ ਪਾਰਟੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਿਛਲੀਆਂ ਅਕਾਲੀ-ਬੀਜੇਪੀ ਅਤੇ ਕਾਂਗਰਸ ਦੀਆਂ ਸਰਕਾਰਾਂ ਵੇਲੇ ਹੋਏ ਆਰਥਿਕ ਅਤੇ ਵਿੱਤੀ ਕੁ-ਪ੍ਰਬੰਧ, ਖ਼ਾਸਕਰ ਪੰਜਾਬ ਸਿਰ ਚੜੇ ਕਰਜ਼ੇ ਵਾਲੇ ਮੁੱਦੇ ਨੂੰ ਮੁੱਖ ਤੌਰ 'ਤੇ ਉਭਾਰ ਕੇ ਸੱਤਾ ਵਿਚ ਆਈ। ਅੱਜ ਪੰਜਾਬ ਦੀ ਆਰਥਿਕਤਾ ਦੇ ਬਹੁਤੇ ਆਰਥਿਕ ਸੂਚਕ (ਇੰਡੀਕੇਟਰ) ਮੁਲਕ ਅਤੇ ਦੂਜੇ ਸੂਬਿਆਂ ਦੇ ਮੁਕਾਬਲੇ ਬਹੁਤ ਮਾੜੇ ਹਨ। ਦੁਨੀਆ ਵਿਚ ਕੋਈ ਵੀ ਮੁਲਕ ਜਾਂ ਸੂਬੇ ਬਿਨਾ ਕਰਜ਼ਾ ਲਏ ਤਰੱਕੀ ਨਹੀਂ ਕਰ ਸਕਦੇ ਪਰ ਲਿਆ ਕਰਜ਼ਾ ਉਪਜਾਊ ਧੰਦਿਆਂ ਵਿਚ ਲਗਾ ਕੇ ਰੁਜ਼ਗਾਰ ਅਤੇ ਆਪਣੀ ਆਮਦਨ ਵਿਚ ਵਾਧਾ ਕਰਕੇ ਕਰਜ਼ਾ ਸਮੇਤ ਵਿਆਜ਼, ਸਮੇਂ ਸਿਰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਜੇ ਕਰਜ਼ਾ ਲੈ ਕੇ ਸਰਕਾਰਾਂ ਗੈਰ-ਉਪਜਾਊ ਧੰਦਿਆਂ ਵਿਚ ਖ਼ਰਚ ਕਰਦੀਆਂ ਹਨ ਤਾਂ ਫਿਰ ਕਰਜ਼ੇ ਦੀ ਕਿਸ਼ਤ ਅਤੇ ਵਿਆਜ਼ ਸਾਲ-ਦਰ-ਸਾਲ ਜਮਾਂ ਹੁੰਦੇ ਰਹਿੰਦੇ ਹਨ ਅਤੇ ਮੁਲਕ ਜਾਂ ਸੂਬੇ ਸਿਰ ਥੋੜੇ ਸਾਲਾਂ ਦੌਰਾਨ ਹੀ ਢ ਹੋ ਜਾਂਦੀ ਹੈ। ਪੰਜਾਬ ਨਾਲ ਅਜਿਹਾ ਹੀ ਹੋਇਆ ਹੈ।

ਜਦੋਂ ਮੌਜੂਦਾ 'ਆਪ' ਸਰਕਾਰ ਨੇ ਕਮਾਨ ਸੰਭਾਲੀ, ਉਦੋਂ ਪੰਜਾਬ ਸਿਰ ਜਨਤਕ ਕਰਜ਼ਾ ਤਿੰਨ ਲੱਖ ਕਰੋੜ ਰੁਪਏ ਤੋਂ ਜ਼ਿਆਦਾ ਸੀ। ਭਾਰਤੀ ਰਿਜ਼ਰਵ ਬੈਂਕ ਦੇ ਜਾਰੀ ਇਕ ਖੋਜ ਪੱਤਰ ਅਨੁਸਾਰ ਪੰਜਾਬ ਮੁਲਕ ਦਾ ਸਭ ਤੋਂ ਵੱਧ ਕਰਜ਼ਈ ਸੂਬਾ ਹੈ। ਕਿਸੇ ਵੀ ਸ਼ਖ਼ਸ ਜਾਂ ਸਰਕਾਰ ਸਿਰ ਚੜੇ ਕਰਜ਼ੇ ਦਾ ਭਾਰ ਮਿਣਨ ਦਾ ਸਹੀ ਤਰੀਕਾ ਕਰਜ਼ੇ ਅਤੇ ਕੁਲ ਆਮਦਨ ਦੀ ਅਨੁਪਾਤ ਦੇਖਣਾ ਹੁੰਦਾ ਹੈ। 2001 ਤੋਂ ਪਹਿਲਾਂ ਕਰਜ਼ੇ ਅਤੇ ਕੁਲ ਘਰੇਲੂ ਉਤਪਾਦ ਦਾ ਅਨੁਪਾਤ 40 ਫ਼ੀਸਦ ਤੋਂ ਘੱਟ ਹੁੰਦਾ ਸੀ ਜਿਹੜੀ ਹੁਣ 50 ਫ਼ੀਸਦ ਤੋਂ ਉਪਰ ਪਹੁੰਚ ਗਿਆ ਹੈ; ਭਾਵ, 2001 ਵਿਚ ਪੰਜਾਬ ਸਰਕਾਰ ਸਿਰ 30 760 ਕਰੋੜ ਰੁਪਏ ਦਾ ਕਰਜ਼ਾ ਸੀ ਜਿਹੜਾ ਵਧਦਾ ਵਧਦਾ 2007 ਵਿਚ 40000 ਕਰੋੜ ਰੁਪਏ, 2010 ਵਿਚ 53252 ਕਰੋੜ ਰੁਪਏ, 2015 ਵਿਚ 86818 ਕਰੋੜ ਰੁਪਏ, 2017 ਵਿਚ 153773 ਕਰੋੜ ਰੁਪਏ ਅਤੇ ਅੱਜ 282000 ਕਰੋੜ ਰੁਪਏ ਦੇ ਨੇੜੇ ਤੇੜੇ ਹੈ। ਜੇ ਪੰਜਾਬ ਦੀਆਂ ਸਰਕਾਰਾਂ ਇਵੇਂ ਹੀ ਚਲਦੀਆਂ ਰਹੀਆਂ ਤਾਂ ਅੰਦਾਜ਼ੇ ਮੁਤਾਬਿਕ ਇਹ ਕਰਜ਼ਾ 2025 ਵਿਚ 373988 ਕਰੋੜ ਰੁਪਏ ਹੋ ਜਾਵੇਗਾ। ਵਿੱਤੀ ਸਾਲ 2021-22 ਵਿਚ ਪੰਜਾਬ ਨੇ ਸਾਰੇ ਸੂਬਿਆਂ ਤੋਂ ਵੱਧ ਆਪਣੀ ਆਮਦਨ ਦਾ 21.3 ਫ਼ੀਸਦ ਕਰਜ਼ੇ ਦਾ ਵਿਆਜ ਹੀ ਮੋੜਿਆ ਹੈ ਅਤੇ ਸੂਬੇ ਦਾ ਕੁਲ ਵਿੱਤੀ ਘਾਟਾ ਵੀ ਕੁਲ ਘਰੇਲੂ ਉਤਪਾਦ ਦਾ 4.6 ਫ਼ੀਸਦ ਰਿਹਾ ਜਿਹੜਾ ਵਿੱਤੀ ਜ਼ਿੰਮੇਵਾਰੀ ਕਾਨੂੰਨ ਮੁਤਾਬਕ 3.5 ਫ਼ੀਸਦ ਤੋਂ ਘੱਟ ਹੋਣਾ ਚਾਹੀਦਾ ਹੈ।

ਪੰਜਾਬ ਦੇ ਬਹੁਤੇ ਲੋਕ ਉਮੀਦ ਲਗਾਈ ਬੈਠੇ ਹਨ ਕਿ ਮੌਜੂਦਾ ਸਰਕਾਰ ਕਰਜ਼ਾ ਨਹੀਂ ਲਵੇਗੀ ਅਤੇ ਸਾਰਾ ਕਰਜ਼ਾ ਕੁਝ ਸਾਲਾਂ ਵਿਚ ਲਹਿ ਜਾਵੇਗਾ ਪਰ ਫਿਲਹਾਲ ਪੰਜਾਬ ਸਰਕਾਰ ਨੂੰ ਕਰਜ਼ਾ ਵੀ ਲੈਣਾ ਪਵੇਗਾ ਅਤੇ ਸਾਰਾ ਕਰਜ਼ਾ ਵਾਪਸ ਕਰਨ ਲਈ ਵੀ ਲੰਮਾ ਸਮਾਂ ਲੱਗੇਗਾ। ਕਿਸੇ ਵੀ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੁੰਦੀ ਕਿ ਕਰਜ਼ਾ ਰਾਤੋ-ਰਾਤ ਵਾਪਸ ਕਰ ਦਿੱਤਾ ਜਾਵੇ। ਸਰਕਾਰ ਨੇ ਪਹਿਲੇ ਤਿੰਨ ਮਹੀਨਿਆਂ ਵਿਚ ਲਗਭਗ 8100 ਕਰੋੜ ਰੁਪਏ ਕਰਜ਼ਾ ਲਿਆ : ਸਰਕਾਰੀ ਦਾਅਵਿਆਂ ਮੁਤਾਬਿਕ ਲਗਭਗ 10366 ਕਰੋੜ ਰੁਪਏ ਦਾ ਕਰਜ਼ਾ ਵਾਪਸ ਵੀ ਕੀਤਾ। ਪਲੇਠੇ ਬਜਟ ਵਿਚ ਸਰਕਾਰ ਨੇ 30000-35000 ਕਰੋੜ ਰੁਪਏ ਕਰਜ਼ਾ ਲੈਣ ਦੀ ਤਜਵੀਜ਼ ਰੱਖੀ ਹੈ। ਰਿਜ਼ਰਵ ਬੈਂਕ ਦੇ ਨਿਯਮਾਂ ਅਨੁਸਾਰ ਪੰਜਾਬ ਸਰਕਾਰ 55000 ਕਰੋੜ ਰੁਪਏ ਦਾ ਕਰਜ਼ਾ ਲੈ ਸਕਦੀ ਹੈ। ਘੱਟ ਕਰਜ਼ਾ ਲੈਣਾ ਵੀ ਚੰਗੀ ਗੱਲ ਹੈ। ਸਰਕਾਰੀ ਸੂਤਰ ਦਾਅਵਾ ਕਰ ਰਹੇ



ਹਨ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਤਕਰੀਬਨ 36000 ਕਰੋੜ ਰੁਪਏ ਦਾ ਕਰਜ਼ਾ ਵਾਪਸ ਵੀ ਕੀਤਾ ਜਾਵੇਗਾ। ਜੇ ਸਰਕਾਰ ਦੇ ਪਹਿਲੇ ਸਾਲ ਦੌਰਾਨ ਪਿਛਲੇ ਖੜੇ ਕਰਜ਼ੇ, ਭਾਵ ਪਿਛਲੀਆਂ ਸਰਕਾਰਾਂ ਵਾਲੇ ਕਰਜ਼ੇ ਦਾ ਤਕਰੀਬਨ 3500 ਕਰੋੜ ਦਾ ਕਰਜ਼ਾ ਵਾਪਸ ਹੋਵੇਗਾ ਅਤੇ ਸਾਲ ਦੇ ਅੰਤ ਵਿਚ ਲਗਭਗ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਸਰਕਾਰ ਸਿਰ ਖੜਾ ਰਹੇਗਾ। ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਅਗਲੇ ਚਾਰ ਸਾਲਾਂ ਵਿਚ ਜੇ ਪ੍ਰਤੀ ਸਾਲ 5000 ਕਰੋੜ ਰੁਪਏ ਪਿਛਲਾ ਕਰਜ਼ਾ ਵਾਪਸ ਹੋਵੇਗਾ ਤਾਂ ਮੌਜੂਦਾ ਸਰਕਾਰ ਕੇਵਲ 20000-25000 ਕਰੋੜ ਰੁਪਏ ਦਾ ਕਰਜ਼ਾ ਹੀ ਵਾਪਸ ਕਰ ਸਕੇਗੀ ਅਤੇ ਪੰਜਾਬ ਦਾ ਕਰਜ਼ਾ ਘੱਟ ਕੇ ਲਗਭਗ 280000 ਕਰੋੜ ਰੁਪਏ ਰਹਿ ਜਾਵੇਗਾ। ਜੇ ਕਰਜ਼ਾ ਵਾਪਸ ਕਰਨ ਦੀ ਇਹੀ ਰਫ਼ਤਾਰ ਰਹੀ ਤਾਂ 20-25 ਸਾਲਾਂ ਵਿਚ ਪੰਜਾਬ ਕਰਜ਼ਾ ਮੁਕਤ ਹੋਵੇਗਾ। ਦੱਸਣਾ ਵਾਜਿਬ ਹੋਵੇਗਾ ਕਿ ਪੰਜਾਬ ਸਿਰ ਚੜ੍ਹਿਆ ਕਰਜ਼ਾ ਵੀ ਇਕ ਦੋ ਸਾਲ ਵਿਚ ਨਹੀਂ ਚੜ੍ਹਿਆ, 20-25 ਲੱਗੇ ਹਨ।

ਜੇ ਪੰਜਾਬ ਵਿਚ 2017-18 ਤੋਂ 2021-22 ਦੇ ਪੰਜ ਸਾਲਾਂ ਦੇ ਔਸਤ ਅੰਕੜਿਆਂ ਦੀ ਗੱਲ ਕਰੀਏ ਅਤੇ ਸੂਬੇ ਦੀ ਆਰਥਿਕਤਾ ਦੇ ਕੁਝ ਹੋਰ ਪਹਿਲੂਆਂ, ਭਾਵ ਪੈਮਾਨਿਆਂ ਅਤੇ ਸੂਚਕਾਂ ਵੱਲ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹ ਮੁਲਕ ਵਿਚ ਬਾਕੀ ਸੂਬਿਆਂ ਨਾਲੋਂ ਕਿਤੇ ਮਾੜੇ ਦਿਸਦੇ ਹਨ : ਜਿਵੇਂ ਪੰਜਾਬ ਆਪਣੇ ਕੁੱਲ ਖ਼ਰਚ ਦਾ 90 ਫ਼ੀਸਦ ਹਿੱਸਾ ਮਾਲੀਆ ਖਰਚ (revenue expenditure) ਦਾ ਹੈ, ਸੂਬਾ ਇਸ ਮਾਮਲੇ ਵਿਚ ਦੇਸ਼ ਵਿਚ ਦੂਜੇ ਸਥਾਨ 'ਤੇ ਹੈ, ਕੇਰਲਾ 91 ਫ਼ੀਸਦ ਨਾਲ ਪਹਿਲੇ ਸਥਾਨ 'ਤੇ ਹੈ। ਇਸੇ ਤਰਾਂ ਮਾਲੀਆ ਖ਼ਰਚ ਅਤੇ ਪੂੰਜੀ ਖ਼ਰਚ (capital expenditure) ਦੀ ਅਨੁਪਾਤ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਦੇਸ਼ ਵਿਚ ਇਹ ਅਨੁਪਾਤ 5-6 ਫ਼ੀਸਦ ਆਰਥਿਕਤਾ ਲਈ ਅੱਛੀ ਮੰਨੀ ਜਾਂਦੀ ਹੈ : ਭਾਵ, ਜੇ ਸੂਬੇ ਦਾ ਮਾਲੀਆ ਖਰਚ ਸੂਬੇ ਦੇ ਪੂੰਜੀ ਖ਼ਰਚ ਦਾ 5-6 ਫ਼ੀਸਦ ਹੋਵੇ ਪਰ ਪੰਜਾਬ ਦੇ ਮਾਮਲੇ ਵਿਚ ਇਹ ਅਨੁਪਾਤ 16.6 ਫ਼ੀਸਦ ਹੈ ਜਿਹੜੀ ਦੇਸ਼ ਵਿਚੋਂ ਸਭ ਤੋਂ ਵੱਧ ਹੈ। 12.1 ਫ਼ੀਸਦ ਨਾਲ ਕੇਰਲ ਦੂਜੇ ਅਤੇ 9.7 ਫ਼ੀਸਦ ਨਾਲ ਪੱਛਮੀ ਬੰਗਾਲ ਤੀਜੇ ਸਥਾਨ 'ਤੇ ਹੈ। ਪੰਜਾਬ ਦੀ ਇਹ ਅਨੁਪਾਤ ਉੱਚੀ ਹੋਣ ਦੇ ਕਈ ਕਾਰਨ ਹਨ ਪਰ ਦੋ ਮੁੱਖ ਕਾਰਨ ਹਨ। ਪਹਿਲਾ, ਸੂਬੇ ਵਿਚ ਜਦੋਂ ਤੋਂ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਈਆਂ ਹਨ, ਪੂੰਜੀ ਨਿਵੇਸ਼ ਘਟਦਾ ਗਿਆ ਹੈ। ਹੁਣ ਪੂੰਜੀ ਨਿਵੇਸ਼ ਦਾ ਇਕ ਤਰਾਂ ਨਾਲ ਅਕਾਲ ਪਿਆ ਹੋਇਆ ਹੈ: ਦੂਜਾ, ਸੂਬੇ ਵਿਚ ਮਾਲੀਆ ਖਰਚ ਦੂਜਿਆਂ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਹੈ। ਇਵੇਂ ਹੀ ਸੂਬੇ ਦੇ ਮਾਲੀਆ ਖਰਚ ਵਿਚ ਬੱਝਵੇਂ ਖਰਚਿਆਂ ਦਾ 47.1 ਫ਼ੀਸਦ ਹਿੱਸਾ ਹੈ ਜਿਹੜਾ ਦੇਸ਼ ਵਿਚ ਸਭ ਤੋਂ ਵੱਧ ਹੈ : ਕੇਰਲ 38.8 ਫ਼ੀਸਦ ਨਾਲ ਦੂਜੇ ਅਤੇ ਪੱਛਮੀ ਬੰਗਾਲ 35.5 ਫ਼ੀਸਦ ਨਾਲ ਤੀਜੇ ਸਥਾਨ 'ਤੇ ਹੈ। ਪੂੰਜੀ ਖ਼ਰਚ ਵਿਚ ਸੂਬਾ ਫਾਡੀ ਹੈ : ਸੂਬੇ ਵਿਚ ਪੂੰਜੀ ਖ਼ਰਚ ਕੁਲ ਖ਼ਰਚ ਦਾ 50 ਫ਼ੀਸਦ ਹੈ ਜੋ ਦੇਸ਼ ਵਿਚ ਸਭ ਤੋਂ ਘੱਟ ਹੈ।

ਪਿਛਲੇ ਸਮੇਂ ਦੌਰਾਨ ਪੰਜਾਬ ਦੀ ਬਹੁਤ ਮਾੜੀ ਅਤੇ ਕਮਜ਼ੋਰ ਵਿੱਤੀ ਹਾਲਤ ਲਈ ਸੂਬੇ ਦਾ ਆਪਣੇ ਟੈਕਸਾਂ ਤੋਂ ਮਾਲੀਆ ਲਗਾਤਾਰ ਘਟਣਾ, ਗੈਰ-ਕਰਾਂ ਤੋਂ ਨਾ-ਮਾਤਰ ਮਾਲੀਆ ਅਤੇ ਉਸ ਦਾ ਵੀ ਲਗਾਤਾਰ ਘਟਣਾ, ਖਰਚਿਆਂ ਵਿਚ ਬੱਝਵੇਂ ਖਰਚਿਆਂ ਦਾ ਬਹੁਤ ਵੱਡਾ ਹਿੱਸਾ ਹੋਣਾ, ਸਬਸਿਡੀਆਂ ਦਾ ਬਹੁਤਾਤ ਵਿਚ ਹੋਣਾ ਅਤੇ ਕੋਵਿਡ-19 ਦੀ ਮਾਰ ਮੁੱਖ ਕਾਰਨ ਹਨ। 2017-18 ਤੋਂ 2021-22 ਦੇ ਪੰਜ ਸਾਲਾਂ ਦੇ ਔਸਤ ਅੰਕੜਿਆਂ ਮੁਤਾਬਿਕ, ਸੂਬੇ ਦੇ ਕੁੱਲ ਮਾਲੀਏ ਵਿਚ ਆਪਣੇ ਟੈਕਸਾਂ ਦਾ 48 ਫ਼ੀਸਦ, ਗੈਰ-ਕਰਾਂ ਤੋਂ ਮਾਲੀਏ ਦਾ 9 ਫ਼ੀਸਦ ਅਤੇ ਕੇਂਦਰ ਸਰਕਾਰ ਤੋਂ ਪ੍ਰਾਪਤ ਫੰਡਾਂ ਦਾ 43 ਫ਼ੀਸਦ ਹਿੱਸਾ ਸੀ। ਇਸੇ ਸਮੇਂ ਦੌਰਾਨ ਹਰਿਆਣਾ ਦੇ ਕੁੱਲ ਮਾਲੀਏ ਵਿਚ ਆਪਣੇ ਟੈਕਸਾਂ ਤੋਂ 65 ਫ਼ੀਸਦ, ਗੈਰ-ਕਰਾਂ ਤੋਂ 12 ਫ਼ੀਸਦ ਅਤੇ ਕੇਂਦਰ ਤੋਂ ਫੰਡਾਂ ਦਾ 23 ਫ਼ੀਸਦ ਹਿੱਸਾ ਸੀ। ਹੁਣ ਜੇ 'ਆਪ' ਸਰਕਾਰ ਪੰਜਾਬ ਨੂੰ ਲੀਹ 'ਤੇ ਲਿਆ ਕੇ ਖ਼ੁਸ਼ਹਾਲ ਬਣਾਉਣਾ ਚਾਹੁੰਦੀ ਹੈ ਤਾਂ ਚਾਹੀਦਾ ਹੈ ਕਿ ਟੈਕਸਾਂ ਦੀ ਚੋਰੀ ਰੋਕ ਕੇ ਅਤੇ ਹੋਰ ਸਾਧਨ ਲਗਾ ਕੇ ਆਪਣੇ ਟੈਕਸਾਂ ਤੋਂ ਮਾਲੀਆ ਵਧਾਵੇ। ਨਾਲ ਹੀ ਗੈਰ-ਕਰਾਂ ਤੋਂ ਮਾਲੀਆ ਵੀ ਵਧਾਉਣਾ ਚਾਹੀਦਾ ਹੈ। ਸੂਬੇ ਵਿਚ ਪੂੰਜੀ ਖ਼ਰਚ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਪੂੰਜੀ ਨਿਵੇਸ਼ ਵਧ ਸਕੇ। ਇਸ ਨਾਲ ਸੂਬੇ ਵਿਚ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਆਮਦਨ ਵੀ ਵਧੇਗੀ। ਸੂਬੇ ਵਿਚ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਦੇ ਨਾਲ ਨਾਲ ਲੋੜਵੰਦਾਂ ਤੱਕ ਪੁੱਜਦਾ ਵੀ ਕਰਨਾ ਚਾਹੀਦਾ ਹੈ। ਭਵਿੱਖ ਵਿਚ ਲਏ ਜਾਣ ਵਾਲੇ ਕਰਜ਼ੇ ਉਪਜਾਊ ਧੰਦਿਆਂ ਵਿਚ ਲਗਾ ਕੇ ਸੂਬੇ ਦੀ ਆਮਦਨ ਅਤੇ ਰੁਜ਼ਗਾਰ ਵਧਾਉਣਾ ਚਾਹੀਦਾ ਹੈ; ਨਾਲ ਹੀ ਲਿਆ ਕਰਜ਼ਾ ਵਿਆਜ ਸਮੇਤ ਸਮੇਂ ਸਿਰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰਾਂ ਪਿਛਲਾ ਖੜਾ ਕਰਜ਼ਾ ਵੀ ਹੌਲੀ ਹੌਲੀ ਵਾਪਸ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਸੂਬੇ ਵੱਲੋਂ ਖੁਰਾਕ ਸੁਰੱਖਿਆ ਮੁਹੱਈਆ ਕਰਵਾਉਣ ਵਿਚ ਪਾਏ ਯੋਗਦਾਨ ਦੇ ਇਵਜ ਵਿਚ, ਸੂਬਾ ਸਰਹੱਦੀ ਖੇਤਰ ਹੋਣ ਕਾਰਨ ਝੱਲੀਆਂ ਜਾ ਰਹੀਆਂ ਮੁਸ਼ਕਿਲਾਂ ਖ਼ਾਸਕਰ ਨਿਵੇਸ਼ ਦੀ ਘਾਟ ਅਤੇ ਜੀਐੱਸਟੀ ਤੋਂ ਮਾਲੀਏ ਦੀ ਘਾਟ ਪੂਰੀ ਕਰਨ ਲਈ ਪੂੰਜੀ ਨਿਵੇਸ਼ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਤੇ ਵੱਡੇ ਆਰਥਿਕ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ।

# ਈਡੀ, ਸੀਬੀਆਈ, ਬੀਜੇਪੀ ਤੇ ਕੇਜਰੀਵਾਲ...

**ਅਸ਼ੋਕ ਸੋਨੀ, ਕਾਲਮਨਵੀਸ**
ਮੋ. ੯੮੭੨੨੭੦੫੦੨੮

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੇਸ਼ ਦੀ ਰਾਜਨੀਤੀ 'ਚ ਬੀਜੇਪੀ ਨੇ, ਕਾਂਗਰਸ ਮੁਕਤ ਭਾਰਤ ਦਾ ਆਪਣਾ ਟੀਚਾ ਲਗਭਗ ਮੁਕੰਮਲ ਕਰ ਹੀ ਲਿਆ ਏ। ਹਾਲਾਂਕਿ ਇਸ ਵਿੱਚ ਬੀਜੇਪੀ ਦੀ ਹੁਸ਼ਿਆਰੀ ਤੋਂ ਵੱਧ, ਕਾਂਗਰਸ ਦੀ ਅਯੋਗ ਲੀਡਰਸ਼ਿਪ ਦੀਆਂ ਬੇਵਕੂਫੀਆਂ ਦਾ ਵੱਧ ਯੋਗਦਾਨ ਹੈ, ਇਸ ਸਮੇਂ ਹਾਲਾਤ ਇਹ ਨੇ ਕਿ ਪੂਰੇ ਦੇਸ਼ 'ਚ ਬੀਜੇਪੀ ਦੇ ਮੁਕਾਬਲੇ ਹੋਰ ਕੋਈ ਵੀ ਪਾਰਟੀ ਨੇੜੇ-ਤੇੜੇ ਵੀ ਖੜੀ ਨਹੀਂ ਜਾਪ ਰਹੀ। ਕਾਂਗਰਸ ਦੇ ਘੁਟਾਲੇ ਤੇ ਭ੍ਰਿਸ਼ਟ ਲੀਡਰ, 'ਗੁਜਰਾਤ ਮਾਡਲ' ਤੇ ਮੋਦੀ ਦੇ 'ਕੱਟੜ ਹਿੰਦੂ' ਚੇਹਰੇ ਦੇ ਕੰਧਾੜੇ ਚੜ ਕੇ, ਬੀਜੇਪੀ ਨੇ ਜਿਸਤਰਾਂ ਨਾਲ ਆਪਣੇ-ਆਪ ਨੂੰ, ਪੂਰੇ ਦੇਸ਼ 'ਚ ਸਥਾਪਿਤ ਕੀਤਾ ਹੈ, ਉਹ ਕਿਸੇ ਕਰਿਸ਼ਮੇ ਤੋਂ ਘੱਟ ਨਹੀਂ ਹੈ। ਹੁਣ ਤਾਂ ਬੀਜੇਪੀ ਨੂੰ ਆਪਣਾ ਕੋਈ ਵੀ ਏਜੰਡਾ ਲੁਕਵਾਂ ਰੱਖਣ ਦੀ ਵੀ ਲੋੜ ਨਹੀਂ ਹੈ।

ਕਾਂਗਰਸ ਰਾਜ ਵਿਚ, ਖਾਸਕਰ ਇੰਦਰਾ ਗਾਂਧੀ ਨੇ ਸੈਂਟਰ ਦੀਆਂ ਇਨਾਂ ਏਜੰਸੀਆਂ ਦੀ ਆਪਣੀ ਰਾਜਨੀਤਕ ਬਦਲਾਖੋਰੀ ਲਈ ਵਰਤੋਂ ਕਰਨ ਦੀ ਜੋ ਲੁਕਵੀਂ ਸ਼ੁਰੂਆਤ ਕੀਤੀ ਸੀ, ਹੁਣ ਬੀਜੇਪੀ ਉਸ ਨੂੰ ਸ਼ਰੇਆਮ, ਮੀਡੀਆ ਨੂੰ ਬੁਰਕੀ ਪਾ ਕੇ, ਵਿਰੋਧੀਆਂ ਨੂੰ ਠਿਕਾਣੇ ਲਗਾਉਣ ਲਈ ਵਰਤ ਰਹੀ ਹੈ। ਕਾਂਗਰਸ ਨੂੰ ਹਰੇਕ ਅਹਿਮ ਥਾਂ ਤੇ ਆਪਣੀ ਵਿਚਾਰਧਾਰਾ ਤੇ ਆਪਣਾ ਏਜੰਡਾ ਲਾਗੂ ਕਰਨ ਵਾਲੇ ਅਫਸਰਸ਼ਾਹੀ ਤੇ ਨੌਕਰਸ਼ਾਹੀ ਫਿੱਟ ਕਰਨ ਵਿੱਚ, ਆਮ ਲੋਕਾਂ 'ਚ ਕਾਂਗਰਸ ਦੀ ਅਖੌਤੀ ਸੈਕੂਲਰ, ਅਖੌਤੀ ਧਰਮਨਿਰਪੱਖ ਤੇ ਸ਼ਰੇਆਮ ਮੁਸਲਿਮ ਤੁਸ਼ਟੀਕਰਣ ਦੀ ਰਾਜਨੀਤੀ ਨੂੰ ਮਕਬੂਲੀਅਤ ਦੇਣ ਲਈ ਥੋਕ ਵਿਚ ਐਨ ਜੀ ਓ ਸੰਗਠਨ ਆਦਿ ਸਥਾਪਿਤ ਕਰਨ ਵਿਚ ਲਗਭਗ 50 ਸਾਲ ਲੱਗੇ ਸਨ ਪਰ ਬੀਜੇਪੀ ਨੇ ਕਾਂਗਰਸ ਦੀਆਂ ਇਹ ਸਾਰੀਆਂ ਜੜਾਂ ਪੁੱਟ ਕੇ, ਹਰੇਕ ਥਾਂ ਤੇ ਆਪਣੇ ਬੰਦੇ ਫਿੱਟ ਕਰਨ ਦਾ ਕੰਮ ਸਿਰਫ 5-6 ਕੁ ਸਾਲਾਂ 'ਚ ਹੀ ਨੇਪਰੇ ਚਾੜ ਲਿਆ ਹੈ ਤੇ ਇਸ ਸਮੇਂ ਬੀਜੇਪੀ ਭਾਰਤ ਦੀ ਹੀ ਨਹੀਂ, ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਬਣ ਗਈ ਹੈ।

ਪਰ ਫੇਰ ਵੀ ਇਸਨੂੰ 'ਕੇਜਰੀਵਾਲ' ਦੀ ਉਸ ਪਾਰਟੀ ਤੋਂ ਘਬਰਾਹਟ ਹੋ ਰਹੀ ਹੈ ਜਿਸਨੂੰ ਅਜੇ ਰਾਸ਼ਟਰੀ ਪਾਰਟੀ ਦਾ ਦਰਜਾ ਤੱਕ ਵੀ ਨਹੀਂ ਮਿਲਿਆ ਹੈ। ਦਿੱਲੀ ਵਿਚ ਮਨੀਸ਼ ਸਿਸੋਦਿਆ ਤੇ ਸ਼ਰਾਬ ਪਾਲਸੀ ਦੇ ਬਹਾਨੇ ਸੀਬੀਆਈ ਦਾ ਛਾਪਾ, ਬੀਜੇਪੀ ਵੱਲੋਂ ਆਪ ਦੀ 'ਭਰੂਣ ਹੱਤਿਆ' ਕਰਨ ਦੀ ਕੋਸ਼ਿਸ਼ ਏ। ਲਗਭਗ 66% ਲੋਕਾਂ ਨੇ ਬੀਜੇਪੀ ਨੂੰ ਵੋਟ ਨਹੀਂ ਪਾਈ ਸੀ, ਹੁਣ ਬੀਜੇਪੀ ਨੂੰ ਡਰ ਇਹ ਹੈ ਕਿ ਕਿਤੇ ਪੂਰੇ ਦੇਸ਼ ਵਿਚ ਕਾਂਗਰਸ ਦੇ ਵੋਟਰ, ਕੇਜਰੀਵਾਲ ਨੂੰ ਕਾਂਗਰਸ ਦਾ ਬਦਲ ਮਨ, ਇਕਦਮ ਮਗਰ ਨਾ ਲੱਗ ਜਾਣ। ਬੀਜੇਪੀ ਦੀ ਇਹ ਫਿਕਰਮੰਦੀ ਜਾਇਜ ਵੀ ਹੈ ਕਿਉਂਕਿ 'ਕੇਜਰੀਵਾਲ' ਤੇ ਉਸਦੀ ਟੀਮ, ਜਿਸ ਚਲਾਕੀ ਤੇ ਡਰਾਮੇਬਾਜ਼ੀ ਰਾਹੀਂ, ਸਨਸਨੀ ਫੈਲਾਕੇ, ਆਪਣਾ ਸੌਦਾ ਵੇਚਦੀ ਏ, ਬੀਜੇਪੀ ਨੂੰ ਵੀ ਮਾਤ ਦੇ ਦਿੰਦੀ ਹੈ। ਦਰਅਸਲ ਚਲਾਕੀ ਦੇ ਸਰਤਾਜ ਅਰਵਿੰਦ ਕੇਜਰੀਵਾਲ ਨੇ, ਆਪਣੀ ਪਾਰਟੀ ਵਿਚ ਆਪਣੇ ਬਰਾਬਰ ਦੇ ਜਾਂ ਕੱਲ ਨੂੰ ਬਰਾਬਰ ਆਉਣ ਵਾਲੇ, ਸਾਰੇ ਲੀਡਰਾਂ ਨੂੰ ਠਿਕਾਣੇ ਲਾ ਕੇ, ਆਪਣੀ ਬੇਹੱਦ ਚੁਸਤ-ਚਲਾਕ ਤੇ ਵਫ਼ਾਦਾਰ ਜੁੰਡਲੀ ਇਸ ਤਰਾਂ ਫਿੱਟ ਕੀਤੀ ਹੈ ਕਿ ਹੁਣ 'ਕੇਜਰੀਵਾਲ ਇਜ਼ ਆਪ' ਐਂਡ 'ਆਪ ਇਜ਼ ਕੇਜਰੀਵਾਲ' ਹੈ।

ਬੀਜੇਪੀ ਨੂੰ ਹੀ ਨਹੀਂ, ਕੇਜਰੀਵਾਲ ਤੇ ਉਸਦੀ ਟੀਮ ਨੂੰ ਵੀ ਪਤਾ ਹੈ ਕਿ ਭਾਰਤ ਦੇ ਭਾਵੁਕ ਲੋਕ ਪ੍ਰਭਾਵਸ਼ਾਲੀ ਚੇਹਰਿਆਂ ਦੀ, ਕਿਸੇ ਖਾਸ ਥਾਂ ਤੇ ਕੀਤੇ ਵਿਕਾਸ ਮਾਡਲ ਦੇ ਪ੍ਰਚਾਰ,




ਮੁਫ਼ਤ ਸਹੂਲਤਾਂ ਤੇ ਧਰਮ ਦੀ ਰਾਜਨੀਤੀ ਵਿਚ ਵਹਿ ਕੇ, ਰਾਤੋ-ਰਾਤ ਕਰਿਸ਼ਮੇ ਦੀ ਆਸ 'ਚ ਵੋਟ ਕਰਦੇ ਨੇ। ਇਸੇ ਕਰਕੇ ਕੇਜਰੀਵਾਲ ਜੁੰਡਲੀ ਨੇ ਆਪਣੀ ਦਿੱਲੀ ਸਰਕਾਰ ਦੀ ਕਾਰਗੁਜ਼ਾਰੀ ਦਾ ਅਸਾਧਾਰਣ ਪ੍ਰਚਾਰ ਕਰਕੇ ਵਿਦੇਸ਼ਾਂ ਤੀਕ ਹਾਜ਼ਰੀ ਲਗਵਾਈ ਏ। ਹੁਣ ਜੇਕਰ ਕੱਲ ਨੂੰ ਦਿੱਲੀ ਦਾ ਸਿਹਤ ਤੇ ਸਿੱਖਿਆ ਮਾਡਲ ਤੇ ਕੇਜਰੀਵਾਲ ਦਾ ਚੇਹਰਾ, ਬੀਜੇਪੀ ਲਈ ਕਿਤੇ ਕੋਈ ਖਰਾਬੀ ਹੀ ਨਾ ਕਰ ਦੇਵੇ, ਇਸੇ ਲਈ ਸਿਸੋਦਿਆ ਤੇ ਛਾਪੇ ਦਾ ਅਸਲ ਕਾਰਨ, ਕੇਜਰੀਵਾਲ ਦੀ ਦਿੱਲੀ ਸਰਕਾਰ ਦੇ 'ਗੁੱਡ ਗਵਰਨੈਂਸ' ਦੀ ਫੂਕ ਕੱਢਣਾ ਤੇ ਪੂਰੇ ਦੇਸ਼ ਵਿਚ ਕੱਟੜ ਇਮਾਨਦਾਰ ਦੀ ਛਵੀ ਦਾ ਖਾਤਮਾ ਕਰਨਾ ਹੈ। ਪਰ ਹੁਣ ਦੇਖਣਾ ਇਹ ਹੋਵੇਗਾ ਕਿ ਕੀ ਬੀਜੇਪੀ ਸੀਬੀਆਈ ਰਾਹੀਂ ਆਪ ਦੀ 'ਭਰੂਣ ਹੱਤਿਆ' ਕਰਨ ਵਿਚ ਕਾਮਯਾਬ ਹੁੰਦੀ ਏ ਜਾਂ ਕੇਜਰੀਵਾਲ ਇਨਾਂ ਛਾਪਿਆਂ ਤੋਂ ਬਾਅਦ ਆਪਣੇ-ਆਪ ਨੂੰ ਪੀੜਤ ਸਾਬਤ ਕਰਕੇ, ਲੋਕਾਂ ਦੀ ਹਮਦਰਦੀ ਹਾਸਲ ਕਰਨ ਵਿੱਚ, ਆਮ ਲੋਕਾਂ 'ਚ ਬੀਜੇਪੀ ਵੱਲੋਂ ਈਡੀ ਤੇ ਸੀਬੀਆਈ ਦੀ ਸ਼ਰੇਆਮ ਦੁਰਵਰਤੋਂ ਸਿੱਧ ਕਰਨ 'ਚ ਅਤੇ ਨਾਲੇ ਆਪਣੀ ਪਾਰਟੀ ਵਿਚ ਸਿਸੋਦਿਆ ਦੇ ਵੱਡੇ ਹੁੰਦੇ ਕੱਦ ਨੂੰ ਛੋਟਾ ਕਰਨ 'ਚ ਵੀ ਕਾਮਯਾਬ ਹੋ ਜਾਵੇਗਾ।

# ਪਾਕਿਸਤਾਨ ਵਿਚ ਸਿੱਖ ਲੜਕੀ ਦੇ ਜਬਰੀ ਨਿਕਾਹ ਦਾ ਮਾਮਲਾ ਆਇਆ ਸਾਹਮਣੇ

## ✪ ਕੌਮੀ ਘੱਟਗਿਣਤੀ ਕਮਿਸ਼ਨ ਤੇ ਸਿੱਖ ਜਥੇਬੰਦੀਆਂ ਨੇ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਕੋਲੋਂ ਮੰਗੀ ਮਦਦ ✪ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਘਟਨਾ ਮੰਦਭਾਗੀ ਕਰਾਰ ✪ ਦੀਨਾ ਕੌਰ ਵੱਲੋਂ ਮਰਜ਼ੀ ਨਾਲ ਨਿਕਾਹ ਕਰਨ ਦਾ ਦਾਅਵਾ








**ਦਿੱਲੀ/ਏ.ਟੀ.ਨਿਊਜ਼ :-** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਵਿੱਚ ਦੀਨਾ ਕੌਰ ਨਾਂ ਦੀ ਸਿੱਖ ਲੜਕੀ ਨੂੰ ਅਗਵਾ ਕਰਕੇ ਉਸ ਦਾ ਜਬਰੀ ਨਿਕਾਹ ਕਰਵਾਉਣ ਦੀ ਘਟਨਾ ਦੇ ਮਾਮਲੇ ਵਿੱਚ ਕੌਮੀ ਘੱਟਗਿਣਤੀ ਕਮਿਸ਼ਨ ਸਮੇਤ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਕੋਲੋਂ ਮਦਦ ਦੀ ਮੰਗ ਕੀਤੀ ਹੈ। ਕੌਮੀ ਘੱਟਗਿਣਤੀ ਕਮਿਸ਼ਨ ਦੇ ਮੁਖੀ ਇਕਬਾਲ ਸਿੰਘ ਲਾਲਪੁਰਾ ਨੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਇਕ ਪੱਤਰ ਰਾਹੀਂ ਅਪੀਲ ਕੀਤੀ ਹੈ ਕਿ ਉਹ ਪਾਕਿਸਤਾਨ ਵਿੱਚ ਘੱਟ-ਗਿਣਤੀ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪਾਕਿਸਤਾਨ ਵਿੱਚ ਆਪਣੇ ਹਮਰੁਤਬਾ ਨਾਲ ਗੱਲਬਾਤ ਕਰਨ। ਉਨਾਂ ਖੈਬਰ ਪਖਤੂਨਖਵਾ ਦੇ ਇਲਾਕੇ ਪੀਰ ਬਾਬਾ ਵਿੱਚ ਅਧਿਆਪਕਾ ਵਜੋਂ ਸੇਵਾਵਾਂ ਨਿਭਾ ਰਹੀ ਦੀਨਾ ਕੌਰ ਨੂੰ ਅਗਵਾ ਕਰਕੇ ਉਸ ਨਾਲ ਜਬਰੀ ਨਿਕਾਹ ਕਰਨ ਅਤੇ ਧਰਮ ਤਬਦੀਲ ਕਰਨ ਦੇ ਮਾਮਲੇ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ। ਇਸ ਦੌਰਾਨ ਭਾਜਪਾ ਆਗੂ ਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਸਮੇਤ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਦਿੱਲੀ ਵਿੱਚ ਵਿਦੇਸ਼ ਮੰਤਰਾਲੇ ਦੇ ਜੁਆਇੰਟ ਸਕੱਤਰ ਜੇਪੀ ਸਿੰਘ ਨੂੰ ਮਿਲ ਕੇ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿੱਚ ਪਾਕਿਸਤਾਨੀ ਸਫੀਰ ਨੂੰ ਤਲਬ ਕਰਕੇ ਕਾਰਵਾਈ ਲਈ ਆਖਣ।

ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਹ ਘੱਟ-ਗਿਣਤੀ ਸਿੱਖਾਂ ਨਾਲ ਇਹ ਵੱਡਾ ਅਨਿਆਂ ਹੈ, ਜਿਸ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਉਨਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਕੂਟਨੀਤਕ ਪੱਧਰ 'ਤੇ ਇਸ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਅਤੇ ਲੜਕੀ ਨੂੰ ਉਸ ਦੇ ਪਰਿਵਾਰ ਕੋਲ ਸੁਰੱਖਿਅਤ ਪਹੁੰਚਾਉਣ ਲਈ ਕਾਰਵਾਈ ਅਮਲ ਵਿੱਚ ਲਿਆਉਣ।

### ਮਰਜੀ ਨਾਲ ਕੀਤਾ ਵਿਆਹ

ਖੈਬਰ ਪਖਤੂਨਵਾ ਸੂਬੇ ਦੇ ਬੁਨੇਰ ਜ਼ਿਲੇ ਵਿਚੋਂ ਅਗਵਾ ਕੀਤੀ 25 ਸਾਲਾ ਸਿੱਖ ਅਧਿਆਪਕਾ ਦੀਨਾ ਕੌਰ ਦੀ ਬੀਤੇ ਦਿਨੀਂ ਇਕ ਵੀਡੀਓ ਜਾਰੀ ਕੀਤੀ ਗਈ ਹੈ, ਜਿਸ ਵਿੱਚ ਉਹ ਆਖ ਰਹੀ ਹੈ ਕਿ ਉਸ ਨੇ ਆਪਣੀ ਮਰਜ਼ੀ ਨਾਲ ਮੁਸਲਿਮ ਰਿਕਸ਼ਾ ਚਾਲਕ ਨਾਲ ਨਿਕਾਹ ਕੀਤਾ ਹੈ। ਮੈਂ ਇਸਲਾਮ ਬਾਰੇ ਸਿੱਖਿਆ ਲਈ, ਇਸ ਲਈ ਮੈਂ ਇਸਲਾਮ ਕਬੂਲ ਕੀਤਾ।

ਉਸ ਨੇ ਕਿਹਾ ਕਿ ਹੁਣ ਮੇਰੇ ਖਾਨਦਾਨ ਵਾਲੇ ਚਾਹੁੰਦੇ ਹਨ ਕਿ ਮੈਂ ਉਨਾਂ ਕੋਲ ਜਾਵਾਂ ਪਰ ਮੈਂ ਨਹੀਂ ਜਾਣਾ ਚਾਹੁੰਦੀ, ਜਿੱਥੇ ਮੇਰੇ ਪਤੀ ਜਾਣਗੇ ਮੈਂ ਉੱਥੇ ਹੀ ਜਾਵਾਂਗੀ।

ਫਿਲਹਾਲ ਬੀਨਾ ਨੂੰ ਸ਼ੈਲਟਰ ਹੋਮ ਵਿੱਚ ਭੇਜ ਦਿੱਤਾ ਗਿਆ ਹੈ ਪਰ ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਉਨਾਂ ਨੂੰ ਅਜੇ ਤੱਕ ਉਨਾਂ ਦੀ ਧੀ ਨਾਲ ਨਹੀਂ ਮਿਲਵਾਇਆ ਗਿਆ ਹੈ। ਸਿੱਖ ਪਰਿਵਾਰਾਂ ਮੁਤਾਬਿਕ ਇਸ ਇਲਾਕੇ ਵਿੱਚ ਧਾਰਮਿਕ ਸਦਭਾਵਨਾ ਰਹੀ ਹੈ ਪਰ ਇਸ ਘਟਨਾ ਨੇ ਇੱਥੋਂ ਦੇ ਸਿੱਖ ਲੋਕਾਂ ਦੇ ਵਿਸ਼ਵਾਸ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਜਦਕਿ ਲੜਕੀ ਦੇ ਪਰਿਵਾਰ ਨੇ ਦੋਸ਼ ਲਾਇਆ ਕਿ ਇਹ ਵੀਡੀਓ ਥਾਣੇ ਵਿੱਚ ਬਣਾਈ ਗਈ ਹੈ, ਜਿੱਥੇ ਕੁੜੀ 'ਤੇ ਦਬਾਅ ਪਾਇਆ ਗਿਆ ਹੈ।

ਬੀਨਾ ਦੇ ਇੱਕ ਕਰੀਬੀ ਰਿਸ਼ਤੇਦਾਰ ਸਨਤ ਸਿੰਘ ਨੇ ਦੱਸਿਆ ਕਿ '25 ਸਾਲਾ ਸਿੱਖ ਬੀਬੀ ਇੱਕ ਸਰਕਾਰੀ ਅਧਿਆਪਕਾ ਹੈ। ਬੀਤੇ ਸ਼ਨੀਵਾਰ ਨੂੰ ਉਹ ਡਿਊਟੀ 'ਤੇ ਗਈ ਅਤੇ ਫਿਰ ਵਾਪਸ ਨਹੀਂ ਪਰਤੀ।' ਰਿਸ਼ਤੇਦਾਰ ਮੁਤਾਬਕ, ਪਰਿਵਾਰ ਨੇ ਉਸ ਦੀ ਭਾਲ਼ ਸ਼ੁਰੂ ਕੀਤੀ ਪਰ ਕੁਝ ਹਾਸਿਲ ਨਹੀਂ ਹੋਇਆ।

ਸਨਤ ਸਿੰਘ ਨੇ ਦੱਸਿਆ ਕਿ ਬੀਨਾ ਦੇ ਪਰਿਵਾਰ ਅਤੇ ਭਾਈਚਾਰੇ ਦੇ ਹੋਰ ਲੋਕ ਸ਼ਨੀਵਾਰ ਨੂੰ ਪੀਰ ਬਾਬਾ ਪੁਲਿਸ ਥਾਣੇ ਬਾਹਰ ਇਕੱਠੇ ਹੋਏ ਅਤੇ ਪੁਲਿਸ ਨੂੰ ਇੱਕ ਐੱਫਆਈਆਰ ਦਰਜ ਕਰਨ ਲਈ ਕਿਹਾ ਪਰ ਪੁਲਿਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

ਉਨਾਂ ਦੱਸਿਆ, 'ਜਦੋਂ ਪੁਲਿਸ ਨੇ ਐੱਫਆਈਆਰ ਦਰਜ ਕਰਨ ਵਿੱਚ ਟਾਲਮਟੋਲ ਕੀਤੀ ਤਾਂ ਪਰਿਵਾਰ ਨੇ ਪੁਲਿਸ ਥਾਣੇ ਦੇ ਬਾਹਰ ਪ੍ਰਦਰਸ਼ਨ ਕੀਤਾ।' ਇਸ ਤੋਂ ਬਾਅਦ ਪੁਲਿਸ ਨੇ ਉਨਾਂ ਨੂੰ ਭਰੋਸਾ ਦਵਾਇਆ ਕਿ ਉਹ ਲਾਪਤਾ ਕੁੜੀ ਨੂੰ ਭਾਲ਼ ਲੈਣਗੇ।

ਪੁਲਿਸ ਦੁਆਰਾ ਇਹ ਜਾਣਕਾਰੀ ਦੇਣ 'ਤੇ ਕਿ ਉਨਾਂ ਨੇ ਬੀਨਾ ਨੂੰ ਲੱਭ ਲਿਆ ਹੈ, ਬੀਨਾ ਦਾ ਪਰਿਵਾਰ ਐਤਵਾਰ ਨੂੰ ਦੁਬਾਰਾ ਥਾਣੇ ਪਹੁੰਚਿਆ। ਪੁਲਿਸ ਨੇ ਦੱਸਿਆ ਕਿ ਬੀਨਾ ਨੇ ਆਪਣੇ ਗੁਆਂਢ ਦੇ ਇੱਕ ਮੁਸਲਮਾਨ ਵਿਅਕਤੀ ਨਾਲ ਅਦਾਲਤ ਵਿਚ ਵਿਆਹ ਕਰਵਾ ਲਿਆ ਹੈ। ਸਨਤ ਸਿੰਘ ਨੇ ਇਲਜ਼ਾਮ ਲਗਾਇਆ ਕਿ ਬੀਨਾ ਦਾ ਜ਼ਬਰਦਸਤੀ ਧਰਮ ਪਰਿਵਰਤਨ ਅਤੇ ਵਿਆਹ ਕਰਵਾਇਆ ਗਿਆ ਹੈ। ਉਨਾਂ ਮੁਤਾਬਿਕ, 'ਬੀਨਾ ਦੀ ਮੰਗਣੀ ਹੋ ਚੁੱਕੀ ਸੀ ਅਤੇ ਉਸ ਦਾ ਵਿਆਹ ਅਗਲੇ ਮਹੀਨੇ ਹੋਣਾ ਤੈਅ ਸੀ।'

ਸਿੱਖ ਭਾਈਚਾਰੇ ਦੇ ਇੱਕ ਹੋਰ ਆਗੂ ਰਾਦਾਸ਼ ਸਿੰਘ ਟੋਨੀ ਨੇ ਦਾਅਵਾ ਕੀਤਾ ਕਿ ਬੀਨਾ ਨੂੰ ਅਗਵਾ ਕੀਤਾ ਗਿਆ, ਉਸ ਦਾ ਜ਼ਬਰੀ ਧਰਮ ਪਰਿਵਰਤਨ ਕਰਵਾਇਆ ਗਿਆ ਅਤੇ ਵਿਆਹ ਕਰਵਾ ਦਿੱਤਾ ਗਿਆ ਪਰ ਪੁਲਿਸ ਸਿਰਫ਼ 'ਮੂਕ ਦਰਸ਼ਕ' ਬਣੀ ਰਹੀ। ਟੋਨੀ ਨੇ ਕਿਹਾ, 'ਜਦੋਂ ਸ਼ਨੀਵਾਰ ਨੂੰ ਭਾਈਚਾਰੇ ਦੇ ਲੋਕਾਂ ਨੇ ਜ਼ਿਲੇ ਦੇ ਪੁਲਿਸ ਅਧਿਕਾਰੀ ਨਾਲ ਮੁਲਾਕਾਤ ਕੀਤੀ, ਉਨਾਂ ਨੇ ਭਰੋਸਾ ਦਿਵਾਇਆ ਕਿ ਕੁੜੀ ਨੂੰ ਪਰਿਵਾਰ ਨੂੰ ਸੌਂਪਿਆ ਜਾਵੇਗਾ, ਪਰ ਐਤਵਾਰ ਨੂੰ ਪੁਲਿਸ ਨੇ ਪਰਿਵਾਰ ਵਾਲਿਆਂ ਨਾਲ ਬਦਸਲੂਕੀ ਕੀਤੀ। ਪੁਲਿਸ ਨੇ ਨਾ ਤਾਂ ਕੁੜੀ ਨੂੰ ਪਰਿਵਾਰ ਨੂੰ ਸੌਂਪਿਆ ਅਤੇ ਨਾ ਹੀ ਪਰਿਵਾਰ ਦੇ ਕਹਿਣ 'ਤੇ ਐੱਫਆਈਆਰ ਦਰਜ ਕੀਤੀ।'

ਟੋਨੀ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕਿ ਉਹ ਕੁਮਾਰੀ ਨੂੰ ਉਸ ਦੇ ਪਰਿਵਾਰ ਨਾਲ ਮਿਲਾ ਦੇਵੇ।

ਬਾਕੀ ਸਫ਼ਾ 31 'ਤੇ

## ਇਸਲਾਮ ਜਬਰੀ ਧਰਮ ਤਬਦੀਲ ਕਰਨ ਦੀ ਇਜਾਜ਼ਤ ਨਹੀਂ ਦਿੰਦਾ : ਗਿਆਨੀ ਹਰਪ੍ਰੀਤ ਸਿੰਘ

ਅੰਮ੍ਰਿਤਸਰ-ਪਾਕਿਸਤਾਨ ਦੇ ਸੂਬੇ ਖ਼ੈਬਰ ਪਖ਼ਤੂਨਵਾ ਦੇ ਪਿੰਡ ਪੀਰ ਬਾਬਾ ਵਿਚ ਇਕ ਸਿੱਖ ਲੜਕੀ ਦੀਨਾ ਕੌਰ ਨੂੰ ਅਗਵਾ ਕਰਕੇ ਤੇ ਉਸਦਾ ਜਬਰੀ ਧਰਮ ਤਬਦੀਲ ਦੀ ਕੋਸ਼ਿਸ਼ ਕੀਤੇ ਜਾਣ ਦੀ ਬੀਤੇ ਦਿਨ ਵਾਪਰੀ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਸਿੱਖ ਲੜਕੀ ਨੂੰ ਬਰਾਮਦ ਕਰਕੇ ਉਸਦੇ ਪਰਿਵਾਰ ਨੂੰ ਸੌਂਪਿਆ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਇਸਲਾਮ ਧਰਮ ਵੀ ਇਜ਼ਾਜਤ ਨਹੀਂ ਦਿੰਦਾ ਕਿ ਕਿਸੇ ਨੂੰ ਬੰਦੂਕ ਦੀ ਨੋਕ 'ਤੇ ਅਗਵਾ ਕਰਕੇ ਉਸਦਾ ਧਰਮ ਤਬਦੀਲ ਕਰਨ ਲਈ ਮਜ਼ਬੂਰ ਕੀਤਾ ਜਾਵੇ ।ਉਨਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਸਿੱਖਾਂ ਸਮੇਤ ਉਥੇ ਵੱਸਦੀਆਂ ਘੱਟਗਿਣਤੀਆਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ।

# ਪੂੰਜੀਵਾਦੀ ਸਮਾਜ ਅਤੇ ਉਦਾਸ ਮਿਡਲ ਕਲਾਸ ਲੋਕ

**ਬ੍ਰਹਮ ਜਗਦੀਸ਼ ਸਿੰਘ**

ਅਜੋਕਾ ਮਨੁੱਖ ਬਹੁਤ ਉਦਾਸ ਰਹਿੰਦਾ ਹੈ। ਕਿਸ਼ੋਰ ਅਵਸਥਾ ਤੋਂ ਹੀ ਲੜਕੇ-ਲੜਕੀਆਂ ਉਦਾਸ, ਮਾਯੂਸ ਅਤੇ ਚਿੰਤਤ ਰਹਿਣ ਲਗਦੇ ਹਨ। ਇਸ ਉਦਾਸੀ ਦਾ ਵੱਡਾ ਕਾਰਨ ਮੁਕਾਬਲੇਬਾਜ਼ੀ ਹੈ। ਅਜੋਕੇ ਮਾਂ-ਬਾਪ ਬਚਪਨ ਤੋਂ ਹੀ ਬੱਚਿਆਂ ਨੂੰ ਮੁਕਾਬਲੇਬਾਜ਼ੀ ਵਿਚ ਪਾ ਦਿੰਦੇ ਹਨ। ਹੁਣ ਇਹ ਤਾਂ ਸਭ ਜਾਣਦੇ ਹੀ ਹਨ ਕਿ ਅੱਵਲ ਜਾਂ ਦੋਇਮ ਤਾਂ ਜਮਾਤ ਦੇ ਦੋ ਵਿਦਿਆਰਥੀਆਂ ਨੇ ਹੀ ਆਉਣਾ ਹੁੰਦਾ ਹੈ, ਬਾਕੀ ਵਿਦਿਆਰਥੀ ਕੀ ਕਰਨ, ਕਿੱਧਰ ਜਾਣ? ਉੱਪਰੋਂ ਸਿਤਮ ਇਹ ਕਿ ਉਨਾਂ ਦੇ ਮਾਪਿਆਂ ਨੇ ਨਤੀਜੇ ਵਾਲੇ ਦਿਨ ਸਭ ਤੋਂ ਪਹਿਲਾਂ ਨੰਬਰਾਂ ਵਾਲਾ ਕਾਰਡ ਹੀ ਦੇਖਣਾ ਹੁੰਦਾ ਹੈ। ਬੱਚਾ ਕੀ ਚਾਹੁੰਦਾ ਹੈ, ਉਸ ਦੀ ਕੀ ਮਰਜ਼ੀ ਹੈ, ਇਹ ਸਭ ਪਵੇ, ਢੱਠੇ ਖ਼ੂਹ ਵਿਚ। ਸਿੱਟੇ ਵਜੋਂ ਕਈ ਵਾਰ ਘੱਟ ਨੰਬਰ ਲੈਣ ਵਾਲੇ ਬੱਚੇ, ਮਾਪਿਆਂ ਦੇ ਡਰ ਕਾਰਨ ਘਰ ਹੀ ਨਹੀਂ ਜਾਂਦੇ। ਘਰ ਜਾਣ ਤੋਂ ਪਹਿਲਾਂ ਹੀ ਆਤਮ-ਹੱਤਿਆ ਕਰ ਲੈਂਦੇ ਹਨ। ਬੱਚਾ ਤਾਂ ਆਪਣੀ ਜੀਵਨ-ਲੀਲਾ ਸਮਾਪਤ ਕਰਕੇ ਸੁਰਖ਼ਰੂ ਹੋ ਜਾਂਦਾ ਹੈ। ਬਾਅਦ ਵਿਚ ਮਾਪੇ ਰਹਿੰਦੀ ਉਮਰ ਤਿਲ-ਤਿਲ ਕਰਕੇ ਮਰਦੇ ਰਹਿੰਦੇ ਹਨ।

ਅਸੀਂ ਮੱਧ ਸ਼੍ਰੇਣਿਕ ਲੋਕ ਅਜੇ ਤੱਕ ਇਸ ਗੱਲ ਨੂੰ ਨਹੀਂ ਸਮਝ ਸਕੇ ਕਿ ਕੁਦਰਤ ਨੇ ਹਰ ਜੀਵ ਅਤੇ ਮਨੁੱਖ ਨੂੰ ਵੱਖਰਾ-ਵੱਖਰਾ ਬਣਾਇਆ ਹੁੰਦਾ ਹੈ। ਕੋਈ ਵੀ ਦੋ ਜਣੇ ਇਕ-ਜੈਸੇ ਨਹੀਂ ਹੁੰਦੇ। ਨਾ ਸ਼ਕਲੋਂ-ਸੂਰਤੋਂ ਅਤੇ ਨਾ ਅਕਲੋਂ-ਦਿਮਾਗ਼ੋਂ। ਫਿਰ ਉਨਾਂ ਦੀ ਆਪਸ ਵਿਚ ਤੁਲਨਾ ਕਿਵੇਂ ਕਰੀਏ? ਸਾਡੀ ਸੋਚ ਇਹ ਹੋਣੀ ਚਾਹੀਦੀ ਹੈ ਕਿ ਸਾਡਾ ਬੱਚਾ ਖ਼ੁਸ਼ ਰਹੇ, ਸਮਾਜ ਅਤੇ ਦੇਸ਼ ਨੂੰ ਅੱਗੇ ਵਧਾਉਣ ਦਾ ਜਜ਼ਬਾ ਰੱਖੇ, ਬਣੇ ਉਹ ਜੋ ਚਾਹੇ, ਉਸ ਦੀ ਮਰਜ਼ੀ। ਆਈ.ਏ.ਐਸ., ਡਾਕਟਰ, ਇੰਜੀਨੀਅਰ ਜਾਂ ਪੀ.ਸੀ.ਐਸ. ਅਫ਼ਸਰ ਬਹੁਤੇ ਖ਼ੁਸ਼ ਨਹੀਂ ਹੁੰਦੇ ਅਤੇ ਬਹੁਤੀ ਵਾਰ ਤਾਂ ਇੰਜ ਵੀ ਹੁੰਦਾ ਹੈ ਕਿ ਇਹੋ ਜਿਹੇ ਉੱਚੇ ਅਹੁਦਿਆਂ ਉੱਪਰ ਲੱਗੇ ਲੋਕ ਆਪਣੇ ਮਾਤਾ-ਪਿਤਾ ਨੂੰ ਵੀ ਅੰਦਰੋ-ਅੰਦਰ ਨਾਪਸੰਦ ਕਰਦੇ ਹੁੰਦੇ ਹਨ।

ਸਾਡਾ ਰਵਾਇਤੀ ਸਮਾਜ ਬੰਦਿਆਂ ਦਾ ਮੁਲਾਂਕਣ ਕਰਨ ਸਮੇਂ ਉਨਾਂ ਨੂੰ ਦਰਜਾਬੰਦੀ ਵਿਚ ਪਾ ਕੇ ਉੱਪਰ-ਹੇਠ ਕਰਕੇ ਵੇਖਣ ਦਾ ਆਦੀ ਹੈ। ਮੂੰਹੋਂ-ਮੂੰਹੋਂ ਭਾਵੇਂ ਅਸੀਂ ਕੁਝ ਕਹਿੰਦੇ ਰਹੀਏ ਪਰ ਅਸੀਂ ਬਰਾਬਰੀ/ਸਮਾਨਤਾ ਦੇ ਸਿਧਾਂਤ ਨੂੰ ਨਹੀਂ ਮੰਨਦੇ। ਸਾਨੂੰ ਚਾਹੀਦਾ ਹੈ ਕਿ ਆਪਣੇ ਸਮਾਜ ਨੂੰ ਖੜਵੇਂ ਰੁਖ਼ (ਵਰਟੀਕਲ) ਵੇਖਣ ਦੀ ਬਜਾਏ ਲੇਟਵੇਂ ਰੁਖ਼ (ਹਾਰੀਜ਼ਾਂਟਲ) ਵੇਖੀਏ। ਰੱਬ ਨੇ ਪੂਰੀ ਪ੍ਰਕਿਰਤੀ ਨੂੰ ਇਸੇ ਪ੍ਰਕਾਰ ਬਣਾਇਆ ਹੈ। ਹਰ ਕੋਈ ਇਕ-ਦੂਜੇ ਦੇ ਸਮਾਨ ਹੈ। ਕੋਈ ਉੱਪਰੋਂ ਨਹੀਂ ਡਿਗਿਆ ਹੁੰਦਾ। ਕਿਸੇ ਨੂੰ ਚੰਗਾ ਮੌਕਾ ਮਿਲ ਜਾਂਦਾ ਹੈ, ਉਸ ਦਾ ਦਾਅ ਲੱਗ ਜਾਂਦਾ ਹੈ। ਉਹ ਆਪਣੀ ਅਤੇ ਆਪਣੇ ਮਾਪਿਆਂ ਦੀ ਚਤੁਰਾਈ ਦੁਆਰਾ ਧਨਵਾਨ ਬਣ ਜਾਂਦਾ ਹੈ ਅਤੇ ਜਿਸ ਦੇ ਮਾਪਿਆਂ ਪਾਸ ਚਤੁਰਾਈ ਨਹੀਂ ਹੁੰਦੀ, ਉਹ ਗ਼ਰੀਬੀ ਵਿਚ ਜੀਵਨ ਬਿਤਾਈ ਜਾਂਦਾ ਹੈ। ਪਰ ਅਮੀਰੀ ਅਤੇ ਗ਼ਰੀਬੀ ਚੰਗੇ-ਮਾੜੇ ਵਿਅਕਤੀ ਹੋਣ ਦੇ ਪ੍ਰਮਾਣ ਨਹੀਂ ਹਨ। ਬੇਸ਼ੱਕ ਅਜੋਕੇ ਪੂੰਜੀਵਾਦੀ ਨਿਜ਼ਾਮ ਵਿਚ ਮੁਕਾਬਲੇਬਾਜ਼ੀ ਵਿਚ ਪਛੜ ਜਾਣ ਵਾਲੇ ਵਿਅਕਤੀ ਨੂੰ ਬਹੁਤਾ ਇੱਜ਼ਤ-ਮਾਣ ਨਹੀਂ ਮਿਲਦਾ। ਬਾਹਰਲੇ ਲੋਕਾਂ ਨੇ ਤਾਂ ਉਸ ਦੀ ਕੀ ਕਦਰ ਕਰਨੀ ਹੋਈ, ਘਰ ਵਾਲੇ ਵੀ ਸਦਾ ਉਸ ਦੀ ਨੁਕਤਾਚੀਨੀ ਕਰਦੇ ਰਹਿੰਦੇ ਹਨ। ਕਾਮਯਾਬ ਵਿਅਕਤੀਆਂ ਨਾਲ ਉਸ ਦੀ ਤੁਲਨਾ ਕਰਕੇ ਉਸ ਨੂੰ ਘਟੀਆ ਸਿੱਧ ਕਰਦੇ ਰਹਿੰਦੇ ਹਨ। ਸਿੱਟੇ ਵਜੋਂ ਅਜਿਹਾ ਵਿਅਕਤੀ 'ਘਟੀਆਪਣ ਦੀ ਗ੍ਰੰਥੀ' ਦਾ ਸ਼ਿਕਾਰ ਹੋ ਜਾਂਦਾ ਹੈ। ਪਰ ਪਛੜੇ ਹੋਏ ਵਿਅਕਤੀ ਅਸਲ ਵਿਚ ਘਟੀਆ ਨਹੀਂ ਹੁੰਦੇ। ਸਾਡਾ ਸਮਾਜ ਉਨਾਂ ਉੱਪਰ ਘਟੀਆਪੁਣਾ ਠੋਸ ਦਿੰਦਾ ਹੈ ਅਤੇ ਉਹ ਵਿਚਾਰੇ ਚੁੱਪ-ਚਾਪ ਇਸ ਵਿਸ਼ੇਸ਼ਣ ਨੂੰ ਸਵੀਕਾਰ ਕਰ ਲੈਂਦੇ ਹਨ। ਪਰ ਯਾਦ ਰਹੇ, ਲੋਕਾਂ ਦੀ ਪ੍ਰਸੰਸਾ ਦਾ ਪਾਤਰ ਬਣਨਾ ਵੀ ਬੰਦੇ ਨੂੰ 'ਅਪ੍ਰਮਾਣਿਕ' ਬਣਾ ਦਿੰਦਾ ਹੈ। ਰੱਬ ਸਾਨੂੰ ਸਾਡਾ ਜੀਵਨ ਲੋਕਾਂ ਨੂੰ ਖ਼ੁਸ਼ ਕਰਨ ਲਈ ਨਹੀਂ ਦਿੰਦਾ। ਲੋਕ ਤਾਂ ਆਪਣਾ ਕੰਮ ਕਢਵਾਉਣ ਲਈ ਤੁਹਾਡੀ ਪ੍ਰਸੰਸਾ ਕਰਦੇ ਹਨ। ਜੇ ਤੁਸੀਂ ਆਪਣਾ ਕੰਮ ਅਤੇ ਜੀਵਨ ਛੱਡ ਕੇ ਲੋਕਾਂ ਦਾ ਕੰਮ ਕਰਦੇ-ਜਿਉਂਦੇ ਰਹੋਗੇ ਤਾਂ ਆਪਣਾ ਜੀਵਨ ਕਦੋਂ ਜੀਵੋਗੇ? ਸੋ ਮਤਲਬੀ ਲੋਕਾਂ ਨੂੰ ਨਾਰਾਜ਼ ਹੋ ਜਾਣ ਦਿਉ। ਇਸੇ ਵਿਚ ਤੁਹਾਡੀ ਸੁਤੰਤਰਤਾ ਹੈ। ਆਪਣੀ ਸੁਤੰਤਰਤਾ ਨੂੰ ਕਦੇ ਨਾ ਤਿਆਗੋ। ਕਿਉਂਕਿ ਸੁਤੰਤਰ ਜੀਵਨ ਹੀ ਸਾਡਾ ਲਕਸ਼ ਹੋਣਾ ਚਾਹੀਦਾ ਹੈ।



ਇਹ ਵੀ ਯਾਦ ਰੱਖੋ ਕਿ ਹਰ ਬੰਦਾ ਆਪਣੇ ਜੀਵਨ ਵਿਚ ਜਦੋਂ ਚਾਹੇ ਬਦਲ ਸਕਦਾ ਹੈ। ਸਮੱਸਿਆ ਇਹ ਬਣਦੀ ਹੈ ਕਿ ਅਸੀਂ ਆਪਣਾ ਜੀਵਨ ਬਦਲਣ ਲਈ ਹੌਸਲਾ ਨਹੀਂ ਦਿਖਾ ਸਕਦੇ। ਦੱਬੂ ਬਣ ਕੇ ਆਪਣੇ ਹੀ ਟਿਕਾਣੇ 'ਤੇ ਦੁਬਕੇ ਰਹਿੰਦੇ ਹਾਂ। ਬਦਲਣ ਲਈ ਹੌਸਲੇ ਦੀ ਜ਼ਰੂਰਤ ਪੈਂਦੀ ਹੈ। ਆਪਣੇ ਸੁਭਾਅ, ਆਦਤਾਂ, ਵੇਸ਼-ਭੂਸ਼ਾ ਨੂੰ ਨਿਰੰਤਰ ਬਦਲਦੇ ਰਹਿਣਾ ਚਾਹੀਦਾ ਹੈ। ਇਸ ਨਾਲ ਬੰਦੇ ਦੇ ਨਿੱਜੀ ਜੀਵਨ ਵਿਚ ਰੰਗੀਨੀ ਆ ਜਾਂਦੀ ਹੈ, ਉਸ ਦੀ ਵਿਚਾਰਧਾਰਾ ਵੀ ਯੁਗ ਅਨੁਕੂਲ ਅਤੇ ਵਧੇਰੇ ਪ੍ਰਾਸੰਗਿਕ ਬਣ ਜਾਂਦੀ ਹੈ। ਕੁਦਰਤ ਨੂੰ ਹੀ ਦੇਖੋ, ਇਹ ਵੀ ਹਰ ਵਰੇ ਤਿੰਨ-ਚਾਰ ਰੰਗ ਤਾਂ ਬਦਲਦੀ ਹੀ ਬਦਲਦੀ ਹੈ। ਬੰਦੇ ਨੂੰ ਕੁਦਰਤ (ਫੁੱਲਾਂ, ਰੁੱਖਾਂ, ਬੂਟਿਆਂ) ਤੋਂ ਤਬਦੀਲੀ ਦਾ ਪਾਠ ਪੜ ਲੈਣਾ ਚਾਹੀਦਾ ਹੈ।

ਜਿਹੜਾ ਬੰਦਾ ਸਵੈ-ਕੇਂਦਰਿਤ ਰਹਿੰਦਾ ਹੈ, ਉਹ ਬੇਸ਼ੱਕ ਕਿੰਨੀ ਵੀ ਆਰਥਿਕ-ਪਦਾਰਥਕ ਪ੍ਰਗਤੀ ਕਰ ਜਾਵੇ, ਉਹ ਖ਼ੁਸ਼ ਨਹੀਂ ਰਹਿ ਸਕਦਾ। ਖ਼ੁਸ਼ ਰਹਿਣ ਲਈ, ਪ੍ਰਫੁੱਲਿਤ ਹੋਣ ਲਈ ਪਰ-ਕੇਂਦਰਿਤ ਹੋਣ ਦੀ ਵੀ ਜ਼ਰੂਰਤ ਪੈਂਦੀ ਹੈ। ਜਿੰਨੀ ਦੇਰ ਤੱਕ ਕੋਈ ਬੰਦਾ ਆਪਣੇ ਸਮੁਦਾਇ (ਕਮਿਊਨਿਟੀ) ਅਤੇ ਸਮਾਜ ਦੇ ਕੰਮ ਨਹੀਂ ਆਉਂਦਾ, ਓਨੀ ਦੇਰ ਤੱਕ ਉਹ ਖਿਝਿਆ ਅਤੇ ਨਿਮੋਝੂਣਾ ਬਣਿਆ ਰਹਿੰਦਾ ਹੈ। ਖ਼ੁਸ਼ੀ ਸਾਨੂੰ ਦੂਸਰਿਆਂ ਦੇ ਕੰਮ ਆ ਕੇ, ਉਨਾਂ ਦਾ ਕੁਝ ਸੰਵਾਰ ਕੇ ਹੀ ਹਾਸਲ ਹੁੰਦੀ ਹੈ, ਆਪਣਿਆਂ ਦੀਆਂ ਲੋੜਾਂ ਪੂਰੀਆਂ ਕਰਕੇ ਨਹੀਂ ਮਿਲਦੀ। ਇਸ ਲਈ ਦੂਸਰਿਆਂ ਨੂੰ ਪਹਿਲ ਦਿਉ, ਉਨਾਂ ਨੂੰ ਖ਼ੁਸ਼ੀ ਦੇਵੋ। ਫਿਰ ਉਹੀ ਖ਼ੁਸ਼ੀ ਕਈ ਗੁਣਾ ਵਧ ਕੇ ਸਾਨੂੰ ਹਾਸਲ ਹੋਵੇਗੀ।

ਬੰਦੇ ਦੀ ਆਦਤ ਹੈ ਕਿ ਉਹ ਸਦਾ ਦੂਸਰਿਆਂ ਨੂੰ ਬਦਲਣ ਜਾਂ ਆਪਣੇ ਵਰਗਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਜਿੱਦ ਛੱਡ ਦੇਵੋ। ਆਪਣੇ-ਆਪ ਨੂੰ ਬਦਲੋ, ਬਦਲਦੇ ਰਹੋ, ਫਿਰ ਦੇਖਣਾ ਤੁਹਾਡਾ ਵਿਸ਼ਾਦ ਜਾਂ ਤੁਹਾਡੀ ਨਿਰਾਸ਼ਾ ਕਿਵੇਂ ਖੰਭ ਲਾ ਕੇ ਉੱਡ ਜਾਵੇਗੀ। ਮੰਜ਼ਿਲ ਉੱਪਰ ਪਹੁੰਚਣ ਦੀ ਕਾਹਲ ਜਾਂ ਜ਼ਿਦ ਨਾ ਕਰੋ। ਯਾਦ ਰੱਖੋ ਕਿ ਚੱਲਣਾ ਹੀ ਜੀਵਨ ਹੈ। ਨਿਰੰਤਰ ਚਲਦੇ ਰਹੋ।

ਅੰਮ੍ਰਿਤਸਰ ਟਾਈਮਜ਼ AMRITSAR TIMES
24 ਅਗਸਤ 2022 ਤੋਂ 30 ਅਗਸਤ 2022

# ਗੁਰਦੁਆਰਾ ਪ੍ਰਬੰਧ : ਮੌਜੂਦਾ ਸਮੇਂ 'ਚ ਸਾਡੇ ਕਰਨ ਗੋਚਰੇ ਕਾਰਜ

ਗੁਰੂ ਨਾਨਕ ਪਾਤਿਸ਼ਾਹ ਜਿੱਥੇ-ਜਿੱਥੇ ਗਏ, ਸੰਗਤਾਂ ਬਣੀਆਂ। ਸੰਗਤਾਂ ਦੇ ਮਿਲ ਕੇ ਬੈਠਣ ਲਈ ਧਰਮਸਾਲ ਬਣੀ। ਹੌਲੀ-ਹੌਲੀ ਧਰਮਸਾਲ ਭੁੱਖਿਆਂ ਲਈ ਲੰਗਰ, ਰਾਹਗੀਰਾਂ ਲਈ ਵਿਸ਼ਰਾਮ ਦੀ ਥਾਂ, ਪੜਨ ਵਾਲਿਆਂ ਲਈ ਵਿਦਿਆਲਿਆ, ਰੋਗੀਆਂ ਲਈ ਸਫ਼ਾਖ਼ਾਨਾ ਅਤੇ ਲੋੜਵੰਦਾਂ ਲਈ ਕਿਲਾ ਬਣ ਗਈਆਂ। 'ਧਰਮਸਾਲ' ਜਿਸ ਨੂੰ ਹੁਣ ਆਪਾਂ 'ਗੁਰਦੁਆਰਾ' ਕਹਿੰਦੇ ਹਾਂ। 'ਭਾਈ ਕਾਨ ਸਿੰਘ ਨਾਭਾ' ਵੀ 'ਮਹਾਨ ਕੋਸ਼' ਅੰਦਰ ਗੁਰਦੁਆਰਾ ਸਾਹਿਬ ਬਾਬਤ ਲਿਖਦੇ ਹਨ ਕਿ 'ਗੁਰਦੁਆਰਾ ਉਹ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ.. ਸਿੱਖਾਂ ਦਾ ਗੁਰਦੁਆਰਾ ਵਿਦਯਾਰਥੀਆਂ ਲਈ ਸਕੂਲ, ਆਤਮਜਿਗਯਾਸਾ ਵਾਲਿਆਂ ਲਈ ਗਿਯਾਨਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫਾਖਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।'
ਗੁਰਦੁਆਰਾ ਸਿੱਖਾਂ ਦੇ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਜੀਵਨ ਦਾ ਕੇਂਦਰ ਹੈ।
ਗੁਰਦੁਆਰਾ ਪ੍ਰਬੰਧ ਸਿੱਖ ਲਈ ਸਭ ਤੋਂ ਸਿਰਮੌਰ ਜਿੰਮੇਵਾਰੀ ਹੈ। ਇਤਿਹਾਸ ਦੇ ਵੱਖ-ਵੱਖ ਸਮਿਆਂ 'ਚ ਇਹ ਪ੍ਰਬੰਧ ਸਥਾਨਕ ਸੰਗਤਾਂ ਵੇਖਦੀਆਂ ਰਹੀਆਂ ਹਨ, ਸੰਗਤਾਂ ਹੀ ਕਿਸੇ ਗੁਣੀ ਸਖਸ਼ੀਅਤ ਨੂੰ ਇਸ ਪ੍ਰਬੰਧ ਦੀ ਜਿੰਮੇਵਾਰੀ ਦੇ ਦਿੰਦੀਆਂ ਅਤੇ ਜਦੋਂ ਕੋਈ ਪ੍ਰਬੰਧਕ ਗੁਰੂ ਆਸ਼ੇ ਅਨੁਸਾਰ ਨਾ ਚੱਲਦਾ ਤਾਂ ਸੰਗਤਾਂ ਉਸ ਪ੍ਰਬੰਧਕ ਨੂੰ ਬਦਲ ਦਿੰਦੀਆਂ। ਤੀਜੇ ਪਾਤਿਸ਼ਾਹ ਨੇ ਪ੍ਰਚਾਰ ਲਈ 22 ਮੰਜੀਆਂ ਥਾਪੀਆਂ। ਚੌਥੇ ਪਾਤਿਸਾਹ ਨੇ ਇਸੇ ਪੱਖ ਤੋਂ ਹੋਰ ਮਸੰਦਾਂ ਨੂੰ ਜਿੰਮੇਵਾਰੀ ਦਿੱਤੀ। ਇਹ ਮਸੰਦ ਗੁਰ ਉਪਦੇਸ਼ ਦਾ ਪ੍ਰਚਾਰ ਕਰਦੇ ਅਤੇ ਸੰਗਤਾਂ ਦਾ ਦਸਵੰਧ ਗੁਰੂ ਤੱਕ ਪਹੁੰਚਾਇਆ ਕਰਦੇ ਸਨ। ਸਮੇਂ ਦੇ ਗੇੜ ਨਾਲ ਮਸੰਦ ਗੁਰੂ ਤੋਂ ਬੇਮੁੱਖ ਹੋਣ ਲੱਗੇ। ਉਹ ਇਥੋਂ ਤੱਕ ਆ ਗਏ ਕਿ ਉਹਨਾਂ ਨੇ ਨੌਵੇਂ ਪਾਤਿਸਾਹ ਨੂੰ ਹਰਮਿੰਦਰ ਸਾਹਿਬ ਅੰਦਰ ਪ੍ਰਵੇਸ਼ ਨਹੀਂ ਕਰਨ ਦਿੱਤਾ। ਫਿਰ ਸਮਾਂ ਆਇਆ ਤਾਂ ਦਸਵੇਂ ਪਾਤਿਸਾਹ ਨੇ ਮਸੰਦਾਂ ਦਾ ਖ਼ਾਤਮਾ ਕੀਤਾ, ਸਿੱਖ ਸੰਗਤ ਨੂੰ ਇਨਾਂ ਨਾਲ ਨਾ-ਮਿਲਵਰਤਨ ਦੇ ਹੁਕਮ ਕੀਤੇ। ਕਿਸੇ ਵਕਤ ਆਪਣੇ ਹੱਥੀਂ ਥਾਪੇ ਮਸੰਦ ਆਪੇ ਖਤਮ ਕੀਤੇ। ਫਿਰ ਸਮਾਂ ਬੀਤਿਆ, ਸਿੰਘਾਂ ਨੂੰ ਘਰ ਘਾਟ ਛੱਡਣੇ ਪਏ, ਪ੍ਰਬੰਧ ਉਦਾਸੀ ਅਤੇ ਸਹਿਜਧਾਰੀ ਸਿੱਖਾਂ ਨੇ ਸੰਭਾਲਿਆ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਗੁਰੂਘਰਾਂ ਦੇ ਨਾਮ ਜਗੀਰਾਂ ਲੱਗੀਆਂ, ਫਿਰ ਹੌਲੀ-ਹੌਲੀ ਸਭ ਕੁਝ ਹੋਰ ਪਾਸੇ ਨੂੰ ਤੁਰਨ ਲੱਗਿਆ। ਫਿਰ ਵੀ ਕਾਫੀ ਚਿਰ ਸਥਾਨਕ ਸੰਗਤ ਦੇ ਡਰੋਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਜਿਨਾਂ ਨੂੰ ਪੁਜਾਰੀ ਜਾਂ ਮਹੰਤ ਵੀ ਕਿਹਾ ਜਾਂਦਾ ਸੀ, ਆਪਣੇ ਆਚਰਣ ਅਤੇ ਰਹਿਣੀ ਬਹਿਣੀ ਨੂੰ ਠੀਕ ਰੱਖਦੇ ਸਨ। ਪਰ ਅੰਗਰੇਜਾਂ ਦੇ ਆਉਣ ਨਾਲ ਹਲਾਤ ਹੋਰ ਬਦਲ ਗਏ। ਗੁਰਦੁਆਰਿਆਂ ਦੇ ਪ੍ਰਬੰਧਾਂ ਵਾਸਤੇ ਸਰਕਾਰ ਸਰਬਰਾਹ ਨੀਯਤ ਕਰਦੀ ਸੀ ਅਤੇ ਉਹ ਸਰਕਾਰ ਦੀ ਮਰਜੀ ਨਾਲ ਚੱਲਦਾ ਸੀ। ਮਹੰਤ ਅਤੇ ਪੁਜਾਰੀ ਸਿੱਖ ਸੰਗਤ ਤੋਂ ਆਕੀ ਹੋ ਗਏ।
ਸਮੇਂ ਨੇ ਫਿਰ ਗੇੜ ਖਾਧਾ, ਜਾਗ੍ਰਿਤੀ ਆਈ, ਸਿੰਘ ਸਭਾ ਲਹਿਰ ਹੋਂਦ 'ਚ ਆਈ ਅਤੇ ਖਾਲਸਾ ਦੀਵਾਨ ਬਣੇ। ਸੰਗਤ ਲੋੜੀਂਦੇ ਸੁਧਾਰ ਕਰਨ ਲਈ ਤਤਪਰ ਹੋ ਗਈ। ਸੰਗਤ ਨੇ ਆਪ ਹੀ ਹੰਭਲੇ ਮਾਰੇ, ਦੀਵਾਨ ਲਾਏ ਅਤੇ ਪ੍ਰਚਾਰ ਕੀਤਾ। ਸੰਗਤ ਨੇ ਸੰਘਰਸ਼ ਕੀਤਾ, ਲਗਾਤਾਰ ਜੂਝਦੇ ਰਹੇ, ਸ਼ਹਾਦਤਾਂ ਵੀ ਹੋਈਆਂ, ਗੁਰੂ ਪਾਤਿਸ਼ਾਹ ਦੀ ਮਿਹਰ ਅਤੇ ਸੰਗਤ ਦੇ ਉੱਦਮਾਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਾਇਤਾ ਵਾਸਤੇ, ਉਸ ਦੇ ਫੈਸਲਿਆਂ ਅਤੇ ਹੁਕਮਾਂ ਨੂੰ ਵਰਤੋਂ ਵਿੱਚ ਲਿਆਉਣ, ਉਨਾਂ ਅਨੁਸਾਰ ਕਾਰਵਾਈ ਕਰਨ/ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਬਣਾਇਆ ਗਿਆ। ਇਹਨਾਂ ਕਾਰਜਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਧਰਮ ਪ੍ਰਚਾਰ ਅਤੇ ਸਮਾਜ ਸੁਧਾਰ ਦੇ ਕਾਰਜ ਵੀ ਕਰਦਾ ਰਿਹਾ। ਬਾਅਦ ਵਿੱਚ ਇਹ ਰਾਜਨੀਤਕ ਮਾਮਲਿਆਂ ਵੱਲ ਨੂੰ ਜਾਂਦਾ-ਜਾਂਦਾ ਅੰਤ ਸਮਾਂ ਪਾ ਕੇ ਨਿਰੋਲ ਰਾਜਸੀ ਪਾਰਟੀ ਬਣ ਕੇ ਰਹਿ ਗਿਆ।
ਗੁਰੂ ਦੀ ਬਖਸ਼ਿਸ਼ ਦਾ ਪਾਤਰ ਓਹੀ ਬਣਦਾ ਹੈ ਜਿਹੜਾ ਗੁਰੂ ਦੇ ਦੱਸੇ ਰਾਹ 'ਤੇ ਚੱਲਦਾ ਹੈ। ਅੱਜ ਇੱਕ ਸਦੀ ਬਾਅਦ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਬਣਦੀ ਜਿੰਮੇਵਾਰੀ ਨਹੀਂ ਨਿਭਾਅ ਰਹੀ ਤਾਂ ਮੌਜੂਦਾ ਸਮੇਂ 'ਚ ਵਿਚਰ ਰਹੇ ਜੀਆਂ 'ਤੇ ਇਹ ਜਿੰਮੇਵਾਰੀ ਆਇਦ ਹੈ ਕਿ ਉਹ ਮੌਜੂਦਾ ਪ੍ਰਬੰਧ ਨੂੰ ਲੋੜ ਅਨੁਸਾਰ ਸੋਧ ਕੇ ਆਪਣੀ ਰਵਾਇਤ ਅਨੁਸਾਰ ਕਰਨ ਲਈ ਯਤਨਸ਼ੀਲ ਹੋਣ।
ਹੁਣ ਜਿਸ ਸਥਿਤੀ 'ਚ ਆਪਾਂ ਹਾਂ, ਇੱਥੇ ਸਾਡੇ ਲਈ ਦੋ ਬਹੁਤ ਅਹਿਮ ਜਿੰਮੇਵਾਰੀਆਂ ਹਨ। ਪਹਿਲੀ ਇਹ ਕਿ ਜੋ ਗੁਰਦੁਆਰਾ ਸਾਹਿਬ ਦੀ ਪਰਿਭਾਸ਼ਾ ਆਪਾਂ ਸ਼ੁਰੂ ਵਿੱਚ ਵਿਚਾਰੀ ਹੈ, ਕੀ ਸਾਡੇ ਗੁਰਦੁਆਰਿਆਂ ਵਿੱਚ ਉਹ ਸਭ ਕੁਝ ਕਾਰਜਸ਼ੀਲ ਹੈ ਜਾਂ ਇੱਕ-ਇੱਕ ਕਰਕੇ ਮਨਫ਼ੀ ਹੋ ਗਿਆ ਹੈ। ਜੇਕਰ ਨਹੀਂ ਹੈ, ਤਾਂ ਇਹ ਸਾਡੇ ਮੁੱਢਲੇ ਕਾਰਜਾਂ ਅਤੇ ਜਿੰਮੇਵਾਰੀਆਂ 'ਚੋਂ ਇੱਕ ਹੈ ਕਿ ਅਸੀਂ ਜਿੱਥੇ ਵੀ ਸੰਭਵ ਹੋਵੇ ਉੱਥੇ ਆਪਣੇ ਗੁਰਦੁਆਰੇ ਦਾ ਅਸਲ ਪ੍ਰਬੰਧ ਮੁੜ ਸੁਰਜੀਤ ਕਰੀਏ।
ਦੂਸਰੀ ਜਿੰਮੇਵਾਰੀ ਸਾਡੇ 'ਤੇ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧਕ ਉੱਚੇ-ਸੁੱਚੇ ਗੁਣਾਂ ਦੇ ਧਾਰਨੀ ਹੋਵਣ। ਗੁਰਦੁਆਰਿਆਂ ਦਾ ਪ੍ਰਬੰਧ ਸਾਡੀ ਪੰਥਕ ਰਵਾਇਤ ਅਨੁਸਾਰ ਚੱਲੇ। ਮੌਜੂਦਾ ਸਮੇਂ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਪ੍ਰਬੰਧਕ ਵੋਟਾਂ ਰਾਹੀਂ ਚੁਣੇ ਜਾਂਦੇ ਹਨ ਜੋ ਕਿ ਸਾਡਾ ਤਰੀਕਾ ਨਹੀਂ ਹੈ। ਗੁਰੂ ਖਾਲਸਾ ਪੰਥ ਵਿੱਚ ਸ੍ਰੀ ਗੁਰੂ ਨਾਨਕ ਸੱਚੇ ਪਾਤਿਸ਼ਾਹ ਹਜੂਰ ਦੇ ਸਮੇਂ ਤੋਂ ਹੀ ਆਗੂ ਚੁਣਨ ਦੀ ਰਵਾਇਤ ਗੁਣ ਅਧਾਰਤ ਰਹੀ ਹੈ। ਇਹ ਵੀ ਹਕੀਕਤ ਹੈ ਕਿ ਹੁਣ ਵੋਟਾਂ ਵਾਲੇ ਪ੍ਰਬੰਧ ਨੂੰ ਇਕਦਮ ਖਤਮ ਨਹੀਂ ਕੀਤਾ ਜਾ ਸਕਦਾ ਪਰ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜੋ ਤਰੀਕਾ ਗੁਰੂ ਦਾ ਹੈ ਉਹ ਹਰ ਹਾਲ, ਹਰ ਹਲਾਤ ਵਿੱਚ ਲਾਗੂ ਹੋਣ ਦੀ ਸਮਰੱਥਾ ਰੱਖਦਾ ਹੈ। ਸਾਨੂੰ ਸ਼ੁਰੂਆਤੀ ਤੌਰ 'ਤੇ ਘੱਟੋ-ਘੱਟ ਆਪਣੇ ਫੈਸਲੇ ਪੰਥਕ ਰਵਾਇਤ ਅਨੁਸਾਰ 'ਗੁਰਮਤਾ' ਰਾਹੀਂ ਕਰਨ ਦੇ ਰਾਹ ਵੱਲ ਪਰਤਣਾ ਚਾਹੀਦਾ ਹੈ, ਇੱਥੋਂ ਹੀ ਅਗਲੇ ਸਾਰੇ ਰਾਹ ਨਿਕਲਣੇ ਹਨ। ਹੁਣ ਦੀ ਸਥਿਤੀ ਵਿੱਚ ਜੇਕਰ ਕੁਝ ਹੋਰ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਇਸ ਰਾਹ ਵੱਲ ਨੂੰ ਮੁੜਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਕਤ ਅਸੀਂ ਆਪਣੇ ਉਮੀਦਵਾਰ ਦੀ ਚੋਣ ਜਰੂਰ 'ਗੁਰਮਤਾ' ਕਰਕੇ ਕਰਨ ਦੇ ਰਾਹ ਪਈਏ। ਸੰਗਤ ਆਪਣੇ ਹਲਕੇ ਵਿਚੋਂ ਗੁਰਮਤਾ ਕਰਕੇ ਯੋਗ ਉਮੀਦਵਾਰ ਨੂੰ ਇਸ ਪ੍ਰਬੰਧ ਲਈ ਚੁਣੇ।
ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੀਯਤ ਕੀਤੇ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ ਕਾਬਜ ਹੈ ਜੋ ਇੱਕ ਨਿਰੋਲ ਸਿਆਸੀ ਪਾਰਟੀ ਹੈ। ਕੱਲ ਨੂੰ ਵੋਟ ਸਿਆਸਤ ਵਿੱਚ ਸਰਗਰਮ ਹੋਰ ਧਿਰਾਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ ਹੋ ਸਕਦੀਆਂ ਹਨ, ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਉਨਾਂ ਵੱਲੋਂ ਨੀਯਤ ਕੀਤੇ ਜਾਇਆ ਕਰਨਗੇ। ਜੋ ਕਿ ਬਿਲਕੁਲ ਪੁੱਠਾ ਰਾਹ ਹੈ, ਇਹ ਰਾਹ ਸਾਨੂੰ ਦਿਨ ਪਰ ਦਿਨ ਹੋਰ ਨਿਗਾਰ ਵੱਲ ਲੈ ਕੇ ਜਾਵੇਗਾ। ਇਸ ਵਿੱਚੋਂ ਨਿਕਲਣ ਲਈ ਸੰਗਤ ਦੀ ਜਿੰਮੇਵਾਰੀ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਨੂੰ ਵੋਟ ਸਿਆਸਤ ਤੋਂ ਮੁਕਤ ਕਰਵਾਉਣ ਲਈ ਉੱਦਮ ਕਰੇ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਉਸ ਜਥੇ ਕੋਲ ਹੋਣ ਚਾਹੀਦਾ ਹੈ ਜੋ ਨਿਸ਼ਕਾਮ ਸੰਘਰਸ਼ ਕਰੇ, ਜਿਹੜਾ ਸਾਰੀਆਂ ਵੋਟ-ਸਿਆਸਤ ਵਾਲੀਆਂ ਧਿਰਾਂ ਤੋਂ ਅਜ਼ਾਦ ਵਿਚਰਦਾ ਹੋਵੇ। ਗੁਰੂ ਪਾਤਿਸ਼ਾਹ ਮਿਹਰ ਕਰਨ ਅਸੀਂ ਆਪਣੀ ਸਭ ਤੋਂ ਸਿਰਮੌਰ ਜਿੰਮੇਵਾਰੀ ਗੁਰੂ ਦੇ ਅਦਬ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਪੰਥਕ ਰਵਾਇਤ ਅਨੁਸਾਰ ਯਤਨਸ਼ੀਲ ਹੋ ਸਕੀਏ।

# ਯੂਨਾਨੀ ਸਭਿਅਤਾ ਤੇ ਮਨੂਵਾਦੀ ਸਭਿਅਤਾ ਦੀ ਦਾਰਸ਼ਨਿਕਤਾ 'ਚ ਕੋਈ ਬਹੁਤਾ ਅੰਤਰ ਨਹੀਂ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

ਯੂਨਾਨੀ ਸਭਿਅਤਾ ਤੇ ਮਨੂਵਾਦੀ ਸਭਿਅਤਾ ਦੀ ਦਾਰਸ਼ਨਿਕਤਾ ਵਿਚ ਕੋਈ ਬਹੁਤਾ ਅੰਤਰ ਨਹੀਂ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਵੀ ਗੁਲਾਮੀ ਨੂੰ ਪ੍ਰਵਾਨ ਨਹੀਂ ਕੀਤਾ। ਗੁਰਬਾਣੀ ਵਿਚ ਮਾਲਕ ਜਾਂ ਬਾਪ ਅਕਾਲ ਪੁਰਖ ਨੂੰ ਕਿਹਾ।ਮਨੁੱਖ ਨੂੰ ਦਾਸ ਤੇ ਸਮੁੱਚੀ ਖਲਕਤ ਨੂੰ ਸਚੇ ਪਾਤਸ਼ਾਹ ਦੀ ਪਰਜਾ। ਇਹ ਗੱਲ ਸਾਡੇ ਪ੍ਰਚਾਰਕਾਂ ਨੇ ਨਹੀਂ ਸਮਝਾਈ। ਪਰ ਗੁਰੂ ਨੇ ਅਜਿਹਾ ਵਿਚਾਰ ਤੇ ਨਰੇਟਿਵ ਸਿਰਜਕੇ ਅਜ਼ਾਦ ਮਨੁੱਖ ਸਾਂਝਾ ਸਮਾਜ ਤੇ ਅਜ਼ਾਦ ਰਾਜ ਦਾ ਪ੍ਰਗਟਾਵਾ ਕੀਤਾ ਹੈ।ਗੁਰੂ ਗ੍ਰੰਥ ਸਾਹਿਬ ਹਰੇਕ ਗੁਲਾਮੀ ਤੇ ਦਾਸ ਪ੍ਰਥਾ ਦੇ ਵਿਰੁਧ ਹਨ। ਅਰਸਤੂ ਦੇ ਅਨੁਸਾਰ, ਨਗਰ ਰਾਜਾਂ ਦੇ ਸਰਵਪੱਖੀ ਵਿਕਾਸ ਲਈ ਗੁਲਾਮੀ ਬਹੁਤ ਜ਼ਰੂਰੀ ਹੈ। ਉਸ ਵੇਲੇ ਦੇ ਯੂਨਾਨੀ ਸਮਾਜ ਵਿੱਚ ਗੁਲਾਮਾਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਸੀ। ਗੁਲਾਮਾਂ ਨੂੰ ਉਸ ਸਮੇਂ ਦੇ ਯੂਨਾਨੀ ਸਮਾਜ ਦਾ ਇਕ ਮਹੱਤਵਪੂਰਣ ਹਿੱਸਾ ਮੰਨਿਆ ਜਾਂਦਾ ਸੀ, ਜਿਨਾਂ ਨੇ ਕੁਲੀਨ ਲੋਕਾਂ ਦੇ ਹਿੱਤ ਵਿਚ ਸਖਤ ਮਿਹਨਤ ਕੀਤੀ। ਗੁਲਾਮਾਂ ਦੀ ਵਿਸ਼ਾਲ ਫੌਜ ਨੂੰ ਇੱਕ ਰਾਸ਼ਟਰੀ ਸੰਪਤੀ ਮੰਨਿਆ ਜਾਂਦਾ ਸੀ। ਇਸ ਅਣਮਨੁੱਖੀ ਪ੍ਰਥਾ ਦੇ ਵਿਰੁੱਧ ਸੋਫਿਸਟ ਵਿਦਵਾਨਾਂ ਨੇ ਸਭ ਤੋਂ ਪਹਿਲਾਂ ਗ੍ਰੀਸ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ। ਸੋਫੀਸਟਾਂ ਨੇ ਕਿਹਾ ਕਿ 'ਆਦਮੀ ਜਨਮ ਤੋਂ ਆਜ਼ਾਦ ਹੁੰਦਾ ਹੈ,' ਸਾਰੇ ਮਨੁੱਖ ਬਰਾਬਰ ਹਨ ਅਤੇ ਇਸ ਲਈ ਸਮਾਜ ਵਲੋਂ ਗੁਲਾਮੀ ਦਾ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ। ਪਰ ਅਰਸਤੂ ਵਰਗੇ ਵਿਦਵਾਨਾਂ ਨੇ ਸੋਫੀਸਟ ਚਿੰਤਕਾਂ ਦਾ ਵਿਰੋਧ ਕਰਦਿਆਂ ਇਸ ਨੂੰ ਯੂਨਾਨ ਦੀ ਸਭਿਅਤਾ ਦੀ ਉੱਨਤੀ ਲਈ ਜ਼ਰੂਰੀ ਦੱਸਿਆ।ਉਸਨੇ ਇਸ ਨੂੰ ਕੁਦਰਤੀ, ਉਪਯੋਗੀ ਅਤੇ ਸਮਾਜ ਦੇ ਵਿਕਾਸ ਲਈ ਜਾਇਜ਼ ਠਹਿਰਾਇਆ।

## ਗੁਲਾਮ ਕੌਣ ਹੈ ?

ਅਰਸਤੂ ਆਪਣੀ ਕਿਤਾਬ ਪਾਲੀਟਿਕਸ ਵਿਚ ਗੁਲਾਮਾਂ ਨੂੰ ਪਰਿਵਾਰਕ ਜਾਇਦਾਦ ਦੇ ਹਿੱਸੇ ਵਜੋਂ ਦੱਸਦਾ ਹੈ। ਕੌਣ ਗੁਲਾਮ ਹੈ? ਇਸ ਦੇ ਸੰਬੰਧ ਵਿਚ, ਅਰਸਤੂ ਕਹਿੰਦਾ ਹੈ ਕਿ 'ਉਹ ਵਿਅਕਤੀ ਜੋ ਕੁਦਰਤੀ ਤੌਰ 'ਤੇ ਆਪਣੇ ਵਿਚੋਂ ਨਹੀਂ ਬਲਕਿ ਦੂਸਰੀ ਜਮਾਤ, ਨਸਲ ਦਾ ਹੈ, ਹੋਰ ਹੈ। ਪਰ ਫਿਰ ਵੀ ਆਦਮੀ ਹੈ, ਕੁਦਰਤੀ ਤੌਰ 'ਤੇ ਗੁਲਾਮ ਹੈ। 'ਅਰਸਤੂ ਮੰਨਦਾ ਹੈ ਕਿ ਇੱਕ ਗੁਲਾਮ ਆਪਣੇ ਸੁਭਾਅ ਪਖੋਂ ਆਪਣੇ ਮਾਲਕ ਦੀ ਸੰਪਤੀ ਹੁੰਦਾ ਹੈ ਅਤੇ ਇੱਕ ਸੰਪਤੀ ਹੋਣ ਕਰਕੇ, ਗੁਲਾਮ ਦਾ ਆਪਣੇ ਤੇ ਕੋਈ ਅਧਿਕਾਰ ਨਹੀਂ ਹੁੰਦਾ। ਉਹ ਦਲੀਲ ਦਿੰਦਾ ਹੈ ਕਿ ਕਿਸੇ ਵੀ ਜਾਇਦਾਦ ਦਾ ਇਹ ਮਾਲਕ ਨਹੀਂ ਹੁੰਦਾ, ਪਰ ਹਰ ਜਾਇਦਾਦ ਉਪਰ ਹਮੇਸ਼ਾਂ ਮਾਲਕ ਦਾ ਅਧਿਕਾਰ ਹੁੰਦਾ ਹੈ।
ਅਰਸਤੂ ਦਾਸ ਨੂੰ ਇੱਕ ਜੀਵੰਤ ਜਾਇਦਾਦ ਮੰਨਦਾ ਹੈ ਅਤੇ ਉਸਨੂੰ ਜਾਨਵਰਾਂ ਦੇ ਤੁਲ ਨਿਵਾਜਦਾ ਹੈ। ਦਾਸ ਦਾ ਵਾਜੂਦ ਸਿਰਫ ਆਪਣੇ ਮਾਲਕ ਲਈ ਹੁੰਦਾ ਹੈ।
ਅਰਸਤੂ ਵਲੋਂ ਗੁਲਾਮੀ ਦਾ ਸਮਰਥਨ
1) ਗੁਲਾਮੀ ਕੁਦਰਤੀ ਹੈ- ਅਰਸਤੂ ਦੇ ਅਨੁਸਾਰ ਗੁਲਾਮੀ ਕੁਦਰਤ ਦੀ ਦਾਤ ਹੈ। ਅਰਸਤੂ ਕਹਿੰਦਾ ਹੈ ਕਿ ਕੁਝ ਵਿਅਕਤੀ ਰਾਜ ਕਰਨ ਲਈ ਪੈਦਾ ਹੋਏ ਹਨ, ਜਦਕਿ ਕੁਝ ਸਤਾ ਦੀ ਸੇਵਾ ਕਰਨ ਲਈ। ਉਹ ਵਿਅਕਤੀ ਜਿਨਾਂ ਨੂੰ ਕੁਦਰਤ ਵਿਵੇਕ ਤੇ ਸੋਝੀ ਦੇਂਦੀ ਹੈ ਉਹ ਹਾਕਮ ਹੁੰਦੇ ਹਨ ਅਤੇ ਉਹ ਜਿਹੜੇ ਕੇਵਲ ਸਰੀਰਕ ਤੌਰ 'ਤੇ ਤਾਕਤਵਾਰ ਹੁੰਦੇ ਹਨ ਅਤੇ ਜਿਨਾਂ ਕੋਲ ਦੂਜਿਆਂ ਦੀ ਸ਼ਕਤੀ ਤੇ ਨੀਤੀ ਨੂੰ ਸਮਝਣ ਦਾ ਗੁਣ ਹੁੰਦਾ ਹੈ ਉਹ ਰਾਜ ਕਰਦੇ ਹਨ। ਅਰਸਤੂ ਮੰਨਦਾ ਹੈ ਕਿ ਕੁਦਰਤ ਦੇ ਨਿਯਮ ਦੇ ਅਨੁਸਾਰ ਉੱਤਮ ਹਮੇਸ਼ਾ ਕਮਜੋਰ ਉੱਤੇ ਰਾਜ ਕਰਦਾ ਹੈ। ਇਹ ਕੁਦਰਤ ਦਾ ਨਿਯਮ ਹੈ ਕਿ ਉੱਤਮ ਰਾਜ ਦਾ ਪ੍ਰਬੰਧ ਕਰਦਾ ਹੈ। ਇਸ ਲਈ, ਗੁਲਾਮੀ ਕੁਦਰਤੀ ਹੈ ਕਿਉਂਕਿ ਇਹ ਕੁਦਰਤ ਦੇ ਨਿਯਮਾਂ 'ਤੇ ਆਧਾਰਿਤ ਹੈ।
2) ਗੁਲਾਮੀ ਸਵਾਮੀ ਲਈ ਲਾਭਕਾਰੀ ਹੈ- ਅਰਸਤੂ ਮੰਨਦਾ ਹੈ ਕਿ ਸਵਾਮੀ ਦੇ ਕਾਰਜ ਦਾ ਖੇਤਰ ਨਗਰ ਰਾਜ ਦੀ ਰਾਜਨੀਤੀ ਹੈ। ਸਵਾਮੀ ਸ਼ਹਿਰ ਦੇ ਰਾਜ ਕਾਰਜਾਂ ਵਿਚ ਹਿੱਸਾ ਲੈ ਕੇ ਆਪਣੀ ਨੈਤਿਕ ਉੱਨਤੀ ਕਰਦਾ ਹੈ। ਮਾਲਕ ਨੂੰ ਇਸ ਕੰਮ ਲਈ ਛੁੱਟੀ ਚਾਹੀਦੀ ਹੈ। ਇਹ ਛੁੱਟੀ ਸਿਰਫ ਤਾਂ ਹੀ ਸੰਭਵ ਹੈ ਜਦੋਂ ਨੌਕਰ ਉਸ ਲਈ ਘਰ ਦਾ ਕੰਮ ਕਰੇ। ਅਰਸਤੂ ਦੇ ਅਨੁਸਾਰ, ਮਨੋਰੰਜਨ ਦਾ ਅਰਥ ਉਹ ਕੰਮ ਹੁੰਦੇ



ਹਨ ਜਿਸ ਦੁਆਰਾ ਮਾਲਕ ਆਪਣੀਆਂ ਸਿਵਲ ਜ਼ਿੰਮੇਵਾਰੀਆਂ ਨਿਭਾ ਸਕਦਾ ਹੈ।ਇਸ ਵਿੱਚ ਸ਼ਾਸਨ, ਜਨਤਕ ਸੇਵਾ, ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ, ਨਾਗਰਿਕਾਂ ਨਾਲ ਸਮਾਜਿਕ ਸੰਬੰਧ ਆਦਿ ਸ਼ਾਮਲ ਹਨ। ਕੇਵਲ ਇਹ ਕਾਰਜ ਕਰਨ ਨਾਲ ਹੀ ਵਿਅਕਤੀ ਨਾਗਰਿਕ ਬਣ ਜਾਂਦਾ ਹੈ। ਅਰਸਤੂ ਨਾਗਰਿਕਤਾ ਲਈ ਛੁੱਟੀ ਨੂੰ ਜ਼ਰੂਰੀ ਮੰਨਦਾ ਹੈ ਅਤੇ ਛੁੱਟੀ ਲਈ ਗੁਲਾਮ ਨੂੰ।
3) ਗੁਲਾਮੀ ਗੁਲਾਮਾਂ ਲਈ ਫਾਇਦੇਮੰਦ ਹੁੰਦੀ ਹੈ - ਜਿਵੇਂ ਗੁਲਾਮ ਪ੍ਰਥਾ ਮਾਲਕਾਂ ਲਈ ਵੀ ਲਾਭਕਾਰੀ ਹੁੰਦੀ ਹੈ। ਗੁਲਾਮਾਂ ਵਿੱਚ ਲੋਭ ਜਾਂ ਵਧੇਰੇ ਲਾਲਸਾ ਕਾਰਨ ਨੈਤਿਕ ਗੁਣਾਂ ਦੀ ਘਾਟ ਹੁੰਦੀ ਹੈ।ਇਸਦੇ ਉਲਟ, ਮਾਲਕ ਬੌਧਿਕ ਪੱਧਰ 'ਤੇ ਉੱਤਮ ਹੁੰਦਾ ਹੈ।
4) ਗੁਲਾਮ ਉਹ ਸਾਰੇ ਗੁਣ ਸਿੱਖ ਸਕਦਾ ਹੈ ਜੋ ਉਸ ਦੇ ਮਾਲਕ ਦੇ ਨਾਲ ਰਹਿੰਦੇ ਹੋਏ ਕੁਦਰਤ ਨੇ ਉਸਨੂੰ ਨਹੀਂ ਦਿੱਤੇ ਹਨ। ਜਿਸ ਤਰਾਂ ਪਸ਼ੂ ਵੀ ਘਰ ਵਿਚ ਰਹਿ ਕੇ ਅਨੁਸ਼ਾਸਨ ਵਿਚ ਰਹਿਣਾ ਸਿੱਖਦਾ ਹੈ, ਦਾਸ ਲਈ ਅਜਿਹਾ ਕਰਨਾ ਮੁਸ਼ਕਲ ਨਹੀਂ ਹੁੰਦਾ ਕਿਉਂਕਿ ਗੁਲਾਮ ਮਾਲਕ ਦੀ ਸੋਝੀ ਨੂੰ ਸਮਝਣ ਦੀ ਯੋਗਤਾ ਰੱਖਦਾ ਹੈ। ਇਸ ਤਰਾਂ ਗੁਲਾਮੀ ਲਾਭਦਾਇਕ ਅਤੇ ਨਿਆਂਕਾਰੀ ਵੀ ਹੈ।
5) ਗੁਲਾਮੀ ਨੈਤਿਕ ਹੈ-ਅਰਸਤੂ ਨੇ ਆਪਣੇ ਸਿਧਾਂਤ ਵਿੱਚ ਗੁਲਾਮੀ ਨੂੰ ਨੈਤਿਕ ਰੂਪ ਦਿਤਾ ਹੈ। ਉਹ ਗੁਲਾਮੀ ਨੂੰ ਆਤਮਿਕ ਮੰਨਦਾ ਹੈ ਕਿਉਂਕਿ ਰੂਹ ਸਰੀਰ ਨੂੰ ਕੰਟਰੋਲ ਕਰਦੀ ਹੈ। ਇਸ ਤਰਾਂ ਸਰੀਰ ਦਾ ਆਤਮਕ ਵਿਕਾਸ ਹੁੰਦਾ ਹੈ। ਅਰਸਤੂ ਮੰਨਦਾ ਹੈ ਕਿ ਮਾਲਕ ਦੇ ਕੰਮ ਮਾਲਕ ਦੇ ਹੁਕਮਾਂ ਵਿਚ ਰੁਝੇ ਰਹਿਣ ਨਾਲ ਹੀ ਗੁਲਾਮ ਦੀ ਨੈਤਿਕਤਾ ਵਿਕਸਤ ਹੁੰਦੀ ਹੈ। ਦੂਜੇ ਪਾਸੇ, ਮਾਲਕ ਘਰੇਲੂ ਕਾਰਜ ਤੋਂ ਨਿਸ਼ਚਿੰਤ ਹੋ ਕੇ ਆਪਣੀ ਤਰੱਕੀ ਵੀ ਕਰ ਸਕਦਾ ਹੈ। ਇਸ ਤਰਾਂ ਗੁਲਾਮ ਨੈਤਿਕ ਤਰੱਕੀ ਦਾ ਇੱਕ ਮਾਪ ਹੈ।
6) ਗੁਲਾਮ ਸਰੀਰ ਦੀ ਬਣਤਰ ਤੋਂ ਸੁਤੰਤਰ ਲੋਕਾਂ ਨਾਲੋਂ ਭਿੰਨ ਹੈ - ਅਰਸਤੂ ਦੇ ਅਨੁਸਾਰ, ਨੌਕਰ ਦੀ ਪਛਾਣ ਸਿਰਫ ਸਰੀਰ ਦੀ ਬਣਤਰ ਤੋਂ ਕੀਤੀ ਜਾ ਸਕਦੀ ਹੈ।ਉਸਦੇ ਸਰੀਰ ਅਤੇ ਸੁਤੰਤਰ ਵਿਅਕਤੀ ਅਰਥਾਤ ਮਾਲਕ ਦੇ ਸਰੀਰ ਵਿਚ ਅਕਸਰ ਏਨਾ ਫਰਕ ਹੁੰਦਾ ਹੈ, ਜਿੰਨਾ ਕਿ ਦੇਵਤੇ ਦੀ ਮੂਰਤੀ ਅਤੇ ਮਨੁੱਖੀ ਸਰੀਰ ਵਿਚ ਅੰਤਰ ਹੁੰਦਾ ਹੈ। ਜਦੋਂ ਸਰੀਰ ਵਿਚ ਹੀ ਇਸ ਤਰਾਂ ਦਾ ਅੰਤਰ ਹੁੰਦਾ ਹੈ, ਤਾਂ ਆਤਮਾ ਵਿਚ ਵੀ ਏਨਾ ਅੰਤਰ ਹੋਣਾ ਕੁਦਰਤੀ ਹੈ ।ਹਾਲਾਂ ਕਿ ਆਤਮਾ ਦਾ ਅੰਤਰ ਸਪੱਸ਼ਟ ਰੂਪ ਵਿੱਚ ਦਿਖਾਈ ਨਹੀਂ ਦਿੰਦਾ, ਜਿੰਨਾ ਸਰੀਰ ਦਾ ਅੰਤਰ ਦਿਖਾਈ ਦਿੰਦਾ ਹੈ।ਕੁਦਰਤ ਮਾਲਕ ਦੀ ਸੇਵਾ ਲਈ ਦਾਸ ਦੀ ਦੇਹ ਨੂੰ ਮਜ਼ਬੂਤ ਬਣਾਉਂਦੀ ਹੈ, ਜਦਕਿ ਮਾਲਕ ਦੀ ਦੇਹ ਨੂੰ ਸਾਦਾ ਅਤੇ ਸਿੱਧਾ ਬਣਾਉਂਦੀ ਹੈ। ਇਸ ਤਰਾਂ ਅਸਧਾਰਨ ਤੇ ਮਜਬੂਤ ਸਰੀਰ ਵਾਲੇ ਕਿਸੇ ਨੂੰ ਗੁਲਾਮ ਸਮਝਣਾ ਨਿਆਂ ਪੂਰਨ ਹੈ।

**ਅਰਸਤੂ ਨੇ ਦੋ ਕਿਸਮ ਦੀ ਗੁਲਾਮੀ ਦੱਸੀ ਹੈ :-**

1) ਕੁਦਰਤੀ ਗੁਲਾਮੀ - ਉਹ ਵਿਅਕਤੀ ਜੋ ਜਨਮ ਤੋਂ ਵਾਂਝੇ, ਅਕਲਮੰਦ ਅਤੇ ਅਯੋਗ ਹਨ ਕੁਦਰਤੀ ਜਾਂ ਸੁਭਾਵਿਕ ਗੁਲਾਮ ਹਨ। ਇਹ ਵਿਅਕਤੀ ਕੁਦਰਤ ਦੁਆਰਾ ਰਾਜੇ ਦੀ ਸੇਵਾ ਲਈ ਬਣਾਏ ਜਾਂਦੇ ਹਨ।
2) ਕਾਨੂੰਨੀ ਗੁਲਾਮੀ- ਇਸ ਵਿੱਚ ਉਹ ਲੋਕ ਸ਼ਾਮਲ ਹਨ ਜੋ ਲੜਾਈ ਵਿੱਚ ਹਾਰ ਕੇ ਗੁਲਾਮ ਬਣ ਗਏ ਸਨ । ਇਸ ਗੁਲਾਮੀ ਨੂੰ ਵਿਧਾਨਿਕ ਗੁਲਾਮੀ ਕਿਹਾ ਜਾਂਦਾ ਹੈ।ਲੜਾਈ ਵਿਚ ਹਾਰਨ ਨਾਲ ਕੋਈ ਵੀ ਵਿਅਕਤੀ ਗੁਲਾਮ ਬਣ ਸਕਦਾ ਹੈ।ਪਰ ਅਰਸਤੂ ਦੇ ਅਨੁਸਾਰ, ਯੂਨਾਨੀਆਂ ਨੂੰ ਗ਼ੁਲਾਮ ਨਹੀਂ ਬਣਾਇਆ ਜਾ ਸਕਦਾ ਭਾਵੇਂ ਉਹ ਲੜਾਈ ਵਿੱਚ ਹਾਰ ਜਾਂਦੇ ਹਨ, ਕਿਉਂਕਿ ਇੱਕ ਯੁੱਧ ਵਿੱਚ ਜੇਤੂ ਸ਼ਕਤੀਸ਼ਾਲੀ ਹੋ ਸਕਦਾ ਹੈ, ਪਰ ਜ਼ਰੂਰੀ ਨਹੀਂ ਕਿ ਉਹ ਨਿਆਂਕਾਰੀ ਹੋਵੇ।

## ਗੁਲਾਮੀ ਵਿੱਚ ਸੁਧਾਰ ਲਈ ਫਾਰਮੂਲਾ

ਅਰਸਤੂ ਨੇ ਗੁਲਾਮੀ ਦੀ ਹਮਾਇਤ ਕੀਤੀ ਹੈ, ਪਰ ਉਹ ਗੁਲਾਮਾਂ ਪ੍ਰਤੀ ਕਿਸੇ ਵੀ ਅਣਮਨੁੱਖੀ ਵਿਵਹਾਰ ਦੀ ਨਿੰਦਾ ਕਰਦਾ ਹੈ। ਅਰਸਤੂ ਨੇ ਲਿਖਿਆ ਕਿ ਕੋਈ ਗੁਲਾਮ ਨਾ ਵੇਚਿਆ ਜਾਵੇ, ਉਨਾਂ ਨੂੰ ਰਿਹਾਅ ਕੀਤਾ ਜਾਵੇ। ਉਸਨੇ ਗੁਲਾਮਾਂ ਪ੍ਰਤੀ ਮਨੁੱਖੀ ਵਿਹਾਰ ਦੇ ਕੁਝ ਸਰੋਤ ਦਿੱਤੇ ਹਨ ਤਾਂ ਜੋ ਉਹ ਸਮਾਜ ਦੀ ਨਿਰੰਤਰ ਧਾਰਾ ਨਾਲ ਜੁੜੇ ਰਹਿਣ। ਅਰਸਤੂ ਗੁਲਾਮਾਂ ਪ੍ਰਤੀ ਮਨੁੱਖੀ ਵਿਵਹਾਰ ਲਈ ਹੇਠ ਲਿਖਤ ਫਾਰਮੂਲਾ ਦਿੰਦਾ ਹੈ :-
1. ਮਾਲਕ ਦਾ ਫਰਜ਼ ਬਣਦਾ ਹੈ ਕਿ ਉਹ ਨੌਕਰ ਦੀਆਂ ਸਰੀਰਕ ਅਤੇ ਸਰੀਰਕ ਵਿਸ਼ੇਸ਼ਤਾਵਾਂ ਦੀ ਸੰਭਾਲ ਕਰੇ।
2. ਆਪਣੀ ਮੌਤ ਦੇ ਸਮੇਂ, ਮਾਲਕ ਨੂੰ ਆਪਣੇ ਗੁਲਾਮਾਂ ਨੂੰ ਅਜ਼ਾਦ ਕਰ ਦੇਣਾ ਚਾਹੀਦਾ ਹੈ।
3. ਨੌਕਰਾਂ ਨੂੰ ਉਨਾਂ ਦੀ ਕਾਰਜ ਸਮਰੱਥਾ ਦੇ ਅਨੁਸਾਰ ਕੰਮ ਦਿੱਤਾ ਜਾਣਾ ਚਾਹੀਦਾ ਹੈ।
4. ਸਵਾਮੀ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਗੁਲਾਮਾਂ ਦੀ ਗਿਣਤੀ ਸੀਮਤ ਹੋਣੀ ਚਾਹੀਦੀ ਹੈ।
5. ਗੁਲਾਮਾਂ ਪ੍ਰਤੀ ਅਣਮਨੁੱਖੀ ਵਿਵਹਾਰ ਕਰਨ ਵਾਲੇ ਮਾਲਕਾਂ ਨੂੰ ਰਾਜ ਦੁਆਰਾ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।
6. ਯੂਨਾਨ ਦੇ ਨਾਗਰਿਕਾਂ ਨੂੰ ਗ਼ੁਲਾਮ ਨਹੀਂ ਬਣਾਇਆ ਜਾਣਾ ਚਾਹੀਦਾ।
7. ਗੁਲਾਮੀ ਖ਼ਾਨਦਾਨੀ ਨਹੀਂ ਹੈ। ਜੇ ਕਿਸੇ ਗੁਲਾਮ ਦਾ ਪੁੱਤਰ ਬੁੱਧੀਮਾਨ ਅਤੇ ਸਮਰੱਥ ਹੈ, ਤਾਂ ਉਸਨੂੰ ਗੁਲਾਮੀ ਤੋਂ ਮੁਕਤ ਕਰਨਾ ਚਾਹੀਦਾ ਹੈ।
8. ਮਾਲਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਦਾਸ ਨੂੰ ਆਪਣੇ ਸਰੀਰ ਦੇ ਅੰਗ ਵਜੋਂ ਮੰਨੇ ਅਤੇ ਚੰਗਾ ਵਿਵਹਾਰ ਕਰੇ ।
9. ਮਾਲਕ ਨੂੰ ਇਹ ਲਾਜ਼ਮੀ ਕਰਨਾ ਚਾਹੀਦਾ ਹੈ ਕਿ ਜੇ ਨੌਕਰ ਨੇਕ ਕੰਮ ਕਰੇ, ਤਾਂ ਉਸਨੂੰ ਅਜ਼ਾਦ ਕਰਨਾ ਚਾਹੀਦਾ।
ਅਰਸਤੂ ਦੇ ਗੁਲਾਮੀ ਬਾਰੇ ਵਿਚਾਰ ਗੈਰ ਕੁਦਰਤੀ ਅਤੇ ਨਾਜਾਇਜ਼ ਲੱਗਦੇ ਹਨ।ਗੁਲਾਮੀ ਨੂੰ ਜ਼ਰੂਰੀ ਮੰਨਣਾ ਮੌਜੂਦਾ **ਬਾਕੀ ਸਫ਼ਾ 30 'ਤੇ**

# ਜਿਨਾਹ ਦੇ ਡਰ ਦਾ ਪ੍ਰਤੀਬਿੰਬ ਬਣ ਰਿਹਾ ਮੋਦੀ ਦਾ ਭਾਰਤ

**ਵਿਸ਼ਲੇਸ਼ਣ: ਨਿਸਿਦ ਹਜਾਰੀ**

**ਸੰਪਾਦਤ: ਸਰਬਜੀਤ ਕੌਰ ਸਰਬ**

ਅਗਸਤ 1947 ਵਿੱਚ, ਜਿਵੇਂ ਕਿ ਕੌਮਾਂ ਅੱਗ ਦੀਆਂ ਲਪਟਾਂ, ਸਮੂਹਿਕ ਬਲਾਤਕਾਰ ਅਤੇ 20ਵੀਂ ਸਦੀ ਦੇ ਸਭ ਤੋਂ ਖੂਨੀ ਨਸਲੀ ਕਤਲੇਆਮ ਦੇ ਵਿਚਕਾਰ ਪੈਦਾ ਹੋਈਆਂ ਸਨ, ਇੱਕ ਉੱਭਰ ਰਹੇ ਭਾਰਤ ਦੇ ਨੇਤਾਵਾਂ ਨੇ ਚੇਤਾਵਨੀ ਦਿੱਤੀ ਕਿ ਪਾਕਿਸਤਾਨੀਆਂ ਨੇ ਆਪਣੇ ਦੇਸ਼ 'ਤੇ ਜ਼ੋਰ ਦੇਣ ਵਿੱਚ ਗਲਤੀ ਕੀਤੀ ਹੈ। ਬਹੁਤ ਸਾਰੇ ਸਮਕਾਲੀ ਨਿਰੀਖਕ ਇਨਾਂ ਨੂੰ ਪ੍ਰਚਲਿਤ ਕਹਿ ਸਕਦੇ ਹਨ। ਹਾਲਾਂਕਿ ਪਾਕਿਸਤਾਨ ਹੁਣ ਭਾਰਤ ਤੋਂ ਬਹੁਤ ਪਿੱਛੇ ਨਹੀਂ ਪ੍ਰਤੀ ਵਿਅਕਤੀ ਜੀਡੀਪੀ ਦੇ ਨਾਲ ਇੱਕ ਪ੍ਰਮਾਣੂ ਸ਼ਕਤੀ ਹੈ ਪਰ ਨਾਲ ਹੀ ਇਹ ਕੱਟੜਵਾਦ ਨਾਲ ਭਰਿਆ ਹੋਇਆ, ਕਰਜ਼ੇ ਦੇ ਬੋਝ ਵਿਚ ਜਕੜਿਆ ਹੋਇਆ ਅਤੇ ਕਮਜ਼ੋਰ ਅਤੇ ਭ੍ਰਿਸ਼ਟ ਨਾਗਰਿਕ ਸਿਆਸਤਦਾਨਾਂ ਦੀ ਅਗਵਾਈ ਵਿੱਚ ਹੈ ਜਿਥੇ ਇੱਕ ਫੌਜ ਦਾ ਦਬਦਬਾ ਹੈ ਜੋ ਹਰ ਯੁੱਧ ਹਾਰ ਜਾਣ ਦੇ ਬਾਵਜੂਦ ਰਾਜ ਦੇ ਮਾਮਲਿਆਂ ਨੂੰ ਨਿਯੰਤਰਿਤ ਕਰਦਾ ਹੈ।

ਹਾਲਾਂਕਿ, ਭਾਰਤੀਆਂ ਨੂੰ ਯਾਦ ਕਰਨਾ ਚਾਹੀਦਾ ਹੈ ਕਿ ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਨੇ ਸਾਬਕਾ ਬ੍ਰਿਟਿਸ਼ ਭਾਰਤ ਤੋਂ ਮੁਸਲਿਮ ਬਹੁਗਿਣਤੀ ਵਾਲੇ ਦੇਸ਼ ਨੂੰ ਬਣਾਉਣ ਲਈ ਇੰਨਾ ਦ੍ਰਿੜ ਕਿਉਂ ਸੀ : ਉਸਨੇ ਭਵਿੱਖਬਾਣੀ ਕੀਤੀ ਸੀ ਕਿ ਹਿੰਦੂਆਂ ਦੇ ਦਬਦਬੇ ਵਾਲੇ ਦੇਸ਼ ਵਿੱਚ ਮੁਸਲਮਾਨਾਂ ਦੇ ਅਧਿਕਾਰ ਖਤਰੇ ਵਿੱਚ ਹੋਣਗੇ। 75 ਸਾਲਾਂ ਬਾਅਦ ਭਾਰਤ ਉਸ ਨੂੰ ਸਹੀ ਸਾਬਤ ਕਰਨ ਦੇ ਲਈ ਖ਼ਤਰੇ ਵਿੱਚ ਹੈ। 2014 ਤੋਂ ਇੱਕ ਸੱਜੇ-ਪੱਖੀ, ਹਿੰਦੂ ਰਾਸ਼ਟਰਵਾਦੀ ਸਰਕਾਰ ਦੇ ਅਧੀਨ, ਕ੍ਰਿਸ਼ਮਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ, ਦੇਸ਼ ਨੇ ਆਪਣੀ ਮੁਸਲਿਮ ਅਬਾਦੀ-ਦੁਨੀਆ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਪ੍ਰਤੀ ਸਪੱਸ਼ਟ ਤੌਰ 'ਤੇ ਦੁਸ਼ਮਣੀ ਪੈਦਾ ਕੀਤੀ ਹੈ। ਭਾਰਤੀ ਮੁਸਲਮਾਨਾਂ ਨੂੰ ਸਿਆਸਤਦਾਨਾਂ, ਮੀਡੀਆ ਅਤੇ ਚੌਕਸ ਭੀੜ ਦੁਆਰਾ ਨਿਸ਼ਾਨਾ ਬਣਾਇਆ ਗਿਆ ਹੈ। ਉਨਾਂ ਦੇ ਹੱਕ ਖੋਹੇ ਗਏ ਹਨ ਅਤੇ ਸਮਾਜ ਵਿੱਚ ਉਨਾਂ ਦਾ ਸਥਾਨ ਘਟਿਆ ਹੈ। ਜਿਸ ਦੇਸ਼ ਨੇ ਵੰਡ ਦੇ ਖਿਲਾਫ ਇੰਨੀ ਡੂੰਘਾਈ ਨਾਲ ਲੜਾਈ ਲੜੀ ਸੀ, ਉਹ ਹੁਣ ਆਪਣੇ ਕੇਂਦਰੀ ਤਰਕ ਦੀ ਪੁਸ਼ਟੀ ਕਰਨ ਦਾ ਇਰਾਦਾ ਰੱਖਦਾ ਹੈ।

ਉਸ ਸਮੇਂ, ਬੇਸ਼ੱਕ, ਵਿਤਕਰੇ ਦਾ ਡਰ ਹੀ ਪਾਕਿਸਤਾਨ ਦੇ ਸਮਰਥਕਾਂ ਨੂੰ ਪ੍ਰੇਰਿਤ ਕਰਨ ਵਾਲਾ ਕਾਰਕ ਨਹੀਂ ਸੀ। ਮੁਸਲਿਮ ਜ਼ਮੀਨ ਮਾਲਕਾਂ ਨੇ ਚੰਗੀਆਂ ਜ਼ਮੀਨਾਂ ਨੂੰ ਹੜੱਪਦੇ ਦੇਖਿਆ ਹੈ। ਪ੍ਰਚਾਰਕਾਂ ਨੇ ਇਸਲਾਮੀ ਸਿਧਾਂਤਾਂ ਅਨੁਸਾਰ ਚੱਲਣ ਵਾਲੇ ਸਮਾਜ ਦੀ ਕਲਪਨਾ ਕੀਤੀ। ਕਿਸਾਨਾਂ ਨੂੰ ਦੱਸਿਆ ਗਿਆ ਕਿ ਉਹ ਆਖਰਕਾਰ ਹਿੰਦੂ ਸ਼ਾਹੂਕਾਰਾਂ ਦੇ ਜੂਲੇ ਤੋਂ ਮੁਕਤ ਹੋ ਜਾਣਗੇ। ਇੱਥੋਂ ਤੱਕ ਕਿ ਵਕੀਲ ਜਿਨਾਹ ਵੀ ਕਦੇ-ਕਦਾਈਂ ਬਦਨਾਮੀ ਤੋਂ ਉੱਪਰ ਨਹੀਂ ਸੀ, ਹਨੇਰੇ ਨਾਲ ਇਹ ਸਮਝ ਰਿਹਾ ਸੀ ਕਿ ਹਿੰਦੂ ਅਤੇ ਮੁਸਲਮਾਨ ਸ਼ਾਂਤੀ ਨਾਲ ਇਕੱਠੇ ਰਹਿਣ ਲਈ ਬਹੁਤ ਵੱਖਰੇ ਸਨ। ਫਿਰ ਵੀ, ਜਿਨਾਹ ਦਾ ਮੁੱਖ ਡਰ ਇਹ ਸੀ ਕਿ ਇੱਕ ਸੰਯੁਕਤ ਭਾਰਤ ਵਿੱਚ ਮੁਸਲਮਾਨਾਂ ਦੀ ਤਾਕਤ ਕਿੰਨੀ ਘੱਟ ਹੋਵੇਗੀ। ਇਹੀ ਉਹ ਹੈ ਜਿਸ ਨੇ ਆਜ਼ਾਦੀ ਤੋਂ ਇੱਕ ਦਹਾਕਾ ਪਹਿਲਾਂ-ਮੋਹਨਦਾਸ ਕੇ. 'ਮਹਾਤਮਾ' ਗਾਂਧੀ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸਮੇਤ ਭਾਰਤੀ ਰਾਸ਼ਟਰੀ ਕਾਂਗਰਸ ਪਾਰਟੀ ਵਿੱਚ ਉਸਦੇ ਸਾਬਕਾ ਸਹਿਯੋਗੀਆਂ ਨਾਲ ਸ਼ੁਰੂਆਤੀ ਬ੍ਰੇਕ ਲਿਆ ਸੀ ਅਤੇ ਇਹੀ ਕਾਰਨ ਹੈ ਕਿ ਜਿਨਾਹ ਨੇ 1946 ਵਿੱਚ ਅੰਗਰੇਜ਼ਾਂ ਦੁਆਰਾ ਦਲੀਲ ਨਾਲ ਕੀਤੇ ਆਖਰੀ ਸਮੇਂ ਦੇ ਸਮਝੌਤੇ ਲਈ ਆਪਣਾ ਸਮਰਥਨ ਵਾਪਸ ਲੈ ਲਿਆ, ਜਦੋਂ ਨਹਿਰੂ ਨੇ ਸੂਚਿਤ ਕੀਤਾ ਕਿ ਬ੍ਰਿਟਿਸ਼ ਦੇ ਚਲੇ ਜਾਣ ਤੋਂ ਬਾਅਦ ਕਾਂਗਰਸ ਸਮਝੌਤੇ ਦਾ ਸਨਮਾਨ ਨਹੀਂ ਕਰੇਗੀ।



ਬਟਵਾਰੇ ਨੇ ਜਿਨਾਹ ਦਾ ਮਾਮਲਾ ਲਗਭਗ ਸਾਬਤ ਕਰ ਦਿੱਤਾ ਸੀ। ਜਿਸ ਵਿਚ 200,000 ਅਤੇ 20 ਲੱਖ ਮੁਸਲਮਾਨ, ਹਿੰਦੂ ਅਤੇ ਸਿੱਖ ਅਜ਼ਾਦੀ ਦੇ ਕੁਝ ਹਫ਼ਤਿਆਂ ਦੇ ਅੰਦਰ ਮਾਰੇ ਗਏ ਸਨ : 14 ਮਿਲੀਅਨ ਆਪਣੇ ਘਰਾਂ ਤੋਂ ਉਖਾੜ ਕੇ ਬੇਘਰ ਕਰ ਦਿੱਤੇ ਗਏ ਸਨ। ਸਭ ਤੋਂ ਵੱਡੇ ਕਤਲੇਆਮ ਦੀ ਸ਼ੁਰੂਆਤ ਨਵੀਂ ਸਰਹੱਦ ਦੇ ਭਾਰਤੀ ਪਾਸੇ ਦੇ ਮੁਸਲਮਾਨ ਪਿੰਡਾਂ 'ਤੇ ਹਮਲਿਆਂ ਨਾਲ ਹੋਈ ਸੀ।

ਭਾਰਤ ਦੇ ਬਾਨੀ ਪਿਤਾਵਾਂ ਨੇ, ਹਾਲਾਂਕਿ, ਜਿਨਾਹ ਦੀ ਦਲੀਲ ਨੂੰ ਖਤਮ ਕਰਨ ਲਈ ਆਪਣੀਆਂ ਜਾਨਾਂ ਨੂੰ ਜੋਖਮ ਵਿੱਚ ਪਾਇਆ। ਜਦੋਂ ਦੰਗੇ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਫੈਲ ਗਏ ਅਤੇ ਪੁਲਿਸ ਅਤੇ ਮਾਮੂਲੀ ਸਰਕਾਰੀ ਅਧਿਕਾਰੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਤਲੇਆਮ ਵਿੱਚ ਸ਼ਾਮਲ ਹੋ ਗਏ। ਉਸ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ ਲੋਕਾਂ ਨਾਲ ਸੜਕਾਂ 'ਤੇ ਆ ਗਏ, ਭੀੜ ਨਾਲ ਪ੍ਰਦਰਸ਼ਨ ਕਰਦੇ ਹੋਏ ਅਤੇ ਫਿਰਕੂ ਸਦਭਾਵਨਾ ਨੂੰ ਵਧਾਵਾ ਦੇਣ ਵਾਲੇ ਜਨਤਕ ਭਾਸ਼ਣ ਦਿੰਦੇ ਹੋਏ। ਉਸਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰੀ ਤੰਤਰ ਮੁਸਲਮਾਨਾਂ ਦੇ ਨਾਲ-ਨਾਲ ਹਿੰਦੂਆਂ ਦੀ ਸੁਰੱਖਿਆ ਲਈ ਆਪਣੇ ਆਪ ਨੂੰ ਲਗਾਵੇ।

ਇੱਥੋਂ ਤੱਕ ਕਿ ਆਪਣੇ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਇਹ ਯਕੀਨ ਦਿਵਾਇਆ ਗਿਆ ਸੀ ਕਿ ਵੰਡ ਵਫ਼ਾਦਾਰੀ ਦੇ ਸ਼ੱਕ ਵਿੱਚ ਲੱਖਾਂ ਨਾਗਰਿਕਾਂ ਦੇ ਬਿਨਾਂ ਭਾਰਤ ਬਿਹਤਰ ਹੋਵੇਗਾ । ਮੁਸਲਮਾਨਾਂ ਨੂੰ ਕੱਢਣ ਦਾ ਦਬਾਅ ਸਿਰਫ਼ ਮਹੀਨਿਆਂ ਬਾਅਦ ਹੀ ਘੱਟ ਗਿਆ ਜਦੋਂ ਇੱਕ ਹਿੰਦੂ ਕੱਟੜਪੰਥੀ ਨੇ ਸਤਿਕਾਰਯੋਗ ਗਾਂਧੀ ਦੀ ਹੱਤਿਆ ਕਰ ਦਿੱਤੀ, ਮੰਤਰੀ ਮੰਡਲ ਦੀ ਏਕਤਾ ਨੂੰ ਝਟਕਾ ਦਿੱਤਾ ਅਤੇ ਹਿੰਦੂ ਕੱਟੜਤਾ ਦੇ ਵਿਰੁੱਧ ਜਨਤਕ ਵਿਦਰੋਹ ਨੂੰ ਉਤਸ਼ਾਹਿਤ ਕੀਤਾ।

ਉਸ ਸਹਿਮਤੀ ਅਤੇ ਭਾਰਤ ਦੇ ਧਰਮ ਨਿਰਪੱਖ ਸੰਵਿਧਾਨ ਵਿੱਚ ਦਰਜ ਅਧਿਕਾਰਾਂ ਨੇ ਸੱਤ ਦਹਾਕਿਆਂ ਤੋਂ ਵੱਧ ਸਮੇਂ ਤੱਕ ਭਾਰਤ ਵਿੱਚ ਧਾਰਮਿਕ ਸਦਭਾਵਨਾ ਨੂੰ ਵੱਡੇ ਪੱਧਰ 'ਤੇ ਸੁਰੱਖਿਅਤ ਰੱਖਿਆ। ਅਲ-ਕਾਇਦਾ ਅਤੇ ਹੋਰ ਅੰਤਰ-ਰਾਸ਼ਟਰੀ ਅੱਤਵਾਦੀ ਸਮੂਹਾਂ ਨੇ ਭਾਰਤੀ ਮੁਸਲਮਾਨਾਂ ਵਿੱਚ ਕੁਝ ਪਕੜ ਬਣਾਈ, ਇੱਥੋਂ ਤੱਕ ਕਿ ਜੇਹਾਦੀ ਨੇੜਲੇ ਦੇਸ਼ਾਂ ਵਿੱਚ ਵਧੇ। ਜਦੋਂ ਕਿ ਸੰਪਰਦਾਇਕ ਦੰਗੇ ਵਾਰ-ਵਾਰ ਭੜਕ ਗਏ ਹਨ, ਖਾਸ ਤੌਰ 'ਤੇ 1992 ਵਿੱਚ ਅਯੁੱਧਿਆ ਵਿੱਚ ਇੱਕ ਮਸਜਿਦ ਨੂੰ ਇੱਕ ਹਿੰਦੂ ਮੰਦਰ ਲਈ ਰਸਤਾ ਬਣਾਉਣ ਲਈ ਢਾਹੇ ਜਾਣ ਵਰਗੀਆਂ ਉਕਸਾਵਾਂ ਤੋਂ ਬਾਅਦ, ਤਣਾਅ ਜ਼ਿਆਦਾਤਰ ਸਥਾਨਕ ਅਤੇ ਸੀਮਤ ਰਿਹਾ ਹੈ।ਭਾਰਤੀ ਮੁਸਲਮਾਨਾਂ ਨੂੰ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਅਤੇ ਹਿੰਦੂਆਂ ਨਾਲੋਂ ਔਸਤਨ ਗਰੀਬ ਅਤੇ ਘੱਟ ਪੜ੍ਹੇ-ਲਿਖੇ ਸਨ, ਕੁਝ ਲੋਕਾਂ ਨੂੰ ਸ਼ੱਕ ਸੀ ਕਿ ਉਹ ਪੂਰੇ ਨਾਗਰਿਕ ਹਨ- ਖਾਸ ਕਰਕੇ ਜਦੋਂ ਚੋਣਾਂ ਸਮੇਂ ਉਨਾਂ ਦੀਆਂ ਵੋਟਾਂ ਦੀ ਲੋੜ ਹੁੰਦੀ ਸੀ।

ਮੋਦੀ ਦੇ ਅਧੀਨ ਜੋ ਤਬਦੀਲੀਆਂ ਇਸ ਸਮੇਂ ਭਾਰਤ ਵਿਚ ਫੈਲੀਆਂ ਹਨ, ਉਹ ਇੰਨਾ ਨਿਰਾਸ਼ਾਜਨਕ ਅਤੇ ਖ਼ਤਰਨਾਕ ਸਥਿਤੀ ਬਣਾਉਂਦੀਆਂ ਹਨ ਜੋ ਕਿ ਮੁਸਲਮਾਨਾਂ ਦੀਆਂ ਭਾਵਨਾਵਾਂ 'ਤੇ ਮਾੜਾ ਪ੍ਰਭਾਵ ਪਾਉਂਦੀਆਂ ਹਨ। ਭਾਰਤ ਵਿਚ ਮੁਸਲਮਾਨਾਂ ਦੀ ਸਮੱਸਿਆ ਇੱਥੋਂ ਤੱਕ ਕਿ ਕੱਟੜਤਾ ਦੇ ਸਭ ਤੋਂ ਭਿਆਨਕ ਮਾਮਲਿਆਂ ਦੀ ਵੀ ਨਹੀਂ ਹੈ, ਇਸ ਤੋਂ ਇਲਾਵਾ ਦੇਸ਼ ਭਰ ਵਿੱਚ ਦਰਜਨਾਂ ਮੁਸਲਮਾਨਾਂ ਦੀ ਲਿੰਚਿੰਗ ਸ਼ਾਮਲ ਹੈ। ਉਹ ਘੱਟੋ-ਘੱਟ ਅਜੇ ਵੀ ਕੁਝ ਤਿਮਾਹੀਆਂ ਵਿੱਚ ਹੈ ਜਿਸ ਕਾਰਨ ਅੰਤਰਰਾਸ਼ਟਰੀ ਧਿਆਨ ਖਿੱਚਿਆ ਜਾਂਦਾ ਹੈ।

ਸਭ ਤੋਂ ਮਾੜੀ ਗੱਲ ਇਹ ਹੈ ਕਿ ਭਾਰਤ ਦੇ ਲਗਭਗ 200 ਮਿਲੀਅਨ ਮੁਸਲਮਾਨਾਂ ਦਾ ਸਥਿਰ ਅਤੇ ਵਿਆਪਕ ਤੌਰ 'ਤੇ ਪ੍ਰਵਾਨਿਤ ਹਾਸ਼ੀਏ 'ਤੇ ਹੋਣਾ ਹੈ। ਇੱਕ ਬਹੁਤ ਜ਼ਿਆਦਾ ਗਰਮ ਅਤੇ ਭਾਸ਼ਾਈ ਮੀਡੀਆ ਉਨਾਂ ਨੂੰ ਸੰਭਾਵੀ ਪੰਜਵੇਂ ਕਾਲਮਨਵੀਸ ਦੇ ਰੂਪ ਵਿੱਚ ਪੇਸ਼ ਕਰਦਾ ਹੈ, ਜਿਨਾਂ ਨੂੰ ਪਾਕਿਸਤਾਨ ਵਿੱਚ 'ਵਾਪਸ ਜਾਣਾ' ਚਾਹੀਦਾ ਹੈ, ਜੇ ਉਹ ਨਵਾਂ ਭਾਰਤ ਪਸੰਦ ਨਹੀਂ ਕਰਦੇ ਹਨ ਤਾਂ ਉਨਾਂ ਨੇ ਕਦੇ ਵੀ ਨਹੀਂ ਜਾਣਾ ਹੈ। (ਭਾਰਤ ਵਿੱਚ ਵਹਿਸ਼ਿਆਨਾ ਹਮਲੇ ਕਰਨ ਵਾਲੇ ਕੱਟੜਪੰਥੀ ਸਮੂਹਾਂ ਦੀ ਪਾਕਿਸਤਾਨੀ ਸਪਾਂਸਰਸ਼ਿਪ ਨੇ ਇੱਕ ਅੰਦਰੂਨੀ ਖਤਰੇ ਦੇ ਡਰ ਨੂੰ ਵਧਾ ਦਿੱਤਾ ਹੈ।) ਮੁਸਲਮਾਨਾਂ ਨੂੰ ਖਤਮ ਕਰਨ ਲਈ ਖੁੱਲੇਆਮ ਕਾਲਾਂ ਸਮੇਤ, ਨਫ਼ਰਤ ਵਾਲੇ ਭਾਸ਼ਣਾਂ ਦੀ ਵਿਆਪਕ ਸਵੀਕ੍ਰਿਤੀ ਹੈ। ਮੋਦੀ ਦੀ ਭਾਰਤੀ ਜਨਤਾ ਪਾਰਟੀ ਨੇ ਉਨਾਂ ਕਾਨੂੰਨਾਂ ਦੀ ਪੈਰਵੀ ਕੀਤੀ ਹੈ ਜੋ ਉਨਾਂ ਦੇ ਲੱਖਾਂ ਲੋਕਾਂ ਨੂੰ ਵੋਟ ਤੋਂ ਵਾਂਝੇ ਕਰਨ ਦੀ ਧਮਕੀ ਦਿੰਦੇ ਹਨ।

ਦਰਅਸਲ, ਘੱਟਗਿਣਤੀਆਂ ਦੀ ਰੱਖਿਆ ਕਰਨ ਦਾ ਆਪਣਾ ਫਰਜ਼ ਨਿਭਾਉਣ ਵਾਲਾ ਭਾਰਤੀ ਰਾਜ ਹੁਣ ਬੇਰੋਕ ਵਿਰੋਧ ਕਰਦਾ ਜਾਪਦਾ ਹੈ। ਪੱਖਪਾਤ ਅਦਾਲਤਾਂ ਅਤੇ ਪੁਲਿਸ ਦੇ ਨਾਲ-ਨਾਲ ਸਰਕਾਰ ਦੇ ਸਾਰੇ ਪੱਧਰਾਂ ਵਿੱਚ ਫੈਲ ਗਿਆ ਹੈ।

ਬਾਕੀ ਸਫ਼ਾ 30 'ਤੇ

# ਬਾਦਲ ਦਲ ਦੀ ਰਣਨੀਤੀ ਤੇ ਬਗਾਵਤ ਵਾਲੀ ਸਥਿਤੀ

**ਰਜਿੰਦਰ ਸਿੰਘ ਪੁਰੇਵਾਲ**

ਸ਼੍ਰੋਮਣੀ ਅਕਾਲੀ ਦਲ ਵਿਚ ਅਨੁਸ਼ਾਸਨੀ ਕਮੇਟੀ ਕਾਇਮ ਹੋ ਜਾਣ ਪਿੱਛੋਂ ਬੇਸ਼ੱਕ ਕੁਝ ਅਕਾਲੀ ਆਗੂ ਹੁਣ ਪਹਿਲਾਂ ਵਾਂਗ ਖੁੱਲ ਕੇ ਨਹੀਂ ਬੋਲ ਰਹੇ ਪਰ ਝੂੰਦਾਂ ਕਮੇਟੀ ਦੀ ਰਿਪੋਰਟ ਲਾਗੂ ਕਰਵਾਉਣ ਲਈ ਅੰਦਰੋ ਅੰਦਰੀ ਯਤਨ ਤੇਜ਼ ਕੀਤੇ ਜਾ ਰਹੇ ਹਨ । ਬਗਾਵਤ ਦੀ ਅੱਗ ਵੀ ਸੁਲਗ ਰਹੀ ਹੈ। ਸੁਖਬੀਰ ਬਾਦਲ ਵਲੋਂ ਪ੍ਰਧਾਨਗੀ ਨਾ ਛੱਡਣ ਕਾਰਨ ਅਕਾਲੀ ਕੇਡਰ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ। ਸੀਨੀਅਰ ਅਕਾਲੀ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਸੀ ਕਿ ਝੂੰਦਾਂ ਕਮੇਟੀ ਦੀ ਰਿਪੋਰਟ ਵਿਚ ਸਾਫ ਹੈ ਕਿ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਬਦਲੀ ਜਾਵੇ ਅਤੇ ਸੀਨੀਅਰ ਲੀਡਰਸ਼ਿਪ ਵਿਚ ਪ੍ਰਧਾਨ ਸਮੇਤ ਸਾਰੇ ਸੀਨੀਅਰ ਆਗੂ ਆ ਜਾਂਦੇ ਹਨ ।ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਕਾਲ ਤਖਤ ਸਾਹਿਬ ਪੇਸ਼ ਹੋ ਕੇ ਆਪਣੀਆਂ ਗਲਤੀਆਂ ਲਈ ਪਸ਼ਚਾਤਾਪ ਕਰੇ। ਉਨਾਂ ਕਿਹਾ ਸੀ ਕਿ ਇਹ ਗੱਲਾਂ ਲਾਗੂ ਕਰਨੀਆਂ ਪੈਣਗੀਆਂ, ਨਹੀਂ ਤਾਂ ਪਾਰਟੀ ਦਾ ਹੇਠਲਾ ਕੇਡਰ ਹੋਰ ਨਿਰਾਸ਼ ਹੋਵੇਗਾ। ਪਤਾ ਲਗਾ ਹੈ ਕਿ ਸੁਖਬੀਰ ਸਿੰਘ ਬਾਦਲ ਜਲਦ ਵਿਦੇਸ਼ ਤੋਂ ਵਾਪਸ ਆ ਜਾਣਗੇ। ਉਸ ਤੋਂ ਬਾਅਦ ਕੀ ਵਾਪਰੇਗਾ ਇਹ ਆਉਣ ਵਾਲਾ ਸਮਾਂ ਦੱਸੇਗਾ। ਪਰ ਬਾਦਲ ਪਰਿਵਾਰ ਕਾਰਨ ਅਕਾਲੀ ਦਲ ਦੀਆਂ ਮੁਸ਼ਕਲਾਂ ਵਧ ਰਹੀਆਂ ਹਨ ਤੇ ਧੜੇਬੰਦੀ ਵੀ ਪੈਦਾ ਹੋ ਰਹੀ ਹੈ। ਦੂਜੇ ਪਾਸੇ ਬਿਕਰਮਜੀਤ ਸਿੰਘ ਮਜੀਠੀਆ ਸੁਖਬੀਰ ਬਾਦਲ ਦੇ ਵਿਰੋਧੀ ਮਨਪ੍ਰੀਤ ਸਿੰਘ ਇਆਲੀ ਦੇ ਹੱਕ ਵਿਚ ਖੜ ਗਏ ਹਨ ਤੇ ਉਹ ਵੱਡੀਆਂ ਰੈਲੀਆਂ ਕਰ ਰਹੇ ਹਨ।ਅਕਾਲੀ ਆਗੂ ਇਕਬਾਲ ਸਿੰਘ ਝੂੰਦਾਂ ਵੀ ਤਿੱਖੇ ਤੇਵਰ ਵਿਖਾ ਰਹੇ ਹਨ। ਉਨਾਂ ਦਾ ਕਹਿਣਾ ਹੈ ਕਿ 'ਅਸੀਂ ਅਕਾਲੀ ਦਲ ਨੂੰ ਉਨਾਂ ਹੱਥਾਂ ਵਿੱਚ ਦੇ ਦਿੱਤਾ ਹੈ ਜਿਨਾਂ ਦਾ ਸੇਵਾ, ਪੰਥ ਤੇ ਪੰਜਾਬ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਸੀ।' ਉਨਾਂ ਨੇ ਠੱਗਾਂ, ਚੋਰਾਂ ਤੇ ਲੁਟੇਰਿਆਂ ਦੀਆਂ ਟੀਮਾਂ ਭਰਤੀ ਕਰ ਲਈਆਂ, ਜਿਸ ਕਾਰਨ ਅਕਾਲੀ ਦਲ ਦੀ ਇਹ ਹਾਲਤ ਹੋਈ ਹੈ।

ਅਕਾਲੀ ਦਲ ਨੂੰ ਬਚਾਉਣ ਲਈ ਸਾਨੂੰ ਲੋਕਾਂ ਦੀ ਪਸੰਦ ਦੇ ਚਿਹਰਿਆਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਜ਼ਬਰੀ ਲੀਡਰਸ਼ਿਪ ਨਾ ਥੋਪੀ ਜਾਵੇ।' ਇਸ ਨਾਲ ਲੋਕ ਦੁਖੀ ਹੁੰਦੇ ਹਨ। ਭਾਵੇਂ ਬਾਦਲ ਦਲ ਨੇ ਐਲਾਨ ਕੀਤਾ ਹੈ ਕਿ ਬਾਗੀਆਂ ਉਪਰ ਕਰੜੀ ਕਾਰਵਾਈ ਕੀਤੀ ਜਾਵੇਗੀ। ਪਰ ਇਨਾਂ ਸੰਕਟਾਂ ਦੇ ਦੌਰਾਨ ਅਜਿਹਾ ਕਰਨਾ ਸੁਖਬੀਰ ਬਾਦਲ ਲਈ ਸੌਖਾ ਨਹੀਂ।

ਸ਼੍ਰੋਮਣੀ ਅਕਾਲੀ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਹੈ ਕਿ ਲਗਾਤਾਰ ਦੋ ਵਿਧਾਨ ਸਭਾ ਚੋਣਾਂ ਬੁਰੀ ਤਰਾਂ ਹਾਰਨ ਮਗਰੋਂ ਪਾਰਟੀ ਨੂੰ ਮੁੜ ਲੀਹ 'ਤੇ ਲਿਆਉਣ ਲਈ ਵਰਕਰਾਂ ਵੱਲੋਂ ਦਿੱਤੇ ਜਾਣ ਵਾਲੇ ਸੁਝਾਵਾਂ ਨੂੰ ਬਗਾਵਤ ਨਹੀਂ ਸਮਝਣਾ ਚਾਹੀਦਾ ਸਗੋਂ ਉਸ ਦਾ ਸਵਾਗਤ ਕਰਨਾ ਚਾਹੀਦਾ ਹੈ।

ਹੁਣ ਜਿਹੇ ਸੁਖਬੀਰ ਬਾਦਲ ਵਿਰੁੱਧ ਹਰਿਆਣਾ ਵਿਚ ਬਗਾਵਤ ਹੋ ਚੁੱਕੀ ਹੈ ਤੇ ਵੱਖਰਾ ਅਕਾਲੀ ਦਲ ਬਣਾ ਲਿਆ ਹੈ। ਹਰਿਆਣਾ ਸੂਬੇ ਨਾਲ ਸਬੰਧਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਕੌਮੀ ਕਾਰਜਕਾਰਨੀ, ਸੂਬਾਈ ਅਹੁਦੇਦਾਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਸਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਇਸ ਦੇ ਨਾਲ ਹੀ ਉਕਤ ਆਗੂਆਂ ਵੱਲੋਂ ਨਵੇਂ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਦੇ ਗਠਨ ਦਾ ਐਲਾਨ ਵੀ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਅਸੰਧ, ਸਿਰਸਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਗੁਰਮੀਤ ਸਿੰਘ ਤਿਲੋਕੇਵਾਲਾ, ਪਾਰਟੀ ਮਹਿਲਾ ਵਿੰਗ ਦੀ ਹਰਿਆਣਾ ਸੂਬਾ ਪ੍ਰਧਾਨ ਤੇ ਕੁਰੂਕਸ਼ੇਤਰ ਤੋਂ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਰਵਿੰਦਰ ਕੌਰ, ਪਾਰਟੀ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਅੰਬਾਲਾ ਤੋਂ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਗੋਬਿੰਦਗੜ ਅਤੇ ਪਾਰਟੀ ਦੇ ਪੀਏਸੀ ਮੈਂਬਰ ਤੇ ਹਰਿਆਣਾ ਦੇ ਸੂਬਾਈ ਬੁਲਾਰੇ ਕੰਵਲਜੀਤ ਸਿੰਘ ਅਜਰਾਣਾ ਸਣੇ ਹਰਿਆਣਾ ਦੇ ਕਰੀਬ 10 ਜ਼ਿਲਿਆਂ ਦੇ ਪ੍ਰਧਾਨ, ਮੀਤ ਪ੍ਰਧਾਨ, ਹਲਕਾ ਪ੍ਰਧਾਨ ਅਤੇ ਸ਼ਹਿਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਵਿੱਚ ਸ਼ਾਮਲ ਹੋ ਗਏ ਹਨ। ਸ਼੍ਰੋਮਣੀ ਕਮੇਟੀ ਮੈਂਬਰ ਗੁਰਮੀਤ ਸਿੰਘ ਤਿਲੋਕੇਵਾਲਾ ਨੇ ਕਿਹਾ ਕਿ ਅੱਜ ਹਰਿਆਣਾ ਦੇ ਸਿੱਖਾਂ ਨੇ ਹਰਿਆਣਾ ਦੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਦੇ ਕਬਜ਼ੇ ਤੋਂ ਵੱਖ ਕਰ ਲਿਆ ਹੈ। ਹੁਣ ਉਨਾਂ ਦਾ ਮਕਸਦ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਤੋਂ ਆਜ਼ਾਦ ਕਰਵਾਉਣਾ ਹੈ। ਉਨਾਂ ਅਕਾਲੀ ਦਲ ਦੀ ਬਰਬਾਦੀ ਦਾ ਪਾਰਟੀ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਤੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਪਾਰਟੀ ਦੇ ਹਿੱਤ ਵਿੱਚ ਸੁਖਬੀਰ ਬਾਦਲ ਨੂੰ ਅਸਤੀਫਾ ਦੇ ਕੇ ਘਰ ਬੈਠਣਾ ਚਾਹੀਦਾ ਤਾਂ ਜੋ ਕੁਰਬਾਨੀਆਂ ਦੇਣ ਮਗਰੋਂ 1920 ਵਿੱਚ ਬਣੇ ਸ਼੍ਰੋਮਣੀ ਅਕਾਲੀ ਦਲ ਨੂੰ ਬਚਾਇਆ ਜਾ ਸਕੇ।

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਸੀ ਕਿ ਸੁਖਬੀਰ ਸਿੰਘ ਬਾਦਲ ਹੋਰਾਂ ਦੀਆਂ ਗਲਤ ਪਿਰਤਾਂ ਕਾਰਨ ਅਕਾਲੀ ਦਲ ਕੁੱਝ ਵਿਅਕਤੀਆਂ ਦੀ ਪਾਰਟੀ ਬਣ ਕੇ ਰਹਿ ਗਈ। ਜੇ ਅਜਿਹਾ ਨਾ ਹੁੰਦਾ ਤਾਂ ਅਕਾਲੀ ਦਲ ਦੇ ਅੱਜ ਅਜਿਹੇ ਹਾਲਾਤ ਨਾ ਹੁੰਦੇ। ਢੀਂਡਸਾ ਦਾ ਕਹਿਣਾ ਸੀ ਕਿ ਉਹ ਅਕਾਲੀ ਏਕਤਾ ਦਾ ਹਾਮੀ ਹੈ। ਬਸ਼ਰਤੇ ਬਾਦਲ ਪਰਿਵਾਰ ਆਪਣੇ ਅਹੁਦੇ ਤਿਆਗੇ ਅਤੇ ਸਿੱਖ ਪੰਥ ਉਪਰ ਇਹ ਜ਼ਿੰਮੇਵਾਰੀ ਛੱਡ ਦੇਵੇ। ਸੋ ਦਿਨੋ ਦਿਨ ਧੜੇਬੰਦੀ ਸ਼੍ਰੋਮਣੀ ਅਕਾਲੀ ਦਲ ਵਿਚ ਵਧ ਰਹੀ ਹੈ। ਜਿਥੇ ਲੀਡਰਸ਼ਿਪ ਤਬਦੀਲ ਕਰਨ ਦੀ ਲੋੜ ਹੈ ਉਥੇ ਪੰਜਾਬ ਦੇ ਵੱਧ ਅਧਿਕਾਰਾਂ ਤੇ ਪੰਥਕ ਮਸਲਿਆਂ ਉਪਰ ਪਹਿਰਾ ਦੇਣ ਦੀ ਲੋੜ ਹੈ। ਇਸ ਤੋਂ ਬਿਨਾਂ ਅਕਾਲੀ ਦਲ ਕੋਲ ਕੋਈ ਰਾਹ ਨਹੀਂ।

# ਰਾਗੀ ਸਿੰਘ ਵਲੋਂ 'ਕ੍ਰਿਸ਼ਨਾ ਤੇਰੀ ਮੁਰਲੀ 'ਤੇ ਭਲਾ ਕੌਣ ਨੀ ਨੱਚਦਾ' ਗੀਤ ਗਾਉਣ 'ਤੇ ਵਿਵਾਦ ਕਿਉਂ ?

**ਤਲਵਿੰਦਰ ਸਿੰਘ ਬੁੱਟਰ (ਪੱਤਰਕਾਰ)**

ਕੁਝ ਦਿਨ ਪਹਿਲਾਂ ਹਰਿਆਣਾ ਦੇ ਪਿਪਲੀ ਵਿਚ ਨੀਲਧਾਰੀਆਂ ਦੇ ਇਕ ਡੇਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਇਕ ਰਾਗੀ ਵਲੋਂ ਸ੍ਰੀ ਕ੍ਰਿਸ਼ਨ ਜੀ ਦੀ ਉਪਮਾ ਵਿਚ ਇਕ ਗੀਤ ਗਾਉਣ ਦਾ ਮੁੱਦਾ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸਬੰਧ ਵਿਚ ਮਰਯਾਦਾ ਦੀ ਉਲੰਘਣਾ ਕਰਨ ਦੇ ਦੋਸ਼ ਤਹਿਤ ਸਬੰਧਿਤ ਰਾਗੀ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਖਤੀ ਸ਼ਿਕਾਇਤ ਵੀ ਪੁੱਜੀ ਹੈ। ਹਾਲਾਂਕਿ ਸਬੰਧਿਤ ਰਾਗੀ ਨੇ ਆਪਣਾ ਸਪੱਸ਼ਟੀਕਰਨ ਦੇ ਕੇ ਮਾਫ਼ੀ ਵੀ ਮੰਗੀ ਹੈ। ਪਰ ਪੂਰੇ ਮਸਲੇ ਦੀ ਸੰਜੀਦਾ ਤੇ ਸਿਧਾਂਤਕ ਸੋਝੀ ਨਾ ਹੋਣ ਕਾਰਨ 'ਜਿੰਨੇ ਮੂੰਹ ਓਨੀਆਂ ਗੱਲਾਂ' ਵਾਲੀ ਸਥਿਤੀ ਬਣੀ ਹੋਈ ਹੈ। ਸਿੱਖ ਰਹਿਤ ਮਰਯਾਦਾ ਨਾਲ ਜੁੜੇ ਇਸ ਨਾਜ਼ੁਕ ਮਸਲੇ ਨੂੰ ਕਿਸੇ ਹੋਰ ਹੀ ਪਾਸੇ ਲਿਜਾ ਕੇ ਦੋ ਧਰਮਾਂ ਵਿਚਾਲੇ ਬਿਖੇੜਾ ਖੜਾ ਕੀਤਾ ਜਾ ਰਿਹਾ ਹੈ।

ਕੁਝ ਲੋਕ ਰਾਗੀ ਵਲੋਂ ਸ੍ਰੀ ਕ੍ਰਿਸ਼ਨ ਜੀ ਦੀ ਉਪਮਾ ਵਿਚ ਗਾਏ ਗੀਤ ਨੂੰ 'ਸਿੱਖ ਰਹਿਤ ਮਰਯਾਦਾ' ਦੇ ਉਲਟ ਦੱਸ ਕੇ ਵਿਰੋਧ ਕਰ ਰਹੇ ਹਨ ਅਤੇ ਕੁਝ ਲੋਕ ਇਸ ਗੀਤ ਗਾਉਣ ਨੂੰ ਭਾਈਚਾਰਕ ਏਕਤਾ ਦੀ ਮਿਸਾਲ ਦੱਸ ਕੇ ਰਾਗੀ ਸਿੰਘ ਦਾ ਵਿਰੋਧ ਕਰਨ ਵਾਲਿਆਂ ਨੂੰ ਇਕ ਜਗਰਾਤੇ ਦੀ ਵੀਡੀਓ, ਜਿਸ ਵਿਚ ਗਵੱਈਏ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਬੰਧੀ ਇਕ ਗੀਤ ਗਾ ਰਹੇ ਹਨ, ਦਿਖਾ ਕੇ ਸਵਾਲ ਕਰ ਰਹੇ ਹਨ ਕਿ ਜੇਕਰ ਤੁਸੀਂ ਗੁਰਦੁਆਰੇ ਅੰਦਰ ਸ੍ਰੀ ਕ੍ਰਿਸ਼ਨ ਜੀ ਦੀ ਉਪਮਾ ਵਿਚ ਗਾਏ ਗੀਤ 'ਤੇ ਵਿਰੋਧ ਕਰਕੇ ਰਾਗੀ ਤੋਂ ਮਾਫ਼ੀ ਮੰਗਵਾਈ ਹੈ ਤਾਂ ਜਦੋਂ ਜਗਰਾਤਿਆਂ ਵਿਚ ਸਿੱਖ ਧਰਮ ਨਾਲ ਸਬੰਧਿਤ ਗੀਤ ਜਾਂ ਕਵਿਤਾਵਾਂ ਗਾਈਆਂ ਜਾਂਦੀਆਂ ਹਨ, ਉਦੋਂ ਤੁਸੀਂ ਵਿਰੋਧ ਕਿਉਂ ਨਹੀਂ ਕਰਦੇ? ਕੁਝ ਲੋਕ ਇਹ ਕਹਿ ਰਹੇ ਹਨ ਕਿ ਜੇਕਰ ਸ੍ਰੀ ਕ੍ਰਿਸ਼ਨ ਜੀ ਦੇ ਗੀਤ ਗਾਉਣ 'ਤੇ ਸਿੱਖਾਂ ਨੂੰ ਏਨਾ ਹੀ ਇਤਰਾਜ਼ ਹੈ ਤਾਂ ਫਿਰ ਹਿੰਦੂਆਂ ਨੂੰ ਗੁਰਦੁਆਰੇ ਜਾਣਾ ਛੱਡ ਦੇਣਾ ਚਾਹੀਦਾ ਹੈ। ਕੁਝ ਹੋਰ ਲੋਕਾਂ ਦਾ ਵਿਚਾਰ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਾਰੇ ਵਰਣਾਂ ਦੇ ਲਈ ਸਾਂਝੇ ਹਨ ਤਾਂ ਫਿਰ ਸ੍ਰੀ ਕ੍ਰਿਸ਼ਨ ਜੀ ਦੀ ਉਪਮਾ ਵਿਚ ਗੁਰਦੁਆਰੇ ਅੰਦਰ ਗੀਤ ਗਾਉਣ 'ਤੇ ਇਤਰਾਜ਼ ਕਿਉਂ?

ਸਭ ਤੋਂ ਪਹਿਲਾ ਨੁਕਤਾ ਇਹ ਹੈ ਕਿ ਸਿੱਖ ਰਹਿਤ ਮਰਯਾਦਾ ਦੇ 'ਕੀਰਤਨ' ਸਿਰਲੇਖ ਹੇਠ ਦਰਜ ਅਨੁਸਾਰ, '(ੳ) ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ। (ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ। (ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੀ ਹੋ ਸਕਦਾ ਹੈ। (ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨ-ਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।'

ਇਸ ਤਰ੍ਹਾਂ ਸਿੱਖ ਰਹਿਤ ਮਰਯਾਦਾ ਦੇ 'ਕੀਰਤਨ' ਸਿਰਲੇਖ ਹੇਠ ਦਰਜ ਮਦ (ੲ) ਅਤੇ (ਸ) ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਕਤ ਮਸਲੇ ਵਿਚ ਮੁੱਢਲਾ ਸਿਧਾਂਤਕ ਇਤਰਾਜ਼ ਕੀ ਹੈ। ਕਈ ਸੱਜਣ ਇਹ ਵੀ ਸਵਾਲ ਕਰ ਸਕਦੇ ਹਨ ਕਿ 'ਸਿੱਖ ਰਹਿਤ ਮਰਯਾਦਾ' ਸਿੱਖਾਂ ਨੇ ਬਾਅਦ ਵਿਚ ਬਣਾਈ ਹੈ, ਗੁਰਬਾਣੀ ਇਸ ਸਬੰਧੀ ਕੀ ਦਿਸ਼ਾ-ਨਿਰਦੇਸ਼ ਦਿੰਦੀ ਹੈ। ਵਿਸ਼ੇ ਨੂੰ ਸਪੱਸ਼ਟ ਕਰਨ ਲਈ ਦੱਸ ਦੇਈਏ ਕਿ ਸਿੱਖ ਪੰਥ ਦੇ ਉੱਚ ਅਧਿਆਤਮਿਕ ਅਤੇ ਬੌਧਿਕ ਅਵਸਥਾਵਾਂ ਵਾਲੇ ਗੁਰਮੁਖਾਂ ਦੁਆਰਾ ੧੯੩੬ ਵਿਚ ਤਿਆਰ ਕੀਤੇ ਗਏ 'ਸਿੱਖ ਰਹਿਤ ਮਰਯਾਦਾ' ਦੇ ਪੰਥ ਪ੍ਰਵਾਨਿਤ ਖਰੜੇ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਅਤੇ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ/ਰਹਿਤਨਾਮਿਆਂ ਨੂੰ ਬਣਾਇਆ ਗਿਆ ਸੀ। ਸ੍ਰੀ ਕ੍ਰਿਸ਼ਨ ਜੀ ਹੀ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਦਸ ਗੁਰੂ ਸਾਹਿਬਾਨ ਨਾਲ ਸਬੰਧਿਤ ਵੀ ਗੀਤਾਂ-ਕਵਿਤਾਵਾਂ ਨੂੰ ਕੀਰਤਨ ਰੂਪ ਵਿਚ ਗਾਉਣਾ ਪ੍ਰਵਾਨ ਨਹੀਂ ਕੀਤਾ ਜਾਂਦਾ। ਬਹੁਤ ਸਾਰੇ ਰਾਗੀ ਸਿੰਘ ਗੁਰਬਾਣੀ ਨੂੰ ਛੱਡ ਕੇ ਕਵਿਤਾਵਾਂ ਤੇ ਧਾਰਨਾਵਾਂ ਨੂੰ ਕੀਰਤਨ ਰੂਪ ਵਿਚ ਗਾਉਣ ਲੱਗ ਪਏ ਸਨ, ਜਿਸ ਤੋਂ ਬਾਅਦ 27-8-1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਸ 'ਤੇ ਮਨਾਹੀ ਸਬੰਧੀ ਇਕ ਆਦੇਸ਼ ਜਾਰੀ ਹੋਇਆ ਸੀ, ਜਿਸ ਦੌਰਾਨ ਕੱਚੀ ਬਾਣੀ ਪੜ੍ਹਣ ਵਾਲੇ ਰਾਗੀ ਸਿੰਘਾਂ ਨੂੰ ਇਕ ਘੰਟੇ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਇਸ਼ਨਾਨ ਦੀ ਸੇਵਾ, 2100-2100 ਰੁਪਏ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਗੁਰੂ ਰਾਮਦਾਸ ਲੰਗਰ ਅਤੇ 101 ਰੁਪਏ ਦੀ ਦੇਗ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਟਾ ਕਰਕੇ ਅਰਦਾਸ ਕਰਵਾਉਣ ਦਾ ਆਦੇਸ਼ ਹੋਇਆ ਸੀ। ਇਸ ਦੌਰਾਨ ਬਹੁਤ ਸਾਰੇ ਰਾਗੀ ਸਿੰਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕ ਪ੍ਰਣ ਪੱਤਰ ਵੀ ਦਿੱਤਾ ਸੀ, ਜਿਸ ਦੇ ਅਨੁਸਾਰ ਉਨ੍ਹਾਂ ਬਚਨ ਕੀਤਾ ਸੀ ਕਿ ਭਵਿੱਖ ਵਿਚ ਉਹ ਗੁਰ ਮਰਯਾਦਾ ਅਨੁਸਾਰ ਕੀਰਤਨ ਕਰਦਿਆਂ ਕੱਚੀ ਬਾਣੀ ਅਤੇ ਫਿਲਮੀ ਟਿਊਨਾਂ 'ਤੇ ਕੀਰਤਨ ਨਹੀਂ ਕਰਨਗੇ ਅਤੇ ਕੀਰਤਨ ਕਰਦੇ ਸਮੇਂ ਪ੍ਰਮਾਣ ਵੀ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਤੋਂ ਬਾਹਰੋਂ ਨਹੀਂ ਦੇਣਗੇ।

ਹੁਣ ਅਗਲੀ ਗੱਲ 'ਤੇ ਆਉਂਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਸਾਨੂੰ ਇਸ ਸਬੰਧੀ ਕੀ ਉਪਦੇਸ਼ ਦਿੰਦੀ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਦਾ ਪ੍ਰਮੁੱਖ ਵਿਸ਼ਾ ਇਕ (ਨਿਰਾਕਾਰ, ਅਜੂਨੀ ਅਤੇ ਸਰਬ-ਵਿਆਪੀ) ਅਕਾਲ ਪੁਰਖ, ਅਧਿਆਤਮਕ ਚਿੰਤਨ, ਬੰਦਗੀ ਅਤੇ ਵਿਸ਼ਵ ਮਾਨਵੀ ਏਕਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ (ਆਦਿ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਆਪਣੇ ਤੋਂ ਪੂਰਬਲੇ ਚਾਰ ਗੁਰੂ ਸਾਹਿਬਾਨ ਤੋਂ ਇਲਾਵਾ ਵੱਖ-ਵੱਖ ਜਾਤਾਂ ਅਤੇ ਵਰਣਾਂ ਦੇ ਪਿਛੋਕੜ ਵਾਲੇ ਪੰਦਰਾਂ ਸੰਤਾਂ/ਭਗਤਾਂ, ਗਿਆਰਾਂ ਭੱਟਾਂ ਅਤੇ ਗੁਰੂ ਸਾਹਿਬਾਨ ਦੇ ਚਾਰ ਸੇਵਕਾਂ ਦੀ ਬਾਣੀ ਵੀ ਸ਼ਾਮਲ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਗੁਰੂ ਸਾਹਿਬ ਦਾ ਆਸ਼ਾ ਇਕ ਨਿਰਾਕਾਰ ਅਕਾਲ ਪੁਰਖ ਦਾ ਸਿਮਰਨ ਕਰਕੇ ਮਨੁੱਖਤਾ ਨੂੰ ਉਸ ਸਰਬ-ਵਿਆਪਕ ਆਦਿ ਸ਼ਕਤੀ ਵਿਚ ਅਭੇਦ ਹੋਣ ਦਾ ਰਾਹ ਦੱਸਣਾ ਸੀ, ਜਿਸ ਤੋਂ ਵਿਛੜ ਕੇ ਜੀਵ 84 ਲੱਖ ਜੂਨਾਂ ਵਿਚ ਭਟਕਦਾ ਹੈ। ਨਹੀਂ ਤਾਂ ਆਪਣੀਆਂ ਕਵਿਤਾਵਾਂ ਲੈ ਕੇ ਪੀਲੂ, ਛੱਜੂ, ਸ਼ਾਹ ਹੁਸੈਨ ਤੇ ਕਾਹਨਾ ਵਰਗੇ ਆਪਣੇ ਆਪ ਵਿਚ ਕਹਿੰਦੇ ਕਹਾਉਂਦੇ ਪੰਜਾਬੀ ਦੇ ਕਵੀ ਵੀ ਪੰਚਮ ਪਾਤਸ਼ਾਹ ਕੋਲ ਆਏ ਸਨ ਤੇ ਜਦੋਂ ਗੁਰੂ ਪਾਤਸ਼ਾਹ ਨੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨ ਜੁਗਤ ਦੀਆਂ 'ਸੰਭਾਲਾਂ' ਦੇ ਉਲਟ ਜਾਣਿਆ ਤਾਂ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ਵ ਦੇ ਧਾਰਮਿਕ ਗ੍ਰੰਥਾਂ ਦੇ ਇਤਿਹਾਸ ਵਿਚ ਮੁੱਢਲੀ ਵਿਲੱਖਣਤਾ ਹੈ ਕਿ ਇਹ ਦੂਜੇ ਧਰਮ ਗ੍ਰੰਥਾਂ ਵਾਂਗ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਸਾਖੀਆਂ, ਇਤਿਹਾਸ ਅਤੇ ਉਨ੍ਹਾਂ ਦੀ ਵਡਿਆਈ 'ਤੇ ਆਧਾਰਿਤ ਨਹੀਂ ਹੈ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਲਸਫਾ ਅਤੇ ਗੁਰਮਤਿ ਦਾ ਆਸ਼ਾ ਮਨੁੱਖ ਦਾ ਅਕਾਲ ਪੁਰਖ ਵਾਹਿਗੁਰੂ ਨਾਲ ਗੁਰੂ ਦੀ ਮਾਰਫਤ ਮਿਲਾਪ ਕਰਵਾਉਣਾ ਹੈ। ਇਸ ਤੋਂ ਛੁੱਟ ਅਕਾਲ ਪੁਰਖ ਦੀ ਕ੍ਰਿਤ ਕਿਸੇ ਵੀ ਦੇਵੀ-ਦੇਵਤੇ ਜਾਂ ਅਵਤਾਰ ਦੀ ਪੂਜਾ ਨਹੀਂ ਕਰਨੀ, ਕਿਉਂਕਿ ਜਿੰਨੇ ਵੀ ਬ੍ਰਹਮੇ, ਅਵਤਾਰ, ਦੇਵੀ, ਦੇਵਤੇ ਆਦਿਕ ਹੋਏ ਹਨ, ਉਨ੍ਹਾਂ ਵਿਚੋਂ ਕਿਸੇ ਨੇ ਵੀ ਅਕਾਲ ਪੁਰਖ ਦਾ ਪਾਰਾਵਾਰ ਨਹੀਂ ਪਾਇਆ। ਉਸ ਕਰਤੇ ਦੀ ਵਚਿੱਤਰ ਲੀਲਾ ਦਾ ਅੰਤ ਖ਼ੁਦ ਉਹੀ ਜਾਣਦਾ ਹੈ:

**ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥**
**ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥੧॥**
**ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥੧॥ਰਹਾਉ॥**
**ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥**
**ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥੨॥**
**ਅਪਨੈ ਰੰਗਿ ਕਰਤਾ ਕੇਲ॥ ਆਪਿ ਬਿਛੋਰੈ ਆਪੇ ਮੇਲ॥**
**ਇਕਿ ਭਰਮੇ ਇਕਿ ਭਗਤੀ ਲਾਏ॥ ਅਪਣਾ ਕੀਆ ਆਪਿ ਜਣਾਏ॥੩॥**
**ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥**
**ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥ ਨਾਨਕ ਕਾ ਪ੍ਰਭੁ ਆਪੇ ਆਪਿ॥੪॥੨੫॥੩੬॥**
**(ਰਾਮਕਲੀ ਮਹਲਾ ੫, ਅੰਗ: ੮੯੪)**

ਗੁਰਬਾਣੀ ਦਾ ਆਸ਼ਾ ਇਹ ਵੀ ਦੱਸਦਾ ਹੈ ਕਿ ਦੇਵੀ-ਦੇਵਤਿਆਂ ਅਤੇ ਵੱਖ-ਵੱਖ ਜੁਗਾਂ ਵਿਚ ਹੋਏ ਅਵਤਾਰਾਂ ਦੀ ਹੋਂਦ ਅਤੇ ਉਨ੍ਹਾਂ ਸਮਿਆਂ ਵਿਚ ਉਨ੍ਹਾਂ ਦੀ ਸਾਰਥਿਕਤਾ ਨੂੰ ਨਕਾਰਿਆ ਨਹੀਂ ਜਾ ਸਕਦਾ (ਜਿਵੇਂ ਕਿ ਅੱਜ ਕੱਲ ਸਿੱਖਾਂ ਵਿਚ ਪੈਦਾ ਹੋਈ ਇਕ ਅਪਗ੍ਰੇਡ ਸ਼੍ਰੇਣੀ ਨੇ ਕਰਨਾ ਸ਼ੁਰੂ ਕੀਤਾ ਹੋਇਆ ਹੈ) ਪਰ ਅਕਾਲ ਪੁਰਖ ਨਿਰਾਕਾਰ ਦੀ ਅਰਾਧਨਾ ਤੋਂ ਬਗੈਰ, ਅਕਾਲ ਪੁਰਖ ਦੀ ਕਿਸੇ ਵੀ ਹੋਰ ਕ੍ਰਿਤ ਦੇ ਨਾਮ ਦੀ ਅਰਾਧਨਾ ਨੂੰ 'ਕਿਰਤਮ ਨਾਮ' ਆਖਿਆ ਗਿਆ ਹੈ ਅਤੇ ਗੁਰਬਾਣੀ ਸਾਨੂੰ ਕਿਰਤਮ ਨਾਮ ਦੀ ਬਜਾਏ ਸਤਿ ਨਾਮੁ (ਅਕਾਲ ਪੁਰਖ ਦਾ ਸੱਚਾ ਤੇ ਸਦੀਵੀ ਨਾਮ) ਜਪਣ ਦਾ ਉਪਦੇਸ਼ ਦਿੰਦੀ ਹੈ :-

**ਕਿਰਤਮ ਨਾਮ ਕਥੇ ਤੇਰੇ ਜਿਹਬਾ॥**
**ਸਤਿ ਨਾਮੁ ਤੇਰਾ ਪਰਾ ਪੂਰਬਲਾ॥ (ਮਾਰੂ ਮਹਲਾ: ੫, ਅੰਗ: ੧੦੮੨)**

ਕਿਸੇ ਦੇ ਮਨ ਵਿਚ ਅਗਲਾ ਸਵਾਲ ਇਹ ਆ ਸਕਦਾ ਹੈ ਕਿ ਗੁਰਬਾਣੀ ਅੰਦਰ ਬਹੁਤ ਵਾਰੀ ਕ੍ਰਿਸ਼ਨ, ਰਾਮ, ਹਰੀ, ਵਿਸ਼ਨੂੰ, ਬ੍ਰਹਮਾ, ਸ਼ਿਵ ਆਦਿਕ ਅਵਤਾਰਾਂ ਦੇ ਨਾਂਵਾਂ ਦਾ ਜ਼ਿਕਰ ਆਉਂਦਾ ਹੈ। ਪਹਿਲੀ ਗੱਲ ਇਹ ਹੈ ਕਿ ਜਿਵੇਂ ਅਸੀਂ ਉਪਰ ਜ਼ਿਕਰ ਕੀਤਾ ਹੈ ਕਿ ਗੁਰਬਾਣੀ ਦੇ ਅੰਦਰ ਵੱਖ-ਵੱਖ ਜੁੱਗਾਂ ਵਿਚ ਹੋਏ ਦੇਵਤਿਆਂ-ਅਵਤਾਰਾਂ ਦੀ ਹੋਂਦ ਨੂੰ ਰੱਦ ਨਹੀਂ ਕੀਤਾ ਗਿਆ, ਬਲਕਿ ਇਨ੍ਹਾਂ ਸਭਨਾਂ ਨੂੰ ਅਕਾਲ ਪੁਰਖ ਦੁਆਰਾ ਭੇਜੇ ਹੋਏ ਹੀ ਦੱਸਿਆ ਗਿਆ ਹੈ। ਅਗਲੀ ਗੱਲ ਇਹ ਕਿ ਗੁਰਬਾਣੀ ਦੇ ਅੰਦਰ ਵੱਖ-ਵੱਖ ਥਾਵਾਂ 'ਤੇ ਰਾਮ, ਕ੍ਰਿਸ਼ਨ, ਹਰੀ ਆਦਿ ਨਾਂ ਵੱਖ-ਵੱਖ ਸੰਦਰਭਾਂ ਵਿਚ



ਆਏ ਹਨ। ਜਿਵੇਂ ਗੁਰਬਾਣੀ ਦਾ ਇਕ ਸ਼ਬਦ ਹੈ, ਜੋ ਬਹੁਤ ਸੁਖੈਨ ਤਰੀਕੇ ਨਾਲ ਸਾਨੂੰ ਇਸ ਅੰਤਰ ਨੂੰ ਸਪੱਸ਼ਟਾਉਂਦਾ ਹੈ :-

**ਕਬੀਰ ਰਾਮ ਕਹਨ ਮਹਿ ਭੇਦੁ ਹੈ, ਤਾ ਮਹਿ ਏਕੁ ਬਿਚਾਰੁ॥**
**ਸੋਈ ਰਾਮੁ ਸਭੈ ਕਹਹਿ, ਸੋਈ ਕਉਤਕਹਾਰ॥ (ਭਗਤ ਕਬੀਰ ਜੀ, ਅੰਗ: ੧੩੭੪)**

ਭਾਵ; ਹੇ ਕਬੀਰ! ਰਾਮ ਰਾਮ ਆਖਣ ਵਿਚ ਵੀ ਫਰਕ ਪੈ ਜਾਂਦਾ ਹੈ, ਜੋ ਸਮਝਣ ਵਾਲੀ ਗੱਲ ਹੈ। ਇਕ ਰਾਮ ਤਾਂ ਉਹ ਸਰਬ-ਵਿਆਪੀ ਹੈ ਜਿਸ ਨੂੰ ਹਰੇਕ ਜੀਵ ਸਿਮਰਦਾ ਹੈ ਅਤੇ ਇਕ ਅਵਤਾਰੀ ਰਾਮ ਦਸ਼ਰਥ ਜੀ ਦੇ ਸਪੁੱਤਰ ਸ੍ਰੀ ਰਾਮ ਚੰਦਰ ਹਨ, ਜਿਨ੍ਹਾਂ ਦਾ ਨਾਮ ਰਾਸਧਾਰੀਏ ਜਪਦੇ ਹਨ।

ਇਸੇ ਤਰ੍ਹਾਂ ਗੁਰਬਾਣੀ ਵਿਚ ਕਿਤੇ ਕ੍ਰਿਸ਼ਨ ਸ਼ਬਦ ਦਾ ਜ਼ਿਕਰ ਨਿਰਾਕਾਰ ਅਕਾਲ ਪੁਰਖ ਦੇ ਨਾਂਅ ਦੇ ਰੂਪ ਵਿਚ ਵੀ ਆਇਆ ਹੈ ਅਤੇ ਕਿਤੇ ਮਾਤਾ ਦੇਵਕੀ ਤੇ ਪਿਤਾ ਵਾਸੁਦੇਵ ਦੇ ਸਪੁੱਤਰ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਿਚ ਵੀ। ਜਿੱਥੇ ਕਿਤੇ ਮਾਤਾ ਦੇਵਕੀ ਜੀ ਦੇ ਸਪੁੱਤਰ ਸ੍ਰੀ ਕ੍ਰਿਸ਼ਨ ਦੇ ਰੂਪ ਵਿਚ ਜ਼ਿਕਰ ਆਇਆ, ਉੱਥੇ ਦ੍ਰਿਸ਼ਟਾਂਤ ਰੂਪ ਵਿਚ ਹੀ ਆਇਆ ਹੈ, ਜਿਵੇਂ ਕਿ :-

**ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥**
**ਸਭੁ ਕੋ ਸਚਿ ਸਮਾਵੈ॥ ਰਿਗੁ ਕਹੈ ਰਹਿਆ ਭਰਪੂਰਿ॥**
**ਰਾਮ ਨਾਮੁ ਦੇਵਾ ਮਹਿ ਸੂਰੁ॥ ਨਾਇ ਲਇਐ ਪਰਾਛਤ ਜਾਹਿ॥**
**ਨਾਨਕ ਤਉ ਮੋਖੰਤਰੁ ਪਾਹਿ॥**
**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥**
**ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥**
**ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥**
**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥**
**ਚਾਰੇ ਵੇਦ ਹੋਏ ਸਚਿਆਰ॥**
**ਪੜਹਿ ਗੁਣਹਿ ਤਿਨ ਚਾਰ ਵੀਚਾਰ॥**
**ਭਾਉ ਭਗਤਿ ਕਰਿ ਨੀਚੁ ਸਦਾਏ॥**
**ਤਉ ਨਾਨਕ ਮੋਖੰਤਰੁ ਪਾਏ॥੨॥ ( ਮ ੧,ਅੰਗ: ੪੭੦)**

ਇਸ ਸ਼ਬਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਵੱਖ-ਵੱਖ ਵੇਦ-ਸਾਮ, ਰਿਗ, ਜੁਜ, ਅਥਰਬਣੁ (ਵੱਖ-ਵੱਖ ਜੁਗਾਂ ਵਿਚ) ਕ੍ਰਮਵਾਰ ਪਰਮਾਤਮਾ ਦੇ ਵੱਖ-ਵੱਖ ਨਾਂਵਾਂ 'ਸੇਤੰਬਰ', 'ਰਾਮ', 'ਜਾਦਮੁ' ਅਤੇ (ਜਦੋਂ ਮੁਗ਼ਲਾਂ/ਪਠਾਣਾਂ ਦਾ ਰਾਜ ਕਾਇਮ ਹੋਇਆ ਤਾਂ) 'ਅਲਹੁ' ਦੇ ਪ੍ਰਧਾਨ ਰਹਿਣ ਬਾਰੇ ਜ਼ਿਕਰ ਕਰਦੇ ਹਨ। ਇਵੇਂ ਯਜੁਰਵੇਦ ਮੁਤਾਬਕ ਦੁਆਪਰ ਜੁੱਗ ਵਿਚ ਜਗਤ ਦੇ ਮਾਲਕ ਦਾ ਨਾਂ ਸ੍ਰੀ ਕ੍ਰਿਸ਼ਨ ਵਜੋਂ ਪ੍ਰਸਿੱਧ ਹੋ ਗਿਆ। ਪਰ ਇਸ ਸ਼ਬਦ ਦੇ ਅਖੀਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ, ਜਦੋਂ ਮਨੁੱਖ (ਸਰਬ-ਵਿਆਪਕ ਪਰਮ ਸੱਤਾ ਅਰਥਾਤ ਨਿਰਾਕਾਰ ਅਕਾਲ ਪੁਰਖ) ਦੀ ਪ੍ਰੇਮਾ ਭਗਤੀ ਕਰਕੇ ਨਿਮਰਤਾ ਤੇ ਸਹਿਜ ਦੇ ਘਰ ਵਿਚ ਵਾਸ ਕਰਦਾ ਹੈ ਤਦੇ ਹੀ ਉਸ ਨੂੰ ਮੁਕਤੀ ਮਿਲਦੀ ਹੈ। ਦੂਜੇ ਪਾਸੇ ਨਿਰਾਕਾਰ ਅਕਾਲ ਪੁਰਖ ਦੇ ਰੂਪ ਵਿਚ 'ਕ੍ਰਿਸ਼ਨ' ਸ਼ਬਦ ਦੀ ਵਰਤੋਂ ਇਸ ਤਰ੍ਹਾਂ ਹੋਈ ਹੈ :-

**ਏਕ ਕ੍ਰਿਸਨੰ ਸਰਬ ਦੇਵਾ, ਦੇਵ ਦੇਵਾ ਤ ਆਤਮਾ॥**
**ਆਤਮਾ ਬਾਸੁਦੇਵਸਿ, ਜੇ ਕੋ ਜਾਣੈ ਭੇਉ॥**
**ਨਾਨਕੁ ਤਾ ਕਾ ਦਾਸੁ ਹੈ, ਸੋਈ ਨਿਰੰਜਨ ਦੇਉ॥ (ਮ:੨, ਅੰਗ: ੪੬੯)**

ਭਾਵ; ('ਕ੍ਰਿਸ' ਤੋਂ ਭਾਵ ਸੱਤਾ ਅਤੇ 'ਨੰ' ਅਨੰਦ ਦੇ ਅਰਥ ਰੂਪ ਵਿਚ ਹੈ) ਇਕ ਅਕਾਲ ਪੁਰਖ ਸਾਰੇ ਦੇਵਤਿਆਂ ਦਾ ਆਤਮਾ (ਸਵਾਮੀ) ਹੈ। ਜੋ ਮਨੁੱਖ 'ਆਤਮਾ' ਅਤੇ ਸਰਬ-ਵਿਆਪਕ 'ਅਕਾਲ ਪੁਰਖ' ਦੇ ਰਾਜ ਨੂੰ ਸਮਝਦਾ ਹੈ, ਨਾਨਕ ਉਸ ਦਾ ਦਾਸ ਹੈ ਅਤੇ ਉਹ ਅਕਾਲ ਪੁਰਖ ਦਾ ਰੂਪ ਹੈ।

ਸ੍ਰੀ ਕ੍ਰਿਸ਼ਨ ਜੀ ਨੂੰ ਦੁਆਪਰ ਜੁੱਗ ਦੇ ਅਵਤਾਰ ਰੂਪ ਵਿਚ 'ਅਪਰੰਪਾਰ' ਅਕਾਲ ਪੁਰਖ ਦੁਆਰਾ ਭੇਜੇ ਹੋਏ ਕਿਹਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ 'ਅਕਾਲ ਉਸਤਤਿ' ਵਿਚ ਜ਼ਿਕਰ ਕਰਦੇ ਹਨ

**'ਕੇਤੇ ਇੰਦ੍ਰ ਦੁਆਰ ਕੇਤੇ ਬ੍ਰਹਮਾ ਮੁਖਚਾਰ ਕੇਤੇ ਕ੍ਰਿਸਨਾ ਅਵਤਾਰ ਕੇਤੇ ਰਾਮ ਕਹੀਅਤੁ ਹੈਂ॥'**

ਸੋ, ਗੁਰਬਾਣੀ ਦੇ ਫਲਸਫੇ ਅਤੇ ਗੁਰਮਤਿ ਦੇ ਆਸ਼ੇ ਦੇ ਅਨੁਸਾਰ ਸੰਗਤ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੇਵਲ ਗੁਰਬਾਣੀ ਦਾ ਕੀਰਤਨ ਹੀ ਹੋ ਸਕਦਾ ਹੈ। ਗੁਰਬਾਣੀ ਦਾ ਹੀ ਉਪਦੇਸ਼ ਹੈ :-

**ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ॥੧॥ਰਹਾਉ॥**
**(ਬਸੰਤੁ ਮ:੧ ਹਿੰਡੋਲ, ਅੰਗ:੧੧੭੧)**

ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਜਿਹੜੀਆਂ 6 'ਸੰਭਾਲਾਂ' ਵਰਤੀਆਂ ਸਨ, ਉਨ੍ਹਾਂ ਵਿਚੋਂ ਇਕ ਸੰਭਾਲ ਇਹ ਵੀ ਸੀ ਕਿ ਗੁਰੂ ਸਾਹਿਬ ਨੇ ਸ਼ਬਦਾਂ ਦੀ ਗਿਣਤੀ ਅਤੇ ਅੰਕੜੇ ਆਪਣੇ ਹੱਥੀਂ ਦਰਜ ਕੀਤੇ ਤਾਂ ਜੋ ਕੋਈ ਵੀ ਕਿਸੇ ਥਾਂ 'ਤੇ ਕਦੇ ਵੀ ਕੋਈ ਇਕ ਅੱਖਰ ਦਾ ਵੀ ਰਲਾ ਨਾ ਪਾ ਸਕੇ। ਇਹ ਗੁਰਬਾਣੀ ਤੇ ਉਸ ਦੇ ਕੀਰਤਨ ਦੀ ਮੌਲਿਕਤਾ ਨੂੰ ਜੁੱਗਾਂ-ਜੁੱਗਾਂ ਤੱਕ ਕਾਇਮ ਰੱਖਣ ਲਈ ਗੁਰੂ ਸਾਹਿਬ ਦਾ ਮਹਾਨ ਪਰਉਪਕਾਰ ਸੀ। ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਲਸਫ਼ੇ ਵਿਚ ਪ੍ਰਚੰਡ ਭਗਤੀ, ਜਜ਼ਬਾਤੀ ਭਗਤੀ ਜਾਂ 'ਪਗ ਘੁੰਘਰੂ ਬਾਂਧੇ ਨਾਚ' ਦੀ ਤਿੱਖੀ ਭਗਤੀ ਨੂੰ ਕੋਈ ਥਾਂ ਨਹੀਂ ਦਿੱਤੀ ਗਈ। ਯਥਾ ਗੁਰਵਾਕ :-

**ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ ਸਿਰ॥**
**ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥**
**ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ॥**
**ਗਾਵਨਿ ਗੋਪੀਆ ਗਾਵਨਿ ਕਾਨ੍॥ ਗਾਵਨਿ ਸੀਤਾ ਰਾਜੇ ਰਾਮ॥**
**ਨਿਰਭਉ ਨਿਰੰਕਾਰੁ ਸਚੁ ਨਾਮੁ॥ ਜਾ ਕਾ ਕੀਆ ਸਗਲ ਜਹਾਨੁ॥**
**ਸੇਵਕ ਸੇਵਹਿ ਕਰਮਿ ਚੜਾਉ॥ ਭਿੰਨੀ ਰੈਣਿ ਜਿਨਾ ਮਨਿ ਚਾਉ॥**
**ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥**
**ਕੋਲੂ ਚਰਖਾ ਚਕੀ ਚਕੁ॥ ਥਲ ਵਾਰੋਲੇ ਬਹੁਤੁ ਅਨੰਤੁ॥**
**ਲਾਟੂ ਮਾਧਾਣੀਆ ਅਨਗਾਹ॥ ਪੰਖੀ ਭਉਦੀਆ ਲੈਨਿ ਨ ਸਾਹ॥**
**ਸੂਐ ਚਾੜਿ ਭਵਾਈਅਹਿ ਜੰਤ॥ ਨਾਨਕ ਭਉਦਿਆ ਗਣਤ ਨ ਅੰਤ॥**
**ਬੰਧਨ ਬੰਧਿ ਭਵਾਏ ਸੋਇ॥ ਪਇਐ ਕਿਰਤਿ ਨਚੈ ਸਭੁ ਕੋਇ॥**
**ਨਚਿ ਨਚਿ ਹਸਹਿ ਚਲਹਿ ਸੇ ਰੋਇ॥ ਉਡਿ ਨ ਜਾਹੀ ਸਿਧ ਨ ਹੋਹਿ॥**
**ਨਚਣੁ ਕੁਦਣੁ ਮਨ ਕਾ ਚਾਉ॥ ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ ॥੨॥ (ਮ ੧, ਅੰਗ: ੪੬੫)**

ਗੁਰਬਾਣੀ ਵਿਚ ਰਾਸ ਲੀਲਾ ਕਰਨੀਆਂ, ਨੱਚ-ਕੁੱਦ ਕੇ ਰੱਬ ਨੂੰ ਪਾਉਣ ਦੇ ਯਤਨਾਂ ਨੂੰ ਵਿਅਰਥ ਦੱਸ ਕੇ ਅਕਾਲ ਪੁਰਖ ਦੀ ਭੈਅ-ਭਾਵਨੀ ਨੂੰ ਹਿਰਦੇ ਵਿਚ ਧਾਰ ਕੇ ਸਹਿਜ-ਸੁਭਾਅ ਅਕਾਲ ਪੁਰਖ ਦਾ ਸਿਮਰਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ।

ਬਾਕੀ ਸਫ਼ਾ 30 'ਤੇ

# ਮੁੱਦਾ ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਗੰਭੀਰਤਾ ਨਾਲ ਵਿਚਾਰਣ ਦਾ

**ਹਰਕੀਰਤ ਕੌਰ**
**ਮੋ. ੯੭੭੯੧੧੮੦੬੬**

ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਜਿਸਦੇ ਕਣ ਕਣ ਵਿੱਚ ਮਿੱਟੀ ਦੀ ਖੁਸ਼ਬੂ,ਖੇਤਾ ਵਿੱਚ ਲਹਿਰਾਉਂਦੀਆਂ ਫਸਲਾਂ, ਖਾਲਾਂ ਵਿੱਚ ਵੱਗਦਾ ਚਾਂਦੀ ਵਰਗਾ ਪਾਣੀ, ਚਿੜੀਆਂ, ਕਬੂਤਰਾਂ ਦੀ ਚਹਿਕ ਤੇ ਵਿਹੜਿਆਂ ਵਿੱਚ ਲੱਗੇ ਫਲ ਤੇ ਫੁੱਲਦਾਰ ਬੂਟਿਆਂ ਦੀ ਮਹਿਕ ਪੰਜਾਬ ਦੀ ਧਰਤ ਨੂੰ ਚੁਫੇਰਿਓਂ ਮਹਿਕਾਈ ਰੱਖਦੀ ਹੈ।ਪੰਜਾਬ ਦੇ ਕਿਸਾਨਾਂ ਨੂੰ ਅੰਨਦਾਤੇ ਦੇ ਨਾਮ ਨਾਲ ਨਿਵਾਜਿਆ ਗਿਆ ਹੈ। ਥੋੜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦੀ ਅਸਲ ਪਹਿਚਾਣ ਇਸਦੀ ਕਿਸਾਨੀ, ਖੇਤੀਬਾੜੀ ਹੈ। ਖੇਤੀਬਾੜੀ ਦੇ ਖੇਤਰ ਵਿੱਚ ਵਿਕਾਸ ਅਤੇ ਵਿਦਿਆਰਥੀ ਨੂੰ ਇਸ ਖੇਤਰ ਨਾਲ ਜੋੜਨ ਲਈ 1962 ਵਿੱਚ ਸੰਯੁਕਤ ਪੰਜਾਬ ਦੇ ਸ਼ਹਿਰ ਲੁਧਿਆਣਾ ਵਿਖੇ ਖੇਤੀਬਾੜੀ ਯੂਨੀਵਰਸਿਟੀ ਬਣਾਈ ਗਈ। ਇਹ ਪੰਜਾਬ ਲਈ ਬਹੁਤ ਵੱਡਾ ਮਾਣ ਹੈ। ਹੁਣ ਹਰਿਆਣਾ ਤੇ ਪੰਜਾਬ ਦੀਆਂ ਵੱਖ ਵੱਖ ਖੇਤੀਬਾੜੀ ਯੂਨੀਵਰਸਿਟਿਆਂ ਹਨ। ਯੂਨਿਵਰਸਿਟੀ ਵਿੱਚ ਚਾਰ ਕਾਲਜ ਹਨ : ਕਾਲਜ ਆਫ ਐਗਰੀਕਲਚਰ, ਕਾਲਜ ਆਫ ਐਗਰੀਕਲਚਰਲ ਇੰਜੀਨਅਰਿੰਗ, ਕਾਲਜ ਆਫ ਹੋਮ ਸਾਇੰਸ ਤੇ ਕਾਲਜ ਆਫ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ। 2005 ਵਿੱਚ, ਇਸ ਯੂਨੀਵਰਸਿਟੀ ਵਿੱਚੋਂ ਹੀ ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨੇ ਜਨਮ ਲਿਆ। ਪੰਜਾਬ ਦੀ ਅੰਨ ਸੁਰੱਖਿਆ ਤੇ ਪੈਦਾਵਾਰ ਵਧਾਉਣ ਲਈ ਇਸ ਯੂਨੀਵਰਸਿਟੀ ਦਾ ਬਹੁਤ ਵੱਡਾ ਯੋਗਦਾਨ ਹੈ। ਪਸ਼ੂ ਪਾਲਣ, ਮੁਰਗੀ ਪਾਲਣ ਆਦਿ ਵਰਗੇ ਧੰਦਿਆਂ ਵਿੱਚ ਇਸ ਯੂਨੀਵਰਸਿਟੀ ਨੇ ਸਲਾਹੁਣਯੋਗ ਕੰਮ ਕੀਤਾ ਹੈ। ਖੇਤੀਬਾੜੀ ਖੋਜ, ਪੜਾਈ ਤੇ ਪਸਾਰ ਦੇ ਖੇਤਰ ਵਿੱਚ 1995 ਵਿੱਚ ਇਸ ਨੂੰ ਭਾਰਤ ਦੀ ਸਰਵੋਤਮ ਯੂਨੀਵਰਸਿਟੀ ਵੀ ਐਲਾਨਿਆ ਗਿਆ।

ਕਈ ਖੇਤੀਬਾੜੀ ਮਾਹਿਰ ਇਸੇ ਯੂਨੀਵਰਸਿਟੀ ਦੀ ਦੇਣ ਹਨ। ਅੱਜ ਵੀ ਹਜ਼ਾਰਾਂ ਵਿਦਿਆਰਥੀ ਇਸ ਯੂਨੀਵਰਸਿਟੀ ਵਿੱਚ ਖੇਤੀਬਾੜੀ ਨਾਲ ਸੰਬੰਧਿਤ ਆਪਣੀ ਉਚੇਰੀ ਸਿੱਖਿਆ ਹਾਸਿਲ ਕਰ ਰਹੇ ਹਨ।

ਅਸੀਂ ਅਕਸਰ ਹੀ ਪੰਜਾਬ ਦੀ ਜਵਾਨੀ ਦਾ ਪੰਜਾਬ ਛੱਡਣ, ਵਿਦੇਸ਼ਾਂ ਵਿੱਚ ਜਾ ਪੜਾਈ ਕਰਨ ਦੀ ਚਿੰਤਾ ਜਾਹਿਰ ਕਰਦੇ ਹਾਂ ਕਿ ਜੇਕਰ ਇਹ ਸਿਲਸਿਲਾ ਇਸ ਤਰਾਂ ਚੱਲਦਾ ਰਿਹਾ ਤਾਂ ਪੰਜਾਬ ਵਿੱਚ ਤਾਂ ਜਵਾਨੀ ਬਚੇਗੀ ਹੀ ਨਹੀਂ। ਫਿਰ ਸਵਾਲ ਉੱਠਦਾ ਹੈ ਕਿ ਅਜਿਹੇ ਕਿਹੜੇ ਹੀਲੇ ਵਸੀਲੇ ਕੀਤੇ ਜਾਣ ਕਿ ਨੌਜਵਾਨੀ ਨੂੰ ਪੰਜਾਬ ਛੱਡ ਕੇ ਨਾ ਜਾਣਾ ਪਵੇ, ਜਿਸਦਾ ਜਵਾਬ ਇਹ ਹੈ ਕਿ ਪੰਜਾਬ ਵਿੱਚ ਹੀ ਵਿਦਿਆਰਥੀਆਂ ਨੂੰ ਮਿਆਰੀ ਤੇ ਸਸਤੀ ਸਿੱਖਿਆ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣ। ਪਰ ਅੱਜ ਪੰਜਾਬ ਦੀ ਅੱਧੇ ਤੋਂ ਜਿਆਦਾ ਨੌਜਵਾਨੀ ਵਿਦੇਸ਼ ਤੁਰ ਗਈ, ਜੋ ਬਾਕੀ ਬਚੀ ਹੈ ਉਹ ਆਪਣੇ ਹੱਕਾਂ ਲਈ, ਨੌਕਰੀਆਂ ਲਈ ਸੜਕਾਂ ਉੱਪਰ ਧਰਨੇ ਲਗਾ ਰਹੀ ਹੈ, ਮਰਨ ਵਰਤ ਰੱਖ ਰਹੀ ਹੈ, ਭੁੱਖ ਹੜਤਾਲਾਂ ਕਰ ਰਹੀ ਹੈ। ਵੇਰਵਾ ਇਸ ਤਰਾਂ ਹੈ ਕਿ ਪੰਜਾਬ ਦੇ ਜਾਏ ਇਕੱਲੇ ਕਿਸਾਨਾਂ ਨੂੰ ਆਪਣੀਆਂ ਮੰਗਾਂ ਮੰਗਵਾਉਣ ਲਈ ਸੜਕਾਂ 'ਤੇ ਧੱਕੇ ਨਹੀਂ ਖਾਣੇ ਪੈਂਦੇ ਬਲਕਿ ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਨੂੰ ਵੀ ਸੰਘਰਸ਼ ਕਰਨਾ ਪੈ ਰਿਹਾ ਹੈ। ਤਕਰੀਬਨ ਪਿਛਲੇ ਇੱਕ ਮਹੀਨੇ ਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਬਹੁਤ ਸਾਰੇ ਵਿਦਿਆਰਥੀ ਆਪਣੀਆਂ ਕੁਝ ਖਾਸ ਮੰਗਾਂ ਨੂੰ ਲੈ ਕੇ ਧਰਨੇ ਉੱਪਰ ਬੈਠੇ ਹਨ। ਇਹ ਮੰਗਾਂ ਇਸ ਪ੍ਰਕਾਰ ਹਨ : ਪੰਜਾਬ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਵਿੱਚ ਜਿੰਨੀਆਂ ਵੀ ਅਸਾਮੀਆਂ ਖਾਲੀ ਹਨ ਉਨਾਂ ਨੂੰ ਭਰਿਆ ਜਾਵੇ।

ਖੇਤੀਬਾੜੀ ਵਿਭਾਗ ਦੀਆਂ ਅਸਾਮੀਆਂ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਤਕਨੀਕੀ ਜਾਣਕਾਰੀ ਕਿਸਾਨਾਂ ਤੱਕ ਸਮੇਂ ਸਿਰ ਪਹੁੰਚਾਈ ਜਾ ਸਕੇ ।

ਖੇਤੀਬਾੜੀ ਵਿਕਾਸ ਅਧਿਕਾਰੀਆਂ ਅਤੇ ਬਾਗਬਾਨੀ ਵਿਕਾਸ ਅਧਿਕਾਰੀਆਂ ਦੀ ਤਨਖਾਹ ਸਕੇਲ ਵੈਟਰਨਰੀ ਅਧਿਕਾਰੀਆਂ ਦੇ ਬਰਾਬਰ ਨੀਯਤ ਕੀਤਾ ਜਾਵੇ।

ਇਸਦੇ ਨਾਲ ਹੀ ਹਰ ਸਾਲ ਜਿੰਨੀਆਂ ਵੀ ਅਸਾਮੀਆਂ ਖਾਲੀ ਹਨ ਵਿੱਤੀ ਸਾਲ ਦੇ ਖਤਮ ਹੋਣ ਦੇ ਨਾਲ ਹੀ ਅਸਾਮੀਆਂ ਨੂੰ ਭਰਿਆ ਜਾਵੇ।

ਜੇਕਰ ਅਸੀ ਖੇਤੀਬਾੜੀ ਵਿਭਾਗ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਗੱਲ ਕਰੀਏ ਤਾਂ ਪੰਜਾਬ ਵਿੱਚ ਖੇਤੀਬਾੜੀ ਵਿਕਾਸ ਅਫ਼ਸਰ ਦੀਆਂ ਕੁੱਲ 934 ਅਸਾਮੀਆਂ ਹਨ, ਜਿਨਾਂ ਵਿਚੋਂ 501 ਅਸਾਮੀਆਂ ਖਾਲੀ ਹਨ, ਬਾਗਬਾਨੀ ਵਿਕਾਸ ਅਫ਼ਸਰ ਦੀਆਂ ਕੁੱਲ 225 ਅਸਾਮੀਆਂ ਹਨ ਜਿਸ ਵਿੱਚੋਂ 133 ਖਾਲੀ ਹਨ, ਸੋਇਲ ਕੰਜ਼ਰਵੇਸ਼ਨ ਅਫ਼ਸਰ



ਦੀਆਂ ਕੁੱਲ 226 ਅਸਾਮੀਆਂ ਹਨ ਜਿਨਾਂ ਵਿੱਚੋਂ 129 ਖਾਲੀ ਹਨ, ਖੇਤੀਬਾੜੀ ਸਬ ਇੰਸਪੈਕਟਰ ਦੀਆਂ ਕੁੱਲ 725 ਅਸਾਮੀਆਂ ਹਨ ਜਿਸ ਵਿੱਚ 372 ਅਸਾਮੀਆਂ ਖਾਲੀ ਹਨ ਅਤੇ ਮਾਰਕੀਟ ਸੈਕਟਰੀ ਮੰਡੀ ਬੋਰਡ ਦੀਆਂ ਕੁੱਲ 120 ਅਸਾਮੀਆਂ ਹਨ ਜਿਸ ਵਿਚੋਂ 56 ਖਾਲੀ ਹਨ। ਇਨਾਂ ਅੰਕੜਿਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਦੇ 24 ਪਿੰਡਾਂ ਪਿੱਛੇ ਇੱਕ ਐਗਰੀਕਲਚਰਲ ਡਿਵੈਲਪਮੈਂਟ ਅਫ਼ਸਰ ਹੈ ਅਤੇ 135 ਪਿੰਡਾਂ ਪਿੱਛੇ ਇੱਕ ਹਾਰਟੀਕਲਚਰ ਡਿਵੈਲਪਮੈਂਟ ਅਫਸਰ ਤਾਇਨਾਤ ਹੈ। ਇਹ ਅੰਕੜੇ ਬਹੁਤ ਕੁਝ ਬਿਆਨ ਕਰਦੇ ਹਨ । ਜੇਕਰ ਇਨਾਂ ਵਿਦਿਆਰਥੀਆਂ ਨੂੰ ਮੌਕਾ ਦਿੱਤਾ ਜਾਵੇ ਤਾਂ ਕਿ ਜਿਹੜੇ ਕਿਸਾਨ ਕਰਜੇ ਦੇ ਸਤਾਏ, ਵੱਧ ਖਰਚਿਆਂ ਅਤੇ ਘੱਟ ਆਮਦਨ, ਮਾੜਾ ਝਾੜ ਆਦਿ ਸਮੱਸਿਆਵਾਂ ਦੇ ਵਸ ਪੈ ਅੰਤ ਖੁਦਕੁਸ਼ੀਆਂ ਕਰਦੇ ਹਨ ਕੀ ਇਹ ਨੌਜਵਾਨ ਉਨਾਂ ਕਿਸਾਨਾਂ ਦੀ ਸਹੀ ਅਗਵਾਈ ਕਰ ਉਨਾਂ ਦੀਆਂ ਜਾਨਾਂ ਨਹੀਂ ਬਚਾ ਸਕਦੇ। ਜੇਕਰ ਇਨਾਂ ਨੌਜਵਾਨ ਵਿਦਿਆਰਥੀਆਂ ਨੂੰ ਪੰਜਾਬ ਦੀ ਫ਼ਿਕਰ ਹੈ। ਸ਼ਾਇਦ ਤਾਂ ਹੀ ਹੋਰਾਂ ਨੌਜਵਾਨਾਂ ਦੀ ਤਰਾਂ ਪੰਜਾਬ ਛੱਡ ਵਿਦੇਸ਼ ਨਹੀਂ ਗਏ, ਪਰ ਜੇਕਰ ਸਾਡੀਆਂ ਸਰਕਾਰਾਂ, ਸਾਡੀ ਵਿਵਸਥਾ ਇਨਾਂ ਵਿਦਿਆਰਥੀਆਂ ਦੀ ਸਾਰ ਨਹੀਂ ਲੈਂਦੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਨਾ ਤਾਂ ਇਨਾਂ ਯੂਨੀਵਰਸਿਟੀਆਂ, ਕਾਲਜਾਂ ਵਿੱਚ ਵਿਦਿਆਰਥੀ ਹੋਣਗੇ ਨਾ ਇਹ ਚਹਿਲ ਪਹਿਲ ਹੋਵੇਗੀ ਅਤੇ ਨਾ ਹੀ ਪੰਜਾਬ ਕੋਲ ਪੰਜਾਬ ਦੇ ਹਿੱਤ ਵਿਚ ਸੋਚਣ ਵਾਲੀ ਜਵਾਨੀ ਹੋਵੇਗੀ।

ਇਹ ਇੱਕ ਬਹੁਤ ਹੀ ਗੰਭੀਰ ਮੁੱਦਾ ਹੈ, ਜੋ ਪੰਜਾਬ ਦੀਆਂ ਸੱਜੀਆਂ ਖੱਬੀਆਂ ਬਾਹਾਂ ਪੰਜਾਬ ਦੀ ਜਵਾਨੀ ਤੇ ਪੰਜਾਬ ਦੀ ਕਿਸਾਨੀ ਨਾਲ ਜੁੜਿਆ ਹੋਇਆ ਮੁੱਦਾ ਹੈ। ਇਸ ਮੁੱਦੇ ਪ੍ਰਤੀ ਵਰਤਿਆ ਅਵੇਸਲਾਪਣ ਪੰਜਾਬ ਦੀ ਕਿਸਾਨੀ, ਜਵਾਨੀ ਤੇ ਭਵਿੱਖ ਤਿੰਨਾਂ ਦੀ ਨੁਕਸਾਨ ਕਰੇਗਾ। ਇਹ ਉਹ ਨੌਜਵਾਨ ਹਨ ਜੋ ਆਪਣੇ ਹੁਨਰ ਆਪਣੀ ਕਾਬਲੀਅਤ ਦੇ ਬਲਬੂਤੇ ਪੰਜਾਬ ਦੀ ਕਿਸਾਨੀ ਦੀ ਨੁਹਾਰ ਬਦਲਣਾ ਚਾਹੁੰਦੇ ਹਨ, ਇਨਾਂ ਨੂੰ ਲੋੜ ਹੈ ਇੱਕ ਮੌਕੇ ਦੀ, ਸਹਿਯੋਗ ਦੀ। ਪ੍ਰਸਾਸ਼ਨ ਨੂੰ ਚਾਹੀਦਾ ਹੈ ਕਿ ਇਨਾਂ ਵਿਦਿਆਰਥੀਆਂ ਦੀ ਇਹ ਸਾਰੀਆਂ ਮੰਗਾਂ ਵੱਲ ਗੌਰ ਫੁਰਮਾਇਆ ਜਾਵੇ ਤਾਂ ਜੋ ਛੋ ਛੋ ਭੁੱਟੇ ਨੌਜਵਾਨਾਂ ਨੂੰ ਆਪਣੇ ਹੱਕਾਂ ਲਈ ਮਰਨ ਵਰਤ ਨਾ ਰੱਖਣਾ ਪਵੇ, ਕਿਤੇ ਇਨਾਂ ਪੁੰਗਰਦੀਆਂ ਕਰੂਬਲਾਂ ਦੇ ਸਾਹ ਖਿੜਣ ਤੋਂ ਪਹਿਲਾਂ ਹੀ ਨਾ ਦੱਬੇ ਜਾਣ, ਕਿਤੇ ਇਨਾਂ ਪਰਿੰਦਿਆਂ ਦੀ ਪਰਵਾਜ ਲਈ ਅਸਮਾਨ ਨਾ ਖੋਹ ਲਿਆ ਜਾਵੇ, ਇਹ ਪੰਜਾਬ ਦੇ ਬੱਚੇ ਮਿੱਟੀ ਦੇ ਜਾਏ , ਮਿੱਟੀ ਦੀ ਰਾਖੀ ਲਈ ਲੜ ਰਹੇ ਹਨ, ਆਓ ਇਨਾਂ ਦੀ ਵਾਤ ਪੁੱਛੀਏ, ਆਓ ਇਨਾਂ ਦੇ ਕਦਮ ਨਾਲ ਕਦਮ ਮਿਲਾ ਪੰਜਾਬ ਦੇ ਖੇਤਾਂ ਦੀ ਖੁਸ਼ਹਾਲੀ ਵਾਪਿਸ ਲੈ ਕੇ ਆਈਏ, ਆਓ ਪੰਜਾਬ ਦੀ ਜਵਾਨੀ ਨੂੰ ਸੜਕਾਂ ਤੇ ਰੁਲਣ ਤੋਂ ਬਚਾ ਲਈਏ। ਸਰਕਾਰ ਨੂੰ ਚਾਹੀਦਾ ਹੈ ਕਿ ਆਪਣੀ ਜਿੰਮੇਵਾਰੀ ਨੂੰ ਸਮਝਦੇ ਹੋਏ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਯਾਦ ਕਰਦੇ ਹੋਏ ਇਨਾਂ ਨੌਜਵਾਨਾਂ ਦੀ ਸਾਰ ਲਈ ਜਾਵੇ। ਪੰਜਾਬ ਅਤੇ ਨੌਜਵਾਨੀ ਦੋਨਾਂ ਦੇ ਭਵਿੱਖ ਨੂੰ ਉੱਜਲਾ ਬਣਾਉਣ ਲਈ ਇਨਾਂ ਨੌਜਵਾਨਾਂ ਨੂੰ ਸਹਿਯੋਗ ਦਿੱਤਾ ਜਾਵੇ ਤਾਂ ਜੋ ਪੰਜਾਬ ਦੀ ਖੇਤੀਬਾੜੀ ਵਿਕਾਸ ਦੇ ਰਾਹਾਂ 'ਤੇ ਆਪਣੀ ਰਫ਼ਤਾਰ ਤੇਜ਼ ਕਰ ਸਕੇ।

# ਪੰਜਾਬ ਵਿਚ ਪਾਣੀਆਂ ਦਾ ਸੰਕਟ ਤੇ ਰਾਖੀ ਦਾ ਮੁੱਦਾ

**ਗੁਰਮੀਤ ਸਿੰਘ ਬਖਤਪੁਰਾ**

ਪੰਜਾਬ ਦੇ ਪਾਣੀਆਂ ਦੇ ਤਿੰਨ ਪਹਿਲੂ ਹਨ। ਪਹਿਲਾ ਦਰਿਆਈ ਪਾਣੀਆਂ ਦਾ ਸਵਾਲ, ਦੂਸਰਾ ਧਰਤੀ ਹੇਠਲੇ ਪਾਣੀ ਦਾ ਗਹਿਰਾ ਹੋ ਰਿਹਾ ਸੰਕਟ ਅਤੇ ਤੀਸਰਾ ਸਨਅਤਾਂ ਦੁਆਰਾ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰਨਾ। ਇਨਾਂ ਤਿੰਨਾਂ ਪਹਿਲੂਆਂ ਲਈ ਵੱਖ-ਵੱਖ ਕੇਂਦਰ ਸਰਕਾਰਾਂ ਅਤੇ ਸਬੰਧਤ ਰਾਜ ਸਰਕਾਰਾਂ ਜਿੰਮੇਵਾਰ ਹਨ। ਸ਼ੁਰੂਆਤੀ ਚਰਚਾ ਦਰਿਆਈ ਪਾਣੀਆਂ ਤੋਂ ਕਰਦੇ ਹਾਂ ਜਿਨਾਂ ਦਾ ਝਗੜਾ ਭਾਰਤ ਦੇ 1947 ਵਿਚ ਦੋ ਮੁਲਕ ਬਣਨ ਸਮੇਂ ਹੀ ਸ਼ੁਰੂ ਹੋ ਗਿਆ ਸੀ। ਜਦੋਂ ਸੰਸਾਰ ਬੈਂਕ ਦੀ ਟੀਮ ਭਾਰਤ ਅਤੇ ਪਾਕਿਸਤਾਨ ਦਰਮਿਆਨ ਦਰਿਆਈ ਪਾਣੀਆਂ ਦੇ ਝਗੜੇ ਦੇ ਸਿਲਸਿਲੇ ਵਿਚ ਆਈ ਤਾਂ ਭਾਰਤ ਦੇ ਨੁਮਾਇੰਦੇ ਸਕੱਤਰ ਐਨਡੀ ਗੁਲਾਟੀ ਨੇ ਸੰਸਾਰ ਬੈਂਕ ਦੀ ਟੀਮ ਸਾਹਮਣੇ ਜੋ ਕੇਸ ਪੇਸ਼ ਕੀਤਾ, ਉਸ ਵਿਚ ਪੰਜਾਬ ਦੇ ਨਾਲ ਰਾਜਸਥਾਨ ਨੂੰ ਵੀ ਪੰਜਾਬ ਦੇ ਪਾਣੀਆਂ ਦਾ ਹੱਕਦਾਰ ਦਿਖਾਇਆ ਗਿਆ। ਭਾਰਤ ਸਰਕਾਰ ਦੀ ਦਲੀਲ ਸੀ ਕਿ ਸੰਸਾਰ ਬੈਂਕ ਦੀ ਟੀਮ ਕੋਲ ਭਾਰਤ ਦਾ ਪੱਖ ਮਜ਼ਬੂਤ ਕਰਨ ਲਈ ਇਸ ਤਰਾਂ ਕੀਤਾ ਗਿਆ ਪਰ ਭਾਰਤ ਅਤੇ ਪਾਕਿਸਤਾਨ ਦਰਮਿਆਨ 1960 ਦੀ ਇੰਡਸ ਜਲ ਸੰਧੀ ਹੋਣ ਪਿਛੋਂ ਵੀ ਭਾਰਤ ਸਰਕਾਰ ਨੇ ਪੰਜਾਬ ਦੇ ਪਾਣੀਆਂ ਵਿਚ ਰਾਜਸਥਾਨ ਦੀ ਦਰਸਾਈ ਹਿੱਸੇਦਾਰੀ ਰੱਦ ਨਾ ਕੀਤੀ ਬਲਕਿ ਨਹਿਰੂ ਸਰਕਾਰ ਨੇ 29 ਜਨਵਰੀ 1955 ਦੀ ਅੰਤਰ-ਰਾਜੀ ਕਾਨਫਰੰਸ ਦੇ ਫੈਸਲੇ ਰਾਹੀਂ ਰਾਵੀ ਅਤੇ ਬਿਆਸ ਦੇ ਕੁਲ 158.50 ਲੱਖ ਏਕੜ ਫੁਟ ਪਾਣੀ ਦੀ ਵੰਡ ਪੰਜਾਬ 50 ਲੱਖ ਏਕੜ ਫੁੱਟ, ਕਸ਼ਮੀਰ 6.50 ਲੱਖ ਏਕੜ ਫੁੱਟ, ਰਾਜਸਥਾਨ 80 ਲੱਖ ਏਕੜ ਫੁਟ ਅਤੇ ਪੈਪਸੂ 13 ਲੱਖ ਏਕੜ ਫੁਟ ਅਨੁਸਾਰ ਕਰ ਦਿੱਤੀ, ਹਾਲਾਂਕਿ ਰਾਜਸਥਾਨ ਨੂੰ ਪਾਣੀ ਦੀ ਨਾ ਉਸ ਸਮੇਂ ਲੋੜ ਸੀ ਅਤੇ ਨਾ ਹੀ ਉਥੋਂ ਤੱਕ ਪਾਣੀ ਪੁੱਜਦਾ ਕਰਨਾ ਸੰਭਵ ਸੀ। ਰਿਪੋਰਟਾਂ ਹਨ ਕਿ ਰਾਜਸਥਾਨ ਫੀਡਰ ਨਹਿਰ ਜੋ ਰਾਜਸਥਾਨ ਅੰਦਰ ਇੰਦਰਾ ਗਾਂਧੀ ਨਹਿਰ ਦੇ ਨਾਮ ਨਾਲ ਜਾਣੀ ਜਾਂਦੀ ਹੈ, ਕਾਰਨ ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਸੇਮ ਦੀ ਲਪੇਟ ਵਿਚ ਆ ਗਈ ਸੀ।

**ਭੱਖਦਾ ਮਸਲਾ**

ਕੇਂਦਰ ਸਰਕਾਰ ਦਾ ਨਹਿਰ ਕੱਢਣ ਦਾ ਫੈਸਲਾ ਸੰਵਿਧਾਨਕ ਅਤੇ ਭੂਗੋਲਿਕ ਅਸੂਲਾਂ ਦੇ ਵਿਰੁਧ ਸੀ ਜਿਸ ਪਿਛੇ ਨਹਿਰੂ ਸਰਕਾਰ ਦੀਆਂ ਰਾਜਨੀਤਕ ਗਿਣਤੀਆਂ ਮਿਣਤੀਆਂ ਸਨ। ਨਹਿਰੂ ਦੇ ਕਦਮਾਂ ਉਪਰ ਚਲਦਿਆਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਿਆਈ ਪਾਣੀਆਂ ਦੀ ਵੰਡ ਬਾਬਤ ਇਕ ਹੋਰ ਡਾਕਾ 24 ਮਾਰਚ 1976 ਨੂੰ ਨਵਾਂ ਨੋਟੀਫਿਕੇਸ਼ਨ ਜਾਰੀ ਕਰਕੇ ਮਾਰਿਆ ਗਿਆ ਅਤੇ ਰਹਿੰਦੀ ਕਸਰ 31 ਦਸੰਬਰ 1981 ਦੇ ਸਮਝੌਤੇ ਵਿਚ ਕੱਢ ਦਿੱਤੀ। ਪੰਜਾਬ ਵਿਧਾਨ ਸਭਾ ਵਿਚ ਮਤਾ ਪੇਸ਼ ਕਰਨ ਤੋਂ ਬਿਨਾ ਹੀ ਇੰਦਰਾ ਗਾਂਧੀ ਨੇ 1976 ਦੇ ਨੋਟੀਫਿਕੇਸ਼ਨ ਤਹਿਤ 32 ਲੱਖ ਏਕੜ ਫੁਟ ਹਰਿਆਣੇ ਨੂੰ ਅਤੇ 2 ਲੱਖ ਏਕੜ ਫੁਟ ਪਾਣੀ ਦਿੱਲੀ ਨੂੰ ਦੇ ਦਿੱਤਾ ਜਿਸ ਦਾ ਸਿੱਧਾ ਅਸਰ ਪੰਜਾਬ ਦੀ 9 ਲੱਖ ਏਕੜ ਧਰਤੀ ਬਰਾਨ ਕਰਨਾ ਸੀ। ਇੰਦਰਾ ਗਾਂਧੀ ਨੇ ਇਹ ਕੰਮ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 78 ਨੂੰ ਅਧਾਰ ਬਣਾ ਕੇ ਕੀਤਾ। ਧਾਰਾ 78 ਮੂਲ ਰੂਪ ਵਿਚ ਭਾਰਤੀ ਸੰਵਿਧਾਨ ਦੇ ਹੈ। ਅਸਲ ਵਿਚ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78, 79, 80 ਲਿਆਉਣ ਸਮੇਂ ਕੇਂਦਰ ਸਰਕਾਰ ਨੇ ਪੰਜਾਬ ਦੇ ਦਰਿਆਈ ਪਾਣੀਆਂ ਵਿਚ ਆਪਣਾ ਦਖਲ ਬਣਾਈ ਰੱਖਣ ਲਈ ਰਾਜਨੀਤਕ ਖੇਡ ਖੇਡੀ ਸੀ।

ਪੰਜਾਬ ਦੇ ਦਰਿਆਈ ਪਾਣੀਆਂ ਅਤੇ ਸਮੁੱਚੇ ਹਾਈਡਲ ਪ੍ਰੋਜੈਕਟਾਂ 'ਤੇ ਕਬਜ਼ਾ ਕਰਨ ਵਾਲੀਆਂ ਇਹ ਧਾਰਾਵਾਂ ਮੁਲਕ ਦੇ ਕਿਸੇ ਹੋਰ ਸੂਬੇ ਵਿਚ ਨਹੀਂ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਪਨਰਗਠਨ ਐਕਟ ਦੀ ਧਾਰਾ 78, 79, 80 ਨੂੰ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਚੈਲਿੰਜ ਨਹੀਂ ਕੀਤਾ। ਜੇਕਰ 1978 ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਇਨਾਂ ਧਾਰਾਵਾਂ ਵਿਰੁਧ ਸੁਪਰੀਮ ਕੋਰਟ ਵਿਚ ਕੇਸ ਲਿਆਂਦਾ ਤਾਂ 1980 ਵਿਚ ਇੰਦਰਾ ਗਾਂਧੀ ਦੀ ਸਰਕਾਰ ਨੇ ਦਰਬਾਰਾ ਸਰਕਾਰ ਤੋਂ ਵਾਪਸ ਕਰਵਾ ਲਿਆ। ਦਰਿਆਈ ਪਾਣੀਆਂ ਬਾਬਤ ਅੰਤਰ-ਰਾਜੀ ਸਮੇਤ ਕੌਮਾਂਤਰੀ ਕਾਨੂੰਨ ਵੀ ਪੁਸ਼ਟੀ ਕਰਦੇ ਹਨ ਕਿ ਕੁਦਰਤੀ ਸਾਧਨ ਉਸੇ ਖਿੱਤੇ ਦੇ ਹੁੰਦੇ ਹਨ ਜਿਥੇ ਇਨਾਂ ਦੀ ਹੋਂਦ ਹੁੰਦੀ ਹੈ। ਦਰਿਆ ਕੁਦਰਤੀ ਵਰਤਾਰਾ ਹੈ। ਸਾਡੇ ਦਰਿਆ ਰਾਵੀ, ਬਿਆਸ ਅਤੇ ਸਤਲੁਜ ਹਿਮਾਚਲ ਤੋਂ ਪੰਜਾਬ ਵਿਚ ਵਗਦੇ ਹਨ ਜਿਨਾਂ ਦੇ ਪਾਣੀਆਂ ਦੀ ਪਹਿਲੀ ਮਾਲਕੀ ਹਿਮਾਚਲ ਅਤੇ ਫਿਰ ਪੰਜਾਬ ਦੀ ਬਣਦੀ ਹੈ। ਦਰਿਆਵਾਂ ਦਾ ਰਿਪੇਰੀਅਨ ਅਤੇ ਤਟਵਰਤੀ ਕਨੂੰਨ ਇਸ ਦੀ ਗਵਾਹੀ ਭਰਦਾ ਹੈ।

ਇਉਂ ਪੰਜਾਬ ਨਾਲ ਇਹ ਧੱਕਾ 1947 ਤੋਂ ਸ਼ੁਰੂ ਹੋਇਆ। ਨਹਿਰੂ ਸਰਕਾਰ ਜਾਣਦੀ ਸੀ ਕਿ ਬੀਕਾਨੇਰ ਦੇ ਰਾਜੇ ਗੰਗਾ ਸਿੰਘ ਨੇ 1920 ਵਿਚ ਸਤਲੁਜ ਦਰਿਆ 'ਚੋਂ ਗੰਗ ਨਹਿਰ ਕੱਢਣ ਲਈ ਤਤਕਾਲੀ ਪੰਜਾਬ ਸਰਕਾਰ ਨਾਲ ਸਮਝੌਤੇ ਤਹਿਤ ਰਾਇਲਟੀ ਤੈਅ ਕੀਤੀ ਸੀ। ਇਹ ਰਾਇਲਟੀ ਬੀਕਾਨੇਰ ਦਾ ਰਾਜਾ 1947 ਤੱਕ ਦਿੰਦਾ ਰਿਹਾ ਜਿਸ ਨੂੰ ਨਹਿਰੂ ਸਰਕਾਰ ਨੇ 1947 ਤੋਂ ਬਾਅਦ ਬੰਦ ਕਰ ਦਿਤਾ ਜੋ ਅੱਜ ਤੱਕ ਬੰਦ ਹੈ : ਹਾਲਾਂਕਿ ਪੰਜਾਬ ਸਰਕਾਰ ਹਿਮਾਚਲ ਨੂੰ ਬਿਜਲੀ ਡੈਮ ਦੀ ਰਾਇਲਟੀ ਦਿੰਦੀ ਹੈ ਅਤੇ ਹਿਮਾਚਲ ਸਰਕਾਰ ਦਿੱਲੀ ਨੂੰ ਭੇਜੇ ਜਾ ਰਹੇ ਆਪਣੇ ਪਾਣੀ ਦੀ ਬਕਾਇਦਾ ਰਾਇਲਟੀ ਲੈ ਰਹੀ ਹੈ।

ਜੇ ਪਾਣੀਆਂ ਦੇ ਦੂਸਰੇ ਪਹਿਲੂ ਉਪਰ ਚਰਚਾ ਕੀਤੀ ਜਾਵੇ ਕਿ ਧਰਤੀ ਹੇਠਲੇ ਪਾਣੀ ਦੀ ਅੰਨੀ ਵਰਤੋਂ ਕਾਰਨ ਪਾਣੀ ਮੁੱਕਣ ਕਿਨਾਰੇ ਪਹੁੰਚਾਉਣ ਲਈ ਕੌਣ ਦੋਸ਼ੀ ਹੈ ਤਾਂ ਸਹਿਜੇ ਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪੰਜਾਬ ਵਿਚ ਲਾਗੂ ਕੀਤੇ ਹਰੇ ਇਨਕਲਾਬ ਨੇ ਬਹੁਤ ਸਾਰੇ ਹੋਰ ਭਾਰੀ ਨੁਕਸਾਨਾਂ ਸਮੇਤ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਕੀਮਤੀ ਖਜ਼ਾਨੇ ਨੂੰ ਖਾਲੀ ਕਰਨ ਦੇ ਕੰਢੇ ਲਿਆ ਖੜਾ ਕੀਤਾ ਹੈ। ਤੱਥ ਬੋਲਦੇ ਹਨ ਕਿ 1966 ਵਿਚ 41% ਸਿੰਜਾਈ ਮੋਟਰਾਂ ਨਾਲ ਹੁੰਦੀ ਸੀ ਪਰ ਅਜ 80 ਫੀਸਦੀ ਤੋਂ ਵਧੇਰੇ ਸਿੰਜਾਈ ਮੋਟਰਾਂ ਰਾਹੀਂ ਅਤੇ ਕੇਵਲ 20% ਨਹਿਰੀ ਪਾਣੀ ਨਾਲ ਹੁੰਦੀ ਹੈ। ਹਰੇ ਇਨਕਲਾਬ ਅਧੀਨ 1960 ਤੋਂ ਬਾਅਦ ਦੀਆਂ ਸਰਕਾਰਾਂ ਨੇ ਕਿਸਾਨਾਂ ਨੂੰ ਸਬਸਿਡੀ ਉਪਰ ਬਿਜਲੀ ਟਿਊਬਵੈੱਲ ਦੇਣੇ ਸ਼ੁਰੂ ਕੀਤੇ। ਇਸ ਜਾਲ ਵਿਚ ਕਿਸਾਨ ਤੇਜ਼ੀ ਨਾਲ ਫਸਦੇ ਗਏ। ਇਹ ਟਿਊਬਵੈੱਲ ਉਨਾਂ ਇਲਾਕਿਆਂ ਵਿਚ ਵੀ ਦਿਤੇ ਗਏ ਜਿਥੇ ਦਰਿਆਈ ਪਾਣੀਆਂ ਨਾਲ ਸਿੰਜਾਈ ਹੁੰਦੀ ਸੀ। ਜਿਉਂ ਜਿਉਂ ਧਰਤੀ ਹੇਠਲਾ ਪਾਣੀ ਥਲੇ ਜਾਂਦਾ ਗਿਆ, ਕਿਸਾਨਾਂ ਨੂੰ ਬਿਜਲੀ ਮੋਟਰਾਂ ਦੀ ਹਾਰਸ ਪਾਵਰ ਵਧਾਉਣ ਦੀ ਛੋਟ ਦਿਤੀ ਜਾਂਦੀ ਰਹੀ। ਹਰੇ ਇਨਕਲਾਬ ਨੇ ਖੇਤੀ ਜਿਣਸਾਂ ਦੀ ਉਪਜ ਵਿਚ ਭਾਰੀ ਵਾਧਾ ਕੀਤਾ ਹੋਵੇਗਾ ਪਰ ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾਂਦਾ ਰਿਹਾ। ਹੁਣ ਜਦੋਂ ਪੰਜਾਬ ਵਿਚ 14.35 ਲੱਖ ਟਿਊਬਵੈੱਲ ਅਤੇ 20 ਲੱਖ ਘਰੇਲੂ ਸਬਮਰਸੀਬਲ ਪੰਪ ਧਰਤੀ ਹੇਠਲਾ ਪਾਣੀ ਖਿੱਚ ਰਹੇ ਹਨ ਤਾਂ ਉਸ ਸਮੇਂ ਨਹਿਰਾਂ, ਸੂਏ, ਖਾਲ, ਮੋਘੇ ਢਹਿ ਢੇਰੀ ਹੋ ਚੁੱਕੇ ਹਨ। ਜਿਹੜੇ ਕਿਸਾਨ 25-30 ਸਾਲ ਪਹਿਲਾਂ ਨਹਿਰੀ ਪਾਣੀਆਂ ਲਈ ਲੜਾਈ ਝਗੜੇ ਕਰਦੇ ਸਨ, ਉਹ ਹੁਣ ਨਹਿਰੀ ਪਾਣੀ ਦੀ ਕੋਈ ਮੰਗ ਨਹੀਂ ਕਰ ਰਹੇ। ਪੰਜਾਬ ਦੇ ਇਨਾਂ ਕਿਸਾਨਾਂ ਨੂੰ ਇਨਾਂ ਨਹਿਰਾਂ ਸੂਇਆਂ ਵਿਚ ਮਿਲਣ ਵਾਲਾ ਪਾਣੀ ਚੁਪ-ਚਪੀਤੇ ਭਾਖੜਾ ਬਿਆਸ-ਮੈਨਜਮੈਂਟ ਅਤੇ ਸਮੁੱਚੇ ਨਹਿਰੀ ਵਿਭਾਗ ਦੀ ਅਫਸਰਸ਼ਾਹੀ ਦੇ ਪੰਜਾਬ ਵਿਰੋਧੀ ਲਾਣੇ ਵੱਲੋਂ ਦੂਸਰੇ ਸੂਬਿਆਂ ਸਮੇਤ ਰਾਜਸਥਾਨ ਭੇਜਿਆ ਜਾ ਰਿਹਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦਾ ਮੁੱਦਾ ਗੰਭੀਰ ਬਣ ਚੁਕਾ ਹੈ।

ਪੰਜਾਬ ਦੇ ਪਾਣੀਆਂ ਬਾਬਤ ਅਹਿਮ ਪਹਿਲੂ ਇਹ ਹੈ ਕਿ ਅੰਗਰੇਜ਼ ਰਾਜ ਸਮੇਂ ਇਨਾਂ ਪਾਣੀਆਂ ਦਾ ਰਾਜਾਂ ਦਰਮਿਆਨ ਕੋਈ ਝਗੜਾ ਨਹੀਂ ਸੀ। ਆਜ਼ਾਦੀ ਤੋਂ ਇਕ ਦਹਾਕੇ ਬਾਅਦ ਪਾਣੀਆਂ ਬਾਰੇ ਸਿਆਸੀ ਹਲਚਲ ਸ਼ੁਰੂ ਹੋਈ ਜਿਸ ਦਾ ਖਮਿਆਜ਼ਾ ਹੁਣ ਪੰਜਾਬ ਨੂੰ ਭੁਗਤਣਾ ਪੈ ਰਿਹਾ ਹੈ। ਸਚਾਈ ਇਹ ਹੈ ਕਿ ਜੇ ਪੰਜਾਬ ਨੂੰ ਨਹਿਰੀ ਪਾਣੀਆਂ ਦੀ 1947 ਦੀ ਪਹਿਲਾਂ ਦੀ ਮਾਲਕੀ ਅਨੁਸਾਰ ਪਾਣੀਆਂ ਦੀ ਵਰਤੋਂ ਕਰਨ ਦੇ ਮੌਕੇ ਮਿਲਦੇ ਤਾਂ ਪੰਜਾਬ ਦੀ ਆਰਥਿਕਤਾ, ਖੇਤੀ, ਬਿਜਲੀ ਅਤੇ ਸਨਅਤੀ ਵਿਕਾਸ ਦੀ ਤਸਵੀਰ ਵੱਖਰੀ ਹੁੰਦੀ। ਨਾ ਧਰਤੀ ਹੇਠਲੇ ਪਾਣੀ ਦਾ ਮੌਜੂਦਾ ਸੰਕਟ ਖੜਾ ਹੁੰਦਾ ਅਤੇ ਨਾ ਹੀ ਪਾਣੀ ਮੌਜੂਦਾ ਪੱਧਰ ਤੱਕ ਪ੍ਰਦੂਸ਼ਤ ਹੁੰਦਾ। ਇਸ ਸਮੇਂ 75 ਫੀਸਦ ਤੋਂ ਵਧੇਰੇ ਘਰਾਂ ਵਿਚ ਸਾਫ ਪਾਣੀ ਨਹੀਂ ਮਿਲ ਰਿਹਾ।

ਬਾਕੀ ਸਫ਼ਾ 30 'ਤੇ




# ਸਟਾਰਸ਼ਿਪ ਅਤੇ ਮੰਗਲ 'ਤੇ ਬਸਤੀਕਰਨ



**ਹਰਜੀਤ ਸਿੰਘ**
**ਵਿਗਿਆਨੀ -ਇਸਰੋ, ਤ੍ਰਿਵੇਂਦ੍ਰਮ**
**ਮੋਬ: +91 9995765095**

ਪ੍ਰਸਿੱਧ ਫਿਲਮ ਇੰਟਰਸਟੈਲਰ ਵਿੱਚ ਇੱਕ ਕਥਨ ਹੈ 'ਮਨੁੱਖ ਜਾਤੀ ਦੀ ਪੈਦਾਇਸ਼ ਧਰਤੀ ਤੇ ਜ਼ਰੂਰ ਹੋਈ, ਪਰ ਇਹ ਏਥੇ ਖ਼ਤਮ ਹੋਣ ਲਈ ਨਹੀਂ ਬਣੀ', ਇਸੇ ਕਥਨ ਨੂੰ ਸੱਚ ਕਰਨ ਦੇ ਵੱਲ ਹੰਭਲਾ ਹੈ ਸਟਾਰਸ਼ਿਪ। ਹਥਲੇ ਲੇਖ ਵਿੱਚ ਅਸੀਂ ਇਸ ਬਾਰੇ ਅਤੇ ਇਸਦੇ ਮਨੁੱਖ ਨੂੰ ਮੰਗਲ ਤੱਕ ਲਿਜਾਣ ਵਿੱਚ ਰੋਲ ਬਾਰੇ ਪੜਾਂਗੇ ਅਤੇ ਨਾਲ ਹੀ ਮੰਗਲ ਤੇ ਵਸਣ ਵਿੱਚ ਆਉਣ ਵਾਲੀਆਂ ਔਕੜਾਂ ਬਾਰੇ ਵੀ ਗੱਲ ਕਰਾਂਗੇ।

ਸਟਾਰਸ਼ਿਪ, ਪ੍ਰਸਿੱਧ ਉੱਦਮੀ ਈਲੋਨ ਮਸਕ ਦੀ ਕੰਪਨੀ ਸਪੇਸ-ਐਕਸ ਦਾ ਇੱਕ ਰਾਕੇਟ ਹੈ। ਇਹ ਰਾਕੇਟ ਪੂਰੀ ਤਰਾਂ ਮੁੜ-ਵਰਤੋਂ ਯੋਗ ਹੈ। ਆਮ ਰਾਕੇਟ ਸਿਰਫ਼ ਇੱਕ ਵਾਰ ਵਰਤੇ ਜਾ ਸਕਦੇ ਨੇ ਤੇ ਬਾਲਣ ਖਤਮ ਹੋਣ ਤੋਂ ਬਾਅਦ ਖਾਲੀ ਰਾਕੇਟ ਜਾਂ ਹਵਾ ਵਿੱਚ ਜਲ ਕੇ ਭਸਮ ਹੋ ਜਾਂਦਾ ਹੈ ਜਾਂ ਸਮੁੰਦਰ ਵਿੱਚ ਡਿੱਗ ਜਾਂਦਾ ਹੈ।

ਇਸ ਰਾਕੇਟ ਦੇ ਦੋ ਪੜਾਅ ਹਨ। ਪਹਿਲੇ ਪੜਾਅ ਨੂੰ ਸੁਪਰ ਹੈਵੀ ਕਿਹਾ ਜਾਂਦਾ ਹੈ ਜੋ ਕਿ ਇੱਕ ਬੂਸਟਰ ਹੈ, ਮਤਲਬ ਧਰਤੀ 'ਤੇ ਵਾਪਿਸ ਆ ਜਾਂਦਾ ਹੈ। ਦੂਜੇ ਪੜਾਅ ਨੂੰ ਸਟਾਰਸ਼ਿਪ ਪੁਲਾੜ ਵਾਹਨ ਕਿਹਾ ਜਾਂਦਾ ਹੈ। ਇਹ ਪੜਾਅ ਅੱਗੇ ਪੁਲਾੜ ਵਿੱਚ ਜਾਂਦਾ ਹੈ। ਦੋਵੇਂ ਪੜਾਅ ਤਰਲ ਆਕਸੀਜਨ+ ਤਰਲ ਮੀਥੇਨ ਦੇ ਮੇਲ ਨਾਲ ਚਲਦੇ ਹਨ। ਅੱਜ ਕੱਲ ਦੇ ਜ਼ਿਆਦਾਤਰ ਰਾਕੇਟ ਐਲੂਮੀਨੀਅਮ ਦੇ ਬਣਦੇ ਹਨ ਪਰ ਇਹ ਰਾਕੇਟ ਪੂਰੀ ਤਰਾਂ ਸਟੀਲ ਦਾ ਬਣਿਆ ਹੈ। ਇਸ ਰਾਕੇਟ ਦੀ ਉਚਾਈ 120 ਮੀਟਰ ਅਤੇ ਵਿਆਸ 9 ਮੀਟਰ ਹੈ। ਇਹ ਲਗਭਗ 150 ਟਨ ਭਾਰ ਧਰਤੀ ਦੇ ਹੇਠਲੇ ਪੰਧ ਵਿੱਚ ਭੇਜ ਸਕਦਾ ਹੈ। ਪੁਲਾੜ ਪੰਧ ਵਿੱਚ ਹੀ ਇਸ ਵਿੱਚ ਦੁਬਾਰਾ ਬਾਲਣ ਭਰਕੇ ਇਸਨੂੰ ਚੰਦਰਮਾ ਜਾਂ ਮੰਗਲ 'ਤੇ ਲਿਜਾਇਆ ਜਾਂ ਸਕੇਗਾ।

2005 ਵਿੱਚ ਸ਼ੁਰੂ ਹੋਇਆ ਇਹ ਪ੍ਰੋਜੈਕਟ ਵਿਕਾਸ ਦੇ ਕਈ ਪੜਾਵਾਂ ਵਿੱਚੋਂ ਲੰਘ ਕੇ ਅੱਜ ਦੇ ਰੂਪ ਵਿੱਚ ਪਹੁੰਚਿਆ ਹੈ। ਮਸਕ ਨੇ 2005 ਵਿੱਚ ਸਭ ਤੋਂ ਪਹਿਲਾਂ ਇੱਕ ਉੱਚ ਸਮਰੱਥਾ ਵਾਲੇ ਰਾਕੇਟ ਦੀ ਗੱਲ ਕੀਤੀ ਜੋ 140 ਟਨ ਤੱਕ ਭਾਰ ਲਿਜਾ ਸਕਦਾ ਸੀ। 2016 ਵਿੱਚ ਅੰਤਰਰਾਸ਼ਟਰੀ ਖਗੋਲ ਕਾਂਗਰਸ ਵਿੱਚ ਮਸਕ ਨੇ ਅਜਿਹੇ ਰਾਕੇਟ ਦਾ ਸੁਝਾਅ ਦਿੱਤਾ ਜਿਸ ਨਾਲ ਇਨਸਾਨਾਂ ਨੂੰ ਸੌਰ ਮੰਡਲ ਦੇ ਹੋਰ ਗ੍ਰਹਿਆਂ 'ਤੇ ਲਿਜਾਇਆ ਜਾ ਸਕਦਾ ਸੀ। ਇਸ ਦਾ ਨਾਮ ਬੀ ਐਫ ਆਰ (ਬਿਗ ਫਾਲਕਨ ਰਾਕੇਟ) ਸੀ। ਇਹੀ ਰਾਕੇਟ ਫਿਰ ਹੋਰ ਸੁਧਾਰ ਕੇ 2018 ਵਿੱਚ ਸਟਾਰਸ਼ਿਪ ਦੇ ਨਾਮ ਹੇਠ ਅਮਲੀ ਰੂਪ ਵਿੱਚ ਐਲਾਨਿਆ ਗਿਆ। ਇਸਦਾ ਸੁਪਰ ਹੈਵੀ ਬੂਸਟਰ ਪੜਾਅ 70 ਮੀਟਰ ਉੱਚਾ ਹੈ ਅਤੇ ਇਸ ਵਿੱਚ 3600 ਟਨ ਬਾਲਣ ਭਰਿਆ ਜਾਂਦਾ ਹੈ। ਇਸ ਵਿੱਚ 33 ਰੈਪਟਰ ਇੰਜਣ ਵਰਤੇ ਜਾਂਦੇ ਹਨ ਜੋ ਕੁੱਲ 7200 ਟਨ ਦਾ ਬਲ ਪੈਦਾ ਕਰਦੇ ਹਨ। ਇਹ ਬਲ ਅੱਜ ਤੱਕ ਦੇ ਸਭ ਤੋਂ ਤਕੜੇ ਰਾਕੇਟ ਸੈਟਰਨ-5 ਰਾਕੇਟ ਤੋਂ ਦੁੱਗਣਾ ਹੈ। ਸੁਪਰ ਹੈਵੀ ਬੂਸਟਰ ਰਾਕੇਟ ਨੂੰ ਮੈਕ 8-9 ਤੱਕ (ਆਵਾਜ਼ ਦੀ ਗਤੀ ਤੋਂ 8-9 ਗੁਣਾ ਤੇਜ਼) ਦੀ






ਗਤੀ 'ਤੇ ਪਹੁੰਚਾ ਸਕਦਾ ਹੈ। ਆਪਣਾ ਕੰਮ ਖਤਮ ਕਰਕੇ ਇਹ ਬੂਸਟਰ ਰਾਕੇਟ ਤੋਂ ਵੱਖ ਹੋ ਕੇ ਦਾਗੇ ਜਾਣ ਵਾਲੀ ਥਾਂ 'ਤੇ ਵਾਪਸ ਉੱਤਰ ਜਾਂਦਾ ਹੈ। ਇਸ ਵਿੱਚ ਬਾਲਣ ਭਰ ਕੇ ਅਤੇ ਬਹੁਤ ਥੋੜੀ ਬਹੁਤ ਮੁਰੰਮਤ ਕਰਕੇ ਅਗਲੇ ਰਾਕੇਟ ਲਈ ਵਰਤਿਆ ਜਾ ਸਕਦਾ ਹੈ।

ਸਟਾਰਸ਼ਿਪ ਪੁਲਾੜ ਵਾਹਨ ਬੂਸਟਰ ਦੇ ਉੱਪਰ ਲਗਦਾ ਹੈ। ਇਸਦੀ ਉਚਾਈ 50 ਮੀਟਰ ਹੈ ਅਤੇ ਇਸ ਵਿੱਚ ਕੁੱਲ 1200 ਟਨ ਬਾਲਣ ਹੁੰਦਾ ਹੈ। ਇਸ ਵਿੱਚ ਕੁੱਲ 6 ਰੈਪਟਰ ਇੰਜਣ ਵਰਤੇ ਗਏ ਹਨ। ਇਸਦੀ ਨਿਵੇਕਲੀ ਗੱਲ ਇਸਦੀ ਪੇਲੋਡ ਫੇਅਰਿੰਗ ਹੈ। ਪੇਲੋਡ ਫੇਅਰਿੰਗ ਰਾਕੇਟ ਦੇ ਉੱਪਰਲੇ ਕੋਨ ਨੁਮਾ ਹਿੱਸੇ ਨੂੰ ਕਹਿੰਦੇ ਹਨ। ਇਸਦੇ ਅੰਦਰ ਉਪਗ੍ਰਹਿ ਜਾਂ ਪੁਲਾੜ ਯਾਤਰੀ ਹੁੰਦੇ ਹਨ ਅਤੇ ਇਹ ਉਨਾਂ ਨੂੰ ਹਵਾ ਦੀ ਰਗੜ ਤੋਂ ਬਚਾਉਂਦੀ ਹੈ। ਉਪਗ੍ਰਹਿ ਦੇ ਮਾਮਲੇ ਵਿੱਚ ਰਵਾਇਤੀ ਤੌਰ 'ਤੇ ਇਹ ਫੇਅਰਿੰਗ, ਵਾਯੂਮੰਡਲ ਖਤਮ ਹੋਣ ਤੇ (ਲਗਭਗ 10 ਕਿ. ਮੀ ਦੀ ਉਚਾਈ ਤੇ), ਭਾਰ ਘਟਾਉਣ ਲਈ, ਰਾਕੇਟ ਤੋਂ ਅਲੱਗ ਕਰ ਦਿੱਤੀ ਜਾਂਦੀ ਹੈ ਤੇ ਇਹ ਸਮੁੰਦਰ ਵਿੱਚ ਡਿੱਗ ਜਾਂਦੀ ਹੈ। ਪਰ ਸਟਾਰਸ਼ਿਪ ਦੀ ਫੇਅਰਿੰਗ ਖੁੱਲ ਕੇ ਬੰਦ ਹੋ ਸਕਣ ਵਾਲੀ ਹੈ। ਇਹ ਉਪਗ੍ਰਹਿ ਨੂੰ ਪੁਲਾੜ ਵਿੱਚ ਛੱਡਣ ਵੇਲੇ ਖੁੱਲੇਗੀ ਅਤੇ ਫਿਰ ਬੰਦ ਹੋ ਜਾਵੇਗੀ। ਸਪੇਸ ਐਕਸ ਇਸ ਨੂੰ ਪੁਲਾੜ ਵਿੱਚ ਫੈਲਿਆ ਮਲਬਾ ਇਕੱਠਾ ਕਰਨ ਵਾਸਤੇ ਵਰਤਣ ਲਈ ਵੀ ਵਿਚਾਰ ਕਰ ਰਿਹਾ ਹੈ।

ਸਟਾਰਸ਼ਿਪ ਕਈ ਰੂਪਾਂ ਵਿੱਚ ਉਪਲਬਧ ਹੋਏਗਾ। ਮੂਲ ਡਿਜਾਈਨ ਦੀ ਵਰਤੋਂ ਪੁਲਾੜ ਵਿੱਚ ਮਾਲ ਦੀ ਢੋਆ-ਢੁਆਈ ਲਈ ਕੀਤੀ ਜਾਵੇਗੀ। ਸਟਾਰਸ਼ਿਪ ਟੈਂਕਰ ਨੂੰ ਧਰਤੀ ਦੇ ਪੰਧ ਵਿੱਚ ਬਾਲਣ ਲਿਜਾਣ ਅਤੇ ਹੋਰ ਸਟਾਰਸ਼ਿਪਾਂ ਵਿੱਚ ਭਰਨ ਲਈ ਵਰਤਿਆ ਜਾਵੇਗਾ। ਇਹ 100 ਤੱਕ ਯਾਤਰੀਆਂ ਨੂੰ ਮੰਗਲ 'ਤੇ ਲੈ ਜਾ ਸਕਦਾ ਹੈ। ਚੰਨ ਤੇ ਯਾਤਰੀ ਲੈਜਾਣ ਲਈ ਵੀ ਇੱਕ ਡਿਜ਼ਾਇਨ ਤਿਆਰ ਕੀਤਾ ਜਾਵੇਗਾ। ਇੱਕ ਹੋਰ ਸਟਾਰਸ਼ਿਪ ਰੂਪ ਲੰਬੀ ਦੂਰੀ ਦੀਆਂ ਉਡਾਣਾਂ 'ਤੇ ਯਾਤਰੀਆਂ ਨੂੰ ਲਿਜਾ ਸਕਦਾ ਹੈ। ਇਸਦੇ ਨਾਲ ਦੁਨੀਆ ਦੇ ਕਿਸੇ ਵੀ ਦੋ ਸ਼ਹਿਰਾਂ ਵਿਚਕਾਰ ਦਾ ਸਫ਼ਰ 1 ਘੰਟੇ ਤੋਂ ਘੱਟ ਸਮੇਂ ਵਿੱਚ ਪੂਰਾ ਕੀਤਾ ਜਾ ਸਕੇਗਾ। ਇਸ ਰਾਕੇਟ ਨੂੰ ਸਪੇਸ ਐਕਸ ਦੇ ਬੋਕਾ ਚੀਕਾ ਵਿਖੇ ਸਥਿਤ ਲਾਂਚ ਕੇਂਦਰ ਤੋਂ ਛੱਡਿਆ ਜਾਵੇਗਾ ਅਤੇ ਇੱਥੇ ਹੀ ਉਤਾਰਿਆ ਜਾਵੇਗਾ। ਇਸ ਜਗਾ ਨੂੰ ਸਟਾਰਬੇਸ ਦਾ ਨਾਮ ਦਿੱਤਾ ਗਿਆ ਹੈ।

### ਸਪੇਸ ਬਸਤੀਕਰਨ

ਸਪੇਸਐਕਸ ਦਾ ਮੁੱਖ ਟੀਚਾ ਮੰਗਲ ਨੂੰ ਰਹਿਣਯੋਗ ਬਣਾਉਣਾ ਅਤੇ ਇਸਦਾ ਬਸਤੀਕਰਨ ਕਰਨਾ ਹੈ। ਈਲੋਨ ਮਸਕ ਅਨੁਸਾਰ ਦਸ ਲੱਖ ਲੋਕਾਂ ਦੀ ਅਬਾਦੀ ਵਾਲਾ ਇੱਕ ਮੰਗਲ ਸ਼ਹਿਰ ਸਵੈ-ਨਿਰਭਰ ਹੋਵੇਗਾ। ਇਸ ਲਈ ਘੱਟੋ-ਘੱਟ ਦਸ ਹਜ਼ਾਰ ਇਨਸਾਨ ਲਿਜਾਣ ਵਾਲੀਆਂ ਅਤੇ ਇੱਕ ਲੱਖ ਮਾਲਵਾਹਕ ਸਟਾਰਸ਼ਿਪਾਂ ਲੋੜੀਂਦੀਆਂ ਹੋਣਗੀਆਂ।

ਕਿਸੇ ਵੀ ਵਿਅਕਤੀ ਨੂੰ ਮੰਗਲ 'ਤੇ ਲਿਜਾਣ ਤੋਂ ਪਹਿਲਾਂ, ਲੋੜੀਂਦੇ ਸਾਜੋ-ਸਾਮਾਨ ਨੂੰ ਲਿਜਾਣ ਲਈ ਪਹਿਲਾਂ ਕੁਝ ਮਾਲਵਾਹਕ ਮਿਸ਼ਨ ਭੇਜੇ ਜਾਣਗੇ। ਇਨਾਂ ਵਿੱਚ ਸੋਲਰ ਪੈਨਲ, ਖੁਦਾਈ ਲਈ ਰੋਬੋਟ, ਮੰਗਲ ਦੇ ਵਾਯੂਮੰਡਲ ਵਿੱਚ ਨਾਈਟ੍ਰੋਜਨ, ਕਾਰਬਨ ਡਾਈਆਕਸਾਈਡ ਪੈਦਾ ਕਰਨ ਵਾਲੀਆਂ ਮਸ਼ੀਨਾਂ ਹੋਣਗੀਆਂ। ਇਸਤੋਂ ਇਲਾਵਾ ਇੱਕ ਬਾਲਣ ਪਲਾਂਟ ਵੀ ਹੋਵੇਗਾ ਜੋ ਜ਼ਮੀਨਦੋਜ਼ ਬਰਫ ਅਤੇ ਕਾਰਬਨ ਡਾਇਆਕਸਾਈਡ ਤੋਂ ਮੀਥੇਨ ਅਤੇ ਆਕਸੀਜਨ ਪੈਦਾ ਕਰੇਗਾ। ਨਾਲ ਹੀ ਫਸਲਾਂ ਉਗਾਉਣ ਲਈ ਸ਼ੀਸ਼ੇ ਦੇ ਪਾਰਦਰਸ਼ੀ ਗੁੰਬਦ ਦੀ ਉਸਾਰੀ ਦਾ ਸਮਾਨ ਹੋਵੇਗਾ। ਬਾਲਣ ਪਲਾਂਟ ਦੁਆਰਾ ਬਣਾਈ ਤਰਲ ਮੀਥੇਨ ਅਤੇ ਤਰਲ ਆਕਸੀਜਨ ਦੀ ਵਰਤੋਂ ਕਰਕੇ ਸਮਾਨ ਲੈ ਕੇ ਗਈ ਸਟਾਰਸ਼ਿਪ ਮੰਗਲ ਤੋਂ ਧਰਤੀ 'ਤੇ ਵਾਪਸ ਆ ਸਕਦੀ ਹੈ। ਇਸਤੋਂ ਬਾਅਦ ਦੇ ਸ਼ੁਰੂਆਤੀ ਮਿਸ਼ਨ ਵਿੱਚ ਇੱਕ ਛੋਟਾ ਚਾਲਕ ਦਲ (ਲਗਭਗ 12 ਲੋਕ) ਜਾਵੇਗਾ। ਇਸ ਦਲ ਦਾ ਮੁੱਖ ਟੀਚਾ ਬਾਲਣ ਪਲਾਂਟ ਅਤੇ ਮੰਗਲ ਬੇਸ ਅਲਫਾ ਦੇ ਊਰਜਾ ਸਿਸਟਮ ਨੂੰ ਬਣਾਉਣਾ ਅਤੇ ਮੁਰੰਮਤ ਕਰਨਾ ਅਤੇ ਇੱਕ ਮੁਢਲੇ ਬੇਸ ਕੈਂਪ ਨੂੰ ਸਥਾਪਿਤ ਕਰਨਾ ਹੈ।

ਮੰਗਲ 'ਤੇ ਟਿਕਾਣਾ ਬਣਾਉਣ ਲਈ ਜਗਾ 400 ਅਕਸ਼ਾਂਸ਼ 'ਤੇ ਹੋਣੀ ਚਾਹੀਦੀ ਹੈ ਤਾਂ ਕਿ ਸੌਰ ਊਰਜਾ ਦਾ ਵੱਧ ਤੋਂ ਵੱਧ ਫਾਇਦਾ ਲਿਆ ਜਾਂ ਸਕੇ। ਇਸਤੋਂ ਇਲਾਵਾ ਏਥੇ ਤਾਪਮਾਨ ਨਿੱਘਾ ਹੋਣਾ ਚਾਹੀਦਾ ਹੈ ਤੇ ਸਭ ਤੋਂ ਜ਼ਰੂਰੀ ਗੱਲ ਜ਼ਮੀਨਦੋਜ਼ ਬਰਫ਼ ਦਾ ਬਹੁਤ ਵੱਡਾ ਭੰਡਾਰ ਹੋਣਾ ਚਾਹੀਦਾ ਹੈ। ਮੁੱਢਲੇ ਅਨੁਮਾਨਾਂ ਮੁਤਾਬਕ ਬਾਲਣ ਪਲਾਂਟ ਨੂੰ ਰੋਜ਼ਾਨਾ ਲਗਭਗ 1 ਟਨ ਬਾਲਣ ਬਣਾਉਣਾ ਹੋਏਗਾ। ਇਸ ਲਈ ਜੋ ਊਰਜਾ ਦੀ ਲੋੜ ਹੈ ਉਸ ਲਈ 56,200 ਵਰਗ ਮੀਟਰ ਵਿੱਚ ਫੈਲੇ ਸੌਰ ਊਰਜਾ ਪਲਾਂਟ ਦੀ ਲੋੜ ਹੋਏਗੀ। ਇਸਤੋਂ ਇਲਾਵਾ ਪਰਮਾਣੂ ਅਤੇ ਪੌਣ ਊਰਜਾ ਵੀ ਵਰਤੀ ਜਾ ਸਕਦੀ ਹੈ। ਮੰਗਲ ਤੇ ਜਾਣ ਲਈ, ਉਸ ਸਮੇਂ ਦੀ ਧਰਤੀ ਤੋਂ ਦੂਰੀ ਅਨੁਸਾਰ, 80 ਤੋਂ 150 ਦਿਨ ਲੱਗ ਸਕਦੇ ਹਨ। ਇੱਕ ਟਿਕਟ ਦੀ ਕੀਮਤ 5 ਲੱਖ ਅਮਰੀਕੀ ਡਾਲਰ ਦੇ ਆਸ ਪਾਸ ਕਿਆਸੀ ਜਾ ਰਹੀ ਹੈ। ਚਾਹੇ ਮੰਗਲ ਤੇ ਸ਼ੁਰੂਆਤੀ ਦੌਰ ਵਿੱਚ ਦਰਜਨ ਕੁ ਲੋਕ ਜਾਣਗੇ ਪਰ ਸਮਾਂ ਪਾ ਕੇ ਇਹ ਸੰਖਿਆ 10 ਲੱਖ ਤੱਕ ਲਿਜਾਣ ਦਾ ਪ੍ਰੋਗਰਾਮ ਹੈ। ਏਨੇ ਲੋਕ ਇਸ ਲਈ ਚਾਹੀਦੇ ਹਨ ਕਿਉਂਕਿ ਮੰਗਲ ਤੇ ਸਾਨੂੰ ਸਭ ਕੁਝ ਸ਼ੁਰੂ ਤੋਂ ਬਣਾਉਣਾ ਪਏਗਾ। ਸਾਨੂੰ ਮੰਗਲ ਦੀ ਧਰਤੀ ਵਿੱਚੋਂ ਖਣਿਜ ਕੱਢ ਕੇ ਵਰਤਣੇ ਪੈਣਗੇ। ਉੱਥੇ ਕੋਈ ਰੁੱਖ ਨਹੀਂ ਉੱਗਣ ਵਾਲੇ, ਸੋ ਆਕਸੀਜਨ, ਨਾਈਟ੍ਰੋਜਨ ਆਪੇ ਨਹੀਂ ਬਣਨ ਵਾਲੀਆਂ। ਉੱਥੇ ਕੋਈ ਤੇਲ ਜਾਂ ਕੋਲਾ ਨਹੀਂ ਹੋਏਗਾ। ਇਸ ਕਰਕੇ ਸਾਨੂੰ ਉੱਥੇ ਬਹੁਤ ਤਨਦੇਹੀ ਨਾਲ ਕੰਮ ਕਰਨਾ ਪਏਗਾ।

ਮੰਗਲ ਬਸਤੀਕਰਨ ਬਾਰੇ ਸਭ ਤੋਂ ਸਭ ਤੋਂ ਵੱਡਾ ਸਵਾਲ ਇਸ ਨਾਲ ਆਉਣ ਵਾਲੀਆਂ ਸਿਹਤ ਸਮੱਸਿਆਵਾਂ ਹਨ। ਲੰਬੇ ਸਮੇਂ ਤੱਕ ਪੁਲਾੜ ਯਾਤਰਾ ਕਰਨ, ਰੇਡੀਏਸ਼ਨ ਦਾ ਲਗਾਤਾਰ ਸਾਹਮਣਾ ਕਰਨ, ਭਾਰਹੀਣਤਾ ਅਤੇ ਮੰਗਲ ਦੀ ਘੱਟ ਗੁਰੂਤਾ (ਧਰਤੀ ਦੀ 38%) ਕਈ ਕਿਸਮ ਦੀਆਂ ਸਿਹਤ ਸਮੱਸਿਆਵਾਂ ਖੜੀਆਂ ਕਰ ਸਕਦੇ ਨੇ ਜਿਨਾਂ ਬਾਰੇ ਸਾਡੇ ਕੋਲ ਹਾਲੇ ਕੋਈ ਜਵਾਬ ਨਹੀਂ ਹੈ। ਹੁਣ ਤੱਕ ਸਟਾਰਸ਼ਿਪ ਦੇ ਮੁੱਢਲੇ ਮਾਡਲਾਂ ਨੇ ਘੱਟ ਉਚਾਈ ਵਾਲੀਆਂ ਛੋਟੀਆਂ ਉਡਾਣਾਂ ਭਰੀਆਂ ਹਨ। ਸਪੇਸ ਐਸਕ ਦਾ ਪਲਾਨ 2022 ਵਿੱਚ ਧਰਤੀ ਦੁਆਲੇ ਪੰਧ ਵਿੱਚ ਬਾਲਣ ਭਰਨ ਦਾ ਪ੍ਰਯੋਗ ਕਰਨ ਦਾ ਹੈ। ਇਸ ਤੋਂ ਬਾਅਦ 2023 ਵਿੱਚ ਚੰਨ ਦੇ ਮਿਸ਼ਨ ਦਾ ਪਲਾਨ ਹੈ। ਮੰਗਲ 'ਤੇ ਪਹਿਲੀ ਮਨੁੱਖ ਰਹਿਤ ਸਟਾਰਸ਼ਿਪ 2024 ਤੱਕ ਭੇਜਣ ਦਾ ਪਲਾਨ ਹੈ। ਈਲੋਨ ਮਸਕ ਨੂੰ ਭਰੋਸਾ ਹੈ ਕਿ 2026 ਤੱਕ ਇਨਸਾਨ ਮੰਗਲ ਤੇ ਕਦਮ ਰੱਖ ਲਵੇਗਾ।

ਹਾਲੇ ਤੱਕ ਇਸ ਪ੍ਰੋਜੈਕਟ ਦਾ ਪੂਰਾ ਖਰਚਾ ਸਪੇਸ ਐਸਕ ਕਰ ਰਿਹਾ ਹੈ। ਅਮਰੀਕੀ ਸਰਕਾਰ ਨੇ ਇਸ ਪ੍ਰੋਜੈਕਟ ਨੂੰ ਫੰਡ ਦੇਣ ਤੋਂ ਅਸਮੱਰਥਾ ਪ੍ਰਗਟਾਈ ਹੈ। ਈਲੋਨ ਮਸਕ ਨੇ ਆਪਣੀ ਖੁਦ ਦੀ ਪੂੰਜੀ ਲਾਉਣ ਦੀ ਗੱਲ ਕਹੀ ਹੈ ਪਰ ਸ਼ਾਇਦ ਇਹ ਕਾਫੀ ਨਹੀਂ ਹੋਵੇਗੀ।

ਮੰਗਲ ਨੂੰ ਰਹਿਣਯੋਗ ਬਣਾਉਣ ਲਈ ਇਹ ਪ੍ਰੋਗਰਾਮ ਸਾਡਾ ਪਹਿਲਾਕਦਮ ਹੈ। ਆਉਣ ਵਾਲੇ ਸਮੇਂ ਵਿੱਚ ਮਸਕ ਦਾ ਪਲਾਨ ਮੰਗਲ ਨੂੰ ਧਰਤੀ ਵਾਂਗ ਇਨਸਾਨਾਂ ਦੇ ਰਹਿਣ ਲਈ ਅਨੁਕੂਲ ਬਣਾਉਣਾ ਹੈ। ਇਸ ਵਿੱਚ ਸਭ ਤੋਂ ਵੱਡੀ ਅੜਚਨ ਮੰਗਲ ਤੇ ਵਾਯੂਮੰਡਲ ਦੀ ਅਣਹੋਂਦ ਹੈ। ਇੱਕ ਸਮੇਂ ਮੰਗਲ 'ਤੇ ਵੀ ਧਰਤੀ ਵਾਂਗ ਸੰਘਣਾ ਵਾਯੂਮੰਡਲ ਸੀ ਪਰ ਘੱਟ ਗੁਰੂਤਾ ਅਤੇ ਚੁੰਬਕੀ ਖੇਤਰ ਦੀ ਅਣਹੋਂਦ ਕਰਨ ਇਹ ਹੌਲੀ ਹੌਲੀ ਪੁਲਾੜ ਵਿੱਚ ਰਿਸ ਗਿਆ। ਇਨਸਾਨ ਦੇ ਰਹਿਣ ਲਈ ਇਸ ਨੂੰ ਵਾਪਿਸ ਬਣਾਉਣਾ ਜ਼ਰੂਰੀ ਹੈ। ਇਸ ਲਈ ਕਈ ਕਿਸਮ ਦੇ ਸੁਝਾਅ ਦਿੱਤੇ ਗਏ ਹਨ ਪਰ ਹਾਲੇ ਕਿਸੇ 'ਤੇ ਵੀ ਸਹਿਮਤੀ ਨਹੀਂ ਬਣੀ ਹੈ। ਮੰਗਲ ਨੂੰ ਸਾਡਾ ਅਗਲਾ ਘਰ ਬਣਾਉਣ ਦੀ ਸੋਚ ਜੋ ਈਲੋਨ ਮਸਕ ਲੈ ਕੇ ਚੱਲ ਰਿਹਾ ਹੈ, ਬਹੁਤ ਵੱਡੀ ਹੈ ਤੇ ਇਸਨੂੰ ਪੂਰਾ ਕਰਨ ਲਈ ਹਾਲੇ ਹੋਰ ਜ਼ਿਆਦਾ ਸਮੇਂ ਤੇ ਪੂੰਜੀ ਦੀ ਲੋੜ ਹੋਵੇਗੀ। ਪਰ ਇਹ ਗੱਲ ਜ਼ਰੂਰ ਹੈ ਕਿ ਇਸ ਪ੍ਰੋਗਰਾਮ ਨਾਲ ਮਸਕ ਜੋ ਪੂਰਨੇ ਪਾ ਕੇ ਜਾਵੇਗਾ, ਉਸਦਾ ਫਾਇਦਾ ਆਉਣ ਵਾਲੇ ਸਮੇਂ ਵਿੱਚ ਮਨੁੱਖ ਨੂੰ ਜ਼ਰੂਰ ਹੋਵੇਗਾ। ਇਸਦੀ ਇੱਕ ਮਿਸਾਲ ਬਾਲਣ ਪੈਦਾ ਕਰਨ ਵਾਲਾ ਪਲਾਂਟ ਹੈ। ਇਸ ਨੂੰ ਸੌਰ ਮੰਡਲ ਦੇ ਹੋਰ ਗ੍ਰਹਿਾਂ 'ਤੇ ਮਿਸ਼ਨ ਭੇਜਣ ਸਮੇਂ ਬਾਲਣ ਭਰਨ ਲਈ ਵਰਤਿਆ ਜਾ ਸਕੇਗਾ। ਇਸ ਨਾਲ ਅਜਿਹੇ ਮਿਸ਼ਨਾਂ ਦੀ ਲਾਗਤ ਬਹੁਤ ਹੀ ਘਟ ਜਾਵੇਗੀ। ਇੱਕ ਕਾਨਫਰੰਸ ਵਿੱਚ, ਮਸਕ ਨੇਬ੍ਰਹਿਸਪਤੀ ਦੇ ਉਪਗ੍ਰਹਿ ਯੂਰੋਪਾ, ਪਲੂਟੋ, ਅਤੇ ਊਰਟ ਬੱਦਲ ਵਰਗੀਆਂ ਦੁਰੇਡੀਆਂ ਮੰਜ਼ਿਲਾਂ ਲਈ ਸੰਕਲਪਿਕ ਮਿਸ਼ਨ ਪੇਸ਼ ਕੀਤੇ ਜੋ ਮੰਗਲ ਤੋਂ ਭੇਜੇ ਜਾ ਸਕਦੇ ਹਨ।

ਸੋ ਇਹ ਪ੍ਰੋਗਰਾਮ ਹੋਰ ਕਿੰਨੇ ਸਿੱਧੇ-ਅਸਿੱਧੇ ਫਾਇਦੇ ਦੇਵੇਗਾ ਅਤੇ ਕੀ ਇਹ ਇਨਸਾਨ ਨੂੰ ਧਰਤੀ ਤੋਂ ਇਲਾਵਾ ਦੂਜਾ ਘਰ ਦੇ ਸਕੇਗਾ? ਇਹ ਹਾਲੇ ਭਵਿੱਖ ਦੇ ਗਰਭ ਵਿੱਚ ਲੁਕਿਆ ਹੈ। ਉਮੀਦ ਹੈ ਕਿ ਅਗਲੇ ਕੁਝ ਸਾਲਾਂ ਤੱਕ ਇਨਸਾਨ ਮੰਗਲ 'ਤੇ ਪੈਰ ਧਰ ਸਕੇਗਾ।

# ਭਾਰਤ ਦੀ ਖੇਤੀ ਆਰਥਿਕਤਾ ਵਿਚ ਪੰਜਾਬ ਦਾ ਯੋਗਦਾਨ

**ਸਤਨਾਮ ਸਿੰਘ ਸੰਧੂ**

ਭਾਰਤ ਦੀ ਅਜ਼ਾਦੀ ਤੋਂ ਬਾਅਦ 75 ਸਾਲਾਂ ਵਿਚ ਪੰਜਾਬ ਨੇ ਖੇਤੀਬਾੜੀ ਦੇ ਖੇਤਰ ਵਿਚ ਆਪਣੀ ਵੱਖਰੀ ਅਤੇ ਮਾਣਮੱਤੀ ਪਛਾਣ ਸਥਾਪਤ ਕੀਤੀ ਅਤੇ ਦੇਸ਼ ਦੇ ਆਰਥਿਕ ਵਿਕਾਸ ਵਿਚ ਵੱਡਮੁੱਲਾ ਯੋਗਦਾਨ ਪਾਇਆ। ਭਾਰਤ ਦਾ ਇਹ 1.53 ਫ਼ੀਸਦੀ ਭੂਗੋਲਿਕ ਖੇਤਰ ਵਾਲਾ ਸੂਬਾ ਦੇਸ਼ ਦੇ ਅੰਨ ਭੰਡਾਰ ਵਿਚ 60 ਫ਼ੀਸਦੀ ਕਣਕ ਅਤੇ 40 ਫ਼ੀਸਦੀ ਝੋਨਾ (ਚਾਵਲ) ਦਾ ਹਿੱਸਾ ਪਾਉਂਦਾ ਰਿਹਾ ਹੈ। ਪੰਜਾਬ ਦੀ ਉਪਜਾਊ ਮਿੱਟੀ, ਕਿਸਾਨੀ ਵਰਗ ਦੀ ਕਰੜੀ ਮਿਹਨਤ ਦੇ ਨਾਲ-ਨਾਲ ਦੇਸ਼ ਅੰਦਰ ਖੇਤੀ ਸੈਕਟਰ ਵਿਚ ਤੇਜ਼ੀ ਨਾਲ ਆਏ ਵਿਗਿਆਨਕ ਅਤੇ ਤਕਨੀਕੀ ਵਿਕਾਸ ਨਾਲ ਪੰਜਾਬੀ ਕਿਸਾਨੀ ਵਲੋਂ ਆਪਣੇ ਆਪ ਨੂੰ ਢਾਲ ਲੈਣਾ ਵਧੇਰੇ ਲਾਹੇਵੰਦ ਸਾਬਤ ਹੋਇਆ। ਕੋਰੋਨਾ ਦੇ ਸੰਕਟ ਦੌਰਾਨ ਹੋਈ ਤਾਲਾਬੰਦੀ ਦੌਰਾਨ ਦੇਸ਼ ਵਾਸੀਆਂ ਨੂੰ ਖੁਰਾਕ ਸੁਰੱਖਿਆ ਦੇਣ ਵਿਚ ਪੰਜਾਬ ਰਾਜ ਨੇ ਅਹਿਮ ਭੂਮਿਕਾ ਨਿਭਾਈ। ਤਾਲਾਬੰਦੀ ਲਾਗੂ ਹੋਣ ਤੋਂ ਬਾਅਦ ਪੰਜਾਬ ਰਾਜ ਵਿਚੋਂ 760 ਸਪੈਸ਼ਲ ਰੇਲ ਗੱਡੀਆਂ ਰਾਹੀਂ ਤਕਰੀਬਨ 13.5 ਲੱਖ ਮੀਟ੍ਰਿਕ ਟਨ ਚਾਵਲ ਅਤੇ 5.47 ਲੱਖ ਮੀਟ੍ਰਿਕ ਟਨ ਕਣਕ ਦੂਜੇ ਸੂਬਿਆਂ ਨੂੰ ਭੇਜੇ ਗਏ। ਇਹੀ ਨਹੀਂ ਹੋਰਨਾਂ ਆਫ਼ਤਾਂ, ਚੁਣੌਤੀਆਂ ਦੇ ਸਮੇਂ ਵੀ ਭੋਜਨ ਸੁਰੱਖਿਆ ਦੇ ਮਾਮਲੇ 'ਚ ਪੰਜਾਬ ਹਮੇਸ਼ਾ ਦੂਜੇ ਸੂਬਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਿਆ ਹੈ।

1947 ਤੋਂ ਪਹਿਲਾਂ ਪਿੰਡਾਂ ਵਿਚ ਵਧਦੀ 80 ਫ਼ੀਸਦੀ ਅਬਾਦੀ ਅਤੇ 70 ਫ਼ੀਸਦੀ ਕਿਸਾਨੀ ਵਰਗ ਦੀ ਹੱਦ ਖੇਤੀਬਾੜੀ 'ਤੇ ਹੀ ਆਧਾਰਿਤ ਸੀ। ਅਰਥ ਵਿਵਸਥਾ ਪੇਸ਼ੇ 'ਤੇ ਨਹੀਂ ਖੇਤੀ ਉਤਪਾਦਾਂ ਉੱਪਰ ਨਿਰਭਰ ਸੀ। ਆਤਮ ਨਿਰਭਰਤਾ ਖੇਤੀ ਉਤਪਾਦਨ ਦੀਆਂ ਵਸਤਾਂ ਦੇ ਆਦਾਨ ਪ੍ਰਦਾਨ ਤੱਕ ਹੀ ਸੀਮਤ ਸੀ।

75 ਸਾਲਾਂ ਵਿਚ ਦੇਸ਼ ਦੀ ਆਰਥਿਕਤਾ ਵਿਚ ਖੇਤੀ ਉਤਪਾਦਨ ਦੁਆਰਾ ਵਧੇਰੇ ਯੋਗਦਾਨ ਵਾਲਾ ਪੰਜਾਬ ਬਾਕੀ ਸੂਬਿਆਂ ਤੋਂ ਬਾਅਦ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਬਰਤਾਨਵੀ ਹਕੂਮਤ ਦਾ ਹਿੱਸਾ ਬਣਿਆ। ਉਦੋਂ ਖੇਤੀਬਾੜੀ ਬਰਸਾਤ ਅਤੇ ਖੂਹਾਂ 'ਤੇ ਨਿਰਭਰ ਸੀ। ਅੰਗਰੇਜ਼ਾਂ ਨੇ ਖੇਤੀ ਦਾ 50 ਫ਼ੀਸਦੀ ਖੇਤਰ ਨਹਿਰੀ ਸਿੰਜਾਈ ਹੇਠ ਲਿਆਂਦਾ ਅਤੇ 1857 ਵਿਚ ਪੰਜਾਬ ਹਾਰਟੀਕਲਚਰ ਸੁਸਾਇਟੀ ਬਣਾਈ। ਪੰਜਾਬ ਅੰਦਰ ਖੇਤੀਬਾੜੀ ਕਾਲਜ ਅਤੇ ਕੇਂਦਰ ਸਥਾਪਤ ਕੀਤੇ।

ਫਿਰ ਵੀ ਅਜ਼ਾਦੀ ਸਮੇਂ ਭਾਰਤ ਅੰਦਰ ਖੇਤੀਬਾੜੀ ਦੀ ਸਥਿਤੀ ਬਹੁਤ ਤਸੱਲੀਬਖ਼ਸ਼ ਨਹੀਂ ਸੀ। ਕਈ ਸੂਬਿਆਂ ਵਿਚ ਕਾਲ ਵਾਲੀ ਅਵਸਥਾ ਬਣ ਗਈ ਸੀ। ਭਾਰਤ ਖੁਰਾਕ ਦੇ ਮਾਮਲੇ ਵਿਚ ਘਾਟ ਦੀ ਸਮੱਸਿਆ ਨਾਲ ਜੂਝ ਰਿਹਾ ਸੀ। 1947 ਦੀ ਵੰਡ ਉਪਰੰਤ ਪੰਜਾਬ ਦੇ ਖੇਤੀਬਾੜੀ ਖੇਤਰ ਨੂੰ ਬਹੁਤ ਵੱਡੀ ਢਾਹ ਲੱਗੀ। ਇਸ ਦਾ ਵੱਡਾ ਉਪਜਾਊ ਖੇਤਰ ਪਾਕਿਸਤਾਨ ਵਿਚ ਰਹਿ ਗਿਆ।

ਸੰਨ 1960 ਵਿਚ ਭਾਰਤ ਅੰਦਰ ਹਰੀ ਕ੍ਰਾਂਤੀ ਦੇ ਉਦੇਸ਼ ਅਤੇ ਪ੍ਰਾਪਤੀ ਦੇ ਟੀਚੇ ਨੇ ਖੇਤੀਬਾੜੀ ਸੈਕਟਰ ਵਿਚ ਨਵੀਂ ਕ੍ਰਾਂਤੀ ਲਿਆਂਦੀ। ਇਸ ਦਾ ਪ੍ਰਤੱਖ ਪ੍ਰਭਾਵ ਪੰਜਾਬ ਵਿਚ ਵੇਖਿਆ ਗਿਆ। ਪੰਜਾਬ ਅੰਦਰ 1962 ਵਿਚ ਲੁਧਿਆਣਾ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਇਕ ਸਾਰਥਕ ਕਦਮ ਸੀ, ਜਿਸ ਨੇ ਖੇਤੀਬਾੜੀ ਦੇ ਵਿਕਾਸ ਵਿਚ ਖੋਜਾਂ ਦੁਆਰਾ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਸਦਕਾ ਗੁਣਾਤਮਿਕ ਅਤੇ ਸਕਾਰਾਤਮਿਕ ਪੁਲਾਂਘਾਂ ਪੁੱਟੀਆਂ। ਇਸ ਸੰਸਥਾ ਨੇ ਦੇਸ਼ ਨੂੰ ਅਨਾਜ ਦੇ ਮਾਮਲੇ ਵਿਚ ਆਤਮ-ਨਿਰਭਰ ਬਣਾਉਣ ਵਿਚ ਵਡਮੁੱਲਾ ਯੋਗਦਾਨ ਪਾਇਆ। ਇਸ ਕਰਕੇ ਇਸ ਨੂੰ 'ਹਰੀ ਕ੍ਰਾਂਤੀ ਦੀ ਮਾਂ' ਵੀ ਕਿਹਾ ਜਾਂਦਾ ਹੈ। ਅਸਲ ਵਿਚ ਹਰੀ ਕ੍ਰਾਂਤੀ ਅਮਰੀਕਾ ਦੀ ਇਕ ਸੰਸਥਾ ਦੀ ਸਹਾਇਤਾ ਨਾਲ ਸ਼ੁਰੂ ਹੋਈ ਸੀ, ਜਿਸ ਦਾ ਮੁੱਖ ਉਦੇਸ਼ ਮੈਕਸੀਕੋ ਅਤੇ ਫਿਲਪਾਈਨ ਅੰਦਰ ਕਣਕ ਅਤੇ ਝੋਨੇ ਦੀਆਂ ਉੱਤਮ ਦਰਜੇ ਦੀਆਂ ਕਿਸਮਾਂ ਨੂੰ ਉਤਸ਼ਾਹਿਤ ਕਰਨਾ ਸੀ। ਪਹਿਲਾਂ ਪੰਜਾਬ ਨੇ ਕਣਕ ਦੀ ਫ਼ਸਲ ਵਿਚ ਵਧੇਰੇ ਰੁਚੀ ਵਿਖਾਈ। ਕਣਕ ਦੀ ਫ਼ਸਲ ਅਮਰੀਕਨ ਅਤੇ ਮੈਕਸੀਕਨ ਨਾਵਾਂ ਨਾਲ ਪ੍ਰਚੱਲਿਤ ਹੋਈ, ਜਿਸ ਨਾਲ ਦੇਸ਼ ਅੰਦਰ ਖੇਤੀ ਆਧਾਰਿਤ ਅਰਥਚਾਰੇ ਵਿਚ ਵੱਡਾ ਉਛਾਲ ਆਇਆ।

ਹਰੀ ਕ੍ਰਾਂਤੀ ਸਦਕਾ ਕਣਕ ਦੀ ਪੈਦਾਵਾਰ 1972 ਵਿਚ 1.9 ਤੋਂ ਵਧ ਕੇ 5.6 ਤੱਕ ਪੁੱਜ ਗਈ। ਹਾਈਬ੍ਰਿਡ ਬੀਜਾਂ, ਨਵੀਂ ਮਸ਼ੀਨਰੀ, ਖਾਦਾਂ, ਕੀੜੇਮਾਰ ਦਵਾਈਆਂ ਦੀ ਵਰਤੋਂ ਨਾਲ ਖੇਤੀ ਉਤਪਾਦਨ ਵਿਚ ਵਧੇਰੇ ਵਾਧਾ ਹੋਇਆ। 1974 ਦੇ ਅੰਕੜਿਆਂ ਅਨੁਸਾਰ ਉੱਤਮ ਬੀਜਾਂ ਦੀ ਵਰਤੋਂ ਦੇਸ਼ ਅੰਦਰ ਵਰਤੇ ਗਏ 31 ਫ਼ੀਸਦੀ ਦੇ ਮੁਕਾਬਲੇ ਪੰਜਾਬ ਵਿਚ 74 ਫ਼ੀਸਦੀ ਸੀ। ਇਹ ਵਰਤੋਂ ਵਧਦੀ ਗਈ। ਇਸ ਨੇ ਦੇਸ਼ ਦੇ ਅਰਥਚਾਰੇ ਨੂੰ ਵੀ ਪ੍ਰਭਾਵਿਤ ਕੀਤਾ। ਜਿੱਥੇ ਪੰਜਾਬ ਵਿਚ 1950-57 ਵਿਚ ਕਣਕ ਦੀ ਪੈਦਾਵਾਰ 10 24 ਕਿਲੋ ਪ੍ਰਤੀ ਹੈਕਟੇਅਰ ਸੀ ਉਹ 2017-18 ਵਿਚ 5,777 ਕਿੱਲੋ ਪ੍ਰਤੀ ਹੈਕਟੇਅਰ ਹੋ ਗਈ। ਅਜਿਹਾ ਵਾਧਾ ਝੋਨੇ ਦੇ ਮਾਮਲੇ ਵਿਚ ਵੀ ਹੋਇਆ ਜਿਹੜਾ 892 ਕਿਲੋ ਪ੍ਰਤੀ ਹੈਕਟੇਅਰ ਤੋਂ ਵਧ ਕੇ 4366 ਪ੍ਰਤੀ ਹੈਕਟੇਅਰ ਤੱਕ ਪੁੱਜ ਗਿਆ। ਅਜਿਹਾ ਰੁਝਾਨ ਬਾਕੀ ਫ਼ਸਲਾਂ ਵਿਚ ਵੀ ਦੇਖਣ ਨੂੰ ਮਿਲਿਆ।

ਜਿੱਥੇ ਹਰੀ ਕ੍ਰਾਂਤੀ ਤੋਂ ਪਹਿਲਾਂ ਦੇਸ਼ ਅੰਦਰ ਖੇਤੀ ਹੇਠਲਾ ਰਕਬਾ 1.9 ਮਿਲੀਅਨ ਹੈਕਟੇਅਰ ਸੀ, ਉਹ 1990 ਤੱਕ 63.9 ਮਿਲੀਅਨ ਪ੍ਰਤੀ ਹੈਕਟੇਅਰ ਤੱਕ ਪੁੱਜ ਗਿਆ। ਇਹ ਰੁਝਾਨ ਪੰਜਾਬ ਵਿਚ ਵੀ ਪ੍ਰਤੱਖ ਰੂਪ ਵਿਚ ਵਿਖਾਈ ਦਿੱਤਾ। ਹਰੀ ਕ੍ਰਾਂਤੀ ਦੇ ਆਦਰਸ਼ ਨੇ ਵਿਕਾਸਸ਼ੀਲ ਦੇਸ਼ਾਂ ਅੰਦਰ ਖੇਤੀਬਾੜੀ ਦੇ ਵਿਕਾਸ ਵਿਚ ਤੇਜ਼ੀ ਲਿਆਂਦੀ। ਇਸ ਕ੍ਰਾਂਤੀ ਨੂੰ ਲਾਗੂ ਕਰਵਾਉਣ ਲਈ ਪੰਜਾਬ ਦੇਸ਼ ਦਾ ਪਹਿਲਾ ਪ੍ਰਾਂਤ ਬਣਿਆ। ਸੰਨ 1960 ਤੋਂ 80 ਦਰਮਿਆਨ ਪੰਜਾਬ ਬਾਕੀ ਸੂਬਿਆਂ ਦੇ ਮੁਕਾਬਲੇ ਖੇਤੀਬਾੜੀ ਸੈਕਟਰ 'ਚ ਸਭ ਤੋਂ ਅੱਗੇ ਰਿਹਾ। ਦੇਸ਼ ਦੇ ਅਰਥਚਾਰੇ ਨੂੰ ਸੁਧਾਰਨ ਦੇ ਨਾਲ-ਨਾਲ ਪੰਜਾਬ ਦੇ ਕਿਸਾਨਾਂ ਦਾ ਸਮਾਜਿਕ ਅਤੇ ਆਰਥਿਕ ਪੱਧਰ ਵੀ ਉੱਪਰ ਉੱਠਿਆ।

ਚਿੱਟੀ ਕ੍ਰਾਂਤੀ ਨੇ ਪੰਜਾਬ ਅੰਦਰ ਦੁੱਧ ਉਤਪਾਦਨ ਵਿਚ ਵੱਡਾ ਯੋਗਦਾਨ ਪਾਇਆ। ਜਿੱਥੇ ਦੇਸ਼ ਅੰਦਰ ਦੁੱਧ ਸਹਿਕਾਰੀ ਸਭਾਵਾਂ ਦੀ ਸਥਾਪਨਾ ਹੋਈ, ਉਥੇ ਪੰਜਾਬ ਵਿਚ ਸਹਿਕਾਰਤਾ ਲਹਿਰ ਅਧੀਨ, ਡੇਅਰੀ ਡਿਵੈਲਪਮੈਂਟ ਬੋਰਡ, ਮਿਲਕਫੈੱਡ ਦੁੱਧ ਉਤਪਾਦਨ ਵਿਚ ਵਿਸ਼ੇਸ਼ ਤੌਰ 'ਤੇ ਸਹਾਈ ਹੋਏ। ਪੰਜਾਬ ਅੰਦਰਲੇ ਦੁੱਧ ਉਤਪਾਦਨ ਨੇ ਦੇਸ਼ ਦੀ ਆਰਥਿਕਤਾ ਵਿਚ ਵਾਧਾ ਕੀਤਾ।

ਪੰਜਾਬ ਅੰਦਰ ਸਰਕਾਰਾਂ ਵਲੋਂ ਕਿਸਾਨਾਂ ਨੂੰ ਮੁਫ਼ਤ ਬਿਜਲੀ ਅਤੇ ਪਾਣੀ ਦੀ ਸਹੂਲਤ ਨੇ ਖੇਤੀਬਾੜੀ ਪੈਦਾਵਾਰ ਨੂੰ ਉਤਸ਼ਾਹਿਤ ਕੀਤਾ, ਭਾਵੇਂ ਕਿ ਇਸ ਕਾਰਨ ਜ਼ਮੀਨੀ ਪਾਣੀ ਵਧੇਰੇ ਡੂੰਘਾ ਵੀ ਚਲਾ ਗਿਆ। ਇਸ ਤੋਂ ਇਲਾਵਾ ਕਿਸਾਨਾਂ ਦੀ ਮਾਲੀ ਹਾਲਤ ਸੁਧਾਰਨ ਅਤੇ ਦੇਸ਼ ਦੇ ਅਰਥਚਾਰੇ ਨੂੰ ਪ੍ਰਭਾਵਿਤ ਕਰਨ ਵਿਚ ਮੰਡੀ ਬੋਰਡ ਅਤੇ ਮਾਰਕਫੈੱਡ ਵਰਗੀਆਂ ਸੰਸਥਾਵਾਂ ਨੇ ਵੀ ਵੱਡਾ ਯੋਗਦਾਨ ਪਾਇਆ। ਪੰਜਾਬ ਅਤੇ ਦੇਸ਼ ਅੰਦਰ ਕਮਰਸ਼ੀਅਲ ਬੈਂਕਾਂ ਵਲੋਂ ਦਿੱਤੇ ਜਾਣ ਵਾਲੇ ਕਰਜ਼ੇ ਵਿਚ 18 ਫ਼ੀਸਦੀ ਕਰਜ਼ਾ ਖੇਤੀ ਖੇਤਰ ਨੂੰ ਦੇਣ ਨਾਲ ਖੇਤੀ ਪੈਦਾਵਾਰ ਦੇ ਵਾਧੇ ਦੀ ਸੰਭਾਵਨਾ ਬਣੀ। ਨਬਾਰਡ ਦੁਆਰਾ ਕਿਸਾਨ ਕ੍ਰੈਡਿਟ ਕਾਰਡ ਦੀ ਸ਼ੁਰੂਆਤ ਨੇ ਖੇਤੀਬਾੜੀ ਨੂੰ ਸਕਾਰਾਤਮਿਕ ਰੂਪ ਵਿਚ ਪ੍ਰਭਾਵਿਤ ਕੀਤਾ।

ਆਜ਼ਾਦੀ ਉਪਰੰਤ 75 ਸਾਲਾਂ ਵਿਚ ਕੇਂਦਰ ਸਰਕਾਰ ਵਲੋਂ ਸਮੇਂ-ਸਮੇਂ ਸਿਰ ਖੇਤੀ ਖੇਤਰ ਵਿਚ ਸੁਧਾਰ ਦੇ ਰੁਝਾਨ ਦਾ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਦੇਸ਼ ਦੀ 60 ਫ਼ੀਸਦੀ ਤੋਂ ਵੱਧ ਮਨੁੱਖੀ ਤਾਕਤ ਖੇਤੀਬਾੜੀ ਸੈਕਟਰ ਨਾਲ ਸਿੱਧੇ ਅਤੇ ਅਸਿੱਧੇ ਤੌਰ 'ਤੇ ਜੁੜੀ ਹੋਈ ਹੈ। ਇਨਾਂ ਰੁਝਾਨਾਂ ਤਹਿਤ ਹੀ ਨੈਸ਼ਨਲ ਐਗਰੀਕਲਚਰ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਅਤੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਵਰਗੇ ਅਦਾਰੇ ਹੋਂਦ ਵਿਚ ਆਏ। 32 ਫ਼ਸਲਾਂ ਉੱਪਰ ਮਿਲਣ ਵਾਲੀ ਐਮ.ਐਸ.ਪੀ. ਸਹੂਲਤ ਨੇ ਖੇਤੀਬਾੜੀ ਖੇਤਰ ਨੂੰ ਬਹੁਤ ਰਾਹਤ ਦਿੱਤੀ। 2016 ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਫ਼ਸਲ ਬੀਮਾ ਯੋਜਨਾ ਖੇਤੀਬਾੜੀ ਉਤਪਾਦਨ ਵਿਚ ਇਕ ਅਹਿਮ ਕਦਮ ਹੈ। ਪ੍ਰਧਾਨ ਮੰਤਰੀ ਕਿਸਾਨ ਸੰਪਦਾ ਯੋਜਨਾ ਫ਼ਸਲ ਦੀ ਕਟਾਈ ਤੋਂ ਪਹਿਲਾਂ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਵੀ ਲਾਹੇਵੰਦ ਸਾਬਤ ਹੋਈ।

ਭਾਰਤ ਸਰਕਾਰ ਦਾ ਪ੍ਰੋਗਰਾਮ ਖੇਤੀ ਉਤਪਾਦਨ ਵਿਚ ਹਰੀ ਅਤੇ ਚਿੱਟੀ ਕ੍ਰਾਂਤੀ ਦੇ ਨਿਰਣਾਤਮਿਕ ਸਿੱਟਿਆਂ ਤੋਂ ਬਾਅਦ 'ਰੇਨਵੋਅ ਕ੍ਰਾਂਤੀ' ਨੂੰ ਲਾਗੂ ਕਰਨਾ ਹੈ, ਜਿਸ ਵਿਚ 'ਪੀਲੀ ਕ੍ਰਾਂਤੀ' ਤੇਲ ਬੀਜਾਂ ਲਈ, 'ਨੀਲੀ ਕ੍ਰਾਂਤੀ' ਮੱਛੀ ਪਾਲਣ ਲਈ, 'ਸੁਨਹਿਰੀ ਕ੍ਰਾਂਤੀ' ਫਲ ਉਤਪਾਦਨ ਲਈ ਆਦਿ ਸ਼ਾਮਿਲ ਹੈ। ਨਿਰਸੰਦੇਹ, ਇਨਾਂ ਕ੍ਰਾਂਤੀਆਂ ਨੂੰ ਅਪਣਾ ਕੇ ਪੰਜਾਬ ਦੇਸ਼ ਦੇ ਅਰਥਚਾਰੇ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ।

ਕੁੱਲ ਮਿਲਾ ਕੇ ਅਜ਼ਾਦੀ ਤੋਂ ਬਾਅਦ 75 ਸਾਲਾਂ ਵਿਚ ਖੇਤੀ ਸੈਕਟਰ ਅੰਦਰ ਸੰਸਥਾਗਤ ਅਤੇ ਤਕਨੀਕੀ ਨੁਕਤਾ ਨਿਗਾਹ ਤੋਂ ਬਹੁਤ ਸੁਧਾਰ ਕੀਤੇ ਗਏ। ਜਿੱਥੇ ਦੇਸ਼ ਅੰਦਰ ਖੇਤੀ ਪੈਦਾਵਾਰ ਹੇਠ ਘਟ ਰਿਹਾ ਰਕਬਾ, ਮੌਸਮ ਦੀ ਅਸਥਿਰਤਾ, ਬੇਵਕਤ ਮੌਨਸੂਨ ਆਦਿ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। ਪੰਜਾਬ ਵੀ ਅਜਿਹੇ ਪ੍ਰਭਾਵ ਤੋਂ ਮੁਕਤ ਨਹੀਂ। ਅਜਿਹੇ ਹਾਲਾਤਾਂ ਵਿਚ ਪੰਜਾਬ ਵਿਚ ਰਵਾਇਤੀ ਫ਼ਸਲਾਂ ਦੇ ਬਦਲ, ਸਿੰਚਾਈ ਦੇ ਬਦਲਵੇਂ ਪ੍ਰਬੰਧ ਬਾਇਓ ਟੈਕਨਾਲੋਜੀ ਅਤੇ ਬਾਇਓ ਇੰਜੀਨੀਅਰਿੰਗ ਨੂੰ ਅਪਣਾਉਣਾ ਪਵੇਗਾ। ਪੰਜਾਬ, ਦੇਸ਼ ਨੂੰ ਲੋੜ ਤੋਂ ਵੀ ਵੱਧ ਕਣਕ, ਝੋਨਾ ਆਦਿ ਖਾਦ ਪਦਾਰਥ ਦੇਣ ਵਾਲਿਆਂ ਦੇ ਇਕ ਪ੍ਰਤੀਬਿੰਬ ਵਜੋਂ ਉਭਰਿਆ ਹੈ। ਇਹ ਪ੍ਰਬਲ ਸੰਭਾਵਨਾ ਹੈ ਕਿ ਪੰਜਾਬ ਵਲੋਂ ਅਣਕਿਆਸੀਆਂ, ਦੁਸ਼ਵਾਰੀਆਂ ਅਤੇ ਮੁਸ਼ਕਿਲਾਂ ਦੇ ਬਾਵਜੂਦ, ਖੇਤੀ ਸੈਕਟਰ ਦੁਆਰਾ ਭਾਰਤੀ ਅਰਥਚਾਰੇ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਨਿਰੰਤਰ ਜਾਰੀ ਰਹੇਗਾ।



# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ

**ਗੱਜਣਵਾਲਾ ਸੁਖਮਿੰਦਰ**

ਮੈਕਾਲਿਫ ਅਤੇ ਹੋਰ ਵਿਦਵਾਨ ਲਿਖਦੇ ਹਨ ਕਿ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੂੰ ਜਦ ਪਤਾ ਲੱਗ ਗਿਆ ਕਿ ਬਹਾਦੁਰ ਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਇਮਦਾਦ ਨਾਲ ਬਾਦਸ਼ਾਹੀ ਹਾਸਲ ਹੋ ਗਈ ਹੈ ਅਤੇ ਗੁਰੂ ਸਾਹਿਬ ਨਾਲ ਉਸ ਦੀ ਬਹੁਤ ਨੇੜਤਾ ਹੋ ਚੁੱਕੀ ਹੈ ਤਾਂ ਉਹ ਬਹੁਤ ਡਰ ਗਿਆ। ਉਸ ਨੂੰ ਜਾਪਿਆ, ਉਸ ਦੁਆਰਾ ਮਾਸੂਮ ਬੱਚਿਆਂ ਤੇ ਢਾਹੇ ਜ਼ੁਲਮ ਕਰਕੇ ਉਸ ਨੂੰ ਸਖਤ ਸਜ਼ਾ ਮਿਲਣੀ ਲਾਜ਼ਮੀ ਹੋ ਗਈ ਹੈ। ਤਦ ਉਸ ਨੇ ਦੋ ਸਰਕਾਰੀ ਅਹਿਲਕਾਰ ਪਠਾਣਾਂ ਨੂੰ ਗੁਰੂ ਸਾਹਿਬ ਦੇ ਪਿੱਛੇ ਲਾ ਦਿੱਤਾ। ਦਸਵੇਂ ਪਾਤਸ਼ਾਹ ਉਸ ਵੇਲੇ ਨਾਂਦੇੜ ਸਾਹਿਬ ਬਿਰਾਜਮਾਨ ਸਨ। ਇਕ ਸ਼ਾਮ ਰਹਿਰਾਸ ਦੇ ਪਾਠ ਤੋਂ ਬਾਅਦ ਗੁਰੂ ਸਾਹਿਬ ਆਪਣੇ ਸ਼ਾਮਿਆਨੇ ਵਿਚ ਸਨ। 'ਸ੍ਰੀ ਗੁਰੁ ਸ਼ੋਭਾ' ਦਾ ਕਰਤਾ ਲਿਖਦਾ ਹੈ- 'ਗਹੀ ਦੁਸ਼ਟਿ ਜਮਧਾਰ ਉਰ ਵਾਰ ਕੀਨਾ'। ਦੁਸ਼ਟ ਪਠਾਣ ਜਮਸ਼ੇਦ ਖਾਨ ਨੇ ਮੌਕਾ ਤਾੜ ਕੇ ਕਟਾਰ ਨਾਲ ਗੁਰੂ ਸਾਹਿਬ ਦੇ ਪੇਟ ਪਰ ਸਖਤ ਵਾਰ ਕਰ ਦਿੱਤਾ। ਦੂਜਾ ਵਾਰ ਉਹ ਕਰਨ ਲੱਗਾ ਸੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਥਾਏਂ ਢੇਰ ਕਰ ਦਿੱਤਾ। ਗੁਰੂ ਸਾਹਿਬ ਦੇ ਜ਼ਖਮ ਬਹੁਤ ਗਹਿਰਾ ਸੀ, ਪਲੰਘ ਲਹੂ-ਲੁਹਾਣ ਹੋ ਗਿਆ ਸੀ। ਹਕੀਮ ਬੁਲਾਇਆ ਗਿਆ, ਉਸ ਨੇ ਮਰਮ ਪੱਟੀ ਕੀਤੀ ਤੇ ਘਾਵ ਸਿਉਂ (ਸੀਅ) ਦਿੱਤਾ। ਮੈਕਾਲਿਫ ਲਿਖਦਾ ਹੈ, ਬਹਾਦੁਰ ਸ਼ਾਹ ਕੋਲ ਇਸ ਮੰਦੀ ਘਟਨਾ ਦੀ ਇਤਲਾਹ ਪਹੁੰਚੀ ਤਾਂ ਉਸ ਨੇ ਸ਼ਾਹੀ ਹਕੀਮ ਤੇ ਅੰਗਰੇਜ਼ ਸਰਜਨ (ਕਾਲ ਉਸੀਹ) ਨੂੰ ਇਲਾਜ ਲਈ ਭੇਜਿਆ। ਗੁਰ ਬਿਲਾਸ ਪਾਤਸ਼ਾਹੀ ਦਸਵੀਂ ਦਾ ਲਿਖਾਰੀ ਵੀ ਪੁਸ਼ਟੀ ਕਰਦਾ ਲਿਖਦਾ ਹੈ- ਕਾਲ ਉਸੀਹ ਦਾਨਇ ਫਿਰੰਗ ਕੋ, ਸਾਹੀ ਹਕੀਮਨ ਕੋ ਫਰਮਾਯੋ। ਖਿਜਮਤ ਜਾਇ ਕਰੋ ਗੁਰ ਕੀ।

ਕੁਝ ਦਿਨਾਂ ਵਿਚ ਜ਼ਖ਼ਮ ਭਰ ਗਿਆ ਤੇ ਅੰਗੂਰ ਆ ਗਿਆ ਸੀ। ਫਿਰ ਇਕ ਦਿਨ ਗੁਰੂ ਸਾਹਿਬ ਨੇ ਭਾਰੀ ਕਮਾਨ ਤੇ ਚਿੱਲਾ ਚੜਾਇਆ ਤਾਂ ਪਾਤਸ਼ਾਹ ਦੇ ਸਿਉਂਤੇ ਹੋਏ ਅੱਲੇ ਜ਼ਖ਼ਮ ਫਿਰ ਖੁੱਲ ਗਏ। ਤਦ ਗੁਰੂ ਸਾਹਿਬ ਫਰਮਾਇਆ- ਹੁਣ ਸਭ ਉਪਾਅ ਵਿਅਰਥ ਹਨ। ਜਾਣੋ ਸਾਡਾ ਇਸ ਮਾਤਲੋਕ ਤੋਂ ਚਲੇ ਜਾਣ ਦਾ ਸਮਾਂ ਆਣ ਪਹੁੰਚਾ ਹੈ। ਉਸ ਵੇਲੇ ਭਾਈ ਦਇਆ ਸਿੰਘ ਤੇ ਹੋਰ ਸਿੰਘ ਉਨਾਂ ਦੇ ਪਾਸ ਖਲੋਤੇ ਸਨ। ਉਦਾਸ ਮੰਜ਼ਰ ਵੇਖ ਕੇ ਸਾਰੇ ਵੈਰਾਗ ਵਿਚ ਆ ਗਏ। ਸਿੱਖ ਕਹਿਣ ਲੱਗੇ- ਮਹਾਰਾਜ ਇਹ ਕੀ ਭਾਣਾ ਵਰਤਾਇਆ ਹੈ। ਗੁਰੂ ਜੀ ਕਿਹਾ- ਭਾਈ ਸਿੱਖੋ! ਇਹ ਸਭ ਕੁਝ ਉਸ ਮਹਾਂਕਾਲ ਜੀ ਕੀ ਰਜਾਇ ਵਿਚ ਹੋ ਰਹਾ ਹੈ। ਭਾਣਾ ਅਮਿੱਟ ਹੈ। ਫਿਰ ਇਕ ਸਮੇਂ ਗੁਰੂ ਸਾਹਿਬ ਨੇ ਖਾਲਸ ਵੱਲ ਵੇਖਿਆ ਤੇ ਕਿਹਾ- ਸਾਡਾ ਅੰਤ ਸਮਾਂ ਆ ਗਿਆ ਹੈ, ਹੁਣ ਅਸਾਂ ਉਸ ਨਿਰੰਕਾਰ ਦੀ ਦਰਗਾਹ ਵਿਚ ਚਲੇ ਜਾਣਾ ਹੈ। ਸਿੱਖ ਬੇਵਸ ਹੋਏ ਕਹਿਣ ਲੱਗੇ- ਗੁਰੂ ਮਹਾਰਾਜ ਜੀ ਸਾਨੂੰ ਦੱਸੋ, ਸਾਨੂੰ ਕਿਸ ਦੇ ਸਹਾਰੇ ਛੱਡ ਚੱਲੇ ਹੋ ? ਆਪ ਜੀ ਤੋਂ ਪਿਛੋਂ ਗੱਦੀ-ਨਸ਼ੀਨ ਕੌਣ ਹੋਵੇਗਾ ? 'ਬੰਸਾਵਲੀਨਾਮਾ' ਦਾ ਕਰਤਾ ਕੇਸਰ ਸਿੰਘ ਛਿੱਬਰ ਲਿਖਦਾ ਹੈ : ਜਦ ਗੁਰੂ ਸਾਹਿਬ ਜਾਣ ਲੱਗੇ ਤਾਂ ਸਿੰਘਾਂ ਨੇ ਪੁੱਛਿਆ :-

**ਗਰੀਬ ਨਿਵਾਜ ! ਸਿੱਖ-ਸੰਗਤਿ ਹੈ ਤੇਰੀ,**
**ਇਸ ਦਾ ਕੀ ਹਵਾਲ।**



**ਗੁਰੂ ਸਾਹਿਬ ਬਚਨ ਕੀਤਾ- ਗ੍ਰੰਥ ਹੈ ਗੁਰੂ,**
**ਲੜ ਪਕੜੋ ਅਕਾਲ।**

ਗੁਰੂ ਸਾਹਿਬ ਫਰਮਾਇਆ :- ਇਹ ਪੰਥ ਅਸੀਂ ਅਕਾਲ ਪੁਰਖ ਜੀ ਦੀ ਆਗਿਆ ਪਾ ਕੇ ਸਾਜਿਆ ਹੈ। ਉਹ ਹਰ ਥਾਏਂ ਹਰ ਮੁਸ਼ਕਿਲ ਵਿਚ ਸਹਾਈ ਹੋਵੇਗਾ। ਅਸਾਂ ਤੁਹਾਨੂੰ ਸਿੱਧਾ ਉਸ ਦੇ ਲੜ ਲਾਇਆ ਹੈ : ਉਹ ਆਪੇ ਲੜ ਲੱਗਿਆਂ ਦੀ ਲਾਜ ਪਾਲੇਗਾ।

ਗੁਰੂ ਸਾਹਿਬ ਨੇ ਇਸ਼ਨਾਨ ਕੀਤਾ : ਪੁਸ਼ਾਕਾ ਬਦਲਿਆ। ਗੁਰੂ ਕੀਆ ਸਾਖੀਆਂ ਦਾ ਕਰਤਾ ਲਿਖਦਾ ਹੈ- ਤਦ ਗੁਰੂ ਸਾਹਿਬ ਨੇ ਕੋਲ ਖਲੋਤੇ ਭਾਈ ਦਇਆ ਸਿੰਘ ਨੂੰ ਕਿਹਾ- ਭਾਈ ਸਿੱਖਾ! ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਈਏ। ਅਸਾਂ ਇਸੇ ਗੁਰਤਾ ਬਖਸ਼ਣੀ ਹੈ। ਗੁਰੂ ਸਾਹਿਬ ਦਾ ਬਚਨ ਪਾ ਕੇ ਭਾਈ ਦਇਆ ਸਿੰਘ ਪਾਵਨ ਬੀੜ ਲੈ ਆਇਆ ਅਤੇ ਪ੍ਰਕਾਸ਼ ਕਰ ਦਿੱਤਾ। ਪੰਚਾਂਮ੍ਰਿਤ ਤਿਆਰ ਕਰ ਕੇ ਇਕ ਸਿੱਖ ਨੇ ਚੌਕੀ ਪਰ ਰੱਖ ਦਿੱਤਾ। ਅਰਦਾਸ ਹੋਣ ਉਪਰੰਤ ਗੁਰੂ ਸਾਹਿਬ ਗੁਰਤਾ ਦੇਨੇ ਲੱਗੇ ਤਾਂ ਉਹਨਾਂ ਨੇ ਪਾਂਚ ਪੈਸੇ ਏਕ ਨਰੀਏਰ ਹਾਥ ਵਿਚ ਲੈ ਕੇ ਚਾਰਪਾਈ ਪਰ ਬਿਰਾਜਮਾਨ ਹੋਇਆਂ ਭਾਈ ਦਇਆ ਸਿੰਘ ਨੂੰ ਕਿਹਾ- ਇਨੇ ਸ੍ਰੀ ਗ੍ਰੰਥ ਸਾਹਿਬ ਜੀ ਕੇ ਆਗੇ ਟਿਕਾਇ ਦਿਉ। ਪੰਥ ਪ੍ਰਕਾਸ਼ ਦੇ ਰਚੈਤਾ ਗਿਆਨੀ ਗਿਆਨ ਸਿੰਘ ਲਿਖਦੇ ਹਨ- ਤਦ ਗੁਰੂ ਸਾਹਿਬ ਨੇ ਆਪਣੇ ਮੁਖਾਰਬਿੰਦ ਤੋਂ ਬਚਨ ਫਰਮਾਇਆ :-

**ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥**
**ਗੁਰੂ ਗ੍ਰੰਥ ਕੋ ਮਾਨਿਓ ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭੁ ਕੋ ਮਿਲਬੋ ਚਹਹਿ ਖੋਜ ਸ਼ਬਦ ਮੈਂ ਲੇਹ॥੨॥**

ਭੱਟ ਵੰਸ਼ਾਵਲੀ ਦੇ ਸਜਰੇ ਅਨੁਸਾਰ ਭੱਟ ਕੀਰਤ ਜੀ ਜਿਨਾਂ ਦੇ ਸਵੱਈਏ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ, ਉਨਾਂ ਦਾ ਇਕ ਪੜਪੋਤਰਾ ਹੋਇਆ ਭੱਟ ਨਰਬਦ। ਸ੍ਰੀ ਅਨੰਦਪੁਰ ਗੁਰੂ ਸਾਹਿਬ ਗੋਬਿੰਦ ਸਿੰਘ ਜੀ ਪਾਸੋਂ ਖੰਡੇ ਬਾਟੇ ਦੀ ਪਾਹੁਲ ਲੈ ਕੇ ਉਹ ਭਾਈ ਨਰਬਦ ਸਿੰਘ ਬਣ ਗਏ। ਗੁਰੂ ਸਾਹਿਬ ਜਦ ਚਮਕੌਰ ਸਾਹਿਬ ਦੀ ਜੰਗ ਪਿਛੋਂ ਤਲਵੰਡੀ ਸਾਬੋ ਆਏ ਤਾਂ ਭਾਈ ਨਰਬਦ ਸਿੰਘ ਜਨਵਰੀ 1706 ਈ. ਨੂੰ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਉਥੇ ਆਇਆ। ਗੁਰੂ ਸਾਹਿਬ ਤਲਵੰਡੀ-ਸਾਬੋ ਤਕਰੀਬਨ ਨੌਂ ਮਹੀਨੇ ਰਹੇ ਅਤੇ ਅਕਤੂਬਰ 1706 ਈ. ਨੂੰ ਦੱਖਣ ਵੱਲ ਚੱਲ ਪਏ। ਉਸ ਵਕਤ ਭਾਈ ਨਰਬਦ ਸਿੰਘ ਵੀ ਉਨਾਂ ਨਾਲ ਦੱਖਣ ਵੱਲ ਚਲਾ ਗਿਆ। ਉਸ ਦੀ ਲਿਖਤ ਭੱਟ ਵਹੀ ਤਲਾਉਂਡਾ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਬਖਸ਼ਣ ਵਕਤ ਭਾਈ ਨਰਬਦ ਸਿੰਘ ਉਥੇ ਹਜ਼ੂਰ ਸਾਹਿਬ ਨੰਦੇੜ ਮੌਜੂਦ ਸੀ।

ਭੱਟ ਵਹੀ ਤਲਾਉਂਡਾ ਪਰਗਨਾ ਜੀਂਦ ਵਿਚ ਲਿਖਿਆ ਮਿਲਦਾ ਹੈ- 'ਗੁਰੂ ਗੋਬਿੰਦ ਸਿੰਘ ਮਹਲ ਦਸਮਾਂ, ਬੇਟਾ ਗੁਰੂ ਤੇਗ ਬਹਾਦੁਰ ਜੀ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਜੀ ਕਾ, ਬੰਸ ਗੁਰੂ ਰਾਮਦਾਸ ਜੀ ਕੀ ਸੂਰਜ ਬੰਸੀ ਗੋਸਲ ਗੋਤਰਾ ਸੋਢੀ ਖਤਰੀ ਬਾਸੀ ਅਨੰਦਪੁਰ ਪ੍ਰਗਨਾ ਕਹਿਲੂਰ, ਮੁਕਾਮ ਨਦੇੜ, ਤਟ ਗੋਦਾਵਰੀ, ਦੇਸ ਦੱਖਨ, ਸੰਮਤ ਸਤਰਾਂ ਸੈ ਪੈਂਸਠ, ਕਾਰਤਕ ਮਾਸ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁੰ, ਭਾਈ ਦੈਯਾ ਸਿੰਘ ਸੇ ਬਚਨ ਹੂਆ, ਸ੍ਰੀ ਗ੍ਰੰਥ ਸਾਹਿਬ ਲੇ ਆਓ। ਬਚਨ ਪਾਇ ਦੈਯਾ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਪਾਂਚ ਪੈਸੇ ਏਕ ਨਰੀਏਰ ਆਗੇ ਬੇਟਾ ਰਖ ਮਾਥਾ ਟੇਕਾ। ਸਰਬੱਤ ਸੰਗਤ ਸੇ ਕਹਾ- ਮੇਰਾ ਹੁਕਮ ਹੇ, ਮੇਰੀ ਜਗਾ, ਸ੍ਰੀ ਗ੍ਰੰਥ ਜੀ ਕੋ ਜਾਨਨਾ। ਜੋ ਸਿੱਖ ਜਾਨੇਗਾ, ਤਿਸ ਕੀ ਘਾਲ ਥਾਇ ਪਏਗੀ, ਗੁਰੂ ਤਿਸ ਕੀ ਬਹੁੜੀ ਕਰੇਗਾ, ਸਤਿ ਕਰ ਮਾਨਨਾ।'

ਮਹਿਮਾ ਪ੍ਰਕਾਸ਼ ਵਿਚ ਸਰੂਪ ਦਾਸ ਭੱਲਾ ਇਸ ਬਾਰੇ ਲਿਖਦੇ ਹਨ : ਸਿੱਖਾਂ ਨੇ ਪੂਛਾ ਜੋ ਅਬ ਦਰਸ਼ਨ ਕਹਾਂ ਕਰਹਿਗੇ। ਸਤਿਗੁਰ ਦੀਨ ਦਿਆਲ ਬਚਨ ਕੀਆ- ਜੋ ਦਸ ਸਰੂਪ ਹਮਾਰੇ ਪੂਰਨ ਭਏ ਹੈਂ। ਅਬ ਮੇਰੀ ਜਾਹਗਾ (ਜਗਾ) ਗੁਰੂ ਗ੍ਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ; ਆਦਿ ਗ੍ਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਬਾਤਾਂ ਹੋਏਂਗੀ।'

ਅੱਧੀ ਰਾਤ ਤੋਂ ਕੁਝ ਸਮੇਂ ਉਪਰੰਤ ਗੁਰੂ ਸਾਹਿਬ ਨੇ ਸੰਗਤ ਨੂੰ ਬੁਲਾਇਆ ਸੀ ਤੇ ਅੰਤ ਵਾਰ (ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ) ਬੁਲਾ ਕੇ ਜੋਤੀ ਜੋਤ ਸਮਾ ਗਏ।

ਕਵਿ ਸੈਨਾਪਤੀ ਜੀ 'ਸ੍ਰੀ ਗੁਰ ਸ਼ੋਭਾ' ਵਿਚ ਗੁਰੂ ਸਾਹਿਬ ਜੀ ਦੇ ਅੰਤਮ ਸਮੇਂ ਦੇ ਜ਼ਿਕਰ ਬਾਰੇ ਲਿਖਦੇ ਹਨ :-

**ਟੇਰਿ (ਆਵਾਜ਼) ਕਰੀ ਤਾਹਿ ਸਮੈ, ਜਾਗੇ ਸਿੰਘ ਅਪਾਰੁ॥**
**ਵਾਹਗੁਰੂ ਜੀ ਕੀ ਫਤੇ, ਕਹੀ ਅੰਤ ਬਾਰੁ॥੩੪॥**

ਇਸ ਤਰਾਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਦਸਾਂ ਪਾਤਸ਼ਾਹੀਆਂ ਦੀ ਜੋਤਿ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰਗੱਦੀ ਬਖਸ਼ ਕੇ ਸੰਮਤ 1765 ਕੱਤਕ ਸੁਦੀ ਪੰਚਮੀ ਨੂੰ ਨਿਰੰਕਾਰ ਦੀ ਜੋਤਿ ਵਿਚ ਜਾ ਲੀਨ ਹੋਏ।

# ਗੁਰਦੁਆਰਾ ਗੁਰੂ ਕਾ ਬਾਗ਼ ਮੋਰਚਾ ਤੇ ਸਰ ਗੰਗਾ ਰਾਮ

**ਡਾਕਟਰ ਪਰਮਵੀਰ ਸਿੰਘ**

ਸਰ ਗੰਗਾ ਰਾਮ ਦਾ ਜਨਮ 1851 ਈ: ਵਿਚ ਮੌਜੂਦਾ ਪਾਕਿਸਤਾਨ ਦੇ ਨਨਕਾਣਾ ਸਾਹਿਬ ਜ਼ਿਲੇ ਵਿਚ ਪੈਂਦੇ ਇਕ ਪਿੰਡ ਮਾਂਗਟਵਾਲਾ ਵਿਖੇ ਹੋਇਆ ਜਿਹੜਾ ਕਿ ਹੁਣ ਇਕ ਨਗਰ ਦਾ ਰੂਪ ਧਾਰਨ ਕਰ ਗਿਆ ਹੈ। ਮੁਗ਼ਲਾਂ ਦੇ ਸਮੇਂ ਇਹ ਪਿੰਡ ਦਿੱਲੀ ਜਾਣ ਵਾਲੇ ਸ਼ਾਹ ਮਾਰਗ 'ਤੇ ਸਥਿਤ ਸੀ ਜਿਸ ਕਰ ਕੇ ਇੱਥੇ ਮਿੱਟੀ ਦੀ ਇਕ ਪੁਰਾਣੀ ਗੜੀ ਬਣੀ ਹੋਈ ਸੀ, ਜਿਸ ਨੂੰ ਅੰਗਰੇਜ਼ ਸਰਕਾਰ ਨੇ ਪੁਲਿਸ ਸਟੇਸ਼ਨ ਵਿਚ ਤਬਦੀਲ ਕਰ ਦਿੱਤਾ ਸੀ। ਇੱਥੇ ਹੀ ਇਨਾਂ ਦੇ ਪਿਤਾ ਸ੍ਰੀ ਦੌਲਤ ਰਾਮ ਜੂਨੀਅਰ ਸਬ-ਇੰਸਪੈਕਟਰ ਵਜੋਂ ਬਦਲੀ ਹੋ ਕੇ ਆਏ ਸਨ। ਭਾਵੇਂ ਕਿ ਪੁਲਿਸ ਸਟੇਸ਼ਨ ਵਿਖੇ ਹੀ ਇਨਾਂ ਦੀ ਰਿਹਾਇਸ਼ ਦਾ ਪ੍ਰਬੰਧ ਸੀ ਪਰ ਦੌਲਤ ਰਾਮ ਨੇ ਨੇੜੇ ਹੀ ਇਕ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਕਰ ਲਿਆ ਸੀ, ਜਿਸ ਦੀ ਸੇਵਾ-ਸੰਭਾਲ ਇਕ ਸਿੱਖ ਸਾਧੂ ਭਾਈ ਬਿਸ਼ਨ ਸਿੰਘ ਕਰਦੇ ਸਨ। ਦੌਲਤ ਰਾਮ ਅਤੇ ਇਨਾਂ ਦੀ ਪਤਨੀ ਗੁਰੂ ਘਰ ਦੀ ਸੇਵਾ ਕਰਨ ਲੱਗੇ ਸਨ, ਜਿੱਥੇ ਰਿਹਾਇਸ਼ ਦੌਰਾਨ ਵਿਸਾਖੀ ਵਾਲੇ ਦਿਨ ਗੰਗਾ ਰਾਮ ਦਾ ਜਨਮ ਹੋਇਆ ਸੀ।

ਸਰ ਗੰਗਾ ਰਾਮ ਨੇ ਮੁੱਢਲੀ ਪੜਾਈ ਅੰਮ੍ਰਿਤਸਰ ਵਿਖੇ ਹੀ ਸੰਪੂਰਨ ਕੀਤੀ ਅਤੇ ਫਿਰ ਗੌਰਮਿੰਟ ਕਾਲਜ, ਲਾਹੌਰ ਵਿਖੇ ਦਾਖ਼ਲਾ ਲੈ ਲਿਆ ਸੀ। 1871 ਵਿਚ ਇੰਜੀਨੀਅਰਿੰਗ ਦੀ ਪੜਾਈ ਕਰਨ ਲਈ ਇਹ ਥਾਮਸਨ ਇੰਜੀਨੀਅਰਿੰਗ ਕਾਲਜ, ਰੁੜਕੀ ਚਲੇ ਗਏ ਸਨ। 1873 ਵਿਚ ਆਰਕੀਟੈਕਟ ਵਿਸ਼ੇ ਵਿਚ ਡਿਗਰੀ ਪਾਸ ਕਰਕੇ ਇਹ ਦਿੱਲੀ ਵਿਖੇ ਨੌਕਰੀ ਕਰਨ ਲੱਗੇ, ਜਿੱਥੇ ਲਾਰਡ ਰਿਪਨ ਇਨਾਂ ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਅਗਲੇਰੀ ਸਿਖਲਾਈ ਲਈ ਇਨਾਂ ਨੂੰ ਇੰਗਲੈਂਡ ਭੇਜਣ ਲਈ ਨਾਮਜ਼ਦ ਕਰ ਦਿੱਤਾ ਸੀ। ਬਰੈਡਫੋਰਡ ਵਿਖੇ ਦੋ ਸਾਲ ਸਿਖਲਾਈ ਪ੍ਰਾਪਤ ਕਰਨ ਉਪਰੰਤ ਇਹ ਵਾਪਸ ਭਾਰਤ ਪਰਤ ਆਏ ਤਾਂ ਇਨਾਂ ਨੂੰ ਲਾਹੌਰ ਭੇਜ ਦਿੱਤਾ ਗਿਆ ਜਿੱਥੇ ਇਨਾਂ ਨੇ ਐਚੀਸਨ ਚੀਫ਼ਸ ਕਾਲਜ, ਲਾਹੌਰ ਦਾ ਨਕਸ਼ਾ ਅਤੇ ਇਮਾਰਤ ਦੀ ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਨਾਂ ਨੇ ਲਗਭਗ 27 ਸਾਲ ਸਰਕਾਰ ਦੀ ਨੌਕਰੀ ਕੀਤੀ ਅਤੇ ਕਈ ਮਹੱਤਵਪੂਰਨ ਇਮਾਰਤਾਂ ਅਤੇ ਸੜਕਾਂ ਬਣਾਉਣ ਦਾ ਕਾਰਜ ਕੀਤਾ ਸੀ। 1903 ਵਿਚ ਸੇਵਾਮੁਕਤ ਹੋਣ ਸਮੇਂ ਇਨਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੇ ਇਨਾਂ ਨੂੰ ਚਿਨਾਬ ਕਾਲੌਨੀ ਵਿਖੇ 20 ਮੁਰੱਬੇ ਜ਼ਮੀਨ ਅਲਾਟ ਕਰ ਦਿੱਤੀ ਸੀ।

ਸੇਵਾਮੁਕਤੀ ਤੋਂ ਬਾਅਦ ਇਨਾਂ ਨੂੰ ਪਟਿਆਲਾ ਰਿਆਸਤ ਦੀ ਸੇਵਾ ਵਿਚ ਲੈ ਲਿਆ ਗਿਆ, ਜਿੱਥੇ ਇਨਾਂ ਨੇ ਸ਼ਾਨਦਾਰ ਮੋਤੀ ਬਾਗ ਪੈਲੇਸ ਸਮੇਤ ਅਨੇਕਾਂ ਇਮਾਰਤਾਂ ਦੀ ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ। ਸਰਕਾਰੀ ਨੌਕਰੀ, ਪਦਵੀਆਂ ਅਤੇ ਸਨਮਾਨ ਪ੍ਰਾਪਤ ਕਰਨ ਵਾਲੇ ਸਰ ਗੰਗਾ ਰਾਮ ਬਹੁਤ ਹੀ ਪਰਉਪਕਾਰੀ ਸ਼ਖ਼ਸੀਅਤ ਦੇ ਮਾਲਕ ਸਨ ਅਤੇ ਦੇਸ਼ ਵਿਚ ਇਨਾਂ ਨੇ ਇਕ ਦਾਨੀ ਵਜੋਂ ਆਪਣੀ ਪਛਾਣ ਸਥਾਪਿਤ ਕਰ ਲਈ ਸੀ।

ਸਰ ਗੰਗਾ ਰਾਮ ਦੀ ਗੁਰੂ ਘਰ ਪ੍ਰਤੀ ਵੀ ਅਥਾਹ ਸ਼ਰਧਾ ਸੀ ਅਤੇ ਇਹ ਜਿੱਥੇ ਵੀ ਨੌਕਰੀ ਕਰਦੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਜ਼ਰੂਰ ਆਉਂਦੇ ਸਨ। ਬਚਪਨ ਵਿਚ ਉਹ ਆਪਣੇ ਪਿਤਾ ਨਾਲ ਸ੍ਰੀ ਹਰਿਮੰਦਰ ਸਾਹਿਬ ਜਾਇਆ ਕਰਦੇ ਸਨ ਅਤੇ ਫਿਰ ਜਦੋਂ ਨੌਕਰੀ ਕਰਨ ਲਈ ਦਿੱਲੀ, ਲਾਹੌਰ ਜਾਂ ਕਿਸੇ ਹੋਰ ਨਗਰ ਵਿਖੇ ਰਹੇ ਤਾਂ ਆਪਣੇ ਮਾਤਾ-ਪਿਤਾ ਨੂੰ ਮਿਲਣ ਲਈ ਅੰਮ੍ਰਿਤਸਰ ਆਉਂਦੇ ਸਨ। ਇੱਥੇ ਪੁੱਜਦੇ ਹੀ ਇਨਾਂ ਦੀ ਪਹਿਲੀ ਇੱਛਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਦੀ ਹੁੰਦੀ ਸੀ। ਇਸ ਦੌਰਾਨ ਹੀ ਜਦੋਂ ਗੁਰਦੁਆਰਾ ਗੁਰੂ ਕਾ ਬਾਗ਼ ਦਾ ਮੋਰਚਾ ਆਰੰਭ ਹੋਇਆ ਤਾਂ ਇਹ ਵੀ ਅਕਾਲੀਆਂ 'ਤੇ ਹੋ ਰਹੇ ਸਰਕਾਰੀ ਤਸ਼ੱਦਦ ਨੂੰ ਦੇਖ ਕੇ ਬਹੁਤ ਦੁਖੀ ਹੁੰਦੇ ਸਨ। ਇਹ ਚਾਹੁੰਦੇ ਸਨ ਕਿ ਕੋਈ ਅਜਿਹਾ ਰਾਹ ਲੱਭਿਆ ਜਾਵੇ, ਜਿਸ ਨਾਲ ਸਰਕਾਰ ਅਤੇ ਅਕਾਲੀਆਂ ਵਿਚਕਾਰ ਚੱਲ ਰਿਹਾ ਟਕਰਾਉ ਖ਼ਤਮ ਹੋ ਸਕੇ। ਇਸ ਸੰਬੰਧ ਵਿਚ ਇਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਹਿਤਾਬ ਸਿੰਘ ਨਾਲ ਜੇਲ ਵਿਚ ਮੁਲਾਕਾਤ ਕੀਤੀ ਅਤੇ ਉਨਾਂ ਨੂੰ ਕੋਈ ਅਜਿਹਾ ਮਾਰਗ ਦੱਸਣ ਦੀ ਬੇਨਤੀ ਕੀਤੀ ਜਿਸ ਨਾਲ ਅਕਾਲੀਆਂ ਦਾ ਸਰਕਾਰ ਨਾਲ ਟਕਰਾਉ ਖ਼ਤਮ ਹੋ ਸਕੇ।

ਜਦੋਂ ਕੋਈ ਗੱਲ ਸਿਰੇ ਨਾ ਚੜੀ ਤਾਂ ਇਨਾਂ ਨੇ ਪੰਜਾਬ ਦੇ ਗਵਰਨਰ ਸਰ ਐਡਵਰਡ ਮੈਕਲਗਨ ਨੂੰ ਮਿਲ ਕੇ ਇਹ ਸੁਝਾਅ ਦਿੱਤਾ ਕਿ ਮਹੰਤ ਦੀ ਜ਼ਮੀਨ ਉਸ ਨੂੰ ਠੇਕੇ 'ਤੇ ਦੇ ਦਿੱਤੀ ਜਾਵੇ ਤਾਂ ਕਿ ਅਕਾਲੀ ਉਸ ਵਿਚੋਂ ਲੰਗਰ ਲਈ ਲੱਕੜਾਂ ਕੱਟ ਸਕਣ। ਇਸ ਨਾਲ ਸਰਕਾਰ ਅਤੇ ਅਕਾਲੀਆਂ ਵਿਚਕਾਰ ਪੈਦਾ ਹੋਇਆ ਟਕਰਾਉ ਖ਼ਤਮ ਹੋ ਸਕਦਾ ਹੈ।

ਸਰ ਗੰਗਾ ਰਾਮ ਦੇ ਇਸ ਸੁਝਾਅ ਦੀ ਪੁਸ਼ਟੀ ਸਰ ਜਾਹਨ ਮੇਨਾਰਡ ਦੁਆਰਾ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਦਿੱਤੇ ਇਸ ਬਿਆਨ ਤੋਂ ਹੋ ਜਾਂਦੀ ਹੈ: **'The initiative for the arrangement had come from Sir Ganga Ram himself and the Government encouraged it. (G.A. Sundram, Guru Ka Bagh Satyagraha (1923), p.xii)'**

ਇਹ ਇਕ ਅਜਿਹਾ ਸੁਝਾਅ ਸੀ, ਜਿਸ ਨੇ ਸਰਕਾਰ ਨੂੰ ਸਕੂਨ ਪ੍ਰਦਾਨ ਕਰਨ ਦੇ ਨਾਲ-ਨਾਲ ਸਰਕਾਰ ਨੂੰ ਇਸ ਮਸਲੇ ਵਿਚੋਂ ਬਾਹਰ ਨਿਕਲਣ ਦਾ ਸੌਖਾ ਰਾਹ ਪ੍ਰਦਾਨ ਕਰ ਦਿੱਤਾ ਸੀ। ਮੀਡੀਆ ਰਾਹੀਂ ਆਮ ਲੋਕਾਂ ਤੱਕ ਪਹੁੰਚ ਰਹੀਆਂ ਖ਼ਬਰਾਂ ਨੇ ਸਰਕਾਰ ਲਈ ਬਹੁਤ ਵੱਡਾ ਸੰਕਟ ਪੈਦਾ ਕਰ ਦਿੱਤਾ ਸੀ। ਇਸ ਟਕਰਾਉ ਨੂੰ ਖ਼ਤਮ ਕਰਨ ਲਈ ਸਰਕਾਰ ਰਾਹ ਲੱਭ ਰਹੀ ਸੀ ਅਤੇ ਜਦੋਂ ਸਰ ਗੰਗਾ ਰਾਮ ਦਾ ਸੁਝਾਅ ਸਾਹਮਣੇ ਆਇਆ ਤਾਂ ਸਰਕਾਰ ਨੇ ਉਸ ਨੂੰ ਤੁਰੰਤ ਹੀ ਪ੍ਰਵਾਨ ਕਰ ਲਿਆ ਸੀ।

10 ਜੁਲਾਈ, 1927 ਦੀ ਸਵੇਰ ਨੂੰ ਸਰ ਗੰਗਾ ਰਾਮ ਲੰਡਨ ਵਿਖੇ ਅਕਾਲ ਚਲਾਣਾ ਕਰ ਗਏ ਸਨ। ਗੁਰਦੁਆਰਾ ਗੁਰੂ ਕਾ ਬਾਗ਼ ਮੋਰਚੇ ਦੌਰਾਨ ਇਨਾਂ ਦੁਆਰਾ ਕੀਤੇ ਗਏ ਯਤਨ ਨਿਸ਼ਚਿਤ ਰੂਪ ਵਿਚ ਸ਼ਲਾਘਾਯੋਗ ਹਨ, ਜਿਨਾਂ ਵਿਚ ਕੋਈ ਨਿਜੀ ਸਵਾਰਥ ਸ਼ਾਮਿਲ ਨਹੀਂ ਸਨ ਅਤੇ ਇਹ ਗੁਰੂ ਘਰ ਦੀ ਕੀਤੀ ਸੇਵਾ ਤੋਂ ਪ੍ਰਾਪਤ ਹੋਈ ਬਖ਼ਸ਼ਿਸ਼ ਸਦਕਾ ਸਿਰੇ ਚੜੇ ਸਨ।

# ਬਾਬਾ ਨੰਦ ਸਿੰਘ ਜੀ ਨੂੰ ਯਾਦ ਕਰਦਿਆਂ



**ਸੁਰਜੀਤ ਸਿੰਘ ਫਲੋਰਾ**
ਮੋ. ੬੪੭-੮੨੯-੯੩੯੭

ਨਾਨਕਸਰ ਦੇ ਬਾਨੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੀ 79ਵੀਂ ਬਰਸੀ 29 ਅਗਸਤ ਨੂੰ ਆ ਰਹੀ ਹੈ ਅਤੇ ਦੁਨੀਆ ਭਰ ਦੇ ਨਾਨਕਸਰ ਗੁਰਦੁਆਰਿਆਂ ਵਿੱਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ।

ਬਚਪਨ ਦੇ ਦਿਨਾਂ ਤੋਂ ਹੀ, ਉਨ੍ਹਾਂ ਨੂੰ ਰੱਬ ਦੀ ਭਗਤੀ ਦੀ ਇੱਛਾ ਸੀ। ਉਨ੍ਹਾਂ ਦਾ ਸੁਭਾਅ ਇੱਕ ਸੰਨਿਆਸੀ, 'ਯੋਗੀ' ਵਰਗਾ ਸੀ ਪਰ ਉਨਾਂ ਦੇ ਚਿਹਰੇ 'ਤੇ ਇੱਕ ਰੂਹਾਨੀ ਚਮਕ ਸੀ। ਉਨਾਂ ਦੇ ਚਿਹਰੇ 'ਤੇ ਚਮਕ ਦੇਖ ਕੇ, ਕੋਈ ਵੀ ਅਨੁਮਾਨ ਕਰ ਸਕਦਾ ਸੀ ਕਿ ਉਹ ਇੱਕ ਮਹਾਨ ਆਤਮਾ ਹੈ ਜੋ ਪਰਮਾਤਮਾ ਦੁਆਰਾ ਇਸ ਸੰਸਾਰ ਵਿੱਚ ਪਰਮ ਸੱਚ ਦਾ ਸੰਦੇਸ਼ ਦੇਣ ਲਈ ਭੇਜੀ ਗਈ ਸੀ। ਪੰਜ ਸਾਲ ਦੀ ਉਮਰ ਵਿੱਚ, ਉਹ ਅਕਸਰ ਅੱਧੀ ਰਾਤ ਨੂੰ ਜਾਗ ਕੇ ਨਾਮ-ਸਿਮਰਨ ਜਪਣ ਲਈ ਬਾਹਰ ਚਲੇ ਜਾਂਦੇ ਸਨ। ਇਕ ਵਾਰ ਜਦੋਂ ਉਹਨਾਂ ਦੇ ਮਾਤਾ-ਪਿਤਾ ਉਨ੍ਹਾਂ ਨੂੰ ਆਪਣੇ ਬਿਸਤਰੇ 'ਤੇ ਨਾ ਦੇਖ ਕੇ ਚਿੰਤਤ ਹੋ ਗਏ ਅਤੇ ਉਨ੍ਹਾਂ ਨੂੰ ਲੱਭਣ ਲੱਗੇ। ਉਹ ਉਨ੍ਹਾਂ ਨੂੰ ਖੂਹ ਦੇ ਕਿਨਾਰੇ ਅੱਖਾਂ ਬੰਦ ਕਰਕੇ ਅਤੇ ਡੂੰਘੇ ਧਿਆਨ ਵਿੱਚ ਬੈਠੇ ਦੇਖ ਕੇ ਹੈਰਾਨ ਰਹਿ ਗਏ। ਇਸ ਤ੍ਰਾਂ ਅਚਨਚੇਤ ਭਗਤੀ ਵਿਚ ਲੀਨ ਸਨ ਕੇ ਕੋਈ ਵੀ ਮਾਮੂਲੀ ਜਿਹੀ ਹਿਲਜੁਲ ਨਾਲ ਉਹ ਖੂਹ ਵਿਚ ਡਿਗ ਸਕਦੇ ਸਨ। ਪਰ ਉਨਾਂ ਦੇ ਚਿਹਰੇ ਦੀ ਚਮਕ ਅਤੇ ਉਨਾਂ ਦਾ ਜਿਸ ਤਰਾਂ ਦੇ ਧਿਆਨ ਵਿਚ ਸੀ, ਉਸ ਨੂੰ ਦੇਖ ਕੇ ਮਾਪਿਆਂ ਦਾ ਡਰ ਦੂਰ ਹੋ ਗਿਆ। ਪੂਰੇ ਘਟਨਾਕ੍ਰਮ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦਾ ਬੱਚਾ ਇੱਕ ਮਹਾਨ ਆਤਮਾ ਸੀ ਜੋ ਇੱਕ ਦਿਨ ਇੱਕ ਮਹਾਨ ਸੰਤ ਬਣੇਗਾ ਅਤੇ ਜੋ ਸੰਸਾਰ ਨੂੰ ਅੰਤਮ ਸੱਚ ਦਾ ਰਸਤਾ ਦਿਖਾਏਗਾ।

ਨੇਕ ਰੂਹਾਂ ਨੂੰ ਵਿਸ਼ੇਸ਼ ਮਿਸ਼ਨਾਂ ਨੂੰ ਪ੍ਰਾਪਤ ਕਰਨ ਲਈ ਇਸ ਕਲਯੁਗੀ ਸੰਸਾਰ ਵਿੱਚ ਭੇਜਿਆ ਜਾਂਦਾ ਹੈ। ਉਨ੍ਹਾਂ ਨੂੰ ਸਮੱਸਿਆਵਾਂ ਅਤੇ ਮੁਸ਼ਕਲਾਂ ਨਾਲ ਨਜਿੱਠਣ ਲਈ ਕੁਦਰਤੀ ਸ਼ਕਤੀਆਂ ਸੌਂਪੀਆਂ ਜਾਂਦੀਆਂ ਹਨ। ਉਹ ਸਾਦੇ ਮਾਹੌਲ ਵਿੱਚ ਵੱਡੇ ਹੁੰਦੇ ਹਨ ਅਤੇ ਆਮ ਲੋਕਾਂ ਵਾਂਗ ਅਭਿਆਸ ਕਰਦੇ ਹਨ। ਹਾਲਾਂਕਿ, ਅਧਿਆਤਮਿਕ ਸ਼ਖਸੀਅਤਾਂ ਹੋਣ ਕਰਕੇ, ਉਹ ਪਦਾਰਥਵਾਦੀ ਇੱਛਾਵਾਂ ਦੇ ਘੇਰੇ ਤੋਂ ਬਾਹਰ ਹੁੰਦੀਆਂ ਹਨ ਅਤੇ ਇਸ ਤਰਾਂ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੁੰਦੇ ਹਨ। ਇਹ ਕੇਵਲ ਉਹਨਾਂ ਲੋਕਾਂ ਲਈ ਹੈ ਜਿਹਨਾਂ ਨੂੰ ਬਖਸ਼ਿਸ਼ ਹੋਈ ਹੁੰਦੀ ਹੈ ਅਤੇ ਸੱਚ ਦੀ ਖੋਜ ਵਿੱਚ ਉਨ੍ਹਾਂ ਨੂੰ ਮੰਨਣ ਜਾਂ ਸਮਝਣ ਦੀ ਸੂਝ ਹੈ। ਇਸ ਤਰਾਂ, 'ਬ੍ਰਹਮ' ਸ਼ਖਸੀਅਤ ਨੂੰ ਸਮਝਣ, ਵਰਣਨ ਕਰਨ ਜਾਂ ਵਿਆਖਿਆ ਕਰਨ ਲਈ ਛੇਵੀਂ ਇੰਦਰੀ ਦੇ ਅਨੁਭਵ ਦੀ ਲੋੜ ਹੁੰਦੀ ਹੈ। ਸੰਤ ਬਾਬਾ ਨੰਦ ਸਿੰਘ ਜੀ ਦਾ ਸਮੁੱਚਾ ਜੀਵਨ ਬਿਲਕੁਲ ਅਜਿਹਾ ਜੀਵਨ ਹੈ ਜਿਸ ਨੇ ਲੱਖਾਂ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਦੀਵੀ ਮਹਿਮਾ ਦੇ ਦਰਸ਼ਨਾਂ ਵਿੱਚ ਪੂਰਨ ਸ਼ਾਂਤੀ ਅਤੇ ਜੀਵਨ ਬਤੀਤ ਕਰਨ ਦਾ ਉਦੇਸ਼ ਪ੍ਰਦਾਨ ਕੀਤਾ।

ਬਾਬਾ ਨੰਦ ਸਿੰਘ ਜੀ ਦਾ ਜਨਮ 13 ਕੱਤਕ ਸੰਮਤ 1927 ਜਾਂ ਨਵੰਬਰ 1872 ਨੂੰ ਪੰਜਾਬ ਦੇ ਜਗਰਾਓਂ ਨੇੜੇ ਪਿੰਡ



**29 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼**

ਸ਼ੇਰਪੁਰਾ ਵਿਖੇ ਤੜਕੇ (ਤੜਕੇ 3 ਵਜੇ) ਹੋਇਆ। ਇਸਤਰੀ ਸੇਵਾਦਾਰਾਂ (ਡਾਇਸ) ਨੇ ਹਨੇਰੇ ਕਮਰੇ ਵਿੱਚ ਇੱਕ ਅਸਾਧਾਰਨ ਚਮਕ ਵੇਖੀ ਅਤੇ ਧੰਨ ਪਿਤਾ ਸ. ਜੈ ਸਿੰਘ ਜੀ ਨੂੰ ਵਧਾਈ ਦੇਣ ਲਈ ਬਾਹਰ ਆਈਆਂ। ਮਾਤਾ ਸਦਾ ਕੌਰ ਜੀ ਬਾਬਾ ਨੰਦ ਸਿੰਘ ਜੀ ਦੀ ਹੋਣਹਾਰ ਮਾਤਾ ਜੀ ਸਨ। ਉਸ ਵੇਲੇ ਕੋਈ ਨਹੀਂ ਜਾਣਦਾ ਸੀ ਕਿ ਇਹ ਚਮਕ ਉਸ ਪਵਿੱਤਰ ਬਾਲਕ ਦੇ ਜਨਮ ਦੀ ਹੈ ਜੋ ਹਨੇਰੇ ਵਿੱਚ ਡੁੱਬੇ ਹਜ਼ਾਰਾਂ ਲੋਕਾਂ ਦੇ ਜੀਵਨ ਨੂੰ ਉਨ੍ਹਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਜੀਵਤ ਬ੍ਰਹਮਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਫੈਲਾ ਕੇ ਬਦਲਣ ਜਾ ਰਿਹਾ ਸੀ। ਸੰਤ ਬਾਬਾ ਨੰਦ ਸਿੰਘ ਜੀ ਦੇ ਰੂਪ ਵਿਚ ਇਹ ਪਵਿੱਤਰ ਬਾਲਕ ਚਾਨਣ ਮੁਨਾਰਾ ਬਣ ਗਿਆ ਹੈ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਲੱਖਾਂ ਲੋਕ ਉਨ੍ਹਾਂ ਦੀ ਮਹਿਮਾ ਗਾ ਰਹੇ ਹਨ।

ਕੇਵਲ ਪੰਜ ਸਾਲ ਦੀ ਉਮਰ ਵਿੱਚ ਬਾਬਾ ਜੀ ਅੱਧੀ ਰਾਤ ਨੂੰ ਪਿੰਡ ਦੇ ਬਾਹਰ ਇੱਕ ਖੂਹ ਵਿੱਚ ਇਸ਼ਨਾਨ ਕਰਦੇ ਸਨ ਅਤੇ ਫਿਰ ਨੀਂਦ ਨੂੰ ਕਾਬੂ ਕਰਨ ਲਈ ਖੂਹ ਦੇ ਕਿਨਾਰੇ ਬੈਠ ਕੇ ਸਿਮਰਨ ਵਿੱਚ ਚਲੇ ਜਾਂਦੇ ਸਨ। ਆਪਣੀ ਪਹਿਲੀ ਉਮਰ ਵਿਚ ਬਾਬਾ ਜੀ ਤਰਖਾਣ ਦਾ ਕੰਮ ਕਰਦੇ ਰਹੇ ਅਤੇ ਜਿਸ ਵਿਅਕਤੀ ਦੇ ਘਰ ਉਹ ਕੰਮ ਕਰਦੇ ਸਨ, ਉਸ ਨੂੰ ਕਹਿੰਦੇ ਸਨ ਕਿ ਮੈਂ ਕੁਝ ਘੰਟੇ ਦੇਰੀ ਨਾਲ ਆਵਾਂਗਾ ਅਤੇ ਕੋਈ ਵੀ ਉਨ੍ਹਾਂ ਨੂੰ ਕੰਮ ਵਿਚ ਪ੍ਰੇਸ਼ਾਨ ਨਾ ਕਰੇ। ਹਾਲਾਂਕਿ, ਬਾਬਾ ਜੀ ਹਮੇਸ਼ਾ ਸੋਚ ਤੋਂ ਵੱਧ ਕੰਮ ਕਰਦੇ ਸਨ ਅਤੇ ਹਮੇਸ਼ਾ ਵਾਧੂ ਉਪਜ ਦਿੰਦੇ ਸਨ। ਕੰਮ ਵਿਚ ਵੀ ਉਹ ਹਮੇਸ਼ਾ ਧਿਆਨ ਵਿਚ ਰਹਿੰਦਾ ਸਨ।

ਬਾਬਾ ਨੰਦ ਸਿੰਘ ਜੀ 20 ਸਾਲ ਦੀ ਉਮਰ ਵਿੱਚ ਆਪਣਾ ਪਿੰਡ ਛੱਡ ਕੇ ਹਜ਼ੂਰ ਸਾਹਿਬ ਜਾਣ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਰੁੜਕੀ ਚਲੇ ਗਏ। ਬਾਬਾ ਜੀ ਨੇ ਅੰਗੀਠਾ ਸਾਹਿਬ ਦੇ ਇਸ਼ਨਾਨ ਲਈ ਸਵੇਰੇ ਤੜਕੇ ਪਵਿੱਤਰ ਗੋਦਾਵਰੀ ਨਦੀ ਤੋਂ ਹਜ਼ੂਰ ਸਾਹਿਬ ਵਿਖੇ ਜਲ ਲਿਆਉਣ ਦੀ ਨਿਰਸਵਾਰਥ ਸੇਵਾ ਕੀਤੀ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਅਤੇ ਗੁਰਬਾਣੀ ਦੀ ਪੂਰੀ ਜਾਣਕਾਰੀ ਅਤੇ ਸਮਝ ਪ੍ਰਾਪਤ ਕਰਨ ਲਈ ਗੁਰੂ ਸਾਹਿਬਾਨ ਦੇ ਇਲਾਹੀ ਉਪਦੇਸ਼ ਸੁਣੇ।

ਬਾਬਾ ਨੰਦ ਸਿੰਘ ਜੀ ਲਗਭਗ 1904 ਈ: ਵਿੱਚ ਹਜ਼ੂਰ ਸਾਹਿਬ ਛੱਡ ਕੇ ਪਿੰਡ ਲਹਿਰਾ ਗਾਗਾ ਦੇ ਸੰਤ ਵਧਾਵਾ ਸਿੰਘ ਜੀ ਕੋਲ ਚਲੇ ਗਏ, ਜੋ ਉਸ ਸਮੇਂ ਗੁਰਬਾਣੀ ਦੇ ਸੁਲਝੇ ਹੋਏ ਮਹਾਨ ਮਹਾਪੁਰਖ ਸਨ। ਸੰਤ ਵਧਾਵਾ ਸਿੰਘ ਬਾਬਾ ਜੀ ਦੀਆਂ ਅਲੌਕਿਕ ਸ਼ਕਤੀਆਂ ਨੂੰ ਦੇਖ ਕੇ ਹੈਰਾਨ ਰਹਿ ਗਏ। ਬਾਬਾ ਜੀ ਨੇ ਉਹ ਸਭ ਕੁਝ ਸਿੱਖ ਲਿਆ ਜੋ ਸੰਤਾਂ ਨੇ ਉਨ੍ਹਾਂ ਨੂੰ ਸਿਖਾਉਣਾ ਸੀ। ਸੰਤ ਵਧਾਵਾ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਨੂੰ ਭੁੱਚੋ ਦੇ ਸੰਤ ਬਾਬਾ ਹਰਨਾਮ ਸਿੰਘ ਜੀ ਕੋਲ ਲੈ ਜਾਣ ਦੀ ਸੂਝ ਪ੍ਰਾਪਤ ਕੀਤੀ, ਜੋ ਕਿ ਆਪ ਇੱਕ ਦਾਨੀ ਆਤਮਾ ਅਤੇ ਪੰਜਾਬ ਦੇ ਪ੍ਰਸਿੱਧ ਸੰਤ ਸਨ, ਨੂੰ ਹੋਰ ਸਿੱਖਿਆਵਾਂ ਲਈ। ਜਦੋਂ ਬਾਬਾ ਜੀ ਡੇਰੇ (ਇਕਾਂਤ ਨਿਵਾਸ ਸਥਾਨ) ਪਹੁੰਚੇ ਤਾਂ ਸੰਤ ਬਾਬਾ ਹਰਨਾਮ ਸਿੰਘ ਜੀ ਨੇ ਤੁਰੰਤ ਬਾਬਾ ਜੀ ਨੂੰ ਆਪਣੇ ਕਮਰੇ ਵਿੱਚ ਬੁਲਾਇਆ ਕਿਉਂਕਿ ਉਹ ਬਾਬਾ ਨੰਦ ਸਿੰਘ ਜੀ ਨੂੰ 'ਰਿਖੀ ਜੀ' ਕਹਿ ਕੇ ਉਨ੍ਹਾਂ ਦੀ ਉਡੀਕ ਕਰ ਰਹੇ ਸਨ।

ਬਾਬਾ ਹਰਨਾਮ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਨੂੰ ਇੱਕ ਲੱਖ ਪੰਜਾਹ ਹਜ਼ਾਰ ਵਾਰ ਮੂਲ ਮੰਤਰ ਦਾ ਸਿਮਰਨ ਕਰਨ ਦੀ ਹਦਾਇਤ ਕੀਤੀ। ਬਾਬਾ ਜੀ ਨੇ ਆਪਣਾ ਸੀਸ ਝੁਕਾ ਕੇ ਪੱਛਮੀ ਪੰਜਾਬ ਦੇ ਵੱਖ-ਵੱਖ ਸਥਾਨਾਂ ਦੇ ਦਰਸ਼ਨ ਕੀਤੇ ਅਤੇ ਲੰਮਾ ਸਮਾਂ ਸਿਮਰਨ ਵਿੱਚ ਲੀਨ ਰਹੇ। ਬਾਬਾ ਜੀ ਇਸ ਸਮੇਂ ਦੌਰਾਨ ਇਕਾਂਤ ਥਾਵਾਂ 'ਤੇ ਨਿਵਾਸ ਕਰਦੇ ਸਨ। ਕੁਝ ਸਾਲਾਂ ਬਾਅਦ, ਬਾਬਾ ਜੀ ਦੁਬਾਰਾ ਭੁੱਚੋ ਗਏ ਅਤੇ ਇਸ ਵਾਰ ਬਾਬਾ ਹਰਨਾਮ ਸਿੰਘ ਜੀ ਨੇ ਉਨ੍ਹਾਂ 'ਤੇ ਆਪਣੀ ਕਿਰਪਾ ਅਤੇ ਅਧਿਆਤਮਿਕ ਸ਼ਕਤੀਆਂ ਦੀ ਵਰਖਾ ਕੀਤੀ। ਸੰਤ ਬਾਬਾ ਹਰਨਾਮ ਸਿੰਘ ਜੀ ਨੇ ਬਾਬਾ ਜੀ ਨੂੰ ਹਦਾਇਤ ਕੀਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵਤ ਬ੍ਰਹਮਤਾ ਦਾ ਪ੍ਰਚਾਰ ਕਰਨ ਅਤੇ ਸਰਬ ਸਾਂਝੀਵਾਲਤਾ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਪ੍ਰਚਾਰ ਕਰਨ ਦਾ ਮਿਸ਼ਨ ਸ਼ੁਰੂ ਕਰਨ। ਇਸ ਤਰਾਂ ਬਾਬਾ ਜੀ ਨੇ ਨਾਨਕਸਰ ਦੀ ਸੰਸਥਾ ਸ਼ੁਰੂ ਕੀਤੀ ਅਤੇ ਆਪਣਾ ਸਾਰਾ ਜੀਵਨ ਪੂਰਨ ਪ੍ਰਾਪਤੀ ਵਿੱਚ ਬਤੀਤ ਕੀਤਾ। ਬਾਬਾ ਜੀ ਸਵੇਰੇ 2 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਸਨ। ਬਾਬਾ ਨੰਦ ਸਿੰਘ ਜੀ ਨਾ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਧਰ ਤੋਂ ਹੇਠਾਂ ਸਗੋਂ ਰਾਗੀਆਂ ਅਤੇ ਸੰਗਤਾਂ ਨੂੰ ਵੀ ਜ਼ਮੀਨ ਵਿੱਚ ਟੋਆ ਪੁੱਟ ਕੇ ਬੈਠਦੇ ਸਨ ਕਿਉਂਕਿ ਬਾਬਾ ਜੀ ਹਮੇਸ਼ਾ ਆਪਣੇ ਆਪ ਨੂੰ ਨਿਮਾਣਾ ਸੇਵਾਦਾਰ ਸਮਝਦੇ ਸਨ।

ਬਾਬਾ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇੰਨਾ ਸੰਤੋਖ ਅਤੇ ਵਿਸ਼ਵਾਸ ਸੀ ਕਿ ਉਨ੍ਹਾਂ ਨੇ ਕਦੇ ਕਿਸੇ ਤੋਂ ਪਾਣੀ ਦਾ ਗਿਲਾਸ ਵੀ ਨਹੀਂ ਮੰਗਿਆ। ਬਾਬਾ ਜੀ ਨੇ ਹਮੇਸ਼ਾ ਗੁਰੂ ਸਾਹਿਬ ਦੀ ਸੇਵਾ ਕੀਤੀ ਹੈ ਅਤੇ ਦੂਜਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਦੀ ਦੇਹ ਮਨ ਕੇ ਸੇਵਾ ਕਰਨ ਲਈ ਵਚਨ ਕੀਤੇ ਸਨ। ਉਨ੍ਹਾਂ ਨੇ ਆਪ ਇਹ ਸਭ ਖੁਦ ਕਰਕੇ ਦੂਜਿਆਂ ਲਈ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਦੇ ਅਸ਼ੀਰਵਾਦ ਸਦਕਾ ਹੀ ਹੋਰ ਬਹੁਤ ਸਾਰੀਆਂ ਸੰਸਥਾਵਾਂ ਨੇ ਵਿਸ਼ੇਸ਼ ਬਿਸਤਰਿਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖ ਆਸਣ ਕਰਨੇ ਸ਼ੁਰੂ ਕਰ ਦਿੱਤੇ। ਬਾਬਾ ਜੀ ਹਮੇਸ਼ਾ ਸੰਗਤ ਦੁਆਰਾ ਲਿਆਂਦੇ ਗਏ ਭੋਜਨ ਨੂੰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੇਟ ਕਰਦੇ ਸਨ ਕਿਉਂਕਿ ਬਾਬਾ ਜੀ ਨੇ ਸ੍ਰੀ ਗੁਰੂ ਸਾਹਿਬ ਨੂੰ ਪ੍ਰਗਟ ਗੁਰਾਂ ਦੀ ਦੇਹ ਮੰਨਿਆ ਸੀ।

ਫਿਰੋਜ਼ਪੁਰ ਛਾਉਣੀ ਵਿਖੇ ਸਥਿਤ ਗੁਰਦੁਆਰਾ 'ਸਾਰਾਗੜ੍ਹੀ' ਵਿਖੇ ਸਿੱਖ ਸੰਗਤਾਂ ਨੇ ਸੰਤ ਬਾਬਾ ਨੰਦ ਸਿੰਘ ਜੀ ਦਾ ਨਾਮ ਰੌਸ਼ਨ ਕੀਤਾ। ਇਹ ਸਭ ਦੇਖ ਕੇ ਉਹ ਇਕ ਦਿਨ ਚੁੱਪਚਾਪ ਉਹ ਥਾਂ ਛੱਡ ਕੇ ਜਗਰਾਉਂ ਸਬ ਡਵੀਜ਼ਨ ਵਿਚ ਪੈਂਦੇ ਆਪਣੇ ਪਿੰਡ ਸ਼ੇਰਪੁਰਾ ਆ ਗਏ। ਉਹ 'ਨੌਂ ਗਜੀਆ' ਦੇ ਨਾਂ ਨਾਲ ਜਾਣੀ ਜਾਂਦੀ ਇਕ ਕਬਰ ਦੇ ਨੇੜੇ ਰਹਿਣ ਲੱਗ ਪਏ। ਪਿੰਡ ਦੇ ਲੋਕ ਹੀ ਨਹੀਂ ਸਗੋਂ ਦੂਰੋਂ-ਦੂਰੋਂ ਹੋਰ ਲੋਕ ਵੀ ਕਲੇਰਾਂ ਜਾਣ ਲੱਗੇ ਜਿੱਥੇ ਹੁਣ ਗੁਰਦੁਆਰਾ ਨਾਨਕਸਰ ਸਥਿਤ ਹੈ। ਇਹ ਲਗਭਗ 1918 ਤੋਂ 1921 ਈ. ਇਹ ਥਾਂ ਜੰਗਲੀ ਜਾਨਵਰਾਂ ਨਾਲ ਘਿਰਿਆ ਹੋਇਆ ਸੰਘਣਾ ਜੰਗਲ ਸੀ। ਰਾਤ ਦੀ ਕੀ ਗੱਲ ਕਰੀਏ, ਉਸ ਥਾਂ ਤੋਂ ਕਦੇ ਕੋਈ ਲਾਸ਼ ਨਹੀਂ ਲੰਘੀ। ਬਾਬਾ ਜੀ ਉਥੇ ਰਹਿਣ ਲੱਗ ਪਏ ਅਤੇ ਜਲਦੀ ਹੀ ਜੰਗਲ ਵਿਚ 'ਸੰਗਤ' ਦੀ ਭੀੜ ਹੋ ਗਈ। ਸਥਾਨ ਜੀਵੰਤ ਅਤੇ ਆਕਰਸ਼ਕ ਬਣ ਗਿਆ. ਬਾਬਾ ਜੀ ਨੇ ਨਾਨਕਸਰ ਕਲੇਰਾਂ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਨਿਰੰਤਰ ਪਾਠਾਂ ਦੀ ਸ਼ੁਰੂਆਤ ਕੀਤੀ ਕਿਉਂਕਿ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਵਿੱਚ ਕਿਸੇ ਵੀ ਮਨੁੱਖ ਦੇ ਸਾਰੇ ਪਾਪਾਂ ਨੂੰ ਸਾੜਨ ਦੀ ਅਥਾਹ ਸ਼ਕਤੀ ਹੈ ਅਤੇ ਕਿਸੇ ਨੂੰ ਵੀ ਖੁਸ਼ਹਾਲ ਅਤੇ ਸੰਤੁਸ਼ਟ ਜੀਵਨ ਬਤੀਤ ਕਰਨ ਲਈ ਬਹੁਤ ਸਾਰੀਆਂ ਬਰਕਤਾਂ ਦੀ ਵਰਖਾ ਹੁੰਦੀ ਹੈ। ਉਨ੍ਹਾਂ ਨੇ ਨਾਨਕਸਰ ਕਲੇਰਾਂ ਵਿਖੇ ਕੀਰਤਨ ਵੀ ਸ਼ੁਰੂ ਕੀਤਾ । ਸਵੇਰੇ -ਸ਼ਾਮ ਨੂੰ ਵੀ ਕੀਰਤਨ ਕੀਤਾ ਜਾਂਦਾ ਹੈ। ਉਹ ਹਮੇਸ਼ਾ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਦੀ ਦੇਹ ਸਮਝ ਕੇ ਸੇਵਾ ਕਰਨ ਦਾ ਨਿਰਦੇਸ਼ ਦਿੰਦੇ ਸਨ ਤਾਂ ਜੋ ਕਲਯੁਗੀ ਸੰਗਤ ਆਪਣੇ ਆਪ ਨੂੰ ਦੁਖਦਾਈ ਬਿਮਾਰੀਆਂ, ਗਰੀਬੀ ਅਤੇ ਸੰਕਟ ਤੋਂ ਛੁਟਕਾਰਾ ਪਾ ਸਕੇ। ਨਾਨਕਸਰ ਨੂੰ ਸਾਰੀਆਂ ਦੁਨਿਆਵੀ ਇੱਛਾਵਾਂ ਤੋਂ ਦੂਰ ਭਗਤੀ ਦਾ ਘਰ ਬਣਾ ਦਿੱਤਾ ਗਿਆ। ਬਾਬਾ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਕਲੇਰਾਂ ਨੇੜੇ ਨਾਨਕਸਰ ਨੂੰ ਸੀਮਿੰਟ ਦੇ ਗੁਰਦੁਆਰੇ ਵਿੱਚ ਤਬਦੀਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਬਾਬਾ ਜੀ ਇਸ ਸੰਸਾਰ ਵਿੱਚ ਕਿਸੇ ਵੀ ਚੀਜ਼ ਦੇ ਮਾਲਕ ਨਹੀਂ ਸਨ ਅਤੇ ਕਿਸੇ ਉੱਤੇ ਨਿਰਭਰ ਨਹੀਂ ਸਨ। ਆਪ ਜੀ ਨੇ ਆਪਣਾ ਸਾਰਾ ਜੀਵਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੂਰਨ ਸੰਤੋਖ ਅਤੇ ਸਰੀਰਕ ਬੋਧ ਵਿੱਚ ਸਮਰਪਿਤ ਕੀਤਾ ਹੈ।

# ਮਾਮਲਾ ਗ਼ਲਤ ਢੰਗ ਤਰੀਕਿਆਂ ਨਾਲ ਪੈਸਾ ਇਕੱਠਾ ਕਰਨ ਦਾ

## ਵਿਜੀਲੈਂਸ 'ਪੀਆਰ' ਲੈਣ ਵਾਲੇ ਅਫ਼ਸਰਾਂ ਦੀ ਪੈੜ ਨੱਪੇਗੀ

**ਚੰਡੀਗੜ੍ਹ/ਏ.ਟੀ.ਨਿਊਜ਼ :-** ਵਿਜੀਲੈਂਸ ਬਿਊਰੋ ਨੇ ਵਿਦੇਸ਼ ਵਿਚ ਪੱਕੀ ਰਿਹਾਇਸ਼ ਕਰਨ ਲਈ ਚੁੱਪ-ਚੁਪੀਤੇ ਪੀਆਰ ਲੈਣ ਵਾਲੇ ਅਫ਼ਸਰਾਂ ਤੇ ਮੁਲਾਜ਼ਮਾਂ ਦੀ ਪੈੜ ਨੱਪਣ ਦੀ ਤਿਆਰੀ ਕੱਸ ਲਈ ਹੈ। ਪੰਜਾਬ ਦੇ ਕਿੰਨੇ ਅਧਿਕਾਰੀ ਅਤੇ ਮੁਲਾਜ਼ਮ 'ਗਰੀਨ ਕਾਰਡ ਹੋਲਡਰ' ਹਨ, ਵਿਜੀਲੈਂਸ ਇਸ ਦੀ ਸ਼ਨਾਖ਼ਤ ਕਰੇਗੀ। ਪੰਜਾਬ ਸਰਕਾਰ ਵੱਲੋਂ ਖ਼ੁਰਾਕ ਤੇ ਸਪਲਾਈ ਮਹਿਕਮੇ ਦੇ ਡਿਪਟੀ ਡਾਇਰੈਕਟਰ ਰਕੇਸ਼ ਸਿੰਗਲਾ ਨੂੰ ਲੰਘੇ ਸ਼ਨਿਚਰਵਾਰ ਬਰਖ਼ਾਸਤ ਕੀਤਾ ਗਿਆ ਹੈ, ਜਿਸ ਨੇ ਸਾਲ 2006 ਵਿਚ ਚੋਰੀ ਛਿਪੇ ਕੈਨੇਡਾ ਦੀ ਪੀਆਰ ਲੈ ਰੱਖੀ ਸੀ। ਇਸ ਕਾਰਵਾਈ ਮਗਰੋਂ ਵਿਜੀਲੈਂਸ ਨੇ ਪੀਆਰ ਲੈਣ ਵਾਲਿਆਂ ਦਾ ਭੇਤ ਕੱਢਣ ਦੀ ਵਿਉਂਤ ਬਣਾਈ ਹੈ। ਵਿਜੀਲੈਂਸ ਬਿਊਰੋ ਨੇ ਇਸ ਗੱਲ ਦਾ ਨੋਟਿਸ ਲਿਆ ਹੈ ਕਿ ਬਹੁਤੇ ਅਧਿਕਾਰੀ ਪਹਿਲਾਂ ਗ਼ਲਤ ਢੰਗ ਤਰੀਕਿਆਂ ਨਾਲ ਪੈਸਾ ਇਕੱਠਾ ਕਰਦੇ ਹਨ ਅਤੇ ਮਗਰੋਂ ਭੇਤ ਖੁੱਲਣ ਤੋਂ ਪਹਿਲਾਂ ਹੀ ਵਿਦੇਸ਼ ਉਡਾਰੀ ਮਾਰ ਜਾਂਦੇ ਹਨ। ਪਹਿਲਾਂ ਵੀ ਇਹ ਮਾਮਲਾ ਉੱਭਰਿਆ ਸੀ ਅਤੇ ਉਦੋਂ ਵਿਜੀਲੈਂਸ ਨੇ ਗਰੀਨ ਕਾਰਡ ਹੋਲਡਰ ਅਫ਼ਸਰਾਂ ਦੀ ਸ਼ਨਾਖ਼ਤ ਕੀਤੀ ਸੀ। ਹੁਣ ਲੰਘੇ ਦਿਨ ਪਨਸਪ ਨੇ ਪਟਿਆਲਾ ਦੇ ਜਿਸ ਇੰਸਪੈਕਟਰ ਗੁਰਿੰਦਰ ਸਿੰਘ 'ਤੇ ਅਨਾਜ ਨੂੰ ਖ਼ੁਰਦ-ਬੁਰਦ ਕਰਨ ਦਾ ਮੁਕੱਦਮਾ ਦਰਜ ਕਰਾਇਆ ਹੈ, ਉਹ ਵਿਦੇਸ਼ ਫ਼ਰਾਰ ਹੋ ਗਿਆ ਹੈ। ਸੂਤਰ ਦੱਸਦੇ ਹਨ ਕਿ ਇਹ ਫੂਡ ਇੰਸਪੈਕਟਰ ਸਭ ਕੁਝ ਵੇਚ ਕੇ ਵਿਦੇਸ਼ ਉਡਾਰੀ ਮਾਰ ਗਿਆ ਹੈ। ਦੱਸਦੇ ਹਨ ਕਿ ਪੰਜਾਬ ਵਿਚ ਕਈ ਚੌਲ ਮਿੱਲਾਂ ਵਾਲੇ ਵੀ ਅਜਿਹੇ ਹਨ ਜਿਨਾਂ ਨੇ ਪਹਿਲਾਂ ਗਬਨ ਕੀਤਾ ਅਤੇ ਪਿੱਛੋਂ ਵਿਦੇਸ਼ ਚਲੇ ਗਏ।

ਪੰਜਾਬ ਸਿਵਲ ਸਰਵਿਸ ਰੂਲਜ਼ 1970 ਅਤੇ ਕੇਂਦਰੀ ਨਿਯਮਾਂ ਅਨੁਸਾਰ ਸਰਕਾਰੀ ਨੌਕਰੀ 'ਤੇ ਤਾਇਨਾਤੀ ਦੌਰਾਨ ਕੋਈ ਵੀ ਮੁਲਾਜ਼ਮ ਜਾਂ ਅਧਿਕਾਰੀ ਕਿਸੇ ਹੋਰ ਮੁਲਕ ਦੀ ਪੀਆਰ ਹਾਸਲ ਨਹੀਂ ਕਰ ਸਕਦਾ ਹੈ। ਕੇਂਦਰ ਸਰਕਾਰ ਨੇ 2006 ਵਿਚ ਪੀਆਰ ਲੈਣ ਵਾਸਤੇ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਨਾ ਜਾਰੀ ਕੀਤੇ ਜਾਣ ਦੀ ਹਦਾਇਤ ਵੀ ਕੀਤੀ ਸੀ। ਪਿਛਲ ਝਾਤ ਮਾਰੀਏ ਤਾਂ ਵਰਾ 2002 ਵਿਚ ਪੰਜਾਬ ਸਰਕਾਰ ਨੇ ਵਿਦੇਸ਼ ਵਿਚ ਰੁਜ਼ਗਾਰ ਲਈ ਪੰਜ ਸਾਲ ਲਈ ਅਨਪੇਡ ਲੀਵ (ਬਿਨਾਂ ਅਦਾਇਗੀ ਛੁੱਟੀ) ਲੈਣ ਦੀ ਸੁਵਿਧਾ ਸਰਕਾਰੀ ਮੁਲਾਜ਼ਮਾਂ ਅਤੇ ਅਫ਼ਸਰਾਂ ਨੂੰ ਦਿੱਤੀ ਸੀ। ਉਸ ਮਗਰੋਂ ਵੱਡੀ ਪੱਧਰ 'ਤੇ ਖੇਤੀ ਵਿਭਾਗ ਅਤੇ ਪਸ਼ੂ ਪਾਲਣ ਮਹਿਕਮੇ ਦੇ ਅਧਿਕਾਰੀ ਵਿਦੇਸ਼ ਚਲੇ ਗਏ ਸਨ। ਬਹੁਤੇ ਤਾਂ ਪੰਜ ਸਾਲ ਦਾ ਸਮਾਂ ਖ਼ਤਮ ਹੋਣ ਮਗਰੋਂ ਵੀ ਵਾਪਸ ਨਹੀਂ ਪਰਤੇ। ਸਿੱਖਿਆ ਮਹਿਕਮੇ ਨੇ ਹੁਣ ਸਖ਼ਤੀ ਦਿਖਾਉਣੀ ਸ਼ੁਰੂ ਕੀਤੀ ਹੈ ਕਿ ਐਕਸ ਇੰਡੀਆ ਲੀਵ ਸਿਰਫ਼ ਉਸ ਨੂੰ ਹੀ ਦਿੱਤੀ ਜਾਂਦੀ ਹੈ, ਜਿਸ ਕੋਲ ਵਿਜ਼ਟਰ ਵੀਜ਼ਾ ਹੁੰਦਾ ਹੈ। ਪੰਜਾਬ ਦੇ ਕਈ ਸਿਆਸਤਦਾਨ ਵੀ ਵਿਦੇਸ਼ ਵਿਚ ਬੈਠੇ ਹਨ ਅਤੇ ਇਨਾਂ 'ਚੋਂ ਇੱਕ ਸਿਆਸੀ ਆਗੂ ਬਾਰੇ ਪੁੱਛੇ ਜਾਣ 'ਤੇ ਲੰਘੇ ਦਿਨੀਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਸਿਰਫ਼ ਏਨਾ ਕਿਹਾ ਸੀ, 'ਛੱਲਾ ਮੁੜ ਕੇ ਨਹੀਂ ਆਇਆ।' ਸੂਤਰ ਦੱਸਦੇ ਹਨ ਕਿ ਇੱਕ ਸਾਬਕਾ ਵਜ਼ੀਰ ਵੀ ਆਪਣਾ ਕਾਰੋਬਾਰ ਸਮੇਟਣ ਲੱਗਾ ਹੋਇਆ ਹੈ।

**ਵਿਜੀਲੈਂਸ ਨੇ ਸੱਤ ਸਾਲ ਪਹਿਲਾਂ ਵੀ ਤਿਆਰ ਕੀਤੀ ਸੀ ਰਿਪੋਰਟ**

ਵਿਜੀਲੈਂਸ ਨੇ 15 ਮਈ, 2015 ਨੂੰ ਪੰਜਾਬ ਸਰਕਾਰ ਨੂੰ ਰਿਪੋਰਟ ਪੇਸ਼ ਕੀਤੀ ਸੀ, ਜਿਸ ਅਨੁਸਾਰ ਸੂਬੇ ਦੇ 130 ਗਜ਼ਟਿਡ ਅਤੇ ਨਾਨ-ਗਜ਼ਟਿਡ ਅਧਿਕਾਰੀਆਂ ਕੋਲ ਪੀਆਰ ਹੈ ਜਾਂ ਉਹ ਗਰੀਨ ਕਾਰਡ ਹੋਲਡਰ ਹਨ। ਵਿਜੀਲੈਂਸ ਰਿਪੋਰਟ ਵਿੱਚ ਇੱਕ ਤਤਕਾਲੀ ਆਈਏਐੱਸ ਅਧਿਕਾਰੀ ਅਤੇ ਦੋ ਪੀਸੀਐੱਸ ਅਧਿਕਾਰੀ ਵੀ ਸ਼ਾਮਲ ਸਨ। ਇਸੇ ਤਰਾਂ 170 ਦੇ ਕਰੀਬ ਸਰਕਾਰੀ ਮੁਲਾਜ਼ਮ ਸਨ, ਜਿਨਾਂ ਕੋਲ ਪੀਆਰ ਸੀ। ਵਿਜੀਲੈਂਸ ਨੇ ਉਦੋਂ ਕਰੀਬ 800 ਮੁਲਾਜ਼ਮ ਤੇ ਅਧਿਕਾਰੀ ਸ਼ਨਾਖ਼ਤ ਕੀਤੇ ਸਨ।

**ਸ਼ਨਾਖ਼ਤ ਸ਼ੁਰੂ ਕਰ ਰਹੇ ਹਾਂ : ਵਿਜੀਲੈਂਸ ਮੁਖੀ**

ਵਿਜੀਲੈਂਸ ਬਿਊਰੋ ਪੰਜਾਬ ਦੇ ਮੁਖੀ ਵਰਿੰਦਰ ਕੁਮਾਰ ਨੇ ਕਿਹਾ ਕਿ ਉਹ ਸਾਰੇ ਵਿਭਾਗਾਂ ਨੂੰ ਪੱਤਰ ਲਿਖ ਕੇ ਅਜਿਹੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੇ ਵੇਰਵੇ ਹਾਸਲ ਕਰਨਗੇ, ਜਿਨਾਂ ਨੇ ਸਰਕਾਰੀ ਅਹੁਦੇ 'ਤੇ ਤਾਇਨਾਤੀ ਦੌਰਾਨ ਹੀ ਪੀਆਰ ਹਾਸਲ ਕੀਤੀ ਹੈ ਜਾਂ ਗਰੀਨ ਕਾਰਡ ਹੋਲਡਰ ਹਨ। ਉਨ੍ਹਾਂ ਕਿਹਾ ਕਿ ਮੁੱਢਲੇ ਪੜਾਅ 'ਤੇ ਇਹੀ ਘੋਖ ਕੀਤੀ ਜਾਵੇਗੀ ਕਿ ਸਰਕਾਰੀ ਨੌਕਰੀ ਵਿੱਚ ਹੁੰਦਿਆਂ ਉਹ ਕਿਸ ਤਰਾਂ ਪੀਆਰ ਲੈਣ ਵਿਚ ਸਫਲ ਹੋਏ ਹਨ।

# ਗੁਰਮੁਖੀ ਅੱਖਰਾਂ ਦਾ ਪਿਛੋਕੜ ਅਤੇ ਅਜੋਕੀ ਗੁਰਮੁਖੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਨਾਜ਼ਰ ਸਿੰਘ**

ਮੋ. 94641-58136

ਉਕਤ ਸੰਤਾਂ ਦੀਆਂ ਬਾਣੀਆਂ ਵੱਖੋ-ਵੱਖਰੀਆਂ ਲਿੱਪੀਆਂ ਵਿੱਚ ਸਨ, ਜਿਨਾਂ ਨੂੰ ਇੱਕ ਸਾਂਝੀ ਲਿੱਪੀ ਦੀ ਲੋੜ ਸੀ ਜੋ ਕਿ ਵੱਖੋ ਵੱਖਰੀਆਂ ਧੁਨੀਆਂ ਨੂੰ ਅਤੇ ਗਰੈਮਰ ਅਨੁਸਾਰ ਅੰਕਿਤ ਕਰ ਸਕੇ। ਗੁਰੂ ਸਾਹਿਬ ਨੇ ਗੁਰਮੁਖੀ ਲਿੱਪੀ ਵਿੱਚ ਅਰਬੀ, ਫਾਰਸੀ, ਸੰਸਕ੍ਰਿਤ ਅਤੇ ਪ੍ਰਕ੍ਰਿਤ ਦੇ ਸ਼ਬਦ ਆਪਣੀ ਅਨੁਸਾਰੀ ਧੁਨੀਆਂ ਵਿੱਚੋਂ ਹੀ ਲਏ। ਇਹ ਉਨਾਂ ਦੀ ਕਮਾਲ ਦੀ ਜੁਗਤ ਸੀ ਅਤੇ ਕਈ ਸਿਧਾਂਤਾ ਵਿੱਚ ਜੇ ਕੋਈ ਇਖਤਲਾਫ ਸੀ ਤਾਂ ਆਪਣਾ ਵੀ ਯੋਗ ਵਿਚਾਰ ਦਿੱਤਾ ਅਤੇ ਇੰਜ ਸਿਧਾਂਤ ਪੁਸ਼ਟੀ ਦੀ ਜੁਗਤ ਵੀ ਵਰਤੀ।

ਗੁਰੂ ਜੀ ਦੇ ਸ਼ਹਿਜਾਦੇ ਸ਼੍ਰੀ ਚੰਦ ਜੀ ਦੇ 'ਮਾਤਰਿਆ' ਵਿੱਚ ਲਿਖਿਆ ਮਿਲਦਾ ਹੈ ਕਿ 'ਗੁਰਮੁਖੀ ਅੱਖਰ ਜਗਤ ਕਾ ਟੋਪ' ਇੰਜ ਗੁਰੂ ਜੀ ਦੇ ਸ਼ਹਿਜਾਦੇ ਨੇ ਹੀ ਗੁਰਮੁਖੀ ਦੇ ਨਾਮਕਰਨ ਦੀ ਪੁਸ਼ਟੀ ਕਰ ਦਿੱਤੀ। ਕਈਆਂ ਦਾ ਵਿਚਾਰ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦੀ ਰਚਨਾ ਕੀਤੀ ਹੈ। ਜਦ ਬਾਬੇ ਨਾਨਕ ਨੇ ਹੀ ਪੱਟੀ ਬਾਣੀ ਵਿੱਚ ਪੈਂਤੀ ਅੱਖਰਾਂ ਦੀ ਪੁਸ਼ਟੀ ਕਰ ਦਿੱਤੀ ਤਾਂ ਇਹ ਵਿਚਾਰ ਢੁੱਕਵਾਂ ਨਹੀਂ ਹੈ ਕਿ ਗੁਰਮੁਖੀ ਦੀ ਰਚਨਾ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਕੀਤੀ। ਉਨਾਂ ਨੇ ਤਾਂ ਗੁਰਮੁਖੀ ਵਿੱਚ ਪੋਥੀਆਂ ਲਿਖਵਾਈਆਂ ਅਤੇ ਇੰਜ ਗੁਰਮੁਖੀ ਦਾ ਪਸਾਰਾ ਹੋਣ ਲੱਗਾ।

ਪਾਲੀ ਬੋਲੀ ਵਿੱਚ ਸੰਸਕ੍ਰਿਤ ਅੱਖਰਾਂ ਨਾਲੋਂ ਭਿੰਨਤਾਂ ਹੈ। ਇਸ ਵਿੱਚ ਕੁੱਲ ਸਵਰਾਂ (Vowel) ਦੀ ਗਿਣਤੀ 8 ਹੈ। ਇਸ ਵਿੱਚ ਰਿਰੀ, ਲੱਲਰੀ ਅਤੇ ਅਯੋਗਵਾ ਵੀ ਨਹੀਂ ਹੈ। ਇਸ ਦੇ CB Consonant ਹਨ ਜਿਸ ਵਿੱਚ ਸ਼, ਤਾਲਵੀ ਸ਼ ਅਤੇ ਖਰਵਾ ਤਾਲੂ ਸ਼ ਵੀ ਨਹੀਂ ਹੈ। ਪਰ ਲ਼ ਸੰਸਕ੍ਰਿਤ ਨਾਲੋਂ ਵੱਧ ਹੈ। ਮੈਨੂੰ ਵੀ ਇਹੀ ਲਗਦਾ ਹੈ ਕਿ ਗੁਰੂ ਸਾਹਿਬ ਨੇ ਵੀ ਇਹੀ ਰੂਲ ਅਪਣਾਇਆ ਪਰ ਲ਼ ਦਾ ਕੀਤੇ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੋਗ ਨਹੀ ਕੀਤਾ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਯੋਗਵਾ (:) ਦੀ ਵਰਤੋਂ ਕੀਤੀ ਮਿਲਦੀ ਹੈ।

ਕਈ ਸਿੱਕੇ ਜਿਹੜੇ ਟਾਕਰੀ ਜਾਂ ਗੁਰਮੁਖੀਨੁਮਾ ਮਿਲਦੇ ਹਨ, ਉਨਾਂ ਵਿੱਚ ਸੰਸਕ੍ਰਿਤ ਦੀ ਥਾਂ ਪਾਲੀ ਦੀ ਵਰਤੋਂ ਕੀਤੀ ਹੈ। ਅਸ਼ੋਕਨ ਲਿੱਪੀ ਵਿੱਚ ਵੀ 'ਸ਼' ਨਹੀ ਹੈ ਪਰ ਲ਼ ਮੌਜੂਦ ਹੈ। ਕਈ ਸਾਡੇ ਲਿੱਪੀ ਦੀ ਮਹਾਰਤ ਦੇ ਦਾਅਵੇਦਾਰ 'ਲ਼' ਦੀ ਧੁਨੀ ਨੂੰ 'ੜ' ਹੀ ਕਹੀ ਜਾ ਰਹੇ ਹਨ। ਇਹ ਉਨਾਂ ਦੀ ਪਾਲੀ ਦੀ ਅਣਜਾਣਤਾ ਦੱਸਦੀ ਹੈ। ਕਈ ਖੋਜੀ ਬ੍ਰਹਮੀ ਲਿੱਪੀ ਵਿਚੋਂ ਗੁਰਮੁਖੀ ਦੀ ਉਪਜ ਮੰਨੀ ਜਾ ਰਹੇ ਹਨ। ਉਹ ਇਹ ਭੁੱਲ ਜਾਂਦੇ ਹਨ ਕਿ ਹੜੱਪਾ ਅਤੇ ਮੋਇੰਜੋਦੜੋ ਦੀ ਲਿੱਪੀ ਅਤੇ ਟੈਕਸਲਾ ਦੀ ਲਿੱਪੀ ਵੀ ਪੰਜਾਬ ਵਿੱਚ ਹਜ਼ਾਰਾਂ ਸਾਲਾਂ ਤੋਂ ਚਲਦੀਆਂ ਰਹੀਆਂ ਹਨ।

ਡਾ. ਕਾਲਾ ਸਿੰਘ ਬੇਦੀ ਨੇ ਤਾਂ ਹੜੱਪਾ ਲਿੱਪੀ ਤੋਂ ਬ੍ਰਹਮੀ ਲਿੱਪੀ ਦਾ ਜਨਮ ਹੋਣਾ ਲਿਖ ਦਿੱਤਾ। ਪਰ ਹਜ਼ਾਰਾ ਵਰੇ ਦਾ ਪਾੜਾ ਹੋਣ ਕਰਕੇ ਇਹ ਦਾਅਵਾ ਥੋਥਾ ਲੱਗਦਾ ਹੈ, ਕਿਉਂਕਿ ਸਾਡੇ ਕੋਲ ਉਨਾਂ ਵੇਲ਼ਿਆ ਦਾ ਕੋਈ ਸਬੂਤ ਨਹੀ ਮਿਲਦਾ। ਐਵੇਂ ਹੀ ਅਟਕਲਪੱਚੂ ਹੀ ਐਸਟੀਮੇਟ ਹੀ ਲਗਾਈ ਜਾ ਰਹੇ ਹਨ। ਮੈਂ ਹੈਰਾਨ ਹਾਂ ਕਿ ਆਰਕਿਆਲੋਜੀ ਅਤੇ ਵਿਕੀਪੀਡੀਆ ਵਾਲਿਆਂ ਨੂੰ ਭੁਲੇਖਾ ਲਗ ਗਿਆ ਹੈ ਕਿ ਟਾਕਰੀ ਲਿੱਪੀ ਨੂੰ ਬ੍ਰਹਮੀ ਲਿੱਪੀ ਕਹੀ ਜਾ ਰਹੇ ਹਨ। ਇੱਥੋਂ ਇਨਾਂ ਦੀ ਮਾਨਸਿਕਤਾ ਦਾ ਪਤਾ ਲਗਦਾ ਹੈ ਕਿ ਜੋ ਇਨਾਂ ਨੇ ਤਸੱਬਰ ਕਰ ਰੱਖਿਆ ਹੈ ਉਹੀ ਲੋਕਾਂ ਵਿੱਚ ਪ੍ਰਚਾਰ ਕਰ ਰਹੇ ਹਨ। ਲਿੱਪੀਆਂ ਦੇ ਖੋਜੀਆਂ ਵਿੱਚ ਵੀ ਇਹ ਢੁੱਚਰ ਘਰ ਕਰ ਗਈ ਹੈ ਅਤੇ ਲੋਕ ਇਨਾਂ ਨੂੰ ਸੁਣ ਕੇ ਅਤੇ ਪੜ ਕੇ ਇਹ ਆਪ ਦਾ ਵੀ ਤਸੱਬਰ ਬਣਾਈ ਬੈਠੇ ਹਨ। ਚਾਨਣ ਨੂੰ ਹਨੇਰਾ ਅਤੇ ਹਨੇਰੇ ਨੂੰ ਚਾਨਣ ਅਤੇ ਸੂਰਜ ਦੀ ਲੋਅ ਨੂੰ ਰਾਤ ਦੱਸੀ ਜਾ ਰਹੇ ਹਨ, ਅਜਿਹੀ ਸਥਿਤੀ ਵਿੱਚ ਸੱਚੇ ਖੋਜੀਆਂ ਦੀ ਮਾਨਸਿਕਤਾ ਤੇ ਅਸਰ ਪਾ ਦਿੱਤਾ। ਅਧਿਆਪਕ ਵੀ ਵਿਦਿਆਰਥੀਆਂ ਨੂੰ ਇਹੀ ਪੜਾਈ ਜਾ ਰਹੇ ਹਨ ਅਤੇ ਜੇ ਕਰ ਵਿਦਿਆਰਥੀ ਸੱਚ ਖੋਜ ਕਰਨ ਦੀ ਕੋਸ਼ਿਸ਼ ਕਰਦਾ ਤਾਂ ਉਨਾਂ ਨੂੰ ਫੇਲ੍ਹ ਹੋਣ ਦਾ ਡਰ ਸਤਾਉਂਦਾ ਹੈ।

ਸੰਸਾਰ ਵਿੱਚ ਲਿੱਪੀਆਂ ਦਾ ਪਸਾਰਾ ਉਦੋਂ ਹੁੰਦਾ ਹੈ ਜਦੋਂ ਰਾਜ ਦੀ ਸਹਾਇਤਾ ਮਿਲਦੀ ਹੈ ਜਾਂ ਧਰਮ ਦੀ ਛਤਰ ਛਾਇਆਂ ਹੇਠ ਜਾਂ ਸਮਾਜ ਦੇ ਲੋਕ ਸੱਚੇ ਮੰਨੋ ਇਸ ਨੂੰ ਮੰਨ ਲੈਣ। ਕਿਸੇ ਲਿੱਪੀ ਨੂੰ ਕਿਸੇ ਬੋਲੀ ਦਾ ਸਹਾਰਾ ਮਿਲਣ ਨਾਲ ਵੀ ਰਾਜ ਦੀ ਬੋਲੀ ਪ੍ਰਚੱਲਿਤ ਹੋਣ ਵਿੱਚ ਮਦਦ ਮਿਲਦੀ ਹੈ, ਜਿਵੇਂ ਅਸ਼ੋਕ ਬਾਦਸ਼ਾਹ ਨੇ ਕੀਤਾ। ਕਲਿੰਗਾ ਦੀ ਲੜਾਈ ਪਿੱਛੋਂ ਉਸ ਨੇ ਬੁੱਧ ਧਰਮ ਅਪਣਾ ਕੇ ਰਾਜ ਦੀ ਸ਼ਕਤੀ ਨਾਲ ਬੁੱਧ ਧਰਮ ਅਤੇ ਅਸ਼ੋਕ ਲਿੱਪੀ ਨੂੰ ਦੂਰ ਦੂਰ ਤੱਕ ਫੈਲਾਇਆ। ਇੰਡੀਅਨ ਸਬ-ਕੰਟੀਨੈਂਟ ਕਈ ਨਸਲਾਂ ਦੇ ਲੋਕ ਧਾੜਵੀ ਆਉਣ ਕਰਕੇ ਇੱਥੇ ਉਥਲ ਪੁਥਲ ਬਣੀ ਰਹੀ। ਸੰਯੁਕਤ ਪੰਜਾਬ ਜਿਹੜਾ ਕਿ ਅੰਗਰੇਜ਼ ਬਸਤੀਵਾਦ ਵੇਲ਼ੇ ਇੰਡੀਆ ਦੇ ਸੱਭ ਤੋਂ ਵੱਡਿਆਂ ਸੂਬਿਆ ਵਿੱਚੋਂ ਇਕ ਸੀ ਅਤੇ ਪੰਜਾਬ ਰਾਹੀਂ ਹੀ ਧਾੜਵੀ ਪੰਜਾਬ ਵਿੱਚ ਦਾਖਲ ਹੁੰਦੇ ਸਨ। ਸੱਭ ਤੋਂ ਵੱਧ ਨੁਕਸਾਨ ਪੰਜਾਬ ਦੇ ਲੋਕਾਂ ਦਾ ਹੀ ਹੁੰਦਾ ਰਿਹਾ ਅਤੇ ਉਦੋਂ ਤੋਂ ਹੀ ਪੰਜਾਬੀ ਪੀੜੀ ਦੇ ਮੁਹਰੀ, ਰਾਜੇ ਅਤੇ ਸੈਨਿਕ ਹਿੱਕਾਂ ਡਾਹ ਕੇ ਧਾੜਵੀਆਂ ਦਾ ਮੁਕਾਬਲਾ ਕਰਦੇ ਰਹੇ ਅਤੇ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ। ਆਪਣੀ ਅਣਖ ਅਤੇ ਪ੍ਰਤਿਭਾ ਨੂੰ ਬਚਾਉਂਦੇ ਰਹੇ। ਪਾਕਿਸਤਾਨ ਵਿੱਚ ਇੱਕ ਆਰਕਿਆਲੋਜੀਸਟ ਹੜੱਪਾ-ਮੋਇੰਜੋਦੜੋ ਤੇ ਕੰਮ ਕਰ ਰਿਹਾ ਹੈ, ਜਿਸ ਨੇ ਬਿਆਨ ਦਿੱਤਾ ਹੈ ਕਿ ਜਿਹੜੀਆਂ ਇੱਟਾਂ ਯੂਰਪ ਵਿੱਚ ਅੱਜ ਵਰਤੀਆਂ ਜਾਂਦੀਆਂ ਹਨ, ਉਹ ਇੱਟਾਂ ਮੋਇੰਜੋਦੜੋ ਦੀਆਂ ਇੱਟਾਂ ਵਰਗੀਆਂ ਹਨ। ਜਿਹੜੀਆਂ ਉਕਤ ਥੇਹਾਂ ਤੋਂ ਚੀਜ਼ਾ ਕੱਢੀਆਂ ਗਈਆਂ ਹਨ, ਉਸ ਵਾਰੇ ਸੁਝਾਅ ਦਿੱਤਾ ਗਿਆ ਹੈ ਕਿ ਇਸਨੂੰ ਫਰੋਲਣ ਦੀ ਲੋੜ ਹੈ ਤਾਂ ਕਿ ਇਸ ਵਿੱਚ ਲੁਕਿਆ ਹੋਇਆ ਹੋਰ ਮੈਟਰ ਲੱਭਿਆ ਜਾ ਸਕੇ ਅਤੇ ਇਤਹਾਸ ਦੀ ਹੋਰ ਪ੍ਰਾਚੀਨਤਾ ਸਿੱਧ ਹੋ ਸਕੇ। ਉਸ ਨੇ ਇਹ ਵੀ ਕਿਹਾ ਕਿ ਹਕੂਮਤ ਨੂੰ ਖਾਸ ਐਨਕ ਨਾਲ ਨਹੀ ਦੇਖਣਾ ਚਾਹੀਦਾ ਅਤੇ ਸਾਡੇ ਇਸ ਲੱਭੇ ਵਿਰਸੇ ਦਾ ਸਲੇਬਸ ਵਿੱਦਿਆਰਥੀਆਂ ਨੂੰ ਵੀ ਪੜਾਉਣਾ ਚਾਹੀਦਾ ਹੈ। ਜਿਵੇਂ ਅੱਜ ਰੋਮਨ ਅੱਖਰ ਪੂਰੇ ਸੰਸਾਰ ਵਿੱਚ ਪ੍ਰਸਿੱਧ ਹੋ ਚੁੱਕੇ ਹਨ, ਜਿਹਦੇ ਲਈ ਰੋਮਨੀਆ ਨੇ ਇਸ ਨੂੰ ਰਾਜ ਅਤੇ ਧ੍ਰਮ ਦੇ ਸਹਾਰੇ ਦੂਰ ਦੂਰ ਤੱਕ ਫੈਲਾਇਆ। ਜਿਸ ਨਾਲ ਸੰਸਾਰ ਦੇ ਅੱਡੋ ਅੱਡ ਬੋਲੀਆਂ ਬੋਲਣ ਵਾਲੇ ਲੋਕ ਆਪਸ ਵਿੱਚ ਸੰਪਰਕ ਕਰ ਸਕਣ। ਯੂਰਪ ਦੀਆਂ ਕਈ ਬੋਲੀਆਂ ਰੋਮਨ ਲਿੱਪੀ ਵਿੱਚ ਹੀ ਲਿਖੀਆਂ ਜਾਂਦੀਆਂ ਹਨ ਜਿਵੇਂ ਕਿ ਅੰਗਰੇਜ਼ੀ, ਇਟਾਲੀਅਨ, ਜਰਮਨੀ, ਫ੍ਰੈਂਚ, ਸਪੈਨਿਸ਼, ਤੁਰਕੀ ਅਤੇ ਡੱਚ ਆਦਿ। ਗੁਰਮੁਖੀ ਦੇ ਪਾਖੂ ਤਾਂ ਇਸ ਵਿੱਚ ਬਹੁਤ ਪਿਛੜ ਗਏ ਅਤੇ ਸਾਰਿਆ ਪੰਜਾਬੀਆਂ ਨੂੰ ਗੁਰਮੁਖੀ ਨਹੀ ਸਿਖਾ ਸਕੇ। ਅੱਜ ਤੱਕ ਅਸੀਂ ਇਸ ਪਾਸੇ ਵੱਲ ਹੰਭਲਾ ਨਹੀ ਮਾਰਿਆ। ਇਹ ਅਣਗਹਿਲੀ ਸਿੱਖ ਰਾਜਿਆਂ ਵੱਲੋਂ ਵੀ ਕੀਤੀ ਗਈ। ਕਿਉਂਕਿ ਰਾਜ ਦੀ ਸਥਿਤੀ ਹੀ ਲੋਕਾਂ ਨੂੰ ਰਾਜ ਭਾਸ਼ਾ ਅਤੇ ਲਿੱਪੀ ਪੜਨ ਅਤੇ ਸਿੱਖਣ ਲਈ ਮਜ਼ਬੂਰ ਕਰ ਸਕਦੀ ਹੈ। ਜਿਵੇਂ ਖਰੋਟੀ, ਈਰਾਨੀਆਂ ਦੇ ਅਸਰ ਥੱਲੇ ਗ੍ਰੀਕੀਆਂ ਵੇਲੇ ਗ੍ਰੀਕ ਦੇ ਅੱਖਰ, ਬੋਧੀਆਂ ਵੇਲੇ ਅਸ਼ੋਕਨ ਲਿੱਪੀ, ਕੁਸ਼ਾਨ, ਸਾਹ, ਉਦੰਬਰ ਅਤੇ ਕੁਨਿੰਦਿਆਂ ਵੇਲੇ ਟਾਕਰੀ ਲਿੱਪੀ ਆਦਿ ਰਾਜ ਲਿੱਪੀ ਹੋਣ ਕਰਕੇ ਮਜ਼ਬੂਰਨ ਲੋਕਾਂ ਨੂੰ ਪੜਨੀ ਪੈਂਦੀ ਸੀ। ਟਾਕਰੀ ਲਿੱਪੀ ਟੈਕਸਲਾਂ ਯੂਨੀਵਰਸਿਟੀ ਦੇ ਵਰਜਾਂ ਦੀ ਤਾਕਤ ਨਾਲ ਹੀ ਇਹ ਜਮੁਨਾ ਤੋਂ ਲੈ ਕੇ ਬਾਮਯਾਨ (ਅਫਗਾਨਿਸਤਾਨ) ਤੱਕ ਫੈਲੀ ਕਿਉਂਕਿ ਇਹ ਸਾਹਸ ਰਾਜਿਆਂ ਅਤੇ ਵਿਦਵਾਨਾਂ ਦੇ ਸਹਿਯੋਗ ਨਾਲ ਹੀ ਹੋਇਆ। ਗੁਰਮੁਖੀ ਬਾਰੇ ਜੀ.ਬੀ. ਸਿੰਘ ਵਰਗੇ ਸੱਜਣਾਂ ਦਾ ਕਹਿਣਾ ਹੈ ਕਿ ਗੁਰਮੁਖੀ ਤਾਂ ਬਾਬੇ ਨਾਨਕ ਤੋਂ ਪਹਿਲਾ ਦੇ ਅੱਖਰ ਬਣੇ ਹੋਏ ਹਨ। ਪਰ ਇਹ ਆਪਣੀ ਕਿਤਾਬ ਵਿੱਚ ਵੀ ਸਿੱਧ ਨਹੀ ਕਰ ਸਕਿਆ। ਇਹ ਸਾਬਤ ਕਰਦਾ ਹੈ ਕਿ ਅੱਖਰਾਂ ਦੇ ਕਨਵਰਟ ਹੋਣ ਦਾ ਸਿਧਾਂਤ ਸੀ। ਗੁਰੂ ਨਾਨਕ ਤੋਂ ਪਹਿਲਾਂ ਕੋਈ ਵੀ ਗ੍ਰੰਥ ਗੁਰਮੁਖੀ ਲਿੱਪੀ ਵਿੱਚ ਨਹੀਂ ਮਿਲਦਾ ਹੈ। ਸੋ, ਅਸੀਂ ਕਹਿ ਸਕਦੇ ਹਾਂ ਕਿ ਗੁਰਮੁਖੀ ਦੀ ਘਾੜਤ ਗੁਰੂ ਸਾਹਿਬ ਦੀ ਹੀ ਦੇਣ ਹੈ। ਗੁਰਬਾਣੀ ਵਿੱਚ ਅੱਡੋ ਅੱਡ ਬੋਲੀਆਂ ਦੇ ਸੰਤਾਂ ਅਤੇ ਭਗਤਾਂ ਦੀਆਂ ਬਾਣੀਆਂ ਸ਼ਾਮਿਲ ਹਨ ਜਿਸ ਨੂੰ ਇਕੋ ਹੀ ਲਿੱਪੀ ਗੁਰਮੁਖੀ ਅਨੁਸਾਰੀ ਧੁਨੀਆਂ ਰਾਹੀਂ ਹੀ ਲਿਖੀ ਗਈ ਹੈ। ਗੁਰੂ ਅੰਗਦ ਦੇਵ ਜੀ ਨੇ ਵੀ ਇਸੇ ਲਿੱਪੀ ਦਾ ਪ੍ਰਸਾਰ ਕੀਤਾ ਅਤੇ ਗੁਰਮੁਖੀ ਵਿੱਚ ਹੀ ਬਾਣੀਆਂ ਲਿਖਵਾਈਆਂ। ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਵੀ ਪਹਿਲੀਆਂ ਪ੍ਰਚੱਲਿਤ ਫਿਲਸਫੀਆਂ ਨਾਲੋਂ ਅੱਡ ਹੈ। ਸੋ ਬਾਬੇ ਨਾਨਕ ਨੇ ਆਪਣਾ ਸਿਧਾਂਤ ਵੀ ਇਸੇ ਲਿੱਪੀ ਵਿੱਚ ਲਿਖਿਆ ਹੈ। ਲ਼ ਦੇ ਧੁਨੀ ਸ਼੍ਰ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹੈ ਪਰ ਪੰਜਾਬ ਦੇ ਕਈ ਇਲਾਕਿਆਂ ਵਿੱਚ ਜਿਵੇਂ ਮਾਝਾ, ਦੁਆਬਾ, ਮਾਲਵਾ ਅਤੇ ਪੁਆਧ ਆਦਿ ਵਿੱਚ ਲ਼ ਦੀ ਧੁਨੀ ਬੋਲੀ ਜਾਂਦੀ ਹੈ। ਸੋ ਅੱਜ ਵੀ ਪੰਜਾਬ ਵਿੱਚ ਲੋਕ ਇੱਕਸਾਰ ਬੋਲੀ ਨਹੀ ਬੋਲਦੇ ਹਨ। ਖੇਤਰੀ/ਲੋਕਲ ਫਰਕ ਹੋਣ ਕਰਕੇ ਬੋਲੀ ਵਿੱਚ ਅੱਡਰੇਵਾਂ ਆ ਹੀ ਜਾਂਦਾ ਹੈ। ਅੱਜ ਦੇ ਜਮਾਨੇ ਵਿੱਚ ਪ੍ਰੈੱਸ ਦਾ ਬਹੁਤ ਵੱਡਾ ਰੋਲ ਹੈ। ਜਿੱਥੇ ਪਹਿਲਾ ਹੱਥ ਨਾਲ ਲਿਖਿਆ ਜਾਂਦਾ ਸੀ, ਉੱਥੇ ਅੱਜ ਪ੍ਰੈੱਸ ਤੋਂ ਛੁੱਟ ਹੋਰ ਵੀ ਸਾਧਨ ਉਪਲੱਬਧ ਹਨ, ਜਿਸ ਦੀ ਮਦਦ ਨਾਲ ਆਪਣੇ ਖਿਆਲ਼ ਦੁਨੀਆਂ ਤੱਕ ਪਹੁੰਚਾ ਸਕਦੇ ਹਨ। ਇਨਾਂ ਸਾਧਨਾਂ ਦੀ ਮਦਦ ਨਾਲ ਅਸੀ ਆਪਣੇ ਬਿਜ਼ਨਸ ਅਤੇ ਵਸਤੂਆਂ ਦਾ ਪੂਰੇ ਸੰਸਾਰ ਵਿੱਚ ਪ੍ਰਚਾਰ ਕਰ ਸਕਦੇ ਹਾਂ। ਆਪਣੇ ਖਿਆਲਾ ਅਤੇ ਵਸਤੂਆਂ ਨੂੰ ਦੂਰ ਦੂਰ ਤੱਕ ਸੁਖਾਲਿਆ ਹੀ ਪਹੁੰਚਾ ਸਕਦੇ ਹਾਂ। ਅੱਜ ਦੇ ਜਮਾਨੇ ਵਿੱਚ ਜਿਹੜੀ ਖੋਜ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਹੁੰਦੀ ਹੈ ਤਾਂ ਉਰੰਤ ਉਪਲੱਬਧ ਸਾਧਨਾਂ ਨਾਲ ਜਾਣਕਾਰੀ ਮਿਲ ਜਾਂਦੀ ਹੈ ਅਸੀਂ ਹਮੇਸ਼ਾ ਨਵੀ ਕਾਢ ਨੂੰ ਪ੍ਰਾਪਤ ਕਰਨ ਦੀ ਤਾਂਘ ਵਿੱਚ ਰਹਿੰਦੇ ਹਾਂ ਕਿ ਕਦੋਂ ਸਾਨੂੰ ਕਾਢ ਪ੍ਰਾਪਤ ਹੋਵੇ ਅਤੇ ਅਸੀਂ ਇਸ ਕਾਢ ਦਾ ਲੱਭ ਉਠਾ ਸਕੀਏ।

ਅੰਤ ਵਿੱਚ ਸਿੱਖਾਂ ਦੀਆਂ ਰਜਿਸਟਰਡ ਜੱਥੇਬੰਦੀਆਂ ਪੰਜਾਬੀ ਬੋਲੀ ਦੇ ਹਮਦਰਦਾ, ਕਲਮਕਾਰਾ, ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਦੇ ਟੀਚਰਾਂ ਨੂੰ ਅਪੀਲ਼ ਕਰਦਾ ਹਾਂ ਕਿ ਸੱਭ ਤੋਂ ਪਹਿਲਾ ਪੰਜਾਬੀ ਨੂੰ ਇੱਕਸਾਰ ਸ਼ਬਦਾਵਲੀ (vocabulary) ਦੀ ਲੋੜ ਹੈ, ਜਿਹੜੀ ਇੱਕ ਲਿੱਪੀ ਦੀ ਵਰਤੋਂ ਨਾਲ ਹੀ ਵਾੜ ਦਾ ਕੰਮ ਕਰੇਗੀ ਅਤੇ ਇੰਜ ਪੰਜਾਬੀ ਦੀ ਸਮਰੱਥਾ ਵਧੇਗੀ ਪੰਜਾਬੀ ਵਿੱਚ ਹੀ ਨਹੀ ਸਗੋਂ ਜਿੱਥੇ ਜਿੱਥੇ ਵੀ ਪੰਜਾਬੀ ਪੜਾਈ ਜਾਂਦੀ ਹੈ ਤਾਂ ਉੱਥੇ ਵੀ ਪੰਜਾਬੀ ਵਿੱਚ ਇੱਕ ਸਮਾਨਤਾ ਆ ਜਾਵੇਗੀ। ਅੱਜ ਲੋਕ ਪੰਜਾਬੀ ਵਿੱਚ ਸੰਸਕ੍ਰਿਤ, ਅਰਬੀ, ਫਾਰਸੀ ਅਤੇ ਤੁਰਕੀ ਦੇ ਸ਼ਬਦ ਘਸੋੜੀ ਜਾਂਦੇ ਹਨ। ਲੋਕ ਯੂਰਪ ਅਤੇ ਅਰਬਾਂ ਵਿੱਚ ਕੰਮਾਂ-ਕਾਰਾ ਲਈ ਜਾਂਦੇ ਹਨ, ਉੱਥੇ ਵੀ ਸ਼ਬਦ ਸਿੱਖਣ ਲੱਗੇ ਹੋਏ ਹਨ ਅਤੇ ਇੰਜ ਪੰਜਾਬੀ ਇਕਸਾਰ ਨਹੀ ਰਹੇਗੀ। ਜੇ ਪੰਜਾਬੀ ਨਵੇ ਸ਼ਬਦ ਨਹੀਂ ਘੜ ਸਕਦੇ ਹਨ ਤਾਂ ਬਾਹਰੋਂ ਲਏ ਸ਼ਬਦਾਂ ਦਾ ਵੀ ਸਟੈਂਡਰਡ ਸੈੱਟ ਕਰਨਾ ਪਵੇਗਾ, ਅੰਗਰੇਜ਼ੀ ਵਾਲਿਆਂ ਨੇ ਬਾਹਰੋਂ ਲਏ ਸ਼ਬਦਾਂ ਨੂੰ ਢਾਲ਼ਿਆ ਉਵੇਂ ਹੀ ਸਾਨੂੰ ਉਪਰਾਲਾ ਕਰਨਾ ਪਵੇਗਾ।

ਇੰਜ ਗੁਰਬਾਣੀ ਮੰਨਣ ਵਾਲਿਆਂ ਲਈ ਵੀ ਸਨੇਹਾ ਹੈ ਕਿ ਉਹ ਵੀ ਗੁਰਮੁਖੀ ਦੇ ਪਸਾਰ ਲਈ ਗੁਰਮੁਖੀ ਨੂੰ ਸਟੈਂਡਰਡ ਮੰਨਣ। ਜੇਕਰ ਉਹ ਗੁਰਬਾਣੀ ਦਾ ਉਲੱਥਾ ਕਰਨਾ ਚਾਹੁੰਦੇ ਹਨ ਤਾਂ ਗੁਰਬਾਣੀ ਦੀਆਂ ਲਾਇਨਾਂ ਉੱਪਰ ਅਤੇ ਹੇਠਾਂ ਹੋਰ ਦੂਸਰੀ ਲਿੱਪੀ ਦੀਆਂ ਲਾਇਨਾਂ ਛਪਣੀਆਂ ਚਾਹੀਦੀਆਂ ਹਨ।

ਡਾ. ਟ੍ਰੰਮ ਨੇ ਆਪਣੇ ਸਿੰਧੀ ਗਰਾਮਰ ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਸਿੱਖਾਂ ਦੇ ਗ੍ਰੰਥ ਨੂੰ ਪੜਣ ਲਈ ਪੰਜਾਬੀ ਅਤੇ ਗੁਰਮੁਖੀ ਸਿੱਖੀ, ਇਸ ਪਿੱਛੋਂ ਗੁਰਬਾਣੀ ਦਾ ਅੰਗਰੇਜ਼ੀ ਵਿੱਚ ਉਲੱਥਾ ਸ਼ੁਰੂ ਕੀਤਾ। ਸਿੱਖਾਂ ਨੇ ਉਸ ਦੇ ਅੰਗਰੇਜ਼ੀ ਉਲੱਥੇ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਕਿਉਂਕਿ ਗੁਰਬਾਣੀ ਦਾ ਉਲੱਥਾ ਸਿੱਖੀ ਸਿਧਾਂਤ ਅਨੁਸਾਰ ਨਹੀ ਸੀ ਅਤੇ ਇਸ ਤਰਾਂ ਉਨਾਂ ਦਾ ਇਹ ਉਪਰਾਲਾ ਨੇਪਰੇ ਨਹੀਂ ਚੜ ਸਕਿਆ।

ਜੇਕਰ ਅਸੀਂ ਪਹਿਲੀ ਪ੍ਰਿੰਟਿੰਗ ਦੀ ਗੱਲ ਕਰੀਏ ਤਾਂ ਇਹ ਸੀ ਰਾਮਪੁਰ, ਪੱਛਮੀ ਬੰਗਾਲ ਵਿੱਚ ਲਾਇਆ ਗਿਆ ਅਤੇ 1812 ਵਿੱਚ ਜਨਾਬ ਕੈਰੀ ਨੇ ਪੰਜਾਬੀ ਦਾ ਪਹਿਲਾ ਗਰਾਮਰ ਛਪਵਾਇਆ ਦੂਜਾ ਪ੍ਰੈੱਸ 1845 ਵਿੱਚ ਲੁਧਿਆਣੇ ਵਿਖੇ ਲਗਵਾਇਆ ਤਾਂ ਕਿ ਈਸਾਈ ਆਪਣੇ ਬਾਇਬਲ ਦਾ ਪ੍ਰਚਾਰ ਪੰਜਾਬ ਦੇ ਲੋਕਾਂ ਦੀ ਬੋਲੀ ਵਿੱਚ ਕਰਕੇ ਉਹ ਆਪਣੇ ਧਰਮ ਦਾ ਪ੍ਰਚਾਰ ਕਰ ਸਕਣ ਅਤੇ ਲੋਕਾਂ ਨੂੰ ਆਪਣੇ ਧਰਮ ਵੱਲ ਪ੍ਰੇਰਿਆ ਜਾਵੇ। ਈਸਾਈਆਂ ਤੋਂ ਛੁੱਟ ਮੁਸਲਮਾਨਾ ਨੇ ਵੀ ਆਪਣੇ ਧਰਮ ਪ੍ਰਚਾਰ ਲਈ ਆਲਿਫ-ਬੇ ਵਿੱਚ ਪੰਜਾਬੀ ਦਾ ਪ੍ਰਚਾਰ ਕੀਤਾ ਅਤੇ ਅਹਿਮਦੀਆਂ ਫਿਰਕਾ ਆਲਿਫ-ਬੇ ਨੂੰ ਵੱਧ ਤਰਜ਼ੀਹ ਦਿੰਦਾ ਹੈ।

ਅੰਗਰੇਜ਼ਾਂ ਦੇ ਆਉਣ ਨਾਲ ਪੰਜਾਬ ਵਿੱਚ ਤਾਲਮੇਲ਼ ਅਤੇ ਪੜਾਈ ਦਾ ਮਾਧਿਅਮ ਦਾ ਸਵਾਲ ਉੱਠ ਖੜਾ ਹੋ ਗਿਆ। ਸਾਡੇ ਮੁਸਲਮਾਨ ਭਰਾ ਉਰਦੂ ਦੇ ਹੱਕ ਵਿੱਚ ਸਨ ਤਾਂ ਅੰਗਰੇਜ਼ ਉਨਾਂ ਨੂੰ ਬਹੁ-ਗਿਣਤੀ ਹੋਣ ਕਰਕੇ ਅਣਸੁਣੀ ਨਾ ਕਰ ਸਕਿਆ। ਇਸ ਪਿੱਛੋਂ ਪੰਜਾਬ ਦਾ ਹਿੰਦੂ ਭਰਾ ਹਿੰਦੀ ਅਤੇ ਦੇਵ ਨਾਗਰੀ ਦੇ ਹੱਕ ਵਿੱਚ ਭੁਗਤਿਆ।ਇੰਜ ਸਿਰਫ ਸਿੱਖ ਹੀ ਪੰਜਬੀ ਅਤੇ ਗੁਰਮੁਖੀ ਦੇ ਹੱਕ ਵਿੱਚ ਸਨ, ਪਰ ਇਹ ਘੱਟਗਿਣਤੀ ਵਿੱਚ ਸਨ। ਪੰਜਾਬੀ ਅਤੇ ਗੁਰਮਖੀ ਨੂੰ ਅੱਖੋਂ ਪਰੋਖੇ ਕਰਨ ਵਿੱਚ ਸਿੱਖ ਰਾਜਿਆਂ ਦੀ ਵੀ ਗਲਤੀ ਹੈ।

ਜਿਨਾਂ ਨੇ ਆਪਣੇ ਰਾਜ ਦਰਬਾਰ ਦੀ ਬੋਲੀ ਫਾਰਸੀ ਹੀ ਲਾਗੂ ਕਰੀ ਰੱਖੀ। ਅੱਜ ਵੀ ਪੰਜਾਬੀ ਜਿਹੜੇ ਅੰਗਰੇਜ਼ਾਂ ਦੇ ਗੁਲਾਮ ਹਨ ਉਹ ਅੱਜ ਵੀ ਅੰਗਰੇਜ਼ੀ ਰੋਮਨ ਵਿੱਚ ਚਾਈਂ ਚਾਈਂ ਲਿਖਦੇ ਹਨ। ਉਹ ਕਦੇ ਨਹੀ ਕਹਿੰਦੇ ਹਨ ਕਿ ਅੰਗਰੇਜ਼ੀ ਸਾਡੀ ਗੁਲਾਮੀ ਦੀ ਨਿਸ਼ਾਨੀ ਹੈ।

ਇੰਡੀਆ ਨੇ 1947 ਪਿੱਛੋਂ ਵੀ ਅੰਗਰੇਜ਼ੀ ਦਾ ਖਹਿੜਾ ਨਹੀ ਛੱਡਿਆ। ਪਿੱਛੋਂ ਸ਼੍ਰੀਲੰਕਾ ਅਤੇ ਬੰਗਲਾ ਅਜ਼ਾਦ ਹੋਇਆ। ਬੰਗਾਲੀਆਂ ਦਾ ਦਾਅਵਾ ਹੈ ਕਿ ਪੱਛਮੀ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ ਦੇ ਲੋਕਾਂ ਦੀ ਬੋਲੀ ਨੂੰ ਅੱਖੋਂ ਪਰੋਖੇ ਕੀਤਾ। ਅੱਜ ਬੰਗਲਾ ਦੇਸ਼ ਦੀ ਬੋਲੀ ਬੰਗਾਲੀ ਜਾਂ ਬੰਗ ਹੈ ਅਤੇ ਕੋਈ ਨੀ ਕਹਿੰਦਾ ਹੈ ਕਿ ਅਸੀਂ ਬੰਗਾਲੀ ਆਲਿਫ-ਬੇ ਵਿੱਚ ਪੜਣੀ ਅਤੇ ਲਿਖਣੀ ਹੈ। ਪੱਛਮੀ ਪਾਕਿਸਤਾਨ ਵਿੱਚ ਪੰਜਾਬੀ ਉਰਦੂ ਨੂੰ ਆਪਣੇ ਗਲ਼ ਵਿੱਚ ਪਾਈ ਫਿਰਦੇ ਹਨ ਜੇ ਟਾਵਾਂ ਕੋਈ ਪੰਜਾਬੀ ਨਾਲ ਹਮਦਰਦੀ ਕਰਦਾ ਹੈ ਤਾਂ ਉਹ ਮੁਜ਼ਾਹਰਿਆ ਵਿੱਚ ਆਪਣੇ ਮਾਟੋ ਆਲਿਫ-ਬੇ ਵਿੱਚ ਲਿਖਦਾ ਹੈ। ਇੰਜ ਪੰਜਾਬੀ ਦਾ ਮੁਜ਼ਾਹਰਾ ਕਰਕੇ ਪੰਜਾਬੀ ਨੂੰ ਦੋ ਟੁੱਕ ਕਰ ਦਿੱਤਾ। ਪੰਜਾਬੀ ਨੂੰ ਗੁਰਮੁਖੀ ਵਿੱਚ ਲਿਖਣ ਤਾਂ ਹੀ ਸੰਸਾਰ ਵਿੱਚ ਪੰਜਾਬੀ ਕਹਾਉਣ ਦੇ ਹੱਕਦਾਰ ਹਨ। ਪਾਕਿਸਤਾਨ ਵਿੱਚ ਹੁਣ ਕਿਸੇ ਬਾਹਰਲੇ ਦਾ ਰਾਜ ਨਹੀਂ ਹੈ, ਜੇ ਆਪਣੇ ਹੀ ਰਾਜ ਵਿੱਚ ਪੰਜਾਬੀ ਲਾਗੂ ਨਹੀਂ ਕਰ ਸਕਦੇ ਹਨ ਤਾਂ ਕਿਸੇ ਬਾਹਰਲੇ ਦਾ ਕਸੂਰ ਨਹੀ ਹੈ। ਇੰਡੀਆ ਵਿੱਚ ਵੀ ਇੱਕ ਅਜਿਹਾ ਟੋਲਾ ਹੈ ਜੋ ਪੰਜਾਬੀ ਹੁੰਦਿਆਂ ਵੀ ਆਪਣੀ ਬੋਲੀ ਪੰਜਾਬੀ ਰਿਕਾਰਡ ਨਹੀਂ ਕਰਵਾਉਂਦੇ ਹਨ। ਇਸ ਤੋਂ ਛੁੱਟ ਚੰਡੀਗੜ, ਹਰਿਆਣਾ, ਦਿੱਲੀ, ਹਿਮਾਚਲ ਅਤੇ ਉੱਤਰਾਖੰਡ ਵਿੱਚ ਹਿੰਦੀ ਦਰਜ਼ ਕਰਵਾਉਂਦੇ ਹਨ। ਅੱਜ ਤੱਕ ਉਪਰੋਕਤ ਤਪਕੇ ਨੇ ਪੰਜਾਬੀ ਬੋਲੀ ਦੇ ਸਰਕਾਰੀ ਦਰਜੇ ਦੀ ਗੱਲ ਨਹੀ ਕੀਤੀ ਕਿਉਂਕਿ ਉਹ ਅੱਜ ਤੱਕ ਵੀ ਪੰਜਾਬ ਦੇ ਜਿਉਗ੍ਰਾਫੀਏ ਨਾਲ ਮਿਲਣ ਲਈ ਤਿਆਰ ਨਹੀ ਹਨ। ਸਗੋਂ ਉਹ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਦੀਆਂ ਗੱਲਾਂ ਕਰਦੇ ਹਨ ਅਤੇ ਇਸੇ ਤੇ ਅਮਲ ਕਰਦੇ ਹਨ। ਇਹ ਕਿੱਡੀ ਤਰਾਸਦੀ ਦੀ ਗੱਲ ਹੈ ਕਿ ਪੰਜਾਬੀ ਹੀ ਪੰਜਾਬੀ ਅਤੇ ਗੁਰਮੁਖੀ ਦੀ ਬਜਾਏ ਉਹ ਹਿੰਦੀ ਅਤੇ ਉਰਦੂ ਦੀ ਗੱਲ ਕਰਦੇ ਹਨ। ਜਿਸ ਦਾ ਮਤਲਬ ਹੈ ਕਿ ਪੰਜਾਬੀ ਅਜੇ ਤੱਕ ਵੀ ਪੰਜਾਬੀ ਦਾ ਹਿੱਸਾ ਨਹੀਂ ਬਣੇ। ਸੰਸਾਰ ਤੇ ੧੦ਵਾਂ ਸਥਾਨ ਪੰਜਾਬੀ ਦਾ ਹੈ। ਜੇ ਸਾਰੇ ਪੰਜਾਬੀ ਪੰਜਾਬੀ ਨੂੰ ਇੱਕ ਮੇਨ ਸਟ੍ਰੀਮ ਮੰਨ ਕੇ ਪੰਜਾਬੀ ਰਿਕਾਰਡ ਕਰਵਾ ਦੇਣ ਤਾਂ ਪੰਜਾਬੀ ਸੰਸਾਰ ਵਿੱਚ ਅੱਠਵੇਂ ਸਥਾਨ 'ਤੇ ਅਤੇ ਰੂਸੀ ੯ਵੇਂ ਸਥਾਨ ਤੇ ਖਿਸਕ ਜਾਵੇਗੀ।

# ਬੀਬੇ ਗੈਂਗਸਟਰ ਬਨਾਮ ਅਜੋਕੇ ਗੈਂਗਸਟਰ

**ਜੋਧ ਸਿੰਘ ਮੋਗਾ**

ਅੱਜ ਤੋਂ 77 ਸਾਲ ਪਹਿਲਾਂ ਦੀ ਗੱਲ ਕਰਨ ਲੱਗਾ ਹਾਂ, ਜਦੋਂ ਗੈਂਗਸਟਰ ਸ਼ਬਦ ਸ਼ਾਇਦ ਹੀ ਕਿਸੇ ਦੇ ਮੂੰਹੋਂ ਸੁਣਿਆ ਹੋਵੇਗਾ ਅਤੇ ਇਹ ਅੰਗਰੇਜ਼ੀ ਦੀ ਡਿਕਸ਼ਨਰੀ ਵਿਚ ਹੀ ਲੱਭਦਾ ਸੀ। ਅੱਜ ਪੰਜਾਬੀ ਦੇ ਸਾਰੇ ਅਖ਼ਬਾਰਾਂ ਵਿਚ ਹਰ ਥਾਂ ਗੈਂਗਸਟਰ ਸ਼ਬਦ ਦੀ ਵਰਤੋਂ ਹੋ ਰਹੀ ਹੈ। ਮਾਂ-ਬੋਲੀ ਪੰਜਾਬੀ ਦੀ ਬੁੱਕਲ ਬੜੀ ਜੀ ਆਇਆਂ ਕਹਿਣ ਵਾਲੀ ਹੈ, ਇਸ ਨੇ 'ਗੈਂਗਸਟਰ' ਨੂੰ ਵੀ ਆਪਣੀ ਬੁੱਕਲ ਵਿਚ ਲੈ ਲਿਆ ਹੈ ਅਤੇ ਗੈਂਗਸਟਰ ਹੁਣ ਪੰਜਾਬੀ ਹੋ ਗਿਆ ਹੈ। ਦੂਜੀ ਗੱਲ, ਜੇ ਪੰਜਾਬੀ ਯੂਨੀਵਰਸਿਟੀ ਦੀ ਡਿਕਸ਼ਨਰੀ ਦੇਖੀਏ ਤਾਂ ਗੈਂਗਸਟਰ ਦੇ ਅਰਥ ਫ਼ਸਾਦੀ ਅਤੇ ਬਦਮਾਸ਼ ਲਿਖੇ ਹੋਏ ਹਨ- (ਬਦਮਾਅਸ਼ ਫ਼ਾਰਸੀ ਦਾ ਸ਼ਬਦ ਹੈ ਬਦ-ਮੁਆਸ) ਸੋ ਕਿਸੇ ਨੂੰ ਬਦਮਾਸ਼ ਕਹਿਣਾ ਵਧੀਆ ਨਹੀਂ ਲਗਦਾ, ਗਾਲ ਵਰਗਾ ਲਗਦਾ ਹੈ। ਉਸ ਤਰਾਂ ਵੀ ਆਪਾਂ ਬਹੁਤ ਵਾਰੀ ਭੈੜੀ ਗੱਲ ਨੂੰ ਪੰਜਾਬੀ ਦੀ ਥਾਂ ਅੰਗਰੇਜ਼ੀ ਵਿਚ ਕਹਿ ਦਿੰਦੇ ਹਾਂ, ਉਦਾਹਰਨ ਇਕੋ ਹੀ ਬਹੁਤ ਹੈ-ਲੈਟਰੀਨ, ਬਾਥਰੂਮ ਆਦਿ। ਸੋ ਅਖ਼ਬਾਰ ਅਤੇ ਆਪਾਂ ਬਦਮਾਸ਼ ਦੀ ਥਾਂ ਗੈਂਗਸਟਰ ਆਖ ਲੈਂਦੇ ਹਾਂ। ਵੈਸੇ ਅੱਜ ਕੱਲ ਦੇ ਕੁਝ ਨੌਜਵਾਨ ਕਿਸੇ ਮਜਬੂਰੀ ਕਾਰਨ ਕੁਰਾਹੇ ਪੈ ਜਾਂਦੇ ਹਨ ਅਤੇ ਆਪਣੇ ਆਪ ਨੂੰ ਬਦਮਾਸ਼ ਦੀ ਥਾਂ ਗੈਂਗਸਟਰ ਕਹਾਉਣ ਵਿਚ ਹੀ ਫ਼ਖ਼ਰ ਸਮਝਦੇ ਹਨ। ਭਾਈ ਕਾਨ ਸਿੰਘ ਜੀ ਨੇ 'ਬੀਬੇ' ਦੇ ਅਰਥ 'ਭਲਾ' ਅਤੇ 'ਨੇਕ' ਲਿਖੇ ਹਨ ਪਰ ਮੈਂ 'ਬੀਬਾ' ਉਸ ਨੂੰ ਸਮਝਦਾ ਹਾਂ ਜਿਸ ਵਿਚ ਸਾਰੇ ਗੁਣਾਂ ਦਾ ਸੁਮੇਲ ਹੋਵੇ: ਫ਼ਰਮਾਬਰਦਾਰ, ਆਦਰ ਕਰਨ ਵਾਲਾ, ਭਲਾ ਚਾਹੁਣ ਵਾਲਾ, ਹਮਦਰਦ ਅਤੇ ਸਿਆਣਾ ਵੀ ਹੋਵੇ।

ਚਲੋ ਅਸਲੀ ਗੱਲ ਕਰੀਏ, ਮੋਗੇ ਦੇ ਬੀਬੇ ਗੈਂਗਸਟਰਾਂ ਦੀ..., 77 ਸਾਲ ਪਹਿਲਾਂ 1945 ਵਿਚ ਮੈਂ ਦਸਵੀਂ ਦਾ ਇਮਤਿਹਾਨ ਦਿੱਤਾ ਸੀ। ਮੋਗੇ ਵਿਚ ਜਿਸ ਥਾਂ ਅੱਜ ਕੱਲ ਕੈਂਪ ਕੱਪੜਾ ਮਾਰਕੀਟ ਹੈ, ਉੱਥੇ ਰੇਲ ਪਟੜੀ ਦੇ ਨੇੜੇ ਹੀ ਮੋਤੀ ਰਾਮ ਦਾ ਬਾਗ਼ ਸੀ ਅਤੇ ਹਲਟੀ ਲੱਗੀ ਹੋਈ ਸੀ। ਉੱਥੇ ਅਖਾੜਾ ਵੀ ਸੀ ਜਿੱਥੇ ਮੋਗੇ ਦੇ ਨੌਜਵਾਨ ਮੁੰਡੇ ਡੰਡ ਬੈਠਕਾਂ ਮਾਰਦੇ, ਮਾਲਸ਼ਾਂ ਕਰਦੇ, ਘੁਲ਼ਦੇ, ਹਲਟੀ ਗੇੜ ਕੇ ਨਹਾਉਂਦੇ ਅਤੇ ਸਰੀਰ ਬਣਾਉਂਦੇ ਸਨ। ਉਸ ਸਮੇਂ ਮੋਗਾ ਛੋਟਾ ਹੀ ਹੁੰਦਾ ਸੀ ਤੇ 'ਮੋਗਾ ਚਾਹ ਜੋਗਾ' ਹੀ ਕਹਾਉਂਦਾ ਸੀ।

ਪੁਰਾਣੇ ਮੋਗੇ ਸਾਡੇ ਦੁੰਨੇ ਕੇ ਅਗਵਾਰ ਵਿਧਵਾ ਬੇਬੇ ਭੋਲੀ ਰਹਿੰਦੀ ਸੀ। ਉਸ ਦਾ ਇਕੋ-ਇਕ ਮੁੰਡਾ ਸ਼ੇਰਾ ਚੰਗਾ ਜਵਾਨ ਸੀ। ਪੂਰੀ ਲਿਸ਼ਕਦੀ ਟਿੰਡ ਅਤੇ ਤਕੜਾ ਪਹਿਲਵਾਨ। ਉਹ ਵੀ ਰੋਜ਼ ਮੋਤੀ ਰਾਮ ਦੇ ਬਾਗ਼ ਵਿਚ ਆ ਕੇ ਘੁਲ਼ਦਾ ਅਤੇ ਪੱਠਿਆਂ ਨੂੰ ਦਾਅ ਸਿਖਾਉਂਦਾ। ਹੁਣ ਦੂਜਿਆਂ 'ਤੇ ਉਸ ਦੀ ਸਰਦਾਰੀ ਸੀ। ਆਪਣੇ ਆਪ ਨੂੰ ਕੁਝ ਸਮਝਦਾ ਸੀ। ਬਾਕੀ ਮੁੰਡੇ ਉਸ ਤੋਂ ਡਰਦੇ ਅਤੇ ਝੇਪ ਖਾਂਦੇ ਸਨ। ਉਹ ਆਪਣੇ ਆਪ ਨੂੰ ਵੱਡਾ ਬਦਮਾਸ਼ ਅਖਵਾ ਕੇ ਖ਼ੁਸ਼ ਹੁੰਦਾ। ਜੇ ਅੱਜ ਹੁੰਦਾ ਤਾਂ ਆਪਾਂ ਉਸ ਨੂੰ ਗੈਂਗਸਟਰ ਆਖਦੇ। ਉਸ ਨੇ ਆਪਣੇ ਵਰਗੇ ਹੋਰ ਮੁੰਡਿਆਂ ਦੀ ਜੁੰਡਲੀ ਬਣਾ ਲਈ, ਜਿਸ ਨੂੰ ਮਰਜ਼ੀ ਫੜ ਕੇ ਕੁੱਟ ਦੇਣਾ ਅਤੇ ਆਪਣਾ ਦਬਦਬਾ ਕਾਇਮ ਰੱਖਣਾ।

ਉਸ ਸਮੇਂ ਮੋਗੇ ਵਿਚ ਤਿੰਨ ਹੀ ਸਕੂਲ ਸਨ: ਆਰੀਆ, ਦੇਵ ਸਮਾਜ ਅਤੇ ਭੁਪਿੰਦਰਾ



ਖ਼ਾਲਸਾ। ਪਿੰਡ ਚੜਿੱਕ ਵੱਲੋਂ ਵੀ ਪਿੰਡਾਂ ਦੇ ਮੁੰਡੇ ਇਕੱਠੇ ਹੋ ਕੇ ਖ਼ਾਲਸਾ ਸਕੂਲ ਆਉਂਦੇ ਸਨ। ਉਨਾਂ ਵਿਚ ਵੀ ਦੋ ਭਰਾ ਤਕੜੇ ਖਾਂਦੇ ਪੀਂਦੇ ਘਰ ਦੇ ਹੁੰਦੇ ਸਨ, ਬੜੇ ਖਰਾਂਟ। ਕੌਡੀ ਦੇ ਵਧੀਆ ਖਿਡਾਰੀ ਅਤੇ ਮਸ਼ਹੂਰ ਜਾਫੀ। ਵੱਡਾ ਭਰਾ ਰੱਸੇ ਦੀ ਟੀਮ ਦਾ ਕਪਤਾਨ ਅਤੇ ਸਦਾ ਬੀਂਡੀ ਲਗਦਾ ਸੀ। ਹਰ ਮੈਚ ਵਿਚ ਝੰਡੀ। ਉਸ ਦਾ ਚੰਗਾ ਤਕੜਾ ਗਰੁੱਪ ਸੀ ਅਤੇ ਦਬਦਬਾ ਵੀ। ਇਹ ਗੱਲ ਸ਼ੇਰੇ ਨੂੰ ਰੜਕਦੀ ਰਹਿੰਦੀ ਅਤੇ ਸ਼ੇਰਾ ਪੂਰੀ ਖਾਰ ਖਾਂਦਾ ਸੀ।

ਮਾਰਚ ਆ ਗਿਆ ਅਤੇ ਦਸਵੀਂ ਦੇ ਇਮਤਿਹਾਨ ਵੀ। ਉਸ ਸਮੇਂ ਪੰਜਾਬ ਯੂਨੀਵਰਸਿਟੀ ਲਾਹੌਰ ਵੱਲੋਂ ਤਿੰਨਾਂ ਸਕੂਲਾਂ ਦਾ ਇਕੋ ਹੀ ਸੈਂਟਰ ਹੁੰਦਾ ਸੀ, ਡੀਐੱਮ ਕਾਲਜ ਦਾ ਸਾਹਮਣਾ ਹਾਲ। ਪੁਲਿਸ ਨਕਲ ਰੋਕਣ ਵਾਸਤੇ ਜਾਂ ਅੱਜ ਵਾਂਗ ਕਰਾਉਣ ਵਾਸਤੇ ਨਹੀਂ ਸੀ ਹੁੰਦੀ। ਨਕਲ ਦਾ ਰਿਵਾਜ ਹੀ ਨਹੀਂ ਸੀ। ਨਕਲ ਦਾ ਰਿਵਾਜ ਅਜ਼ਾਦੀ ਮਿਲਣ ਤੋਂ ਮਗਰੋਂ ਹੀ ਸ਼ੁਰੂ ਹੋਇਆ। ਚੜਿੱਕ ਵਾਲੇ ਵੱਡੇ ਭਰਾ ਦਾ ਵੀ ਦਸਵੀਂ ਦਾ ਇਮਤਿਹਾਨ ਸੀ। ਤਿੰਨ ਪਰਚੇ ਹੋ ਚੁੱਕੇ ਸਨ, ਦੋ ਅਜੇ ਬਾਕੀ ਸਨ। ਉਸ ਦਿਨ ਸ਼ੇਰੇ ਨੇ ਵੱਡੇ ਭਰਾ ਨੂੰ ਕਾਲਜ ਨੇੜੇ ਬਰਫ਼ ਦੇ ਕਾਰਖਾਨੇ ਅੱਗੇ ਜਿੱਥੇ ਅੱਜ ਈਜ਼ੀ ਡੇ ਹੈ, ਘੇਰ ਲਿਆ। ਦੋ ਚਾਰ ਗਾਲ਼ਾਂ ਅਤੇ ਫਿਰ ਹੱਥੋ-ਪਾਈ। ਮੁੰਡੇ ਨੇ ਹੱਥ ਜੋੜੇ ਅਤੇ ਮਿੰਨਤ ਕੀਤੀ, 'ਬਾਈ, ਮੇਰਾ ਪਰਚਾ ਹੈ ਜਾਣ ਦੇ।' ਸ਼ੇਰਾ ਬਦਮਾਸ਼ ਸੀ ਪਰ ਬੀਬਾ ਸੀ। ਕੁਝ ਸੋਚਿਆ ਹੋਵੇਗਾ। ਸ਼ੇਰੇ ਨੇ ਕਿਹਾ, 'ਪੁੱਤ ਤੈਨੂੰ ਲੱਤ ਹੇਠੋਂ ਦੀ ਲੰਘਾਉਣਾ, ਵੱਡਾ ਬਦਮਾਸ਼ ਬਣਿਆ ਫਿਰਦਾ ਏਂ।' ਸ਼ੇਰੇ ਨੇ ਲੱਤ ਉੱਚੀ ਕੀਤੀ, ਉਹ ਵਿਚਾਰਾ ਸਾਰਿਆਂ ਦੇ ਸਾਹਮਣੇ ਸ਼ੇਰੇ ਦੀ ਲੱਤ ਹੇਠੋਂ ਲੰਘ ਗਿਆ। ਸ਼ੇਰੇ ਨੇ ਬੜਕ ਮਾਰੀ ਅਤੇ ਮੂੰਹ ਅੱਗੇ ਘਸੁੰਨ ਰੱਖ ਕੇ ਬੱਕਰਾ ਬੁਲਾਇਆ। ਗੱਲ ਮੁੱਕੀ। ਮੁੰਡੇ ਨੇ ਪਰਚਾ ਦਿੱਤਾ। ਦੂਜਾ, ਆਖ਼ਰੀ ਪਰਚਾ ਵੀ ਦਿੱਤਾ। ਮੁੱਕਿਆ ਇਮਤਿਹਾਨ, ਸ਼ੁਕਰ ਹੋਇਆ।

ਹਫ਼ਤੇ ਕੁ ਮਗਰੋਂ ਚੜਿੱਕ ਵਾਲਾ ਮੁੰਡਾ ਦੋ ਚਾਰ ਸਾਥੀ ਲੈ ਕੇ ਮੋਗੇ ਆ ਗਿਆ। ਉਨਾਂ ਕੋਲ ਹਾਕੀਆਂ ਹੀ ਸਨ। ਉਹ ਬਲਬੀਰ ਉਲੰਪੀਅਨ ਦਾ ਸਮਾਂ ਸੀ। ਹਾਕੀ ਹੀ ਮੁੱਖ ਖੇਡ ਅਤੇ ਹਥਿਆਰ ਹੁੰਦੀ ਸੀ। ਅੱਜ ਵਾਂਗ ਗੈਂਗਸਟਰਾਂ ਕੋਲ ਬੇਸਬਾਲ, ਬੈਟ, ਪਿਸਤੌਲ, ਚਾਕੂ, ਕਿਰਪਾਨਾਂ ਅਤੇ ਜੀਪਾਂ ਨਹੀਂ ਸੀ ਹੁੰਦੀਆਂ। ਮੁੰਡਿਆਂ ਨੇ ਫਿਰ ਤੁਰ ਕੇ ਸ਼ੇਰੇ ਨੂੰ ਬਾਜ਼ਾਰ ਵਿਚ ਹੀ ਫੜ ਲਿਆ ਤੇ ਚੜਿੱਕ ਵਾਲੇ ਨੇ ਇਕੱਲੇ ਹੀ ਉਸ ਨੂੰ ਢਾਹ ਲਿਆ। ਚੰਗੀ ਖੜਕਾਈ ਕੀਤੀ ਅਤੇ ਕਿਹਾ, 'ਪੁੱਤ ਨਹੀਂ, ਤੂੰ ਵੱਡਾ ਏਂ, ਬਾਈ, ਅੱਜ ਤਿੰਨ ਵਾਰੀ ਮੇਰੀ ਲੱਤ ਹੇਠੋਂ ਦੀ ਲੰਘਣਾ ਪੈਣਾ।' ਤਿੰਨ ਵਾਰੀ ਸ਼ੇਰੇ ਨੂੰ ਲੱਤ ਹੇਠੋਂ ਦੀ ਲੰਘਾਇਆ। ਉਸ ਦੀ ਕਮੀਜ਼ ਅਤੇ ਕੱਛਾ ਲਹਾ ਲਿਆ। ਉਹ ਇਕੱਲੇ ਲੰਗੋਟ ਨਾਲ ਭੱਜਣ ਲੱਗਾ ਤਾਂ ਮੁੰਡੇ ਨੇ ਕਿਹਾ, 'ਬਾਈ, 'ਕੱਲਾ ਜਾਂਗੀਆ ਚੰਗਾ ਨਹੀਂ ਲਗਦਾ।' ਉਸ ਨੂੰ ਉਸ ਦਾ ਕੱਛਾ ਦੇ ਦਿੱਤਾ ਗਿਆ। ਮੁੰਡਿਆਂ ਨੇ ਹਾਕੀ 'ਤੇ ਉਸ ਦੀ ਕਮੀਜ਼ ਟੰਗ ਕੇ ਫਾਟਕਾਂ ਤੋਂ ਲੈ ਕੇ ਅੱਜ ਦੇ ਦੇਵ ਹੋਟਲ ਤੱਕ ਬਾਜ਼ਾਰ ਵਿਚ ਜਲੂਸ ਕੱਢਿਆ ਅਤੇ ਦੱਸਿਆ, 'ਇਹ ਹੈ ਤੁਹਾਡੇ ਮੋਗੇ ਦੇ ਬਦਮਾਸ਼ ਦਾ ਝੱਗਾ।'

ਦੱਸਦੇ ਹਨ ਕਿ ਕੁਝ ਦਿਨ ਮਗਰੋਂ ਮੋਗੇ ਦੇ ਕੁਝ ਸਿਆਣੇ ਬੰਦੇ ਲੈ ਕੇ ਸ਼ੇਰਾ ਚੜਿੱਕ ਗਿਆ। ਸੁਲਾਹ ਕਰਵਾਈ, ਹੱਥ ਮਿਲਾਏ ਅਤੇ ਜੱਫੀ ਵੀ ਪਾਈ ਪਰ ਮੁੜ ਕੇ ਸ਼ੇਰਾ ਮੋਗੇ ਨਹੀਂ ਦਿਸਿਆ, ਆਪਣੇ ਨਾਨਕੀਂ ਚਲਾ ਗਿਆ।

ਉਹ ਸਮਾਂ ਇੰਨਾ ਖ਼ਤਰਨਾਕ ਨਹੀਂ ਸੀ। ਗੈਂਗਸਟਰ ਤਾਂ ਸਨ ਪਰ ਨਸ਼ਾਮੁਕਤ। ਘਿਓ ਪੀਂਦੇ ਸਨ, ਮਾਰੂ ਹਥਿਆਰ ਨਹੀਂ ਸਨ ਰੱਖਦੇ। ਅੱਜ ਦੀਆਂ ਖ਼ਬਰਾਂ ਪੜ ਕੇ ਬੜਾ ਦੁੱਖ ਹੁੰਦਾ ਹੈ।



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਅਜਨਬੀ...

**ਭਾਗ-2,3**



**ਲੇਖਕ : ਆਲਬੇਅਰ ਕਾਮੂ**



**ਅਨੁਵਾਦ : ਮਹਿੰਦਰ ਬੇਦੀ, ਜੈਤੋ**

ਖ਼ੈਰ, ਇਹ ਹਾਲਤ ਕੁਝ ਮਹੀਨੇ ਈ ਰਹੀ। ਬਾਅਦ ਵਿਚ ਹੌਲੀ-ਹੌਲੀ ਮੇਰਾ ਸੋਚਣ ਦਾ ਢੰਗ ਕੈਦੀਆਂ ਵਰਗਾ ਹੁੰਦਾ ਗਿਆ। ਮੈਂ ਮਨ ਈ ਮਨ ਜਾਂ ਤਾਂ ਖੁੱਲ੍ਹੇ ਚੌਂਕ ਵਿਚ ਟਹਿਲਦੇ ਹੋਣ ਦੀ ਕਲਪਨਾ, ਜਾਂ ਆਪਣੇ ਵਕੀਲ ਸਾਹਬ ਦੇ ਆਉਣ ਦੀ ਉਡੀਕ ਕਰਦਾ ਰਹਿੰਦਾ। ਇਸਦੇ ਇਲਾਵਾ ਬਾਕੀ ਸਮੇਂ ਲਈ ਵੀ ਮੈਂ ਇਕ ਅਜਿਹਾ ਤਰੀਕਾ ਲੱਭ ਲਿਆ ਸੀ, ਜਿਹੜਾ ਸੱਚਮੁੱਚ ਬੜਾ ਵਧੀਆ ਸਾਬਤ ਹੋਇਆ। ਅਕਸਰ ਮੈਂ ਸੋਚਦਾ ਹਾਂ ਕਿ ਮੰਨ ਲਓ ਕਦੀ ਅਜਿਹੀ ਮਜ਼ਬੂਰੀ ਆ ਜਾਵੇ ਕਿ ਮੈਨੂੰ ਕਿਸੇ ਰੁੱਖ ਦੀ ਖੋੜ ਵਿਚ ਰਹਿਣਾ ਪਵੇ ਤੇ ਉਪਰਲੇ ਆਸਮਾਨੀ ਟੋਟੇ ਨੂੰ ਦੇਖਦੇ ਰਹਿਣ ਦੇ ਸਿਵਾਏ, ਕਰਨ ਲਈ ਕੁਝ ਹੋਰ ਨਾ ਹੋਵੇ...ਤਾਂ ਉਸ ਹਾਲਤ ਵਿਚ ਵੀ ਤਾਂ ਮੈਂ ਕਿਸੇ ਨਾ ਕਿਸੇ ਤਰਾਂ ਆਪਣੇ-ਆਪ ਨੂੰ ਉਸ ਸਥਿਤੀ ਦੀ ਆਦਤ ਪਾਵਾਂਗਾ ਈ। ਹੌਲੀ-ਹੌਲੀ ਓਵੇਂ ਮਨ ਬਣਾਵਾਂਗਾ...ਅੱਜ ਕੱਲ ਮੈਂ ਉਡੀਕ ਕਰਦਾ ਹਾਂ ਕਿ ਦੇਖਾਂ ਵਕੀਲ ਸਾਹਬ ਕਿਹੜੀ ਅਜਬ ਤੇ ਬੇਢੰਗੀ ਟਾਈ ਲਾ ਕੇ ਆਉਂਦੇ ਨੇ...ਜਾਂ ਜਿਸ ਤਰਾਂ ਇਕ ਦੂਜੀ ਦੁਨੀਆਂ ਵਿਚ ਰਹਿੰਦਾ ਹੋਇਆ, ਮੈਂ ਮੇਰੀ ਨਾਲ ਪਿਆਰ ਦੀ ਜਾਦੂ-ਨਗਰੀ ਵਸਾਉਣ ਦੀ ਉਡੀਕ ਬੜੇ ਸਬਰ ਨਾਲ ਕਰਦਾ ਸੀ...ਉਸੇ ਤਰਾਂ ਹੁਣ ਬੈਠਾ-ਬੈਠਾ ਦੇਖਿਆ ਤੇ ਸੋਚਿਆ ਕਰਾਂਗਾ ਕਿ ਹੁਣ ਚਿੜੀਆਂ ਲੰਘਣਗੀਆਂ..ਹੁਣ ਬਦਲ ਤੈਰਦੇ ਹੋਏ ਆਉਣਗੇ...ਇੱਥੇ ਰੁੱਖ ਦੀ ਖੋੜ ਵਿਚ ਤਾਂ ਬੰਦ ਨਹੀਂ ਨਾ, ਘੱਟੋ-ਘੱਟ। ਹੌਲੀ-ਹੌਲੀ ਆਦਮੀ ਨੂੰ ਸਭ ਕਾਸੇ ਦੀ ਆਦਤ ਪੈ ਜਾਂਦੀ ਏ-ਮੈਨੂੰ ਯਾਦ ਏ, ਇਹ ਮਾਂ ਦਾ ਤਕੀਆ-ਕਲਾਮ ਸੀ। ਉਹ ਹਾਰ ਵੇਲੇ ਇਹੋ ਕਹਿੰਦੀ ਰਹਿੰਦੀ ਸੀ।

ਖ਼ੈਰ, ਏਨਾ ਅੱਗੇ ਜਾ ਕੇ ਸੋਚਣ ਦੀ ਲੋੜ ਨਹੀਂ ਸੀ ਪਈ। ਪਹਿਲੇ ਮਹੀਨੇ ਜ਼ਰੂਰ ਨਾਨੀ ਚੇਤੇ ਆ ਗਈ ਸੀ। ਪਰ ਉਨਾਂ ਦਿਨਾਂ ਨੂੰ ਲੰਘਾਉਣ ਲਈ ਮੈਨੂੰ ਜੋ-ਜੋ ਯਤਨ ਕਰਨੇ ਪਏ, ਸਮਝੋ ਉਨਾਂ ਨੇ ਪਾਰ ਲੰਘਾਇਆ। ਮਸਲਨ, ਔਰਤ ਦੀ ਚਾਹ ਮੈਨੂੰ ਅੰਨਾ ਕਰ ਦਿੰਦੀ ਸੀ ਤੇ ਉਮਰ ਨੂੰ ਦੇਖਦੇ ਹੋਏ ਇਹ ਬਹੁਤਾ ਅਸੁਭਾਵਿਕ ਵੀ ਨਹੀਂ ਸੀ। ਹਾਂ, ਉਸਦੇ ਲਈ ਮੇਰੀ ਦੀ ਤਸਵੀਰ ਈ ਮੇਰੇ ਦਿਮਾਗ਼ ਵਿਚ ਆਉਂਦੀ ਹੋਏ, ਅਜਿਹਾ ਕੁਝ ਨਹੀਂ ਸੀ। ਮੇਰੇ ਉੱਤੇ ਤਾਂ ਜਦੋਂ ਇਹ ਭੂਤ ਸਵਾਰ ਹੁੰਦਾ, ਤਾਂ ਕਦੀ ਇਸ ਔਰਤ ਦਾ ਖ਼ਿਆਲ ਆਉਂਦਾ, ਕਦੀ ਉਸ ਦਾ। ਜਿਨਾਂ-ਜਿਨਾਂ ਨਾਲ ਮੈਂ ਸੰਭੋਗ ਕੀਤਾ ਸੀ, ਕਦੀ ਇਕੋ ਸਮੇਂ ਉਹ ਸਾਰੀਆਂ ਔਰਤਾਂ ਸਾਹਮਣੇ ਆ ਖਲੋਂਦੀਆਂ, ਕਦੀ ਉਹ ਪ੍ਰਸਥਿਤੀਆਂ ਅੱਖਾਂ ਸਾਹਮਣੇ ਆ ਜਾਂਦੀਆਂ, ਜਿਨਾਂ ਵਿਚ ਮੈਂ ਉਨਾਂ ਨਾਲ ਪਿਆਰ ਕੀਤਾ ਸੀ। ਇੱਥੋਂ ਤੱਕ ਉਨਾਂ ਸਾਰੇ ਚਿਹਰਿਆਂ ਤੇ ਮੇਰੀ ਪੁਰਾਣੀ ਵਾਸਨਾ ਦੇ ਪ੍ਰੇਤਾਂ ਨਾਲ ਮੇਰੀ ਕੋਠੜੀ ਭਰ ਜਾਂਦੀ। ਇਸ ਨਾਲ ਮੈਨੂੰ ਮਾਨਸਿਕ ਉਥਲ-ਪੁਥਲ ਤੇ ਬੇਚੈਨੀ ਤਾਂ ਜ਼ਰੂਰ ਹੁੰਦੀ ਸੀ, ਪਰ ਘੱਟੋ-ਘੱਟ ਸਮਾਂ ਤਾਂ ਕੱਟਿਆ ਜਾਂਦਾ ਸੀ।

ਖਾਣੇ ਸਮੇਂ ਰਸੋਈਆਂ ਦੇ ਨਾਲ-ਨਾਲ ਮੁੱਖ ਜੇਲਰ ਵੀ ਗੇੜਾ ਲਾਉਂਦਾ ਸੀ। ਹੌਲੀ-ਹੌਲੀ ਉਸ ਨਾਲ ਮੇਰੀ ਖਾਸੀ ਦੋਸਤੀ ਹੋ ਗਈ। ਔਰਤਾਂ ਵਾਲੀ ਗੱਲ ਅਸਲ ਵਿਚ ਉਸੇ ਨੇ ਛੇੜੀ ਸੀ। ਇਕ ਵਾਰੀ ਬੋਲਿਆ, 'ਇੱਥੇ ਲੋਕ ਇਸੇ ਗੱਲ ਨੂੰ ਲੈ ਕੇ ਸਭ ਤੋਂ ਵੱਧ ਰੋਂਦੇ ਨੇ...।' ਮੈਂ ਵੀ ਕਿਹਾ ਕਿ ਖ਼ੁਦ ਮੈਂ ਵੀ ਵੈਸੀ ਈ ਜ਼ਰੂਰਤ ਮਹਿਸੂਸ ਕਰ ਰਿਹਾਂ। ਮੈਂ ਇਹ ਵੀ ਕਿਹਾ, 'ਇਕ ਤਰਾਂ ਨਾਲ, ਇਹ ਤਾਂ ਬੜੀ ਜ਼ਿਆਦਤੀ ਏ...। ਕਹਾਵਤ ਏ ਮਰੇ ਨੂੰ ਮਾਰੇ ਸ਼ਾਹ ਮਦਾਰ...ਇਕ ਤਾਂ ਆਦਮੀ ਇੱਥੇ ਵੈਸੇ ਈ ਮਰਿਆਂ ਵਰਗਾ ਹੁੰਦਾ ਏ..ਉੱਤੋਂ ਇਹ ਹੋਰ...।' ਜੇਲਰ ਬੋਲਿਆ, 'ਅਸੀਂ ਤਾਂ ਚਾਹੁੰਦੇ ਈ ਇਹੋ ਆਂ। ਵਰਨਾ ਤੁਹਾਨੂੰ ਲੋਕਾਂ ਨੂੰ ਇੱਥੇ ਰੱਖਿਆ ਈ ਕਿਸ ਲਈ ਜਾਂਦਾ ਏ?' ਜਦੋਂ ਮੈਂ ਕਿਹਾ, 'ਮੈਂ ਤੁਹਾਡੀ ਗੱਲ ਨਈਂ ਸਮਝਿਆ।' ਤਾਂ ਜੇਲਰ ਨੇ ਦੱਸਿਆ, 'ਉਹ ਸਭ ਤਾਂ ਅਜ਼ਾਦੀ ਦੇ ਮਜ਼ੇ ਨੇ। ਆਜ਼ਾਦੀ ਖ਼ੁੱਸ ਜਾਣ ਨੂੰ ਈ ਤਾਂ ਸਜ਼ਾ ਕਹਿੰਦੇ ਨੇ।' ਗੱਲ ਨੂੰ ਇਸ ਰੂਪ ਵਿਚ ਮੈਂ ਕਦੀ ਨਹੀਂ ਸੀ ਦੇਖਿਆ। ਪਰ ਹੁਣ ਮੈਂ ਉਸਦਾ ਦ੍ਰਿਸ਼ਟੀਕੋਨ ਵੀ ਸਮਝ ਗਿਆ ਸੀ। ਬੋਲਿਆ, 'ਹਾਂ, ਗੱਲ ਤਾਂ ਸਹੀ ਏ, ਵਰਨਾ ਫੇਰ ਸਜ਼ਾ ਈ ਕਿਸ ਗੱਲ ਦੀ ਹੋਈ?' ਜੇਲਰ ਨੇ ਸਵੀਕਾਰ ਵਿਚ ਸਿਰ ਹਿਲਾਇਆ, 'ਹੋਰ ਕੀ, ਤੂੰ ਇਨਾਂ ਬਾਕੀ ਲੋਕਾਂ ਵਰਗਾ ਨਈਂ। ਆਪਣੀ ਅਕਲ ਤੋਂ ਵੀ ਕੰਮ ਲੈ ਸਕਦਾ ਏਂ। ਇਹ ਲੋਕ ਖ਼ੁਦ



ਨਈਂ ਸੋਚ ਸਕਦੇ। ਫੇਰ ਵੀ ਇਹ ਕੋਈ ਨਾ ਕੋਈ ਤਰੀਕਾ ਲੱਭ ਲੈਂਦੇ ਨੇ। ਇਹ ਲੋਕ ਆਪਸ ਵਿਚ ਈ ਕਰ-ਕਰਾ ਲੈਂਦੇ ਨੇ।' ਕਹਿ ਕੇ ਜੇਲਰ ਤਾਂ ਮੇਰੀ ਕੋਠੜੀ ਵਿਚੋਂ ਚਲਾ ਗਿਆ, ਪਰ ਅਗਲੇ ਦਿਨ ਤੋਂ ਮੈਨੂੰ ਉਸ ਨਾਲ ਨਫ਼ਰਤ ਹੋ ਗਈ।

ਸਿਗਰਟਾਂ ਨਾ ਮਿਲਣਾ, ਇਕ ਦੂਜੀ ਮੁਸੀਬਤ ਸੀ। ਜਿਸ ਸਮੇਂ ਮੈਨੂੰ ਜੇਲ ਲਿਆਂਦਾ ਗਿਆ ਸੀ, ਜੇਲ ਵਾਲਿਆਂ ਨੇ ਮੇਰੀ ਪੇਟੀ, ਬੂਟਾਂ ਦੇ ਫੀਤੇ, ਜੇਬ ਦਾ ਸਾਮਾਨ ਵਗ਼ੈਰਾ ਤਾਂ ਲਏ ਸੋ ਲਏ ਈ, ਇੱਥੋਂ ਤੀਕ ਕਿ ਸਿਗਰਟਾਂ ਵੀ ਨਹੀਂ ਸੀ ਛੱਡੀਆਂ। ਜਦੋਂ ਮੈਨੂੰ ਇਕੱਲੀ ਕੋਠੜੀ ਵਿਚ ਡੱਕ ਦਿੱਤਾ ਗਿਆ, ਉਦੋਂ ਵੀ ਮੈਂ ਕਿਹਾ ਕਿ ਕਮ ਸੇ ਕਮ ਮੈਨੂੰ ਸਿਗਰਟਾਂ ਤਾਂ ਦੇ ਦਿੱਤੀਆਂ ਜਾਣ, ਪਰ ਦੱਸਿਆ ਗਿਆ ਕਿ ਬੀੜੀ-ਸਿਗਰਟ ਪੀਣ ਦੀ ਮਨਾਹੀ ਏ। ਸ਼ਇਦ ਇਸ ਕਰਕੇ ਮੈਨੂੰ ਜਿੰਨਾ ਕਸ਼ਟ ਭੋਗਣਾ ਪਿਆ, ਓਨਾ ਕਿਸੇ ਹੋਰ ਕਾਰਨ ਕਰਕੇ ਨਹੀਂ। ਪਹਿਲੇ ਕੁਝ ਦਿਨ ਤਾਂ ਸੱਚਮੁੱਚ ਈ ਹਾਲਤ ਮੰਦੀ ਹੋ ਗਈ ਸੀ। ਮੈਂ ਸੋਣ ਵਾਲੇ ਫੱਟੇ ਦੀਆਂ ਸਿਲਤਰਾਂ ਲਾਹ-ਲਾਹ ਚੱਬਦਾ-ਚੂਸਦਾ ਰਹਿੰਦਾ। ਸਾਰਾ ਦਿਨ ਮੁਰਦਾਨੀ ਛਾਈ ਰਹਿੰਦੀ ਤੇ ਚਿੱਤ ਘਾਊਂ-ਮਾਊਂ ਹੋਇਆ ਰਹਿੰਦਾ। ਖੋਪੜੀ 'ਚ ਨਹੀਂ ਸੀ ਵੜਦਾ ਕਿ ਆਖ਼ਰ ਇਹ ਲੋਕ ਮੈਨੂੰ ਸਿਗਰਟ ਕਿਉਂ ਨਹੀਂ ਪੀਣ ਦਿੰਦੇ? ਇਸ ਨਾਲ ਕਿਸੇ ਦੇ ਪਿਓ ਦਾ ਕੀ ਜਾਂਦਾ ਸੀ? ਪਿੱਛੋਂ ਇਸਦਾ ਕਾਰਨ ਵੀ ਸਮਝ ਵਿਚ ਆ ਗਿਆ। ਇਹ ਕਟੌਤੀ ਵੀ ਸਜ਼ਾ ਦਾ ਈ ਇਕ ਹਿੱਸਾ ਸੀ। ਪਰ ਜਦੋਂ ਇਹ ਗੱਲ ਸਮਝ ਵਿਚ ਆਈ ਉਦੋਂ ਤਾਂ ਮੇਰੀ ਭਲ਼ ਈ ਮਰ ਚੁੱਕੀ ਸੀ, ਇਸ ਲਈ ਇਹ ਸਜ਼ਾ ਵੀ ਮੇਰੇ ਲਈ ਸਜ਼ਾ ਨਹੀਂ ਸੀ ਰਹੀ।

ਇਹੋ-ਜਿਹੀਆਂ ਛੋਟੀਆਂ-ਛੋਟੀਆਂ ਕਮੀਆਂ ਤੇ ਕਟੌਤੀਆਂ ਨੂੰ ਛੱਡ ਕੇ ਮੈਂ ਬਹੁਤਾ ਦੁਖੀ ਨਹੀਂ ਸੀ ਹੋਇਆ। ਹਾਂ, ਸਾਰੀ ਸਮੱਸਿਆ ਸੀ, ਸਮਾਂ ਲੰਘਾਉਣ ਦੀ। ਖ਼ੈਰ, ਬਾਅਦ ਵਿਚ ਜਦੋਂ ਮੈਂ ਪੁਰਾਣੀਆਂ ਗੱਲਾਂ ਯਾਦ ਕਰਨ ਦੀ ਇਹ ਤਰਕੀਬ ਲੱਭ ਲਈ ਤਾਂ ਅੱਕਣ-ਉਕਤਾਉਣ ਦਾ ਕੋਈ ਸਵਾਲ ਈ ਨਹੀਂ ਸੀ ਰਿਹਾ। ਕਦੀ-ਕਦੀ ਮੈਂ ਆਪਣੀ ਯਾਦ ਸ਼ਕਤੀ ਨੂੰ ਆਪਣੇ ਫਲੈਟ ਦੇ ਸੌਣ ਵਾਲੇ ਕਮਰੇ ਵਿਚ ਲੈ ਜਾਂਦਾ। ਇਕ ਕੋਨੇ ਤੋਂ ਸ਼ੁਰੂ ਕਰਕੇ ਸਾਰੇ ਕਮਰੇ ਵਿਚ ਚੱਕਰ ਲਾਉਂਦਾ। ਵਿਚ-ਵਿਚ ਜਿਹੜੀਆਂ ਚੀਜ਼ਾਂ ਆਉਂਦੀਆਂ ਸਨ, ਉਹਨਾਂ ਸਾਰੀਆਂ ਨੂੰ ਯਾਦ ਕਰਦਾ। ਪਹਿਲੀ ਵਾਰੀ ਤਾਂ ਇਕ ਦੋ ਮਿੰਟ ਵਿਚ ਈ ਸਾਰਾ ਚੱਕਰ ਪੂਰਾ ਹੋ ਗਿਆ। ਪਰ ਜਦੋਂ ਮੁੜ-ਮੁੜ ਇਸ ਕਿਰਿਆ ਨੂੰ ਦੁਹਰਾਇਆ ਤਾਂ ਹਰ ਵਾਰੀ ਪਹਿਲਾਂ ਨਾਲੋਂ ਵੱਧ ਸਮਾਂ ਲੱਗਿਆ। ਮੈਂ ਖਾਸ ਤੌਰ 'ਤੇ ਫਰਨੀਚਰ ਦੀ ਹਰ ਚੀਜ਼ ਦੀ ਕਲਪਨਾ ਅੱਖਾਂ ਸਾਹਵੇਂ ਸਾਕਾਰ ਕਰਦਾ, ਇਕ-ਇਕ ਚੀਜ਼ ਦੇ ਉੱਤੇ ਜਾਂ ਵਿਚ ਰੱਖੇ ਸਾਮਾਨ ਦਾ ਚੇਤਾ ਕਰਦਾ ਤੇ ਅੰਤ ਵਿਚ ਇਨਾਂ ਬਿਓਰਿਆਂ ਦੇ ਵੀ ਬਿਓਰੇ-ਇਕ-ਇਕ ਹਿੱਸੇ, ਟੋਏ, ਪਰਤ ਜਾਂ ਭੁਰੀ ਨੁੱਕਰ ਤੇ ਲੱਕੜੀ ਦੀ ਅਸਲ ਰੰਗਤ ਤੇ ਰੇਸ਼ੇ ਤੀਕ ਯਾਦ ਕਰਦਾ। ਨਾਲ ਈ ਸ਼ੁਰੂ ਤੋਂ ਲੈ ਕੇ ਆਖ਼ਰ ਤੀਕ, ਸਹੀ ਤਰਤੀਬ ਨਾਲ, ਬਿਨਾਂ ਇਕ ਵੀ ਚੀਜ਼ ਛੱਡੇ, ਆਪਣੀ ਇਸ ਖੋਜ ਦੀ ਪੂਰੀ ਦੀ ਪੂਰੀ ਸੂਚੀ ਦਿਮਾਗ਼ ਵਿਚ ਸੁਰੱਖਿਅਤ ਕਰੀ ਜਾਂਦਾ। ਕੁਝ ਹਫ਼ਤੇ ਬਾਅਦ ਨਤੀਜਾ ਇਹ ਹੋਇਆ ਕਿ ਆਪਣੇ ਸੌਣ-ਕਮਰੇ ਦੀ ਸਮਾਨ-ਸੂਚੀ ਤਿਆਰ ਕਰਨ ਵਿਚ ਘੰਟੇ ਬੀਤ ਜਾਂਦੇ। ਦੇਖਿਆ, ਜਿੰਨਾ-ਜਿੰਨਾ ਮੈਂ ਸੋਚਦਾ ਹਾਂ ਓਨੇ ਭੁੱਲੇ ਜਾਂ ਅਣਗੌਲੇ ਬਿਓਰੇ ਮੇਰੀਆਂ ਯਾਦਾਂ ਵਿਚ ਸਾਕਾਰ ਹੁੰਦੇ ਆਉਂਦੇ ਨੇ ਤੇ ਲੱਗਦਾ ਏ ਕਿ ਇਹ ਬਿਓਰੇ ਤਾਂ ਏਨੇ ਨੇ ਕਿ ਕਦੀ ਮੁੱਕਣੇ ਈ ਨਹੀਂ।

ਹਾਂ, ਇਸ ਨਾਲ ਮੈਂ ਏਨਾ ਜਾਣ ਲਿਆ ਕਿ ਜੇ ਆਦਮੀ ਬਾਹਰੀ ਦੁਨੀਆਂ ਦੇ ਸਿਰਫ਼ ਇਕੋ ਦਿਨ ਦਾ ਅਨੁਭਵ ਪ੍ਰਾਪਤ ਕਰ ਲਵੇ ਤਾਂ ਸ਼ਇਦ ਉਸ ਲਈ ਜੇਲ ਵਿਚ ਸੌ ਸਾਲ ਕੱਟਣੇ ਵੀ ਮੁਸ਼ਕਲ ਨਹੀਂ। ਏਨੀਆਂ ਚੀਜ਼ਾਂ ਉਸ ਕੋਲ ਯਾਦ ਕਰਨ ਲਈ ਹੋ ਜਾਣਗੀਆਂ ਕਿ ਉਹ ਕਦੀ ਅੱਕਣ ਦਾ ਨਾਂ ਈ ਨਹੀਂ ਲਵੇਗਾ। ਇਕ ਤਰਾਂ ਨਾਲ ਪੁੱਛਿਆ ਜਾਵੇ ਤਾਂ ਇਹ ਗਨੀਮਤ ਈ ਏ-ਵਰਨਾ ਆਦਮੀ ਹੋਰ ਕਰੇ ਵੀ ਕੀ ਜੇਲ ਵਿਚ!

ਇਸ ਪਿੱਛੋਂ ਸੌਣ ਦਾ ਦੌਰ ਸ਼ੁਰੂ ਹੋਇਆ। ਸ਼ੁਰੂ-ਸ਼ੁਰੂ ਵਿਚ ਤਾਂ ਰਾਤ ਨੂੰ ਵੀ ਠੀਕ ਤਰਾਂ ਨੀਂਦ ਨਹੀਂ ਸੀ ਆਉਂਦੀ ਤੇ ਦਿਨੇਂ ਤਾਂ ਮੈਂ ਕਦੀ ਸੁੱਤਾ ਈ ਨਹੀਂ। ਪਰ ਹੌਲੀ-ਹੌਲੀ ਰਾਤਾਂ ਆਰਾਮ ਨਾਲ ਕੱਟੀਆਂ ਜਾਣ ਲੱਗੀਆਂ। ਇਹੋ ਨਹੀਂ, ਦਿਨੇਂ ਵੀ ਇਕ ਅੱਧੀ ਝਪਕੀ ਲੈ ਲੈਂਦਾ। ਪਿਛਲੇ ਮਹੀਨੇ ਤਾਂ ਚੌਵੀਆਂ ਵਿਚੋਂ ਸੋਲਾਂ ਜਾਂ ਅਠਾਰਾਂ ਘੰਟੇ ਵੀ ਸੌਂਦਾ ਰਿਹਾ ਹਾਂ ਮੈਂ। ਰਹਿ ਜਾਂਦੇ ਬਾਕੀ ਛੇ ਘੰਟੇ, ਸੋ ਇਹਨਾਂ ਵਿਚ ਖਾਣਾ-ਪੀਣਾ, ਨਿੱਤ-ਕਿਰਿਆ... ਯਾਦਾਂ ਤੇ ਚੈਕੋਸਲਵਾਕੀਆ ਵਾਲੇ ਆਦਮੀ ਦੀ ਕਹਾਣੀ...।

ਇਕ ਦਿਨ ਗੱਦੇ ਦੀ ਜਾਂਚ ਕਰ ਰਿਹਾ ਸੀ ਕਿ ਉਸਦੇ ਹੇਠਾਂ ਧਸਿਆ ਅਖ਼ਬਾਰ ਦਾ ਇਕ ਪੰਨਾ ਹੱਥ ਆ ਗਿਆ। ਕਾਗਜ਼ ਏਨਾ ਪੁਰਾਣਾ ਹੋ ਗਿਆ ਸੀ ਕਿ ਪੀਲਾ ਪੈ ਗਿਆ ਸੀ ਤੇ ਉਸਦੇ ਆਰ-ਪਾਰ ਦਿਖਾਈ ਦਿੰਦਾ ਸੀ। ਪਰ ਛਪੇ ਅੱਖਰ ਜਿਵੇਂ ਕਿਵੇਂ ਪੜੇ ਜਾ ਸਕਦੇ ਸਨ। ਉਹ ਕੋਈ ਅਪਰਾਧ ਕਥਾ ਸੀ। ਸ਼ੁਰੂ ਦਾ ਹਿੱਸਾ ਗ਼ਾਇਬ ਸੀ, ਪਰ ਇਹ ਸਮਝ ਵਿਚ ਆ ਜਾਂਦਾ ਸੀ ਕਿ ਘਟਨਾ ਸਥਾਨ ਚੈਕੋਸਲਵਾਕੀਆ ਦਾ ਕੋਈ ਪਿੰਡ ਏ। ਕੋਈ ਪਿੰਡ ਵਾਲਾ ਆਪਣੀ ਕਿਸਮਤ ਆਜ਼ਮਾਉਣ ਲਈ ਪ੍ਰਦੇਸ ਚਲਾ ਗਿਆ। ਪੱਚੀ ਸਾਲ ਬਾਅਦ ਕਾਫ਼ੀ ਕਮਾ-ਜੋੜ ਕੇ, ਘਰਵਾਲੀ ਤੇ ਬੱਚਿਆਂ ਨਾਲ ਆਪਣੇ ਪਿੰਡ ਪਰਤਿਆ। ਇੱਧਰ ਉਸਦੀ ਮਾਂ ਤੇ ਭੈਣ, ਉਸੇ ਪਿੰਡ ਵਿਚ ਈ ਹੋਟਲ ਚਲਾਉਣ ਲੱਗੀਆਂ ਸਨ। ਅਚਾਨਕ ਜਾ ਕੇ ਉਨਾਂ ਨੂੰ ਹੈਰਾਨ ਕਰ ਦੇਣ ਦੇ ਖ਼ਿਆਲ ਨਾਲ ਉਸਨੇ ਘਰਵਾਰੀ ਤੇ ਬੱਚਿਆਂ ਨੂੰ ਤਾਂ ਦੂਜੀ ਸਰਾਂ ਵਿਚ ਛੱਡਿਆ ਤੇ ਖ਼ੁਦ ਕਿਸੇ ਦੂਜੇ ਨਾਂ ਨਾਲ ਕਮਰਾ ਲੈ ਕੇ ਮਾਂ ਦੇ ਹੋਟਲ ਵਿਚ ਠਹਿਰ ਗਿਆ। ਮਾਂ-ਭੈਣ ਨੂੰ ਸੁਪਨੇ ਵਿਚ ਵੀ ਚੇਤਾ ਨਹੀਂ ਸੀ ਕਿ ਉਹ ਉਨਾਂ ਦਾ ਪੁੱਤਰ ਜਾਂ ਭਰਾ ਏ। ਉਹ ਪਛਾਣ ਈ ਨਹੀਂ ਸੀ ਸਕੀਆਂ। ਰਾਤ ਨੂੰ ਖਾਣਾ-ਖਾਣ ਵੇਲੇ ਉਸਨੇ ਆਪਣੀ ਕਮਾਈ ਹੋਈ ਰਕਮ ਉਨਾਂ ਨੂੰ ਦਿਖਾ ਦਿੱਤੀ। ਉਨਾਂ ਕੰਬਖ਼ਤਾਂ ਨੇ ਰਾਤੋ-ਰਾਤ ਉਸਦਾ ਕੰਮ ਤਮਾਮ ਕਰ ਦਿੱਤਾ ਤੇ ਮਾਲ-ਮੱਤਾ ਸਾਂਭ ਕੇ ਲਾਸ਼ ਨਦੀ ਵਿਚ ਸੁੱਟ ਦਿੱਤੀ। ਅਗਲੇ ਦਿਨ ਉਸਦੀ ਘਰਵਾਲੀ ਆਈ ਤੇ ਉਸਨੇ ਬਿਨਾਂ ਸੋਚੇ ਸਮਝੇ ਦੱਸਿਆ ਕਿ ਉਹ ਆਦਮੀ ਕੌਣ ਸੀ। ਹੁਣ ਤਾਂ, ਮਾਂ ਨੇ ਫਾਹਾ ਲਾ ਲਿਆ ਤੇ ਭੈਣ ਖ਼ੂਹ ਵਿਚ ਛਾਲ ਮਾਰ ਗਈ-ਇਹ ਸੀ ਕਹਾਣੀ। ਇਸ ਨੂੰ ਮੈਂ ਹਜ਼ਾਰਾਂ ਵਾਰੀ ਪੜਿਆ ਹੋਵੇਗਾ। ਇਕ ਤਰਾਂ ਨਾਲ ਦੇਖਦਾ ਤਾਂ ਗੱਲ ਬੜੀ ਅਸੰਭਵ ਲੱਗਦੀ, ਦੂਜੇ ਪਾਸੇ ਸੋਚਣ 'ਤੇ ਕਾਫ਼ੀ ਤਰਕ ਸੰਗਤ ਦਿਖਾਈ ਦਿੰਦੀ। ਖ਼ੈਰ ਜੀ, ਮੇਰੇ ਹਿਸਾਬ ਨਾਲ ਤਾਂ ਉਸ ਆਦਮੀ ਨੇ ਜਾਣ-ਬੁੱਝ ਕੇ ਮੁਸੀਬਤ ਮੁੱਲ ਲਈ। ਇਸ ਤਰਾਂ ਦੀ ਬੇਵਕੂਫ਼ੀ ਆਦਮੀ ਕਰੇ ਈ ਕਿਉਂ?

ਸੋ ਨੀਂਦ ਦੀਆਂ ਇਹਨਾਂ ਲੰਮੀਆਂ ਝੁੱਟੀਆਂ ਦੌਰਾਨ, ਆਪਣੀਆਂ ਪੁਰਾਣੀਆਂ ਗੱਲਾਂ ਨੂੰ ਚੇਤੇ ਕਰਨ ਤੇ ਅਖ਼ਬਾਰ ਦੇ ਕਹਾਣੀ ਵਾਲੇ ਟੁਕੜੇ ਨੂੰ ਪੜਨ ਦੇ ਦੌਰਾਨ, ਹਨੇਰੇ ਤੇ ਚਾਨਣ ਦੇ ਜਵਾਰ-ਭਾਟੇ ਆਉਂਦੇ-ਜਾਂਦੇ ਰਹੇ-ਸਮਾਂ ਬੀਤਦਾ ਗਿਆ। ਮੈਂ ਪੜਿਆ ਜ਼ਰੂਰ ਸੀ ਕਿ ਜੇਲ ਵਿਚ ਆਦਮੀ ਸਮੇਂ ਦਾ ਗਿਆਨ ਨਹੀਂ ਰੱਖ ਸਕਦਾ, ਪਰ ਮੇਰੇ ਲਈ ਇਸਦਾ ਕੋਈ ਨਿਸ਼ਚਿਤ ਅਰਥ ਨਹੀਂ ਸੀ ਰਿਹਾ। ਕਦੀ ਮੇਰੀ ਸਮਝ ਵਿਚ ਨਹੀਂ ਆਇਆ ਸੀ ਕਿ ਦਿਨ ਇਕੋ ਵੇਲੇ ਈ ਲੰਮਾ ਤੇ ਛੋਟਾ ਕਿੰਜ ਹੋ ਸਕਦਾ ਏ? ਅੱਛਾ ਮੰਨ ਲਓ ਕਿ ਆਦਮੀ ਨੂੰ ਇਕ-ਇਕ ਪਲ ਕਰਕੇ ਸਾਰਾ ਸਮਾਂ ਕੱਟਣਾ ਪਏ ਤਾਂ ਸ਼ਇਦ ਦਿਨ ਬੜਾ ਲੰਮਾ ਵੀ ਲੱਗੇ, ਪਰ ਫੇਰ ਵੀ ਆਖ਼ਰ ਏਨਾਂ ਲੰਮਾਂ ਕਿੰਜ ਹੋ ਜਾਵੇਗਾ ਕਿ ਉਸਦੇ ਖ਼ਤਮ ਹੁੰਦਿਆਂ ਨਾ ਹੁੰਦਿਆਂ, ਦੂਜਾ ਦਿਨ ਸ਼ੁਰੂ ਹੋ ਜਾਵੇ? ਦਿਨਾਂ ਨੂੰ ਸੱਚਮੁੱਚ ਅਜੇ ਤੀਕ ਮੈਂ ਇਸ ਰੂਪ ਵਿਚ ਨਹੀਂ ਗ੍ਰਹਿਣ ਕਰ ਸਕਿਆ ਸੀ, 'ਬੀਤਿਆ ਕੱਲ' ਤੇ 'ਆਉਣ ਵਾਲਾ ਕੱਲ' ਅਜੇ ਵੀ ਮੇਰੇ ਲਈ ਸਾਰਥਕ ਸ਼ਬਦ ਸਨ।

ਇਕ ਦਿਨ ਸਵੇਰੇ-ਸਵੇਰੇ ਜਦੋਂ ਵਾਰਡਰ ਨੇ ਦੱਸਿਆ ਕਿ ਮੈਨੂੰ ਜੇਲ 'ਚ ਛੇ ਮਹੀਨੇ ਹੋ ਚੁੱਕੇ ਨੇ, ਤਾਂ ਮੈਂ ਮੰਨ ਲਿਆ। ਪਰ ਇਨਾਂ ਸ਼ਬਦਾਂ ਦਾ ਮੇਰੇ ਲਈ ਕੋਈ ਅਰਥ ਨਹੀਂ ਸੀ। ਕੋਠੜੀ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਮੇਰੇ ਲਈ ਤਾਂ ਇਕੋ ਦਿਨ ਈ ਸੀ ਤੇ ਇਸ ਸਾਰੇ ਸਮੇਂ ਵਿਚ ਮੈਂ ਤਾਂ ਇਕੋ ਕੰਮ ਵਿਚ ਈ ਲੱਗਿਆ ਰਿਹਾ ਸੀ।

ਜੇਲਰ ਚਲਾ ਗਿਆ ਤਾਂ ਮੈਂ ਆਪਣਾ ਪਾਣੀ ਪੀਣ ਵਾਲਾ ਗੜਵਾ ਖ਼ੂਬ ਘਿਸਾ-ਘਿਸਾ ਕੇ ਚਮਕਾਇਆ ਤੇ ਉਸ ਵਿਚ ਆਪਣੇ ਚਿਹਰੇ ਨੂੰ ਦੇਖਣ ਲੱਗਾ। ਚਿਹਰੇ 'ਤੇ ਭਿਆਨਕ ਗੰਭੀਰ ਭਾਵ ਛਾਏ ਸਨ। ਮੈਂ ਮੁਸਕਰਾਉਂਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਅੰਤਰ ਨਹੀਂ ਪਿਆ। ਗੜਵੇ ਨੂੰ ਟੇਢਾ-ਤਿਰਛਾ ਕਰਕੇ ਕਈ ਪਾਸਿਓਂ ਦੇਖਿਆ ਪਰ ਚਿਹਰੇ 'ਤੇ ਉਹੀ ਮਨਹੂਸ ਉਦਾਸੀ ਦਿਸਦੀ ਰਹੀ।

ਸ਼ਾਮ ਉੱਤਰ ਆਈ ਸੀ। ਇਨਾਂ ਛਿਣਾਂ ਨੂੰ ਮੈਂ 'ਬੇਨਾਮ ਛਿਣ' ਕਹਿੰਦਾ ਹਾਂ। ਕਾਸ਼, ਉਸ ਦਿਨ ਦੇ ਇਹਨਾਂ ਛਿਣਾਂ 'ਚ ਮੈਂ ਚੁੱਪ ਈ ਰਹਿੰਦਾ। ਜੇਲ ਦੇ ਹਰੇਕ ਕਮਰੇ ਤੇ ਹਰੇਕ ਕੋਠੜੀ 'ਚੋਂ ਸੰਧਿਆ ਦੇ ਸੁਰ ਉਦਾਸ ਤੇ ਮਨਹੂਸ ਜਲੂਸਾਂ ਵਾਂਗ ਉਤਾਂਹ ਉੱਠ ਰਹੇ ਸਨ। ਮੈਂ ਜੰਗਲੇ ਕੋਲ ਆ ਕੇ ਖੜਾ ਹੋ ਗਿਆ ਤੇ ਡੁੱਬਦੀਆਂ ਕਿਰਨਾ ਵਿਚ ਇਕ ਵਾਰ ਫੇਰ ਆਪਣੀ ਪ੍ਰਛਾਈਂ ਦੇਖਣ ਲੱਗਾ। ਉਹੀ ਪਹਿਲਾਂ ਵਰਗਾ ਸੰਜੀਦਾ ਚਿਹਰਾ ਸੀ। ਇਸ ਸਮੇਂ ਮੈਂ ਖ਼ੁਦ ਅੰਦਰੋਂ ਸੰਜੀਦਾ ਹੋ ਚੁੱਕਿਆ ਸੀ-ਇਸ ਲਈ ਇਸ ਵਾਰੀ ਤ੍ਰਬਕਿਆ ਨਹੀਂ। ਪਰ ਠੀਕ ਉਸੇ ਸਮੇ ਕੰਨਾਂ ਵਿਚ ਉਹ ਸੁਰ ਸੁਣਾਈ ਦਿੱਤਾ ਜਿਹੜਾ ਮਹੀਨਿਆਂ ਤੋਂ ਨਹੀਂ ਸੀ ਸੁਣਿਆ... ਕੋਈ ਬੋਲ ਰਿਹਾ ਸੀ। ਨਹੀਂ ਮੈਨੂੰ ਕਤਈ ਗ਼ਲਤ-ਫਹਿਮੀ ਨਹੀਂ ਸੀ ਹੋਈ, ਇਹ ਮੇਰੇ ਆਪਣੇ ਬੋਲਣ ਦੀ ਆਵਾਜ਼ ਈ ਸੀ। ਪਿਛਲੇ ਕਈ ਦਿਨਾਂ ਦਾ ਜਿਹੜਾ ਸੁਰ ਲਗਾਤਾਰ ਮੇਰੇ ਕੰਨਾਂ ਵਿਚ ਵੱਜ ਰਿਹਾ ਸੀ, ਉਸਨੂੰ ਮੈਂ ਪਛਾਣ ਲਿਆ ਸੀ। ਅੱਛਾ, ਤਾਂ ਹੁਣ ਸਮਝਿਆ, ਇਹਨਾਂ ਸਾਰੇ ਦਿਨਾਂ ਵਿਚ ਆਪਣੇ-ਆਪ ਨਾਲ ਈ ਗੱਲਾਂ ਕਰਦਾ ਰਿਹਾ ਆਂ।

ਤੇ ਉਦੋਂ ਈ ਕਦੀ ਕਿਸੇ ਦੀ ਆਖੀ ਇਕ ਗੱਲ ਚੇਤੇ ਆ ਗਈ। ਮਾਂ ਦੀ ਅੰਤੇਸ਼ਟੀ ਵਾਲੇ ਦਿਨ ਨਰਸ ਨੇ ਕੋਈ ਗੱਲ ਆਖੀ ਸੀ-ਨਾ, ਹੁਣ ਤਾਂ ਕੋਈ ਪੰਧ ਨਹੀਂ ਰਹਿ ਗਿਆ-ਕੈਸੀਆਂ ਹੁੰਦੀਆਂ ਨੇ ਜੇਲ ਦੀਆਂ ਉਹ ਉਦਾਸ ਸ਼ਾਮਾਂ...ਕਿੰਨਾ ਮਹਿਸੂਸ ਹੁੰਦਾ ਏ ਉਹ ਸਮਾਂ, ਦੂਜਾ ਕੋਈ ਕਿੰਜ ਕਲਪਨਾ ਕਰ ਸਕਦਾ ਏ?

(ਚਲਦਾ...)

# 'ਸ਼ਬਦ ਗੁਰ ਪੀਰਾ'

## ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

### ਗੁਰੂ ਗ੍ਰੰਥ ਸਾਹਿਬ ਜੀ : ਸ਼ਬਦ ਗੁਰ ਪੀਰਾ

ਅਗਿਆਨ ਅਤੇ ਵਹਿਮਾਂ ਭਰਮਾਂ ਵਿਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿਚ ਆਉਂਦੇ ਹਨ। ਅੱਠਵੀਂ ਸਦੀ ਮੱਧਕਾਲ ਵਿਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਬਨਾਰਸ ਵਿਚ ਹੋਇਆ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਇਸ ਲਹਿਰ ਦੇ ਬਾਨੀ ਸਮਾਜ ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਨਾਲ ਜੋੜਿਆ। ਸੂਫ਼ੀਆਂ ਵਾਂਗ ਆਪਣੀ ਰਚਨਾਂ ਨੂੰ ਰਾਗਾਂ ਵਿਚ ਗਾਇਆ। ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਸਾਹਿਬ ਜੀ ਨੇ ਇਸ ਅਧਿਆਤਮਕ ਕਾਰਜ ਨੂੰ ਬੜੀ ਸ਼ਿੱਦਤ ਨਾਲ ਕ੍ਰਾਂਤੀਕਾਰੀ ਢੰਗ ਨਾਲ ਪਸਾਰਿਆ। ਬਾਕੀ ਗੁਰੂਆਂ ਨੇ ਵੀ ਰੱਬੀ ਬਾਣੀ ਦਾ ਪ੍ਰਚਾਰ ਕਰਦਿਆਂ ਇਸ ਕਾਰਜ ਨੂੰ ਵਧਾਇਆ।

ਸਿੱਖ ਧਰਮ ਦੀ ਉਨਤੀ ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਉਪਰੰਤ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਅਨੁਭਵ ਕੀਤਾ ਕਿ ਅਜਿਹੇ ਧਰਮ ਗ੍ਰੰਥ ਦੀ ਲੋੜ ਹੈ ਜਿਸ ਵਿਚ ਜਾਤ ਪਾਤ ਦੇ ਵਿਤਕਰਿਆਂ ਤੋਂ ਉਪਰ ਉਠ ਕੇ ਗੁਰਬਾਣੀ ਦਰਜ ਕੀਤੀ ਜਾਵੇ, ਜਿਸ ਦੇ ਗਿਆਨ ਅਤੇ ਅਮਲ ਨਾਲ ਸਮੁੱਚੀ ਮਾਨਵਤਾ ਦਾ ਕਲਿਆਣ ਹੋ ਸਕੇ। ਜਿਵੇਂ ਪ੍ਰਮਾਤਮਾ ਸਰਬ ਵਿਆਪੀ ਹੈ। ਉਸ ਦਾ ਉਪਦੇਸ਼ ਹੀ ਸਰਬ ਵਿਆਪਕ ਹੈ।

ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪੀ ਸਦੀਵੀ ਗੁਰੂ ਹਨ। ਅਜਿਹਾ ਗ੍ਰੰਥ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ, ਜਿਸ ਦੀ ਸਿੱਖਿਆ, ਭਾਵਨਾ, ਚਿੰਤਨ, ਦ੍ਰਿਸ਼ਟੀਕੋਣ ਜਨ ਕਲਿਆਣ ਵਾਸਤੇ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਗੁਰਬਾਣੀ ਦੇ ਉਪਦੇਸ਼ ਤੋਂ ਨਿਰੰਕਾਰ ਨਾਲ ਜੁੜਨ ਦੀ ਸੋਝੀ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਹਰ ਗੁਰਦੁਆਰਾ ਸਾਹਿਬ ਵਿਖੇ ਹੁੰਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਅਤੇ ਸ਼ਕਤੀ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪ੍ਰਮਾਤਮਾ ਦਾ ਸਤਿਕਾਰ ਹੈ 'ਸ਼ਬਦ ਗੁਰ ਵੀਰਾ।'

ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ, ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾ ਨੂੰ ਸੰਭਾਲਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਬਾਣੀ ਹੈ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਰੱਬੀ ਬਾਣੀ ਦਾ ਸੰਪਾਦਨ ਕੀਤਾ ਤਾਂ ਆਪ ਜੀ ਨੇ ਭਗਤੀ ਦੇ ਜੋਗ ਨੂੰ ਜਿੱਤ ਲਿਆ ਹੈ। ਭਾਵ ਆਪ ਨੇ ਭਗਤੀ ਦਾ ਮਿਲਾਪ ਪਾ ਲਿਆ ਹੈ। ਹਰੀ ਨੇ ਆਪ ਨੂੰ 'ਜਨਕ' ਪੈਦਾ ਕੀਤਾ ਹੈ। ਆਪ ਨੇ ਗੁਰੂ ਸ਼ਬਦ ਨੂੰ ਪ੍ਰਗਟ ਕੀਤਾ ਹੈ। ਹਰੀ ਆਪ ਨੇ ਜੀਭ ਤੇ ਵਸਾਇਆ ਹੈ। ਅੰਗ-1407

ਰੱਬੀ ਬਾਣੀ ਤੋਂ ਪ੍ਰਚਲਤ ਆਰੀਆ ਭਾਸ਼ਾ ਦਾ ਮਿਸ਼ਰਣ ਹੈ। ਜਿਵੇਂ ਲੋਕ ਭਾਸ਼ਾ, ਸੰਤ ਭਾਸ਼ਾ, ਜਿਸ ਦਾ ਕਾਵਿ ਰੂਪ ਪੰਜਾਬੀ ਸਾਹਿਤ ਦੀ ਬੇਸ਼ਕੀਮਤੀ ਵਿਧਾ ਹੈ। ਪ੍ਰਮਾਤਮਾ ਦੀ ਉਸਤਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਦ ਕਾਵਿਕ ਸੰਗੀਤ ਦਾ ਰਹੱਸਮਈ ਪ੍ਰਵਾਹ ਚਲਦਾ ਹੈ। ਜੋ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੀ ਬਾਣੀ ਪੋਥੀ ਰੂਪ ਵਿਚ ਗੁਰੂ ਅੰਗਤ ਦੇਵ ਸਾਹਿਬ ਜੀ ਨੂੰ ਸੌਂਪੀ ਗਈ। ਫਿਰ ਅਮਰ ਦਾਸ ਸਾਹਿਬ ਜੀ ਨੇ ਗੁਰੂ ਰਾਮਦਾਸ ਜੀ ਤੋਂ ਇਕੱਤਰ ਹੁੰਦੀ ਗਈ। ਜਿਸ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ। ਬਾਣੀ ਦੀ ਘੋਖ ਅਤੇ ਵਾਚਨ ਰਾਮ ਸਰੋਵਰ ਦੇ ਰਮਣੀਕ ਕੰਢੇ ਨਿਭਾਈ ਗਈ। ਗੁਰਬਾਣੀ ਦੇ ਸੰਪਾਦਨ ਦਾ ਕਾਰਜ 1601-1604 ਈ. ਤੱਕ ਸੰਪੂਰਨ ਹੋਇਆ। ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੰਨ ਹੋਇਆ। ਉਪਰੰਤ 1 ਸਤੰਬਰ 1604 ਨੂੰ ਆਦਿ ਗ੍ਰੰਥ ਇਕ ਨਗਰ ਕੀਰਤਨ ਦੇ ਰੂਪ ਵਿਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਸਾਹਿਬ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਦੀ ਹਜ਼ੂਰੀ ਵਿਚ ਬੈਠੀਆਂ। ਪਹਿਲੇ ਪ੍ਰਕਾਸ਼ ਸਮੇਂ ਹੁਕਮਨਾਮਾ ਪ੍ਰਾਪਤ ਹੋਇਆ : ਸੂਹੀ ਮਹੱਲਾ ਪੰਜਵਾਂ : ਸੰਤਾਂ ਕੇ ਕਾਰਿਜ ਆਪਿ ਖਲੋਇਆ ਹਰਿ ਕੰਮ ਕਰਵਾਣਿ ਆਇਆ ਰਾਮ॥ ਅੰਗ 783

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਇਕੱਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ 1705 ਈ. ਵਿਚ ਸੰਪੂਰਨਤਾ ਬਖਸ਼ੀ। ਅਕਤੂਬਰ 20,1708 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਇਕ ਦਿਨ ਪਹਿਲਾਂ ਨਾਂਦੇੜ ਸਾਹਿਬ ਵਿਖੇ ਗੁਰਿਆਈ 'ਆਦਿ ਗੁਰੂ ਗ੍ਰੰਥ ਸਾਹਿਬ' ਜੀ ਦੀ ਸਿੱਖਿਆ ਤੇ ਚੱਲਣ ਦਾ ਆਦੇਸ਼ ਦਿੱਤਾ। ਉਨਾਂ ਦੇ ਹੁਕਮ ਅਨੁਸਾਰ 'ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਚੱਲਣ ਦਾ ਆਦੇਸ਼ ਦਿੱਤਾ। ਉਨਾਂ ਦੇ ਹੁਕਮ ਅਨੁਸਾਰ 'ਗੁਰੂ ਗ੍ਰੰਥ ਸਾਹਿਬ ਜੀ ਹਰ ਸਿੱਖ ਦੇ ਗੁਰੂ ਹਨ। ਰੋਜ਼ਾਨਾ ਅਰਦਾਸ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ 'ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ' ਨੂੰ ਦੁਹਰਾਇਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਸਿੱਖੀ ਦਾ ਧੁਰਾ ਹੈ। ਸਿੱਖ ਪੰਥ ਲਈ ਸ਼ਰਧਾ ਤੇ ਪ੍ਰੇਰਨਾ ਦਾ ਸਰੋਤ ਹੈ। ਇਸ ਦੀ ਅਗਵਾਈ ਹੇਠ ਹੀ ਸਿੱਖ ਕੌਮ ਦਾ ਗੌਰਵਮਈ ਵਿਰਸਾ ਅਤੇ ਇਤਿਹਾਸ ਹੈ। ਗੁਰਬਾਣੀ ਜੀਵਨ ਦੇ ਹਰ ਪਹਿਲੂ ਜਿਵੇਂ : ਅਧਿਆਤਮਕ, ਸਮਾਜਿਕ, ਰਾਜਸੀ ਅਤੇ ਆਰਥਿਕ ਉਨਤੀ ਲਈ ਅਗਵਾਈ ਕਰਦੀ ਹੈ। ਸਿੱਖ ਧਰਮ ਵਿਚ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਸਤਿਕਾਰਯੋਗ ਅਤੇ ਸਰਬਉੱਚ ਦਰਜਾ ਪ੍ਰਾਪਤ ਹੈ। ਸ਼ਬਦ ਗੁਰੂ ਨੇ ਸਿੱਖ ਪੰਥ ਦੀ ਹਮੇਸ਼ਾ ਅਗਵਾਈ ਕੀਤੀ ਹੈ। ਧੁਰ ਕੀ ਬਾਣੀ ਜੁਗੋ ਜੁਗ ਅਟੱਲ ਹੈ। ਕੇਵਲ ਬਾਣੀ ਹੀ ਪ੍ਰਮਾਣਿਕ ਗੁਰੂ ਹੈ। ਗੁਰੂ ਦੇ ਸ਼ਬਦ ਨੂੰ ਹੀ ਵਿਚਾਰੋ : ਇਹੀ ਸਦਾ ਥਿਰ ਰਹਿਣ ਵਾਲਾ ਸੌਦਾ ਹੈ। ਇਹੀ ਸੱਚੀ ਹੱਟ ਹੈ। ਜਿਸ ਵਿਚ ਰਤਨਾਂ ਦੇ ਭੰਡਾਰ ਭਰੇ ਪਏ ਹਨ। ਜੇ ਦੇਣ ਵਾਲਾ ਹਰੀ ਦੇਵੇ ਤਾਂ ਇਹ ਖ਼ਜਾਨੇ ਸਤਿਗੁਰ ਦੀ ਕ੍ਰਿਪਾ ਨਾਲ ਮਿਲਦੇ ਹਨ। ਅੰਗ-646

ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿਚ ਵੰਡੇ। ਹੁਣ 1430 ਅੰਗਾਂ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਰਾਖਵੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਮਨੁੱਖਤਾ ਦੇ ਜੀਵਨ ਜਾਚ ਦੀ ਅਗਵਾਈ ਕਰਦੇ ਹਨ। ਸੰਗਤਾਂ ਦੇ ਅਥਾਹ ਵਿਸ਼ਵਾਸ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਭਾਣੇ ਵਿਚ ਰਹਿ ਕੇ ਚੜਦੀ ਕਲਾ ਦਾ ਵਿਸ਼ਵਾਸ਼ ਮਿਲਦਾ ਹੈ। ਜੀਵਨ ਵਿਚ ਉਤਸ਼ਾਹ ਅਤੇ ਖੇੜਾ ਆਉਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਸੁਤੰਤਰ ਖ਼ਾਲਸਾ ਸਾਮਰਾਜ ਦੀ ਨੀਂਹ ਰੱਖੀ। ਸਭਨਾਂ ਦਾ ਸਾਂਝਾ ਸਿੱਖ ਰਾਜ ਸਥਾਪਤ ਕੀਤਾ। ਮਹਾਰਾਜਾ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਹੀ ਕੇਂਦਰਤ ਰਿਹਾ। ਮਹਾਰਾਜਾ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ। ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇਕ ਸਮੁੱਚਾ ਗ੍ਰੰਥ ਹੈ। ਇਸ ਤੋਂ ਇਲਾਵਾ ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਇਸ ਧਾਰਮਿਕ ਗ੍ਰੰਥ ਨੂੰ ਹੀ ਗੁਰੂ ਦਾ ਦਰਜਾ ਪ੍ਰਾਪਤ ਹੈ ਜੋ ਗੁਰੂ ਮੰਨਿਆ ਜਾਂਦਾ ਹੈ।

ਅੰਤਿਕਾ : ਹੇ ਨਾਨਕ, ਜੋ ਮਨੁੱਖ ਸਦਾ ਉੱਚੇ ਆਤਮਿਕ ਮੰਡਲ ਵਿਚ ਵਸਦਾ ਹੈ, ਉਸ ਦੇ ਅੰਦਰ ਆਤਮਿਕ ਭਾਵ ਪੈਦਾ ਹੁੰਦੇ ਹਨ। ਆਤਮਿਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰੱਖਦਾ ਹੈ। ਆਤਮਿਕ ਗੁਣਾਂ ਨਾਲ ਉਸ ਦੀ ਸੁਰਤੀ ਜੁੜੀ ਰਹਿੰਦੀ ਹੈ। ਉਸ ਦੇ ਮਨ ਨੂੰ ਪ੍ਰਮਾਤਮਾ ਦਾ ਨਾਮ ਪਿਆਰਾ ਲਗਦਾ ਹੈ। ਉਹ ਸਿਮਰਦਾ ਹੈ, ਪ੍ਰੇਰਦਾ ਹੈ। ਉਸ ਦਾ ਜਗਤ ਮੂਲ ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ। ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਪਰ ਗੁਰੂ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਮੋਹ ਦੇ ਵਿਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਿਕ ਅਵਸਥਾ ਵਿਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ। ਅੰਗ 634-35



# ਨੀਲੀ



## ਕਰਤਾਰ ਸਿੰਘ ਦੁੱਗਲ

'ਨੀਲੀ' ਰੰਗ ਦੀ ਗੋਰੀ ਸੀ, ਜਿਵੇਂ ਕੋਈ ਮੱਖਣ ਦੇ ਪੇੜੇ ਦੁੱਧ ਨਾਲ਼ ਧੋ ਕੇ ਰੱਖੇ। ਸੋਹਣੀ, ਸਿਹਤਮੰਦ ਗਾਂ ਦਾ ਦੁੱਧ ਵੀ ਵਧੀਆ ਹੁੰਦਾ ਹੈ । ਗਵਾਲ਼ੇ ਦੇ ਢੇਰ ਸਾਰੇ ਡੰਗਰਾਂ ਵਿੱਚੋਂ ਚੁਣ ਕੇ ਮੇਰੀ ਤ੍ਰੀਮਤ ਨੇ ਨੀਲੀ ਨੂੰ ਪਸੰਦ ਕੀਤਾ ਸੀ ਤੇ ਫੇਰ ਇਸੇ ਦੇ ਦੁੱਧ ਦਾ ਭਾਅ ਚੁਕਾਇਆ ਗਿਆ।

ਹਰ ਰੋਜ਼ ਸਵੇਰੇ ਗੁਆਲਾ ਨੀਲੀ ਨੂੰ ਸਾਡੇ ਲੈ ਆਉਂਦਾ ਤੇ ਸਾਹਮਣੇ ਮਹਿੰਦੀ ਦੇ ਬੂਟੇ ਹੇਠ ਖਲੋਤੀ ਉਹ ਗਾਗਰ ਭਰ ਕੇ ਤੁਰ ਜਾਂਦੀ।

ਹਰ ਰੋਜ਼ ਸਵੇਰੇ ਪਹਿਲੇ ਨੀਲੀ ਆਉਂਦੀ। ਫੇਰ ਗੁਆਲਾ ਆਉਂਦਾ... ਸਿਰ 'ਤੇ ਚਾਰੇ ਦੀ ਟੋਕਰੀ ਚੁੱਕੀ । ਨੀਲੀ ਦੇ ਸਾਹਮਣੇ ਚਾਰਾ ਰੱਖਦਾ, ਉਹਦੇ ਪਿੰਡੇ 'ਤੇ ਹੱਥ ਫੇਰਦਾ 'ਤੇ ਫੇਰ ਦੁੱਧ ਚੋਣ ਬੈਠ ਜਾਂਦਾ। ਫੇਰ ਗਾਗਰ ਵਿੱਚ ਧਾਰਾਂ ਦਾ ਸੰਗੀਤ ਸੁਣਾਈ ਦੇਣ ਲੱਗ ਪੈਂਦਾ।

ਜਿਤਨਾ ਚਿਰ ਗੁਆਲਾ ਦੁੱਧ ਚੋਂਦਾ ਰਹਿੰਦਾ, ਨੀਲੀ ਟੋਕਰੀ ਵਿੱਚੋਂ ਦਾਣਾ, ਵੜੇਵੇਂ, ਖਲ਼ੀ ਆਦਿ ਚਾਰਾ ਖਾਂਦੀ ਰਹਿੰਦੀ । ਦੁੱਧ ਦਾ ਭਾਅ ਚੁਕਾਉਣ ਵੇਲ਼ੇ ਇਸ ਤਰਾਂ ਦਾ ਚੰਗਾ ਚਾਰਾ ਖੁਆਣ ਦੀ ਵੀ ਸ਼ਰਤ ਤੈਅ ਹੋਈ ਸੀ ਤੇ ਕਦੀ-ਕਦੀ ਮੇਰੀ ਤ੍ਰੀਮਤ ਉਚੇਚਾ ਜਾ ਕੇ ਟੋਕਰੀ ਵਿੱਚ ਵੇਖ ਲੈਂਦੀ, ਗੁਆਲਾ ਆਪਣਾ ਇਕਰਾਰ ਪੂਰਾ ਕਰ ਰਿਹਾ ਸੀ ਕਿ ਨਹੀਂ। ਚੰਗੀ ਖ਼ੁਰਾਕ ਡੰਗਰ ਨੂੰ ਮਿਲ਼ੇ ਤੇ ਦੁੱਧ ਚੰਗਾ ਹੁੰਦਾ ਹੈ, ਵਿੱਚੋਂ ਮੱਖਣ ਚੋਖਾ ਨਿਕਲ਼ਦਾ ਹੈ।

ਹਰ ਰੋਜ਼ ਸਵੇਰੇ ਨੀਲੀ ਆਉਂਦੀ, ਤਾਵਲੀ-ਤਾਵਲੀ। ਕਦੀ ਮੈਂ ਸੋਚਦਾ ਉਸ ਨੂੰ ਮਸਾਲੇਦਾਰ ਚਾਰਾ ਖਾਣ ਦੀ ਕਾਹਲ਼ ਹੁੰਦੀ ਹੈ । ਕਦੀ ਮੈਂ ਸੋਚਦਾ ਉਸ ਨੂੰ ਦੁੱਧ ਦੇ ਕੇ ਸੁਰਖ਼ਰੂ ਹੋ ਜਾਣ ਦੀ ਖ਼ੁਸ਼ੀ ਹੁੰਦੀ ਹੈ।

ਨੀਲੀ ਨਿੱਤ ਆਉਂਦੀ । ਕਦੀ ਜਦੋਂ ਅਸੀਂ ਅਜੇ ਸੌਂ ਰਹੇ ਹੁੰਦੇ। ਕਦੀ ਜਦੋਂ ਅਸੀਂ ਸੌਂ ਕੇ ਉੱਠ ਰਹੇ ਹੁੰਦੇ। ਕਦੀ ਜਦੋਂ ਅਸੀਂ ਸਾ ਕੇ ਉੱਠ ਚੁੱਕੇ ਹੁੰਦੇ। ਮਲਕੜੇ ਆਉਂਦੀ, ਪਿੱਤਲ਼ ਦੀ ਗਾਗਰ ਵਿੱਚ ਧਾਰਾਂ ਦਾ ਨਗਮਾ ਛੇੜ ਕੇ ਤੁਰ ਜਾਂਦੀ। ਕਈ ਮਹੀਨੇ ਇੰਞ ਗੁਜ਼ਰ ਗਏ। ਫੇਰ ਇੱਕ ਰੋਜ਼ ਸੁਣਿਆ ਨੀਲੀ ਅੱਜ ਲੱਤ ਮਾਰ ਗਈ ਹੈ। ਨਵੀਂ ਹੋਈ ਨੂੰ ਵੀ ਤੇ ਕਿਤਨੇ ਦਿਨ ਹੋ ਚੁੱਕੇ ਸਨ।

ਬਹੁਤ ਦਿਨ, ਖ਼ੈਰ, ਸਾਨੂੰ ਨੀਲੀ ਦੀ ਉਡੀਕ ਨਹੀਂ ਕਰਨੀ ਪਈ। ਹੁਣ ਨੀਲੀ ਵੀ ਆਉਂਦੀ, ਪਿਛੇ ਨੀਲੀ ਦੀ ਵੱਛੀ ਵੀ ਆਉਂਦੀ । ਨਿਰੀ-ਪੁਰੀ ਨੀਲੀ ਦੀ ਸ਼ਕਲ। ਗੋਰਾ ਗੋਰਾ ਰੰਗ, ਮਲੂਕੜੀ ਜਿਹੀ ਚਮੜੀ, ਲੰਮੀ ਫੁੰਮਣਦਾਰ ਪੂਛ, ਸ਼ਰਮਾਕਲ-ਸ਼ਰਮਾਕਲ ਲੱਖ ਲਾਜਾਂ ਭਰੀਆਂ ਅੱਖੀਆਂ।

ਮੇਰੀ ਤ੍ਰੀਮਤ ਦੀ ਦੁੱਧ ਦੀ ਲੋੜ ਜਿਵੇਂ ਨੀਲੀ ਦੇ ਦੁੱਧ ਦੇਣ 'ਤੇ ਨਿਰਭਰ ਹੋ ਗਈ ਸੀ। ਜਿਤਨਾ ਨੀਲੀ ਇੱਕ ਵੇਲ਼ੇ ਦਾ ਦੁੱਧ ਦੇਂਦੀ ਸਾਰਾ ਅਸੀਂ ਖ਼ਰੀਦ ਲੈਂਦੇ। ਵਸੇਂ-ਵਸੇਂ ਕਿਸੇ ਹੋਰ ਡੰਗਰ ਦਾ ਦੁੱਧ ਸਾਡੇ ਘਰ ਨਹੀਂ ਵੜਦਾ ਸੀ । ਤੇ ਅੱਜ-ਕੱਲ ਮੇਰੀ ਤ੍ਰੀਮਤ ਮੁੜ-ਮੁੜ ਗੁਆਲੇ ਨੂੰ ਕਹਿੰਦੀ, 'ਭੈੜਿਆ ਇਸ ਵੱਛੀ ਨੂੰ ਵੀ ਕੁਝ ਛੋੜਿਆ ਕਰ। ਬੜੀ ਵਧੀਆ ਗਾਂ ਬਣੇਗੀ।' ਪਰ ਗਵਾਲਾ ਆਪਣੀ ਮਰਜ਼ੀ ਕਰਦਾ। ਜਦੋਂ ਮੇਰੀ ਤ੍ਰੀਮਤ ਉਸ ਨੂੰ ਵੱਛੀ ਬਾਰੇ ਯਾਦ ਕਰਵਾਉਂਦੀ, ਉਹ ਨੱਕ ਵਿੱਚ ਕੁਝ ਗੁਣਗੁਣਾ ਛੱਡਦਾ।

ਕਿਉਂਕਿ ਵੱਛੀ ਦੇ ਮੂੰਹ ਮਾਰਨ 'ਤੇ ਨੀਲੀ ਦੁੱਧ ਲਾਹ ਲੈਂਦੀ ਸੀ, ਅੱਜ-ਕੱਲ ਗਵਾਲ਼ੇ ਨੇ ਮਸਾਲਾ ਹੀ ਲਿਆਣਾ ਬੰਦ ਕਰ ਛੱਡਿਆ ਸੀ । ਸਾਡੇ ਸ਼ਿਕਾਇਤ ਕਰਨ 'ਤੇ ਉਹ ਹਮੇਸ਼ਾ ਕਹਿੰਦਾ, ਉਹ ਮਸਾਲਾ ਬਕਾਇਦਾ ਖੁਆਂਦਾ ਸੀ, ਕੇਵਲ ਵਕਤ ਉਸ ਬਦਲ ਛੱਡਿਆ ਸੀ । ਸ਼ਾਮੀਂ ਤੂੜੀ ਨਾਲ਼ ਵੀ ਖੁਆ ਛੱਡਦਾ ਸੀ ।

ਮੇਰੀ ਤ੍ਰੀਮਤ ਖਪਦੀ ਰਹਿੰਦੀ। ਇਸ ਗੱਲ 'ਤੇ ਖੱਪ-ਖੱਪ ਹਟਦੀ ਕਿ ਦੁੱਧ ਅੱਜ-ਕੱਲ ਪਾਣੀ ਵਰਗਾ ਸੀ ਤੇ ਕਦੀ ਇਸ ਗੱਲ 'ਤੇ ਖਪਣ ਲੱਗ ਪੈਂਦੀ ਕਿ ਗਵਾਲਾ ਵੱਛੀ ਲਈ ਚੂਲ਼ੀ ਦੁੱਧ ਦੀ ਨਹੀਂ ਬਚਾਂਦਾ ਸੀ ਤੇ ਵਿਚਾਰੀ ਬੇਜ਼ਬਾਨ ਹੱਡੀਆਂ ਦੀ ਮੁੱਠ ਨਿਕਲ਼ਦੀ ਆ ਰਹੀ ਸੀ। ਗਵਾਲਾ ਕਹਿੰਦਾ, 'ਨੀਲੀ ਵੱਛੀ ਲਈ ਦੁੱਧ ਛੁਪਾ ਕੇ ਰੱਖ ਲੈਂਦੀ ਏ ਤੇ ਪਿੱਛੋਂ ਉਸ ਨੂੰ ਪਿਲ਼ਾਂਦੀ ਹੈ।' ਤੇ ਹਮੇਸ਼ਾ ਮੁੜ-ਮੁੜ ਥਣਾਂ ਨੂੰ ਧੁੱਸਾ ਮਾਰ ਰਹੀ ਵੱਛੀ ਵੱਲ ਇਸ਼ਾਰੇ ਕਰ-ਕਰ ਕੇ ਸਾਨੂੰ ਝੂਠਿਆਂ ਕਰਨ ਦੀ ਕੋਸ਼ਸ਼ ਕਰਦਾ ।

ਅਖ਼ੀਰ ਉਹੀ ਗੱਲ ਹੋਈ। ਵੱਛੀ ਮਰ ਗਈ। ਅਗਲੇ ਰੋਜ਼ ਗਵਾਲਾ ਨਿੱਕਾ ਜਿਹਾ ਮੂੰਹ ਲੈ ਕੇ ਆਇਆ। ਪਿਛਲੀ ਰਾਤ ਵੱਛੀ ਮਰ ਗਈ ਸੀ ਤੇ ਨੀਲੀ ਨੇ ਨਾ ਕੁਝ ਖਾਧਾ ਸੀ ਨਾ ਕੁਝ ਪੀਤਾ ਸੀ। ਇੱਕ ਦਿਨ ਦੁੱਧ ਦਾ ਨਾਗਾ ਹੋਣਾ ਸੀ ।

ਮੇਰੀ ਤ੍ਰੀਮਤ ਦੰਦ ਕਰੀਚ ਕੇ ਰਹਿ ਗਈ । ਉਸ ਨੂੰ ਪਤਾ ਸੀ, ਗਵਾਲਾ ਵੱਛੀ ਨੂੰ ਜਾਣ ਕੇ ਮਾਰ ਰਿਹਾ ਸੀ। ਪਹਿਲੇ ਵੀ ਤੇ ਨੀਲੀ ਦਾ ਵੱਛਾ-ਵੱਛੀ ਕੋਈ ਨਹੀਂ ਸੀ। ਪਰ ਅੱਗੇ ਹੀ ਗਵਾਲੇ ਵਿਚਾਰੇ ਦਾ ਨੁਕਸਾਨ ਹੋ ਰਿਹਾ ਸੀ, ਖ਼ਬਰੇ ਗਾਂ ਉੱਕਾ ਹੀ ਲੱਤ ਮਾਰ ਜਾਏ, ਡੰਗਰ ਦਾ ਪਤਾ ਨਹੀਂ ਹੁੰਦਾ ਅਤੇ ਅਸੀਂ ਚੁੱਪ ਕਰ ਰਹੇ। ਨਾਲ਼ੇ ਗਵਾਲੇ ਦੀਆਂ ਅੱਖੀਆਂ ਵਿੱਚ ਅੱਥਰੂ ਤਾਂ ਪਹਿਲੇ ਹੀ ਡੁਲ੍ਹੂੰ-ਡੁਲ੍ਹੂੰ ਪਏ ਕਰਦੇ ਸਨ।

'ਚੂਲ਼ੀ ਦੁੱਧ ਬਚਾਉਣ ਲਈ ਭੈੜੇ ਨੇ ਵੱਛੀ ਗੁਆ ਲਈ ਏ ।' ਗਵਾਲਾ ਜਦੋਂ ਮੁੜਿਆ, ਮੇਰੀ ਤ੍ਰੀਮਤ ਆਪਣੇ ਹੋਠਾਂ ਵਿੱਚ ਬੁੜਬੁੜਾ ਰਹੀ ਸੀ ।

ਅਗਲੇ ਰੋਜ਼ ਸਵੇਰੇ ਮੈਂ ਵੇਖਿਆ, ਕੋਠੀ ਦੇ ਸਾਹਮਣੇ ਗੇਟ ਦੇ ਬਾਹਰ ਨੀਲੀ ਆ ਕੇ ਖੜੋ ਗਈ । ਪਿੱਛੇ-ਪਿੱਛੇ ਗਵਾਲਾ ਆ ਰਿਹਾ ਸੀ। ਉਹਦੇ ਸਿਰ 'ਤੇ ਮਸਾਲੇ ਦੀ ਟੋਕਰੀ ਸੀ। ਅਕਸਰ ਸਵੇਰੇ ਜਦੋਂ ਨੀਲੀ ਇੰਞ ਆਂਦੀ, ਧੁੱਸ ਮਾਰ ਕੇ ਗੇਟ ਨੂੰ ਖੋਲ ਲੈਂਦੀ ਸੀ। ਅੱਜ ਚੁਪਾਤੇ ਜਿਹੇ ਆ ਕੇ ਗੇਟ ਦੇ ਬਾਹਰ ਖੜੋ ਗਈ । ਅਕਸਰ ਜੇ ਕਦੀ ਗੇਟ ਬੰਦ ਹੁੰਦਾ ਤਾਂ ਉਹ ਆਪਣੇ ਸਿੰਗਾਂ ਨਾਲ਼ ਗੇਟ ਨੂੰ ਖੜਕਾਉਣ ਲੱਗ ਪੈਂਦੀ ਸੀ। ਅੱਜ ਉਸ ਨੇ ਇੰਞ ਨਹੀਂ ਕੀਤਾ । ਵੀਰਾਨ-ਵੀਰਾਨ ਭਰਵੱਟਿਆਂ ਹੇਠ ਉਦਾਸ ਅੱਖੀਆਂ, ਉਹ ਨਿੰਮੋਝੂਣ ਆ ਕੇ ਖਲੋ ਗਈ ।

ਤਾਵਲਾ-ਤਾਵਲਾ ਗਵਾਲਾ ਆਇਆ । ਉਸ ਗੇਟ ਖੋਲਿਆ। ਉਹਦੇ ਪਿੱਛੇ ਨੀਲੀ ਆਈ। ਗਿਣ-ਗਿਣ ਕੇ ਕਦਮ ਰੱਖ ਰਹੀ ਸੀ। ਬਰਾਂਡੇ ਵਿੱਚ ਮੈਂ ਖਲੋਤਾ ਸਾਂ। ਕੋਲ਼ ਮੇਰੇ ਮੇਰੀ ਤ੍ਰੀਮਤ ਖਲੋਤੀ ਸੀ । ਮੇਰੀ ਤ੍ਰੀਮਤ ਦੇ ਕੁਛੜ ਸਾਡੀ ਬੱਚੀ ਸੀ, ਹੁਮਲੀਆਂ ਭਰ ਰਹੀ, ਉੱਛਲ਼-ਉੱਛਲ਼ ਪੈ ਰਹੀ ਕਿਲਕਾਰੀਆਂ ਮਾਰ ਰਹੀ ।

ਮਹਿੰਦੀ ਦੇ ਬੂਟੇ ਹੇਠ ਗਵਾਲੇ ਨੇ ਮਸਾਲੇ ਦੀ ਟੋਕਰੀ ਲਿਆ ਰੱਖੀ ਤੇ ਉਹ ਹੱਥ ਮਾਰ ਕੇ ਖਲ਼ੀ ਦੀ ਖੱਟੀ-ਖੱਟੀ ਖ਼ੁਸ਼ਬੂ ਨੂੰ ਖਿਲਾਰਨ ਲੱਗ ਪਿਆ। ਨੀਲੀ ਅਜੇ ਵੀ ਨਹੀਂ ਪਹੁੰਚੀ ਸੀ । ਫ਼ਿਕਰਾਂ ਵਿੱਚ ਗੜੂੰਦ, ਉੱਖੜੇ-ਉੱਖੜੇ ਕਦਮ, ਬੇਦਿਲੇ-ਬੇਦਿਲੇ ਪੈਰ ਉਹ ਆ ਰਹੀ ਸੀ । ਮਹਿੰਦੀ ਹੇਠ ਆ ਕੇ ਖੜੋ ਗਈ। ਉਸ ਟੋਕਰੀ ਵੱਲ ਵੇਖਿਆ ਤੱਕ ਨਹੀਂ। ਗਵਾਲੇ ਨੇ ਮਸਾਲੇ ਵਿੱਚ ਫੇਰ ਆਪਣੀ ਬਾਂਹ ਫੇਰੀ ਤੇ ਟੋਕਰੀ ਨੂੰ ਉਛਾਲ਼ ਕੇ ਵੜੇਵਿਆਂ ਨੂੰ ਵਿਖਾਇਆ, ਦਾਣੇ ਨੂੰ ਵਿਖਾਇਆ। ਇਸ ਵਾਰ ਖਲ਼ੀ ਦੀ ਖ਼ੁਸ਼ਬੂ ਸਾਡੇ ਤੱਕ ਬਰਾਂਡੇ ਵਿੱਚ ਵੀ ਆਈ। ਨੀਲੀ ਅੱਗੇ ਹੋਈ । ਫੇਰ ਰੁਕ ਗਈ । ਫੇਰ ਅੱਗੇ ਹੋਈ। ਮੁੜ ਉਸ ਮੂੰਹ ਮੋੜ ਲਿਆ। ਕਿਤਨਾ ਚਿਰ ਜਿਵੇਂ ਸੋਚਦੀ ਰਹੀ, ਸੋਚਦੀ ਰਹੀ। ਸਾਹਮਣੇ ਟੋਕਰੀ ਵਿੱਚ ਪੀਲ਼ਾ-ਪੀਲ਼ਾ ਦਾਣਾ ਸੀ, ਇੱਧਰੋਂ ਖਾਓ ਉੱਧਰ ਹਜ਼ਮ ਹੋ ਜਾਏ। ਨਾਲ਼ੇ ਖਲ਼ੀ ਖਾਓ ਤੇ ਭੁੱਖ ਕਿਤਨੀ ਲੱਗਦੀ ਏ। ਪਰ ਅੱਜ ਨੀਲੀ ਤੋਂ ਕੁਝ ਖਾਧਾ ਨਹੀਂ ਸੀ ਜਾ ਰਿਹਾ। ਗਵਾਲਾ ਨੀਲੀ ਦੇ ਸਿਰ 'ਤੇ ਹੱਥ ਫੇਰਨ



ਲੱਗ ਪਿਆ, ਮੂੰਹ ਨਾਲ਼ ਉਹਨੂੰ ਪੁਚਕਾਰਨ ਲੱਗ ਪਿਆ। ਕਿਤਨਾ ਚਿਰ ਇੰਞ ਕਰਦਾ ਰਿਹਾ । ਟੋਕਰੀ ਕੋਲ਼ ਬੈਠ ਕੇ ਉਸ ਫਿਰ ਹੱਥ ਫੇਰਿਆ । ਖਲ਼ੀ ਦੀ ਖ਼ੁਸ਼ਬੂ ਫੇਰ ਉੱਠੀ । ਨੀਲੀ ਦੀ ਜਿਵੇਂ ਅਬੜਵਾਹੇ ਗਰਦਨ ਉਸ ਪਾਸੇ ਮੁੜ ਗਈ। ਆਪ ਹੀ ਆਪ ਉਸ ਦਾ ਕਦਮ ਜਿਵੇਂ ਅੱਗੇ ਪਿਆ ਤੇ ਉਸ ਟੋਕਰੀ ਵਿੱਚ ਆਪਣੀ ਬੂਥਣੀ ਨੂੰ ਛੱਡ ਦਿੱਤਾ । ਕਿਤਨਾ ਚਿਰ ਇੰਞ ਉਹਦਾ ਮੂੰਹ ਮਸਾਲੇ ਵਿੱਚ ਪਿਆ ਰਿਹਾ। ਪਰ ਨੀਲੀ ਤੋਂ ਕੁਝ ਖਾਧਾ ਨਹੀਂ ਗਿਆ। ਅੱਜ ਨੀਲੀ ਤੋਂ ਕੁਝ ਨਹੀਂ ਖਾਧਾ ਜਾ ਰਿਹਾ ਸੀ ਤੇ ਫੇਰ ਨੀਲੀ ਨੇ ਆਪਣੀ ਬੂਥਣੀ ਨੂੰ ਚੁੱਕ ਲਿਆ, ਗਰਦਨ ਨੂੰ ਟੋਕਰੀ ਵੱਲੋਂ ਮੋੜ ਲਿਆ ਤੇ ਜਿਵੇਂ ਉੱਧਰ ਕੰਡ ਕਰ ਕੇ ਖਲੋ ਗਈ ।

ਪ੍ਰੇਸ਼ਾਨ-ਪ੍ਰੇਸ਼ਾਨ ਨਜ਼ਰਾਂ, ਗਵਾਲੇ ਨੇ ਸਾਡੇ ਵੱਲ ਵੇਖਿਆ ਤੇ ਬੇਵੱਸ ਟੋਕਰੀ ਨੂੰ ਸਿਰ 'ਤੇ ਚੁੱਕੀ ਉਹ ਮੁੜ ਪਿਆ । ਪਿੱਛੇ-ਪਿੱਛੇ ਉਹਦੇ ਨੀਲੀ ਤੁਰ ਪਈ। 'ਚੂਲ਼ੀ ਦੁਧ ਬਚਾਉਣ ਲਈ ਭੈੜੇ ਨੇ ਵੱਛੀ ਗਵਾ ਲਈ ਹੈ।' ਮੇਰੀ ਤ੍ਰੀਮਤ ਨੇ ਆਪਣੇ ਹੋਠਾਂ ਵਿੱਚ ਮੁੜ ਬੁੜਬੁੜਾਇਆ ਤੇ ਫੇਰ ਅੰਦਰ ਨੌਕਰ ਨੂੰ ਕਹਿਣ ਤੁਰ ਗਈ ਕਿ ਡੇਰੀ ਤੋਂ ਜਾ ਕੇ ਉਹ ਦੁੱਧ ਲੈ ਆਵੇ ।

ਸਾਡੀ ਬੱਚੀ ਹੁਣ ਮੇਰੀ ਛਾਤੀ ਨਾਲ਼ ਲੱਗੀ ਹੋਈ ਸੀ ਤੇ ਬਰਾਂਡੇ ਵਿੱਚ ਟਹਿਲਦਾ ਮੈਂ ਦੂਰ ਸੜਕ 'ਤੇ ਅੱਗੇ-ਅੱਗੇ ਗਵਾਲੇ ਨੂੰ ਜਾਂਦਾ ਵੇਖ ਰਿਹਾ ਸਾਂ। ਉਹਦੇ ਪਿੱਛੇ ਨੀਲੀ ਸੀ, ਜਿਵੇਂ ਕੋਈ ਹਨੇਰੇ ਵਿੱਚ ਗਰੋਲੇ ਦਿੰਦਾ ਰਾਹ ਟੋਲ਼ਦਾ ਜਾ ਰਿਹਾ ਹੋਵੇ।

'ਨਾਲ਼ੇ ਡੇਅਰੀ ਤੋਂ ਗਊ ਦਾ ਤਨਕ ਗੋਹਾ ਵੀ ਲੈ ਆਵੀਂ, ਕੱਲ ਸੰਗਰਾਂਦ ਏ, ਚਾਕਾ ਲਿੰਬਣਾ ਹੋਵੇਗਾ।' ਮੇਰੀ ਤ੍ਰੀਮਤ ਅੰਦਰ ਨੌਕਰ ਨੂੰ ਸਮਝਾ ਰਹੀ ਸੀ । ਤੇ ਮੈਂ ਅਜੇ ਵੀ ਦੂਰ ਸੜਕ 'ਤੇ ਜਾ ਰਹੀ ਨੀਲੀ ਵੱਲ ਵੇਖ ਰਿਹਾ ਸਾਂ। ਜਿਵੇਂ ਪੇਤਲੇ ਪਾਣੀ ਵਿੱਚ ਸੁੱਕੀ ਗੇਲੀ ਡਿੱਕਡੋਲੇ ਖਾਂਦੀ ਹੈ। ਜਿਵੇਂ ਬਿਖਰੇ ਪੈਂਡਿਆਂ ਵਿੱਚ ਅਣਿਖ਼ਆਲਿਆ ਹੰਝੂ। ਕੱਟੀ ਹੋਈ ਗੁੱਡੀ ਵਾਂਗ ਜਿਵੇਂ ਢਹਿਣ-ਢਹਿਣ ਕਰ ਰਹੀ ਹੋਵੇ । ਉਹ ਅੱਖੀਉਂ ਉਹਲੇ ਹੋ ਰਹੀ ਸੀ । ਤੇਜ਼-ਤੇਜ਼ ਆ-ਜਾ ਰਹੇ ਲੋਕਾਂ ਵਿੱਚ ਗੁੰਮਦੀ ਜਾ ਰਹੀ ਸੀ । ਸੜਕ 'ਤੇ ਕਈ ਲੋਕੀਂ ਕਿਤਨੇ ਤੇਜ਼ ਤੁਰਦੇ ਹਨ ।

ਅਗਲੇ ਰੋਜ਼ ਅਜੇ ਮੂੰਹ-ਝਾਖੜਾ ਹੀ ਸੀ ਕਿ ਮੈਂ ਵੇਖਿਆ, ਸਾਹਮਣੇ ਕੋਠੀ ਦਾ ਗੇਟ ਖੁੱਲਿਆ। ਅੱਗੇ-ਅੱਗੇ ਗਵਾਲਾ ਸੀ, ਸਿਰ 'ਤੇ ਮਸਾਲੇ ਦੀ ਟੋਕਰ ੀ ਚੁੱਕੀ ਤੇ ਉਹਦੇ ਪਿੱਛੇ-ਪਿੱਛੇ ਨੀਲੀ ਸੀ। ਮੂੰਹ ਚੁੱਕੀ ਜਿਵੇਂ ਖਲ਼ੀ ਦੀ ਖੱਟੀ ਖ਼ੁਸ਼ਬੂ ਸੁੰਘ ਰਹੀ ਹੋਵੇ । ਮੈਂ ਸੋਚਿਆ ਗਵਾਲੇ ਨੇ ਮੈਦਾਨ ਮਾਰ ਲਿਆ ਹੈ ਤੇ ਉਹੀ ਗੱਲ ਹੋਈ, ਮਹਿੰਦੀ ਦੇ ਰੁੱਖ ਥੱਲੇ ਉਸ ਆ ਕੇ ਟੋਕਰੀ ਰੱਖੀ ਹੀ ਸੀ ਕਿ ਨੀਲੀ ਅੱਗੇ ਵਧ ਕੇ ਟੋਕਰੀ ਵਿੱਚ ਮੂੰਹ ਮਾਰਨ ਲੱਗ ਪਈ। ਕੁਝ ਚਿਰ ਉਸ ਨੂੰ ਇੰਞ ਮਸਾਲਾ ਖਾਂਦੀ ਨੂੰ ਵੇਖ ਗਵਾਲਾ ਗਾਗਰ ਫੜ ਨੀਲੀ ਕੋਲ਼ ਬੈਠ ਗਿਆ। ਨੀਲੀ ਪਰੇ ਹੋ ਗਈ। ਗਵਾਲ਼ੇ ਨੇ ਮੁੜ ਕੇ ਉਹਦੇ ਮੂੰਹ ਵੱਲ ਵੇਖਿਆ । ਟੋਕਰੀ ਵਿੱਚ ਮੂੰਹ ਦਿੱਤੀ ਮਸਾਲਾ ਤੇ ਖਾ ਰਹੀ ਸੀ। ਗਵਾਲਾ ਫੇਰ ਨੀਲੀ ਵੱਲ ਜ਼ਰਾ ਖਿਸਕਿਆ। ਨੀਲੀ ਹੋਰ ਪਰੇ ਹੋ ਗਈ । ਗਵਾਲਾ ਹਾਰ ਕੇ ਉੱਠ ਖਲੋਤਾ । ਨੀਲੀ ਮਸਾਲੇ ਦੀ ਟੋਕਰੀ ਵਿੱਚ ਆਪਣੀ ਬੂਥਣੀ ਜਮਾਈ, ਹੌਲ਼ੇ-ਹੌਲ਼ੇ ਮਸਾਲਾ ਖਾਂਦੀ ਜਾ ਰਹੀ ਸੀ । ਤਿੰਨ ਦਿਨ ਦੀ ਭੁੱਖੀ ਸੀ ।

ਗਵਾਲਾ ਉਹਦੇ ਪਿੰਡੇ 'ਤੇ ਹੱਥ ਫੇਰਨ ਲੱਗ ਪਿਆ। ਕਿਤਨਾ ਚਿਰ ਲਾਡ ਨਾਲ਼ ਉਹਦੀ ਪਿੱਠ 'ਤੇ ਆਪਣੇ ਪੋਟਿਆਂ ਨੂੰ ਫੇਰਦਾ ਰਿਹਾ। ਵਿੱਚ-ਵਿੱਚ ਮੂੰਹ ਨਾਲ਼ ਉਹਨੂੰ ਪੁਚਕਾਰਨ ਵੀ ਲੱਗ ਜਾਂਦਾ। ਮੁੜ-ਮੁੜ ਉਹਨੂੰ ਨੀਲ, ਨੀਲ ਕਹਿ ਕੇ ਬੁਲਾਉਂਦਾ। ਕੋਈ ਪੰਜ ਮਿੰਟ ਉਹ ਇੰਞ ਕਰਦਾ ਰਿਹਾ ।

ਫੇਰ ਗਵਾਲਾ ਪੋਲੇ ਜਿਹੇ ਨੀਲੀ ਥੱਲੇ ਬੈਠ ਗਿਆ। ਹੁਣ ਨੀਲੀ ਮਸਾਲਾ ਜ਼ਰਾ ਤੇਜ਼ੀ ਨਾਲ਼ ਖਾ ਰਹੀ ਸੀ। ਉਹ ਹਿੱਲੀ ਨਹੀਂ । ਇੱਕ ਨਜ਼ਰ ਉਹਦੇ ਮੂੰਹ ਵੱਲ ਵੇਖ ਕੇ ਗਵਾਲੇ ਨੇ ਨੀਲੀ ਦੇ ਥਣਾਂ ਵੱਲ ਹੱਥ ਵਧਾਇਆ। ਨੀਲੀ ਲੱਤ ਛੰਡ ਕੇ ਪਰੇ ਹੋ ਗਈ।

ਗਵਾਲਾ ਫੇਰ ਆਪਣਾ ਜਿਹਾ ਮੂੰਹ ਲੈ ਕੇ ਉੱਠ ਖੜੋਤਾ । ਮਸਾਲਾ ਤੇ ਖਾਂਦੀ ਜਾ ਰਹੀ ਸੀ, ਪਰ ਦੁੱਧ ਦਾ ਨਾਂ ਨਹੀਂ ਲੈਣ ਦਿੰਦੀ ਸੀ । ਗਵਾਲਾ ਅੱਗੇ ਹੋ ਕੇ ਨੀਲੀ ਦੇ ਨਿੱਕੇ-ਨਿੱਕੇ ਸਿੰਗਾਂ ਨੂੰ ਸਹਿਲਾਣ ਲੱਗ ਪਿਆ। ਫੇਰ ਉਹਦੀ ਲੰਮੀ ਗਰਦਨ ਨੂੰ ਆਪਣੀਆਂ ਉਂਗਲ਼ੀਆਂ ਨਾਲ਼ ਪਲੋਸਣ ਲੱਗ ਪਿਆ। ਕਿਤਨਾ ਚਿਰ ਇੰਞ ਕਰਦਾ ਰਿਹਾ। ਗਰਦਨ ਨੂੰ ਲਡਿਆਂਦਾ-ਲਡਿਆਂਦਾ, ਗਵਾਲਾ ਪਿੱਠ 'ਤੇ ਪੋਲੇ- ਪੋਲੇ ਹੱਥ ਫੇਰਨ ਲੱਗ ਪਿਆ, ਪਿੱਠ 'ਤੇ ਹੱਥ ਫੇਰਦਾ ਉਹ ਨੀਲੀ ਦੀ ਪੂਛ ਨਾਲ਼ ਖੇਡਦਾ ਰਿਹਾ। ਇੰਞ ਪਿਆਰਦਾ ਫੇਰ ਉਹ ਮਲਕਣੇ ਹੀ ਨੀਲੀ ਹੇਠ ਬੈਠ ਗਿਆ। ਕਿਤਨਾ ਚਿਰ ਬੈਠ ਪੂਛ ਨੂੰ ਮਲ਼ਦਾ ਰਿਹਾ। ਨੀਲੀ ਦੀਆਂ ਪਿਛਲੀਆਂ ਟੰਗਾਂ ਤੇ ਗੋਹੇ ਦੀਆਂ ਛਿੱਟਾਂ ਨੂੰ ਪੋਟਿਆਂ ਨਾਲ਼ ਲਾਂਹਦਾ ਰਿਹਾ ਤੇ ਫੇਰ ਉਸ ਭਗਵਾਨ ਦਾ ਨਾਂ ਲੈ ਉਹਦੇ ਇੱਕ ਥਣ ਨੂੰ ਪੋਲੇ ਜਿਹੇ ਫੜਿਆ। ਨੀਲੀ ਨੇ ਤ੍ਰਭਕ ਕੇ ਜ਼ੋਰ ਦੀ ਲੱਤ ਛੰਡੀ ਤੇ ਫੁੰਕਾਰਦੀ ਹੋਈ ਪਰੇ ਹਟ ਗਈ।

ਗਵਾਲਾ ਕ੍ਰੋਧ ਵਿੱਚ ਉੱਠਿਆ । ਇੱਕ ਨਜ਼ਰ ਉਸ ਨੀਲੀ ਵੱਲ ਵੇਖਿਆ। ਉਹਦੀਆਂ ਨਜ਼ਰਾਂ ਵਿੱਚ ਗ਼ਜ਼ਬ ਸੀ । ਇੱਕ ਸਾਹ ਨੀਲੀ ਮਸਾਲੇ ਨੂੰ ਖਾ ਰਹੀ ਸੀ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਤੇ ਗਵਾਲੇ ਨੇ ਅੱਗੇ ਵਧ ਕੇ ਮਸਾਲੇ ਦੀ ਟੋਕਰੀ ਨੂੰ ਖੋਹ ਲਿਆ ਅਤੇ ਉਸ ਨੂੰ ਸਿਰ 'ਤੇ ਰੱਖ ਤੇਜ਼-ਤੇਜ਼ ਕਦਮ ਮੁੜ ਤੁਰਿਆ।

**ਬਾਕੀ ਸਫ਼ਾ 30 'ਤੇ**

# ਜੀ ਰਹੇ ਹਾਂ ਅਸੀਂ, ਦਿਖਾਵੇ ਲਈ ..

**ਅਸ਼ੋਕ ਸੋਨੀ, ਕਾਲਮਨਵੀਸ**
**ਮੋ. ੯੮੭੨੭੦੫੦੭੮**

ਇਕ ਛੋਟੀ ਜਿਹੀ ਕਹਾਣੀ ਸੁਣਾਉਂਦਾ ਹਾਂ, ਕਿਸੇ ਪਿੰਡ 'ਚ ਸੁਰਿੰਦਰ ਸਿੰਘ ਉਰਫ 'ਛਿੰਦਾ' ਨਾਮ ਦਾ ਸ਼ਖਸ ਰਹਿੰਦਾ ਸੀ। ਘਰ ਦੇ ਹਾਲਾਤ ਤਾਂ ਨਰਮ ਈ ਰਹਿੰਦੇ ਪਰ ਛਿੰਦਾ ਦਿਖਾਵਾ ਕਰਨ ਦੀ ਬੀਮਾਰੀ ਤੋਂ ਪੀੜਤ ਸੀ। ਕਿਸੇ ਛੜੇ ਬੰਦੇ ਦਾ ਅੜਿਆ ਰਿਸ਼ਤਾ, ਛਿੰਦੇ ਨੇ ਆਪਣੀ ਕਰਾਮਾਤ ਨਾਲ ਸਿਰੇ ਚਾੜ ਦਿੱਤਾ ਤਾਂ ਅਗਲਿਆਂ ਨੇ ਵੀ ਸੋਨੇ ਦਾ ਕੜਾ ਪਾ ਕੇ ਛਿੰਦੇ ਦਾ ਮੁੱਲ ਤਾਰਤਾ, ਪਰ ਕੌੜਤੂੰਮਾ ਵੀ ਤਾਂ ਮੱਝ ਦੇ ਈ ਪੱਚਦਾ ਏ, ਬੱਕਰੀਆਂ ਦੇ ਢਿੱਡੋਂ ਤੂੰਮੇ ਦੀਆਂ ਡਕਾਰਾਂ ਨੀਂ ਆਉਂਦੀਆਂ ਹੁੰਦੀਆਂ। ਸੋ ਛਿੰਦਾ ਵੀ ਜਬਰਦਸਤ ਉਤਸ਼ਾਹ ਵਿਚ ਆ ਗਿਆ ਕਿ ਹੁਣ ਪਿੰਡ ਵਿਚ ਮੇਰਾ ਪਾਇਆ ਕੜਾ ਦਿੱਸੇਗਾ। ਲੋਕ ਮੈਨੂੰ ਪੁੱਛਣਗੇ ਤੇ ਜਦੋਂ ਮੈਂ ਦੱਸਾਂਗਾ ਕਿ ਸੋਨੇ ਦਾ ਏ ਤਾਂ ਮੇਰੀ ਤਾਂ ਬੱਲੇ-ਬੱਲੇ ਹੋ ਜਾਣੀ ਏ। ਸਾਈਕਲ ਖਿੱਚੀ ਤੇ ਛਿੰਦਾ ਪਿੰਡ ਆ ਗਿਆ, ਠੰਡ ਇੰਨੀ, ਓ ਹੋ ਹੋ, ਰਹਿ ਰੱਬ ਦਾ ਨਾਂ, ਸੱਥ ਵਿਚ ਸਾਰੇ ਧੂਣੀ ਤਪੀ ਜਾਣ ਪਰ ਛਿੰਦਾ ਅੱਧੀ ਬਾਹਾਂ ਦੇ ਕੁੜਤੇ 'ਚ ਈ ਜਾ ਕੇ ਲੱਗ ਗਿਆ ਗੱਪਾਂ ਠੋਕਣ, ਜੇ ਕੰਬਲ ਉਪਰ ਲੈ ਲਿੰਦਾ ਤਾਂ ਕੜਾ ਸਵਾਹ ਦਿੱਸਣਾ ਸੀ। ਚੱਲੋ ਜੀ, ਨਾਲੇ ਤਾਂ ਛਿੰਦਾ ਠੁਰੀ ਜਾਵੇ ਤੇ ਨਾਲੇ ਕੜੇ ਆਲੇ ਹੱਥ ਨੂੰ, ਧੱਕੇ ਨਾਲ ਈ ਬੇਲੋੜਾ ਹਿਲਾ-ਹਿਲਾ ਕੇ ਗੱਲਾਂ ਕਰੀ ਜਾਵੇ ਪਰ ਬਦਕਿਸਮਤੀ ਨਾਲ ਕਿਸੇ ਨੇ ਛਿੰਦੇ ਨੂੰ ਕੜੇ ਬਾਰੇ ਨਾ ਪੁੱਛਿਆ। ਛਿੰਦਾ ਇੰਨੀ ਠੰਡ 'ਚ ਪੂਰੇ ਪਿੰਡ ਦਾ ਚੱਕਰ ਲਾ ਆਇਆ ਪਰ ਕਿਸੇ ਵੀ ਮਾਂ ਦੇ ਪੁੱਤ ਨੇ ਕੜੇ ਬਾਰੇ ਨਾ ਪੁੱਛਿਆ।

ਅਖੀਰ ਅੱਕ ਕੇ ਛਿੰਦੇ ਨੇ ਚੁੱਕਿਆ ਤੇਲ ਆਲਾ ਗੈਲਣ ਤੇ ਛਿੜਕ ਕੇ ਤੇਲ, ਆਪਣੇ ਘਰ ਨੂੰ ਈ ਅੱਗ ਲਾ ਦਿੱਤੀ। ਪੂਰਾ ਪਿੰਡ ਭੱਜਾ ਆਇਆ, ਕੜੀ ਮੁਸ਼ੱਕਤ ਤੋਂ ਬਾਅਦ ਮਸਾਂ ਅੱਗ 'ਤੇ ਕਾਬੂ ਪਾਇਆ। ਛਿੰਦੇ ਨੂੰ ਪਿੰਡ ਦੇ ਬਜ਼ੁਰਗ ਸਾਬਕਾ ਸਰਪੰਚ ਬੋਹੜ ਸਿੰਘ ਨੇ ਪੁੱਛਿਆ, 'ਛਿੰਦੇ ਕਿੰਨਾ ਕੁ ਨੁਕਸਾਨ ਹੋਇਆ ਏ, ਕੁੱਝ ਬਚਿਆ ਵੀ ਏ'? ਛਿੰਦੇ ਦੇ ਤਾਂ ਮਨ ਦੀ ਹੋ ਗਈ ਪਰ ਉਦਾਸੀ ਦੀ ਏਕਟਿੰਗ ਕਰਦਾ ਬੋਲਿਆ, 'ਸਰਪੰਚ ਸਾਬ, ਸੱਭ ਕੁਝ ਸੜ ਗਿਆ, ਬਸ ਆਹ ਕੜਾ ਬਚਿਆ ਏ, ਸੋਨੇ ਦਾ ਏ, ਡੂਢ ਤੋਲੇ ਦਾ'। ਮੂਰਖਾਂ ਦੇ ਸਰਤਾਜ ਛਿੰਦੇ ਦੇ ਚਿਹਰੇ ਤੇ ਜੇਤੂ ਮੁਸਕਾਨ ਸੀ। ਆਹ ਤਾਂ ਸੀ ਗੱਲ ਛਿੰਦੇ ਦੀ, ਪਰ ਤੁਸੀਂ ਸੋਚੋ ਕਿ ਆਪਣੇ ਸਭ ਦੇ ਅੰਦਰ ਵੀ, ਕਿਸੇ ਕੋਨੇ 'ਚ, ਕੋਈ ਲੁਕਿਆ ਛਿੰਦਾ ਤਾਂ ਨੀਂ ਬੈਠਾ, ਜੀ ਹਾਂ, ਇਹ ਲੁਕਿਆ 'ਉੱਲੂ' ਸਾਡੇ ਸਭ ਵਿੱਚ ਮੌਜੂਦ ਏ। ਦਿਖਾਵੇ ਲਈ ਆਪਾਂ ਆਪਣੀ ਔਕਾਤ ਤੋਂ ਬਾਹਰ ਜਾ ਕੇ, ਵੱਡੀਆਂ ਕੋਠੀਆਂ ਪਾਉਂਦੇ ਆਂ, ਵੱਡੀਆਂ ਗੱਡੀਆਂ, ਵਿਆਹਾਂ ਤੇ ਬੇਲੋੜੇ ਖਰਚੇ, ਮਹਿੰਗੇ ਮੋਬਾਈਲ, ਬ੍ਰਾਂਡੇਡ ਕੱਪੜੇ ਵਗੈਰਾ, ਫਾਲਤੂ ਸ਼ਾਪਿੰਗ ਬਸ ਕੀ-ਕੀ ਦੱਸਾਂ। ਦਰਅਸਲ ਲੋਕਾਂ ਦੇ ਦੇਖਾ-ਦੇਖੀ ਆਪਾਂ ਸਾਰੇ ਹੀਣਭਾਵਨਾ ਦੇ ਸ਼ਿਕਾਰ ਹੋ ਗਏ ਆਂ, ਜਿਸ ਕਰਕੇ ਆਹ ਅਨਮੋਲ ਜਿੰਦਗੀ ਆਪਾਂ, ਕਿਸ਼ਤਾਂ ਭਰਨ ਲਈ ਈ ਜੀਣ ਲੱਗ ਪੈਂਦੇ ਆਂ। ਜ਼ਿਆਦਾਤਰ ਮੁਲਾਜ਼ਮ ਆਪਣੀ ਤਨਖਾਹਾਂ ਦੇਖਕੇ, ਜਿੱਥੇ ਇਸ ਜਾਲ ਵਿਚ ਫੱਸ ਜਾਂਦੇ ਨੇ, ਉਥੇ ਹੀ ਕਿਸਾਨ ਕੱਚੀ ਫਸਲ ਦੇਖਕੇ ਹੀ ਤੇ ਵਪਾਰੀ ਪਿਛਲਾ ਮੁਨਾਫਾ ਦੇਖਕੇ ਪਰ ਸਾਰੇ ਹੀ ਭੁੱਲ ਜਾਂਦੇ ਨੇ ਕਿ ਅਸਲ 'ਚ ਔਕਾਤ ਤੋਂ ਵੱਧ ਕੇ ਖਰੀਦੀ ਕੋਈ ਵੀ ਚੀਜ਼, ਸਿਰਫ ਸਾਂਭੀ ਹੀ ਜਾ ਸਕਦੀ ਏ, ਵਰਤੀ ਕਦੇ ਨੀਂ ਜਾ ਸਕਦੀ।

ਸਰਕਾਰੀ ਮਹਿਕਮਿਆਂ ਵਿਚ ਦਿਖਾਵੇ ਦੀ ਪ੍ਰਵਿਰਤੀ ਜਿਆਦਾਤਰ, ਬੰਦੇ ਦੇ ਰੈਂਕ ਅਨੁਸਾਰ ਵੱਧਦੇ ਕ੍ਰਮ 'ਚ ਚਲਦੀ ਏ। ਜਿੱਥੇ ਵਾਰ-ਵਾਰ ਆਪਣਾ ਵੱਡੇ ਅਹੁਦੇ ਦੇ ਦਿਖਾਵੇ ਲਈ ਨਿਰੰਤਰ ਤੇ ਜਬਰਦਸਤ ਅਭਿਨੈ ਜਾਰੀ ਰਹਿੰਦਾ ਏ ਤਾਂ ਉੱਥੇ ਈ ਵੱਡੇ-ਵੱਡੇ ਰਾਜਨੇਤਾਵਾਂ, ਅਭਿਨੇਤਾਵਾਂ, ਖਿਲਾੜੀਆਂ, ਲੇਖਕਾਂ ਤੇ ਪੱਤਰਕਾਰਾਂ ਦੇ ਵਿੱਚ ਦਾ ਛਿੰਦਾ, ਕਈ ਵਾਰ ਸ਼ਰੇਆਮ ਈ ਦਿਖਾਈ ਦੇ ਜਾਂਦਾ ਏ। ਅਸਲ ਵਿਚ ਦਿਖਾਵਾ ਹੁਣ ਇਕ ਵੱਡੀ ਮਹਾਂਮਾਰੀ ਦਾ ਰੂਪ ਧਾਰਨ ਕਰ ਚੁੱਕਾ ਏ। ਹਾਲਾਂਕਿ ਬਹੁਤ ਸਾਰੇ ਸਮਾਜ ਭਲਾਈ ਦੇ ਨੈਤਿਕ ਕੰਮਾਂ ਦਾ ਸਰਵਜਨਕ ਦਿਖਾਵਾ ਕਰਨਾ ਲਾਜ਼ਮੀ ਏ ਤਾਂ ਜੋ ਹੋਰ ਲੋਕ ਵੀ ਪ੍ਰੇਰਿਤ ਹੋਣ ਪਰ ਅਖੌਤੀ ਸਮਾਜ ਸੇਵੀਆਂ ਤੇ ਛੁਟਭਈਏ ਲੀਡਰਾਂ ਦਾ ਛਿੰਦਾ, ਉਨਾਂ ਵੱਲੋਂ ਕੀਤੇ ਮਾਮੂਲੀ ਕੰਮਾਂ ਦੀਆਂ ਵੱਡੀਆਂ ਤਸਵੀਰਾਂ ਦੇ ਵਿੱਚੋਂ ਝਾਕਦਾ ਰਹਿੰਦਾ ਏ ਤਾਂ ਉੱਥੇ ਈ ਆਪਣੀ ਠੁੱਕ ਬਣਾਉਣ ਲਈ ਦਾਨ ਕਰਨ ਆਲਿਆਂ ਦਾ ਛਿੰਦਾ ਵੀ ਧਾਰਮਿਕ ਸਥਾਨਾਂ ਦੇ ਪੱਥਰਾਂ 'ਤੇ ਲਿਖੇ ਨਾਮਾਂ ਵਿਚੋਂ ਸਾਫ ਦਿਖਾਈ ਦਿੰਦਾ ਏ । ਬਾਕੀ ਮਤਲਬ ਦੇ ਇਸ ਕਾਲੇ ਦੌਰ 'ਚ ਸਾਡੇ ਜਿਆਦਾਤਰ ਮਿੱਤਰ, ਰਿਸ਼ਤੇਦਾਰ ਸਾਡਾ ਫਿਕਰ ਤਾਂ ਭਾਵੇਂ ਘੱਟ-ਵੱਧ ਈ ਕਰਦੇ ਹੋਣ ਪਰ ਮਦਦ ਕਰਨ ਦਾ ਦਿਖਾਵਾ ਕਰਨ ਆਲੀ ਹਨੇਰੀ ਲਿਆ ਦਿੰਦੇ ਨੇ। ਹਾਲਾਂਕਿ ਸੱਚ ਦੱਸਾਂ ਤਾਂ ਮੈਂ ਵੀ ਇਸ ਬੀਮਾਰੀ ਤੋਂ ਮੁਕਤ ਨਹੀਂ ਹਾਂ ਪਰ ਇਸ ਬੀਮਾਰੀ 'ਚੋਂ ਨਿਕਲਣ ਲਈ ਨਿਰੰਤਰ ਯਤਨਸ਼ੀਲ ਹਾਂ। ਆਸ ਕਰਦਾ ਹਾਂ ਕਿ ਸਿਰਫ ਮੈਂ ਤੇ ਤੁਸੀਂ ਹੀ ਨਹੀਂ ਸਗੋਂ ਸਾਡਾ ਸਾਰਾ ਸਮਾਜ ਵੀ ਜਲਦੀ ਹੀ ਇਸ ਰੋਗ ਤੋਂ ਨਿਜਾਤ ਪਾ ਲਵੇ ਤਾਂ ਜੋ ਸੱਚੇ ਤੇ ਸਾਫ-ਸੁਥਰੇ ਸਮਾਜ ਦਾ ਨਿਰਮਾਣ ਹੋ ਸਕੇ।

## 1. ਸੱਧਰ

ਕਲਮ ਵੀ ਹੱਥ ਵਿਚ ਮੇਰੇ ਬੱਸ
ਓਦੋਂ ਹੀ ਆਉਂਦੀ ਐ।
ਯਾਦ ਤੇਰੀ ਦਿਲ ਵਿਚ ਜਦ ਕੋਈ
ਹਲਚਲ ਮਚਾਉਂਦੀ ਐ।
ਟੁੱਟੇ ਭੱਜੇ ਦਿਲ ਵਿਚ ਜੋ
ਦੱਬੇ ਰਹਿ ਗਏ ਅਰਮਾਨ
ਓਹੀ ਮੋਏ ਸੁਪਨੇ ਆ ਕੇ
ਫੇਰ ਜਗਾਉਂਦੀ ਐ।
ਹਰਫ਼ ਜਦੋਂ ਫੇਰ ਕਲਮ ਨਾਲ
ਮੈਂ ਲਿਖਣ ਲਗਦੀ ਹਾਂ
ਕਲਮ ਤੇਰਾ ਨਾਂ ਲੈ ਕੇ ....।
ਮੇਰੀ ਅੱਖ ਰੁਆਉਂਦੀ ਐ
ਜਿੰਨਾ ਤੈਨੂੰ ਮੈਂ ਸੋਚਦੀ ਆਂ ...।
ਐਨਾ ਤਾਂ ਤੈਨੂੰ ਕੋਈ ਚਾਹ ਵੀ ਨਹੀਂ ਸਕਦਾ
ਦੇਖ ਮੇਰੀ ਚਾਹਤ ਤੋਂ ਕਲਮ
ਕੀ ਕੀ ਲਿਖਵਾਉਂਦੀ ਐ।
ਚਾਰ ਨੈਨਾਂ ਦਾ ਸੰਭਵ ਕਦੇ
ਹੋ ਜਾਵੇ ਕੋਈ ਸੰਵਾਦ
ਸਾਹਾਂ ਤੋਂ ਵੀ ਵੱਧ ਇਹ ਸੱਧਰ
ਦਿਲ ਵਿੱਚ ਆਉਂਦੀ ਐ।
ਆਪਣੀ ਜ਼ਾਲਮ ਯਾਦ ਤੋਂ ਪਹਿਲਾਂ
ਕਦੇ ਤਾਂ ਸੱਜਣਾ ਆ
ਦੇਖ ਤੇਰੇ ਲਈ ਅੱਥਰੂ ਕਿੰਨੇ
ਮੇਰੀ ਅੱਖ ਵਹਾਉਂਦੀ ਐ।

**ਰਜਨੀਸ਼**

## 2. ਗ਼ਜ਼ਲ

ਤੂੰ ਪਿਆਰ ਕਰ, ਸਤਿਕਾਰ ਕਰ।
ਨਾ ਬੇਵਜ੍ਹਾ ਤਕਰਾਰ ਕਰ।
ਉਹ ਦੇ ਰਿਹਾ ਜੋ ਹਰ ਖ਼ੁਸ਼ੀ,
ਤੂੰ ਫੇਰ ਨਾ ਇਨਕਾਰ ਕਰ।
ਉਹਦੇ ਬਿਨਾਂ ਜੇ ਚੈਨ ਨਈਂ,
ਤਾਂ ਹਰ ਘੜੀ ਇਜ਼ਹਾਰ ਕਰ।
ਜੋ ਹੋ ਰਿਹਾ ਤੂੰ ਹੋਣ ਦੇ,
ਬਸ, ਓਸ 'ਤੇ ਇਤਬਾਰ ਕਰ।
ਪਲ ਮੁੜ ਖ਼ੁਸ਼ੀ ਦੇ ਆਉਣਗੇ,
ਆਹ ਗ਼ਮ ਨਾ ਤੂੰ ਸਵੀਕਾਰ ਕਰ।
ਉਹ ਠੀਕ ਹੀ ਸੀ ਕਹਿ ਰਿਹਾ,
ਹਰ ਸੋਚ 'ਤੇ ਵਿਚਾਰ ਕਰ।
ਹੁਣ ਨਫ਼ਰਤਾਂ ਨੇ ਦਰ-ਬ-ਦਰ,
ਤੂੰ ਪ੍ਰੇਮ ਦੀ ਭਰਮਾਰ ਕਰ।

**ਦਾਸ ਪ੍ਰੇਮ ਪਾਲ ਸਿੰਘ ਇਟਲੀ।**

## 3. ਦਵੱਯਾ ਛੰਦ
### (ਸਾਧ ਸੰਗਤ ਦੀ ਸੇਵਾ)

ਪਾ ਸੇਵਾ ਸਿਮਰਨ ਦੇ ਗਹਿਣੇ, ਜਨਮ ਸਫਲ ਹੋ ਜਾਵੇ।
ਸੱਚਾ ਵਣਜ ਕਰੀ ਵਣਜਾਰੇ, ਗੁਰਬਾਣੀ ਫ਼ੁਰਮਾਵੇ।
ਹੀਰਾ ਲਾਲ ਅਮੋਲ ਰਤਨ ਜਪ, ਰਾਮ ਨਾਮ ਦੀ ਮਾਲਾ।
ਸਾਧ ਸੰਗਤ ਦੀ ਸੇਵਾ ਉਤਮ, ਕਰੇ ਨਸੀਬਾਂ ਵਾਲਾ।
ਲੋਹ ਤਪਣ ਪੱਕਣ ਪਰਸਾਦੇ, ਹਲਵੇ ਦੀ ਖ਼ੁਸ਼ਬੋਈ।
ਬਾਬੇ ਨਾਨਕ ਪ੍ਰਥਾ ਚਲਾਈ , ਐਸੀ ਰਹਿਮਤ ਹੋਈ।
ਕਿਧਰੇ ਖੀਰ ਜਾਣ ਵਰਤਾਈ, ਕਿਧਰੇ ਰਿੱਝੇ ਦਾਲਾ।
ਸਾਧ ਸੰਗਤ ਦੀ ਸੇਵਾ ਉਤਮ, ਕਰੇ ਨਸੀਬਾਂ ਵਾਲਾ।
ਕੋਈ ਜਲ ਦੀ ਸੇਵਾ ਕਰਦਾ, ਕੋਈ ਕਰੇ ਵਿਛਾਈ।
ਕੋਈ ਜੋੜੇ ਝਾੜ ਰਿਹਾ ਤੇ, ਕੋਈ ਕਰੇ ਸਫਾਈ।
ਹੱਥ 'ਚ ਝਾੜੂ ਫੜਕੇ ਸੇਵਾ, ਕਰਦਾ ਹੈ ਮਤਵਾਲਾ।
ਸਾਧ ਸੰਗਤ ਦੀ ਸੇਵਾ ਉਤਮ, ਕਰੇ ਨਸੀਬਾਂ ਵਾਲਾ।
ਜਾਤ ਮਜ਼ਬ ਦਾ ਖੰਡਨ ਕੀਤਾ, ਐਸੀ ਰੀਤ ਚਲਾਕੇ।
ਉਚ ਨੀਚ ਦਾ ਭੇਦ ਮਿਟਾਤਾ, ਇੱਕੋ ਜਗਾ ਬਿਠਾਕੇ।
ਰਾਮ, ਵਾਹਿਗੁਰੂ, ਗੋਡ ਕੋਈ, ਜਪਦਾ ਅੱਲਾ ਤਾਲਾ।
ਸਾਧ ਸੰਗਤ ਦੀ ਸੇਵਾ ਉਤਮ, ਕਰੇ ਨਸੀਬਾਂ ਵਾਲਾ।
ਸੇਵਾ ਕੀਤੀ ਸਤਿਗੁਰ ਦਰ ਦੀ, ਬਿਰਥੀ ਕਦੀ ਨ ਜਾਵੇ।
ਜਨਮ ਮਰਨ ਦਾ ਚੱਕਰ ਮੁਕਜੇ, ਜਮ ਨੇੜੇ ਨਾ ਆਵੇ।
ਬਿਖੜੇ ਪੈਂਡੇ ਪਾਰ ਲੰਘਾਵੇ, ਸਤਿਗੁਰ ਬਣ ਰਖਵਾਲਾ।
ਸਾਧ ਸੰਗਤ ਦੀ ਸੇਵਾ ਉਤਮ, ਕਰੇ ਨਸੀਬਾਂ ਵਾਲਾ।
ਰੂਹ ਨੂੰ ਮਿਲ ਜਾਂਦੀ ਹੈ ਠੰਡਕ, ਗੁਰ ਕੀ ਸੇਵ ਕਮਾਕੇ।
ਜੋ ਜੀ ਆਵੇ ਰਾਜੀ ਜਾਵੇ, ਦਰਸ ਗੁਰੂ ਦਾ ਪਾਕੇ।
ਪੜੀਏ ਜਦ ਇਲਾਹੀ ਬਾਣੀ, ਤਨ ਮਨ ਹੋਤ ਨਿਹਾਲਾ।
ਸਾਧ ਸੰਗਤ ਦੀ ਸੇਵਾ ਉਤਮ, ਕਰੇ ਨਸੀਬਾਂ ਵਾਲਾ।
ਆ ਪੂਰੇ ਸਤਿਗੁਰ ਦੀ ਸ਼ਰਨੀ, ਤੂੰ ਵੀ ਸੇਵ ਕਮਾਲੈ।
ਰਾਮੂ ਨਾਮੂ ਦੀ ਸਾਬਣ ਲਾ ਕੇ, ਸਤਿਸੰਗ ਤੀਰਥ ਨਹਾਲੈ।
'ਸੁੱਖ ਚੈਨ' ਜਿੰਦਗੀ ਵਿੱਚ ਬਖਸ਼ੇ, ਸਤਿਗੁਰ ਦੀਨ ਦਿਆਲਾ।
ਸਾਧ ਸੰਗਤ ਦੀ ਸੇਵਾ ਉਤਮ, ਕਰੇ ਨਸੀਬਾਂ ਵਾਲਾ।

**ਸੁਖਚੈਨ ਸਿੰਘ ਚੰਦ ਨਵਾਂ**
**ਮੋ. ੯੯੧੪੯੭੩੮੭੬**

## 4. ਦੱਸ ਖਾਂ ਨੀ ਖੁਸ਼ੀਏ ਤੂੰ ਰਹਿੰਦੀ ਕਿਸ ਥਾਂ ਏ

ਮੈਨੂੰ ਬੱਸ ਇੰਨਾ ਪਤੈ ਖ਼ੁਸ਼ੀ ਤੇਰਾ ਨਾਂ ਏ
ਦੱਸ ਕੋਈ ਪਤਾ ਜਾਂ ਟਿਕਾਣਾ ਭਾਗਾਂ ਵਾਲੀਏ
ਵੱਡਾ ਤੇਰਾ ਸ਼ਹਿਰ ਏ ਜਾਂ ਨਿੱਕੜਾ ਗਰਾਂ ਏ
ਰਹਿਨੀ ਏਂ ਤੂੰ ਬੰਗਲੇ 'ਚ ਜਾਂ ਕਿਸੇ ਕੋਠੀ ਵਿੱਚ
ਜਾਂ ਏ ਚੁਬਾਰਾ ਜਾਂ ਕੋਈ ਢਾਰੇ ਜਿਹਾ ਮਕਾਂ ਏ
ਕੀ ਤੇਰੇ ਘਰ ਵਿੱਚ ਏ.ਸੀ, ਵੀ ਏ ਲਗਾ ਹੋਇਆ
ਜਾਂ ਤੇਰੇ ਵਿਹੜੇ 'ਚ, ਦਰੱਖਤਾਂ ਦੀ ਛਾਂ ਏ
ਖ਼ੁਸ਼ੀਏ ਕੀ ਨਾਂ ਈ ਤੇਰੇ ਰੱਬ ਜਹੇ ਬਾਬੁਲੇ ਦਾ
ਉਚੇ ਸੁੱਚੇ ਭਾਗਾਂ ਵਾਲੀ ਕੌਣ ਤੇਰੀ ਮਾਂ ਏ
ਕੀ ਏ ਐਡਰੈਸ ਤੇਰਾ, ਲਗਦੀ ਤਸੀਲ ਕਿਹੜੀ
ਕਿਹੜਾ ਜਿਲਾ ਅਤੇ ਡਾਕ ਖਾਨਾ ਕਿਹੜੀ ਥਾਂ ਏ
ਚਿੱਠੀ ਵਿੱਚ ਲਿਖਾਂਗੀ ਮੈਂ ਦੁੱਖ ਸੁਖ ਸਾਰੇ ਤੈਨੂੰ
ਖ਼ੁਸ਼ੀਆਂ ਲਿਆਵੇਂ ਤੈਨੂੰ, ਖ਼ੁਸ਼ੀ ਜਾਣਾ ਤਾਂ ਏ
ਪਹਿਲਾਂ ਤਾਂ ਤੂੰ ਖੁਸ਼ੀਏ ਨੀ ਹਰ ਥਾਂ ਸੀ ਦਿਸਦੀ
ਹੁਣ ਖੌਰੇ ਕਿਹੜੀ ਜਾ ਕੇ ਮੱਲ ਲਈ ਸਰਾਂ ਏ
ਅੱਜ ਕੱਲ ਲੋਕੀ ਸਾਰੇ ਚੁੱਪ ਚੁੱਪ ਫਿਰਦੇ ਨੇ
ਜ਼ਿੰਦਗੀ ਏ ਔਖੀ ਅਤੇ ਔਖੀ ਹੋਈ ਜਾਂ ਏ
ਆ ਗਿਐ ਜ਼ਮਾਨਾ ਕੈਸਾ ਚੰਦਰਾ ਕੁਲਹਿਣਾ ਜਿਹਾ
ਬੱਚੇ ਨਹੀਉਂ ਬੋਲਦੇ ਤੇ ਰੋਂਦੀ ਰਹਿੰਦੀ ਮਾਂ ਏ
ਦੁੱਖਾਂ ਐਸਾ ਘੇਰਿਆ ਈ ਅਪਣੇ ਬਿਗਾਨੇ ਹੋਏ
ਹੁਣ ਤਾਂ ਬਨੇਰੇ ਕਦੀ ਬੋਲਦਾ ਨਾ ਕਾਂ ਏ
ਪਾਵਾਂ ਤੈਨੂੰ ਵਾਸਤਾ ਨੀ ਘਰ ਫੇਰਾ ਪਾਵੀਂ ਕਦੀ
ਪੁੱਛ ਲਈਂ ਕਿਸੇ ਨੂੰ 'ਸੁਰਜੀਤ' ਮੇਰਾ ਨਾਂ ਏ।

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਯੂ.ਐਸ.ਏ.**

## 5. ਗੀਤ

ਮੈਨੂੰ ਗੀਤ ਗਾਉਣ ਦਿਓ,
ਕੁਝ ਦਰਦ ਸੁਣਾਉਣ ਦਿਓ।
ਮੈਂ ਨਫ਼ਰਤ ਦਾ ਰਾਹੀ ਨੀ,
ਕੁਝ ਪਰਦੇ ਲਹਾਉਣ ਦਿਓ।
ਮੇਰੀ ਦੱਬੀ ਕੁਚਲੀ ਜ਼ਿੰਦਗੀ ਨੂੰ,
ਕੁਝ ਉੱਚਾ ਉਠਾਉਣ ਦਿਓ।
ਜੋ ਗੀਤ 'ਸੰਤਾਪ ਹੰਢਾਉਂਦੇ ਨੇ,
ਮੈਨੂੰ ਵੀ ਸਾਥ ਦੇਣ ਦਿਓ।
ਮੈਂ ਏਕਾ ਬੀਜਾਂਗਾ ਹਰ ਹਾਲ ਵਿੱਚ ,
ਪਰ ਮੈਨੂੰ ਸੱਚ ਤਾਂ ਕਹਿਣ ਦਿਓ।

**ਸੁਖਜਿੰਦਰ ਸਿੰਘ ਭੰਗਚੜੀ**

## 6. ਪੰਜਾਬੀਏ ਜ਼ਬਾਨੇ...

ਹੁਣ ਮਰ ਜਾਣਿਆ ਕਿੱਥੇ ਗੁੰਮਿਐਂ
ਬੋਲਦਾ ਕਾਹਤੋਂ ਨਹੀਂ।
ਮਾਸੀ ਮਾਰਿਆ ਹੱਕ ਮਾਈ ਦਾ
ਗੌਲਦਾ ਕਾਤੋਂ ਨਹੀਂ।
ਧੁਰ ਕਸ਼ਮੀਰ ਤੋਂ ਤਿੱਬਤ ਤੱਕ ਸੀ
ਰਾਜ ਪੰਜਾਬੀਆਂ ਦਾ।
ਆਉਣੀ ਜਾਣੀ ਚੀਜ਼ ਨਾ ਕਰੀਏ
ਮਾਣ ਨਵਾਬੀਆਂ ਦਾ।
ਹੁਣ ਪ੍ਰਦੇਸਣ ਆਖ ਪੰਜਾਬੀ
ਵੇਹੜਿਓਂ ਕੱਢ ਦਿੱਤੀ।
ਗੈਰਾਂ 'ਤੇ ਕੀ ਰੋਸ ਬਾਤ ਖੁਦ
ਘਰਦਿਆਂ ਛੱਡ ਦਿੱਤੀ।
ਜੇ ਕਲਮਾਂ ਨੇ ਚੁੱਪ ਵੱਟਣੀ
ਨਿਰਣਾਇਕ ਮੋੜੇ 'ਤੇ।
ਫੇਰ ਘਸਾ ਕੇ ਲਾਉਣੈ ਦੱਸ
ਸ਼ਾਇਰਾਂ ਨੂੰ ਫੋੜੇ 'ਤੇ।
ਬੰਦਾ ਬਣ ਗੁਰਦਾਸ ਸਿਆਂ
ਕੱਸ ਤੀਰ ਕਮਾਨਾਂ 'ਤੇ।
ਭੀੜ ਪਈ 'ਤੇ ਮਾਣ ਕਰੇਂਦੇ
ਲੋਕ ਜਵਾਨਾਂ 'ਤੇ।

**ਹਰਦੇਵ ਸਿੰਘ**

## 7. ਬਾਬੂ ਰਜਬ ਅਲੀ ਜੀ

ਪਿੰਗਲ ਦਾ ਧਨੀ ਉਸਤਾਦ ਛੰਦ ਦਾ
ਛੰਡ ਛੰਡ ਲਿਖਦਾ ਸੀ ਹਰ ਬੰਦ ਦਾ
ਬਾਬੂ ਸ਼ਾਇਰ ਆਰਿਫ਼ ਅਨੋਖਾ ਸੀ ਬਲੀ
ਕਵੀਸ਼ਰੀ ਦਾ ਰਾਜਾ ..ਬਾਬੂ ਰਜਬ ਅਲੀ
ਜਿਉਣੀ ਮਾਂ ਧਮਾਲੀ ਖਾਂ ਪਿਓ ਦਾ ਲਾਲ ਸੀ
ਰਗਾਂ ਵਿਚ ਵਸਾਈ ਛੰਦਾਂ ਬੰਦੀ ਤਾਲ ਸੀ
ਸਾਹੋਕੇ ਗਰਾਂ ਦੀ ਭਾਗਾਂ ਵਾਲੀ ਸੀ ਗਲੀ
ਛੰਦਾਂ ਦਾ ਰਚੇਤਾ ਬਾਬੂ ਰਜਬ ਅਲੀ
ਬੰਬੀਹੇ ਪਿੰਡੋਂ ਮੁੱਢਲੀ ਪੜਾਈ ਪੜੀ ਸੀ
ਫੁੱਟਬਾਲ 'ਚ ਵੀ ਪੂਰੀ ਗੁੱਡੀ ਚੜੀ ਸੀ
ਤਕੜੇ ਜੁੱਸੇ ਦਾ ਸੀ ਸਰੀਰ ਵੀ ਖਲੀ
ਕਵੀਸ਼ਰੀ ਦਾ ਜਾਦੂਗਰ .. ਰਜਬ ਅਲੀ
ਓਵਰਸੀਰੀ ਕਰ ਬਣ ਗਿਆ ਬਾਬੂ ਸੀ
ਲਿਖਾਰੀ ਮਨ ਉੱਡੇ ਰਹਿੰਦਾ ਬੇਕਾਬੂ ਸੀ
ਕਰਕੇ ਕਮਾਈ ਪਿਓ ਦੇ ਧਰਦਾ ਤਲੀ
ਛੰਦਾਂ ਦਾ ਰਚੇਤਾ ਬਾਬੂ ਰਜਬ ਅਲੀ
ਰਹਿਮਤ, ਦੌਲਤ, ਭਾਗੋ, ਫਾਤਿਮਾ ਬੀਬੀ
ਚਾਰ ਸੀ ਵਿਆਹ ਲਿਖੇ ਵਿੱਚ ਨਸੀਬੀ
ਦੋ ਧੀਆਂ ਚਾਰ ਪੁੱਤ ਸੋਹਣੇ ਬਖਸ਼ੇ ਵਲੀ
ਕਵੀਸ਼ਰੀ ਦਾ ਰਾਜਾ..ਬਾਬੂ ਰਜਬ ਅਲੀ
ਪਹਿਲੀ ਵਾਰੀ ਹੀਰ ਗਾ ਕੇ ਕਰੀ ਹਾਕਰੀ
ਗਾਉਣ ਦੇ ਪਿਆਰ ਪਿੱਛੇ ਛੱਡੀ ਚਾਕਰੀ
ਨਵੇਂ ਨਵੇਂ ਛੰਦ ਜੋੜੇ ਨਾਲੇ ਲਿਖਦਾ ਕਲੀ
ਕਵੀਸ਼ਰੀ ਦਾ ਬਾਦਸ਼ਾਹ.. ਰਜਬ ਅਲੀ
ਵੰਡਾਂ ਵੇਲੇ ਜਾਣਾ ਪਿਆ ਪਿੰਡ ਛੱਡ ਕੇ
ਮਾਲਵੇ ਦਾ ਲੈ ਗਿਆ ਕਲੇਜਾ ਕੱਢ ਕੇ
ਭਾਣੇ ਕਰਤਾਰ ਦੇ ਜੋ ਕਰਦਾ ਭਲੀ
ਛੰਦਾਂ ਦਾ ਰਚੇਤਾ ਬਾਬੂ ਰਜਬ ਅਲੀ
ਅਰਬੀ, ਉਰਦੂ, ਫ਼ਾਰਸੀ ਸੀ ਜਾਣਦਾ
ਪਰ ਰਿਹਾ ਪੰਜਾਬੀ ਦਾ ਪਿਆਰ ਮਾਣਦਾ
ਕਿੱਸੇ ਕਵਿਤਾਵਾਂ 'ਚ ਮੁਹਾਰਨੀ ਢਲੀ
ਕਵੀਸ਼ਰੀ ਦਾ ਜਾਦੂਗਰ .. ਰਜਬ ਅਲੀ
ਪੂਰਨ ਭਗਤ ਤੇ ਦਹੂਦ ਬਾਦਸ਼ਾਹ
ਸਿੱਖ ਇਤਿਹਾਸ, ਅਰਜਨ ਪਾਤਸ਼ਾਹ
ਬੀਬੀ ਹਰਨਾਮ ਕੌਰ ਕਿੱਥੇ ਸੀ ਟਲੀ
ਛੰਦਾਂ ਦਾ ਰਚੇਤਾ ਬਾਬੂ ਰਜਬ ਅਲੀ
ਜਾਨੀ ਚੋਰ ਵਾਕਾ ਸਾਕਾ ਸਰਹਿੰਦ ਦਾ
ਦੁੱਲਾ ਭੱਟੀ, ਸੀਤਾ ਭਾਲ, ਬਿਧੀ ਚੰਦ ਦਾ
ਕਵਿਤਾ ਜਾਂਦੀ ਸੀ ਕਣ ਕਣ 'ਚੋਂ ਫਲੀ
ਕਵੀਸ਼ਰੀ ਦਾ ਜਾਦੂਗਰ.. ਰਜਬ ਅਲੀ
ਅਲਬੇਲਾ ਅਨਮੋਲ ਅਤੇ ਰੰਗੀਲਾ ਸੀ
ਕਿਤਾਬਾਂ 'ਚ ਰਜਬ ਅਲੀ ਅਣਖੀਲਾ ਸੀ
ਦਸ਼ਮੇਸ਼ ਮਹਿਮਾ ਵਾਲੀ ਗੱਲ ਸੀ ਚਲੀ
ਕਵੀਸ਼ਰੀ ਦਾ ਰਾਜਾ ਬਾਬੂ ਰਜਬ ਅਲੀ
ਛੰਦਾਂ ਨੂੰ ਰਚਾਇਆ ਵਿੱਚ ਰੋਮ ਰੋਮ ਦੇ
ਲੋਹੇ ਦੇ ਸ਼ਬਦ ਬਣ ਜਾਂਦੇ ਮੋਮ ਦੇ
ਠੰਡੀ ਸ਼ੀਤ ਹੋ ਜਾਂਦੀ ਸੀ ਗੱਲ ਜੋ ਜਲੀ
ਛੰਦਾਂ ਦਾ ਰਚੇਤਾ ਬਾਬੂ ਰਜਬ ਅਲੀ
ਕੋਈ ਦੋ ਹਜ਼ਾਰ ਛੰਦ ਬਾਬੂ ਨੇ ਘੜੇ
ਚਾਵਾਂ ਨਾਲ ਗਾਏ ਜਾਂਦੇ ਅੱਜ ਵੀ ਪੜੇ
ਬਹੱਤਰ ਕਲਾ ਤੇ ਬਾਬੂ ਚਾਲ ਸੀ ਚਲੀ
ਕਵੀਸ਼ਰੀ ਦਾ ਜਾਦੂਗਰ ਰਜਬ ਅਲੀ
ਪੈਂਹਠ 'ਚ ਫੇਰਾ ਪਾ ਪੰਜਾਬ ਮੁੜਕੇ
ਸੁਣਦੇ ਹੁੰਦੇ ਸੀ ਲੋਕੀ ਜੁੜ ਜੁੜ ਕੇ
ਮਿੱਠੇ ਮਿੱਠੇ ਬੋਲ ਮਿਸ਼ਰੀ ਦੀ ਡਲੀ
ਕਵੀਸ਼ਰੀ ਦਾ ਰਾਜਾ ਬਾਬੂ ਰਜਬ ਅਲੀ
ਸਿਫ਼ਤ ਸੁਣਾਉਂਦਾ ਪਿੰਡਾਂ ਅਤੇ ਸ਼ਹਿਰਾਂ ਦੀ
ਕਰਦਾ ਸੀ ਗੱਲ ਦੋਸਤੀ ਤੇ ਵੈਰਾਂ ਦੀ
ਸਰੋਂ ਸੀ ਜਮਾਉਂਦਾ ਉਹ ਤਾਂ ਰੱਖ ਕੇ ਤਲੀ
ਛੰਦਾਂ ਦਾ ਲਿਖਾਰੀ ਬਾਬੂ ਰਜਬ ਅਲੀ
ਕਿੱਥੇ ਕਿੱਥੇ ਕੀ ਕੀ ਚੀਜਾਂ ਮਸ਼ਹੂਰ ਨੇ
ਛੰਦਾਂ ਵਿੱਚ ਖੋਲ ਦੱਸਿਆ ਹਜ਼ੂਰ ਨੇ
ਕੀਹਦੀ ਕਿਵੇਂ ਕਿਵੇਂ ਦਾਲ ਸੀ ਗਲੀ
ਛੰਦਾਂ ਦਾ ਗੱਵਈਆ ਬਾਬੂ ਰਜਬ ਅਲੀ
ਪੰਜ ਦਿਨ ਪਹਿਲਾਂ ਲਿਖੀ ਮੌਤ ਤਾਰ ਸੀ
ਰੋਜ ਉਡੀਕੇ ਰਜਬ ਅਲੀ ਤਿਆਰ ਸੀ
ਪੈ ਗਿਆ ਵਿਛੋੜਾ ਕਿੱਥੇ ਟਲਦੀ ਟਲੀ
ਛੰਦਾਂ ਦਾ ਰਚੇਤਾ ਬਾਬੂ ਰਜਬ ਅਲੀ
ਮਹੀਂਵਾਲ, ਮਿਰਜ਼ਾ, ਸ਼ੌਕੀਨ ਰਾਂਝਾ ਸੀ
ਬਾਬੂ ਤਿੰਨਾਂ ਕੌਮਾਂ ਦਾ ਸ਼ਾਇਰ ਸਾਂਝਾ ਸੀ
ਅੱਜ ਵੀ 'ਹਰੀਸ਼' ਰੂਹ ਹੈ ਲੋਕਾਂ 'ਚ ਰਲੀ
ਛੰਦਾਂ ਦਾ ਰਚੇਤਾ ਬਾਬੂ ਰਜਬ ਅਲੀ।

**ਹਰੀਸ਼ ਪਟਿਆਲਵੀ**

## 8. ਮੌਤ ਤੋਂ ਪਹਿਲਾਂ

ਚੱਲ ਰਹੀ ਏ ਸਾਹਾਂ ਦੀ ਅੱਗ,
ਇੱਕ ਨਾ ਇੱਕ ਦਿਨ ਫੁਕ ਜਾਣਾ ਏ।
ਭਰੋਸਾ ਨਾ ਕੋਈ, ਰਿਹਾ ਮੌਤ ਦਾ,
ਕਦ ਆ ਕੇ ਖ਼ਤਮ ਕਰ ਜਾਣਾ ਏ।
ਆਤਮਾ ਭਟਕਦੀ ਰਹੂ ਵਿੱਚ ਸਿਵਿਆਂ ਦੇ,
ਖ਼ੁਸ਼ੀਆਂ ਗੁਆ ਕੇ ਤੜਫ ਬਣ ਜਾਣਾ ਏ।
ਅਜ਼ਾਦੀ ਮਿਲ ਜੂ ਮੇਰੇ ਸਰੀਰ ਨੂੰ,
ਮੌਤ ਤੋਂ ਪਹਿਲਾ ਤੂੰ ਮਿਲ ਜਾਣਾ ਏ।

**ਜੈਸੀ ਸਿੰਘ ਬਿੱਡੂ**
**ਧੂਰੀ ਜਿਲਾ ਸੰਗਰੂਰ**

## 9. ਗ਼ਜ਼ਲ

ਹੋ ਗਈ ਹੈ ਲਹਿਰ ਉਤਪਤ ਇਸ ਤਰਾਂ।
ਤੁਪਕੇ ਨੇ ਕੀਤੀ ਸ਼ਰਾਰਤ ਇਸ ਤਰਾਂ।
ਖ਼ੁਰ ਕੇ ਪਾਣੀ ਸੰਗ ਹੀ ਵਹਿ ਜਾਂਦੇ ਨੇ,
ਪੱਥਰ ਵੀ ਕਰਦੇ ਨੇ ਹਿਜਰਤ ਇਸ ਤਰਾਂ।
ਕੁਝ ਨਾ ਕਹਿਕੇ ਇੱਕ ਪਲਕ ਹਿਲਾ ਦਿੱਤੀ,
ਮਿਲ ਗਈ ਮੈਨੂੰ ਇਜਾਜ਼ਤ ਇਸ ਤਰਾਂ।
ਮੈਂ ਜ਼ਿਬਾ ਹੋਣ ਵੇਲੇ ਮੁਸਕੁਰਾਇਆ,
ਪਾਈ ਮੁਨਸਿਫ਼ ਨੂੰ ਬੁਝਾਰਤ ਇਸ ਤਰਾਂ।
ਬੈਠੇ ਪਹਿਲੀ ਸਫ਼ 'ਚ ਆਲਾ ਤਮਾਸ਼ਬੀਨ,
ਬੇਬਸੀ ਦੀ ਹੋਈ ਸ਼ਨਾਖ਼ਤ ਇਸ ਤਰਾਂ।
ਘਰ 'ਚ ਗੁਜ਼ਰੇ ਦਿਨ ਜਲਾਵਤਨੀ ਜਹੇ,
ਆਪਣੀ ਮੈਂ ਕੀਤੀ ਜ਼ਿਆਰਤ ਇਸ ਤਰਾਂ।
ਭਾਲਦਾ ਤੈਨੂੰ ਹੋਇਆ ਹਾਂ ਗੁੰਮਸ਼ੁਦਾ,
ਜੁਸਤਜੂ ਨੇ ਕੀਤੀ ਹਾਲਤ ਇਸ ਤਰਾਂ।

**'ਆਜ਼ਾਦ'**

## 10. ਤਨ ਦਾ ਭੋਜਨ ਰੋਟੀ

ਮਨ ਦਾ ਭੋਜਨ ਮਨਨ
ਤਨ ਦਾ ਔੜਨ ਕੱਪੜਾ
ਮਨ ਦਾ ਪਰਦਾ ਰੱਬ
ਤਨ ਦਾ ਹਰ ਅੰਗ ਬੇਸ਼ਕੀਮਤੀ
ਮਨ ਇੱਕ ਬਹੁਕੀਮਤੀ ਤਰੰਗ
ਮਨ ਹੈ ਤਨ ਦਾ ਮਾਲਕ
ਜਿਉਂ ਘਰ ਦਾ ਸਵਾਮੀ ਕੰਤ
ਜਿੱਥੇ ਚਾਹੇ ਮੋੜ ਲਿਜਾਵੇ
ਤਨ ਲੱਗੇ ਪਿੱਛੇ ਸਦਾ ਮਨ
ਪਰ ਜੇ ਮਨ ਰਹੇ ਉਦਾਸ
ਤਾਂ ਤਨ ਵੀ ਕਰੇ ਪ੍ਰਤੀਕਾਰ
ਜੇ ਮਨ ਘੋਰ ਹਨੇਰੇ
ਤਨ ਜਾਂਦਾ ਰੱਬ ਦੇ ਡੇਰੇ (ਮੰਦਰ/ਮਸਜਿਦ)
ਜੇ ਮਨ ਉੱਜਵਲ ਤਾਂ ਤਨ ਵੀ ਚੰਗਾ
ਤਨ ਨਰੋਆ ਤਾਂ ਮਨ ਵਿੱਚ ਹੀ ਗੰਗਾ।

**ਗੁਰਮੀਤ ਸਚਦੇਵਾ**

## 11. ਇਸ ਸਾਵਣ ਨਾ ਆਈਂ

ਇਸ ਸਾਵਣ ਨਾ ਆਈਂ ਮੇਰੇ ਸਾਹਿਬਾ
ਇਹ ਸਾਵਣ ਖ਼ੁਦ ਪਿਆਸਾ
ਲੂਸ ਰਿਹਾ ਏ ਸੀਨੇ ਇਸ ਦੇ
ਹਰ ਸੁਪਨਾ ਇਕਵਾਸਾ
ਇਸ ਸਾਵਣ ਤਾਂ ਰੁੱਸੀ ਜ਼ਿੰਦੜੀ
ਮੌਤ ਨੂੰ ਕਰੇ ਇਸ਼ਾਰੇ
ਦੁੱਖ ਦੇ ਗਹਿਰੇ ਬੱਦਲਾਂ ਪੂੰਝੇ
ਆਸਾਂ ਦੇ ਸਭ ਤਾਰੇ
ਸਾਡੀ ਮਿੱਟੀ ਦੇ ਅੰਦਰ ਹੀ
ਮਰ ਜਾਂਦਾ ਹਰ ਹਾਸਾ.. ਇਸ ਸਾਵਣ
ਚਾਨਣ ਵਿਚ ਨਾ ਘੁਲਦੀਆਂ ਕਿਧਰੇ
ਛਹਿਬਰ ਦੀਆਂ ਫੁਹਾਰਾਂ
ਖ਼ੁਸ਼ਕ ਹਨੇਰੇ ਦੀ ਬੁੱਕਲ ਵਿਚ
ਕੁੱਸਦੇ ਰੰਗ ਹਜ਼ਾਰਾਂ
ਬੱਸ ਨੇਰਾ ਹੀ ਖੇੜੇ ਹਰਦਮ
ਸੁੱਟ ਕੇ ਆਪਣਾ ਪਾਸਾਇਸ ਸਾਵਣ
ਇਸ ਸਾਵਣ ਹਰਿਆਲੀ ਸਾਰੀ
ਫਿਕਰਾਂ ਲੋਆਂ ਸਾੜੀ
ਇਹ ਬੇਦਰਦਾ ਮੌਸਮ ਜਾਵੇ
ਜੀਣ ਦੀ ਫਸਲ ਉਜਾੜੀ
ਰਿਮ ਝਿਮ ਮੰਗਦੀ ਜ਼ਿੰਦਗੀ ਦਾ
ਤੇਹਾਂ ਦੇ ਘਰ ਵਿੱਚ ਵਾਸਾਇਸ ਸਾਵਣ
ਸਾਡੇ ਹਿੱਸੇ ਆਈਆਂ ਧਰਤੀ
ਅੰਬਰ ਦੀਆਂ ਰੁਸਵਾਈਆਂ
ਵੇਲੇ ਦੇ ਲਾਰੇ ਦੀਆਂ ਰਮਜ਼ਾਂ
ਸਾਨੂੰ ਸਮਝ ਨਾ ਆਈਆਂ
ਸਾਡੀਆਂ ਸੁਣਨ ਵਾਲੇ ਦਾ ਖ਼ਬਰੇ
ਕਿਹੜੇ ਮੰਡਲ ਵਾਸਾਇਸ ਸਾਵਣ
ਇਸ ਸਾਵਣ ਦੇ ਵਿਹੜੇ ਸੱਜਣਾਂ
ਰੋਂਦੀਆਂ ਫਿਰਨ ਬਹਾਰਾਂ
ਖ਼ਬਰੇ ਉਹ ਸਾਵਣ ਕਦ ਆਵੇ
ਜਿਸ ਨੂੰ 'ਵਾਜਾਂ ਮਾਰਾਂ'
ਏਸੇ ਸਾਵਣ ਆ ਜਾ ਸਾਹਬਾ
ਕੱਲ ਦਾ ਕੀ ਭਰਵਾਸਾ
ਇਸ ਸਾਵਣ ਨਾ ਆਈਂ ਮੇਰੇ ਸਾਹਿਬਾ
ਇਹ ਸਾਵਣ ਖ਼ੁਦ ਪਿਆਸਾ
ਲੂਸ ਰਿਹਾ ਏ ਸੀਨੇ ਇਸ ਦੇ
ਹਰ ਸੁਪਨਾ ਇਕਵਾਸਾ।

**ਅਰਤਿੰਦਰ ਸੰਧੂ**



# ਕਾਵਿ ਸੰਸਾਰ

# ਫ਼ਿਲਮ 'ਲਾਲ ਸਿੰਘ ਚੱਢਾ' ਕਲਾ ਪੱਖੋਂ ਇਹ ਇਕ ਸ਼ਕਤੀਸ਼ਾਲੀ ਫ਼ਿਲਮ



ਪ੍ਰੋਫੈਸਰ ਕੁਲਬੀਰ ਸਿੰਘ

ਮੈਂ ਇਨੀਂ ਦਿਨੀਂ ਇੰਗਲੈਂਡ ਵਿਚ ਹਾਂ। ਇੰਗਲੈਂਡ ਤੇ ਸਕਾਟਲੈਂਡ ਵਿਚ ਪੰਜਾਬੀ ਨਾਟਕ 'ਧਨੁ ਲੇਖਾਰੀ ਨਾਨਕਾ' ਨੇ ਇਕ ਹਲਚਲ ਪੈਦਾ ਕੀਤੀ ਹੋਈ ਹੈ।

ਇਹੀ ਹਲਚਲ ਫ਼ਿਲਮ 'ਲਾਲ ਸਿੰਘ ਚੱਢਾ' ਨੇ ਭਾਰਤ ਵਿਚ ਪੈਦਾ ਕਰ ਰੱਖੀ ਹੈ। ਮੈਂ ਸੋਚ ਰਿਹਾ ਹਾਂ ਕਿ ਇਸ ਦੇ ਕੀ ਕਾਰਨ ਹਨ ? ਦੋਹੀਂ ਥਾਈਂ ਹਲਚਲ। ਇਕ ਨਾਟਕ, ਇਕ ਫ਼ਿਲਮ। ਦੋਵਾਂ ਦੇ ਦਰਸ਼ਕ। ਇਕ ਦੇ ਸੀਮਤ। ਇਕ ਦੇ ਵਿਸ਼ਾਲ। ਪਰ ਦੋਵਾਂ ਦੇ ਦਰਸ਼ਕ ਜਾਗਦੇ ਸਿਰਾਂ ਵਾਲੇ। ਜਾਗਦੀ ਜ਼ਮੀਰ ਵਾਲੇ। ਕੀ ਦੋਵਾਂ ਵਿਚ ਕੋਈ ਸਮਾਨਤਾ ਹੈ ? ਕੋਈ ਸਾਂਝ ਹੈ ? ਕੋਈ ਸਾਂਝੀ ਤੰਦ ਹੈ ?

ਬਿਲਕੁਲ, ਪਹਿਲੀ ਸਮਾਨਤਾ, ਪਹਿਲੀ ਸਾਂਝੀ ਤੰਦ ਜਾਗਦੇ ਸਿਰਾਂ ਦੀ ਹੈ। ਇਕ ਪਾਸੇ ਡਾ. ਸਾਹਿਬ ਸਿੰਘ, ਦੂਸਰੇ ਪਾਸੇ ਆਮਿਰ ਖਾਨ। ਦੋਵੇਂ ਜਾਗਦੀ ਜ਼ਮੀਰ ਵਾਲੇ। ਕਲਾ ਨੂੰ, ਕਲਾਕਾਰੀ ਨੂੰ ਸਮਰਪਿਤ। ਸ਼ਕਤੀਸ਼ਾਲੀ ਸੁਨੇਹਾ ਦੇਣ ਵਾਲੇ, ਸ਼ਕਤੀਸ਼ਾਲੀ ਸੰਦੇਸ਼ ਛੱਡਣ ਵਾਲੇ। ਇਤਿਹਾਸ ਖੰਘਾਲਣ ਵਾਲੇ, ਇਤਿਹਾਸ ਤੋਂ ਸਿੱਖਣ ਸਮਝਣ ਵਾਲੇ, ਇਤਿਹਾਸ ਰਾਹੀਂ ਸਿਖਾਉਣ ਸਮਝਾਉਣ ਵਾਲੇ, ਇਤਿਹਾਸ ਪਰੋਸ ਕੇ ਦਰਸ਼ਕਾਂ ਨੂੰ ਝੰਜੋੜਨ ਵਾਲੇ।

ਨਾਟਕ 'ਧਨੁ ਲੇਖਾਰੀ ਨਾਨਕਾ' ਵਿਚ ਇਕ ਲੇਖਕ ਦੀ ਭੂਮਿਕਾ, ਪਰਿਭਾਸ਼ਾ, ਜ਼ਿੰਮੇਵਾਰੀ ਤੇ ਕਿਰਦਾਰ ਨੂੰ ਕੇਂਦਰ ਵਿਚ ਰੱਖ ਕੇ ਸਾਡੇ ਸਮਾਜ, ਸਾਡੇ ਮੁਲਕ ਦੀਆਂ ਜੁਦਾ-ਜੁਦਾ ਅਹੁਰਾਂ, ਸਾਡੇ ਇਤਿਹਾਸ ਦੇ ਖ਼ੂੰਖਾਰ ਪੰਨਿਆਂ ਨੂੰ ਅਤਿ ਤ੍ਰਾਸਦਿਕ ਅਤਿ ਕਰੁਣਾਮਈ, ਅਤਿ ਸੰਵੇਦਨਸ਼ੀਲ, ਅਤਿ ਕਲਾਤਮਿਕ ਢੰਗ ਨਾਲ ਦਰਸ਼ਕਾਂ ਸਨਮੁਖ ਪੇਸ਼ ਕਰਨ ਦਾ ਬੇਹੱਦ ਸਫ਼ਲ, ਸਾਰਥਕ ਤੇ ਮਿਆਰੀ ਉਪਰਾਲਾ ਕੀਤਾ ਗਿਆ ਹੈ। ਸਿਖ਼ਰ ਤੱਕ ਪੁੱਜਦੇ ਦਰਸ਼ਕ ਨਿਸ਼ਬਦ ਹੋ ਜਾਂਦੇ ਹਨ। ਖੜੇ ਹੋ ਕੇ ਤਾੜੀਆਂ ਮਾਰਨ ਲਗਦੇ ਹਨ ਤੇ ਓਨੀ ਦੇਰ ਤੱਕ ਮਾਰਦੇ ਰਹਿੰਦੇ ਹਨ ਜਦੋਂ ਤੱਕ ਸੰਨਾਟੇ ਨੂੰ ਚੀਰ ਕੇ ਸ਼ਬਦ ਵਾਪਸ ਨਹੀਂ ਪਰਤ ਆਉਂਦੇ।

ਨਾਟਕ ਸਿਰੇ ਦੀ ਬੇਬਾਕੀ ਨਾਲ, ਸਿਰੇ ਦੀ ਗੰਭੀਰਤਾ ਨਾਲ ਇਕੱਲਿਆਂ ਹੀ ਅਨੇਕ ਕਿਰਦਾਰ ਨਿਭਾਉਣ ਦੀ ਬਿਹਤਰੀਨ ਮਿਸਾਲ ਪੇਸ਼ ਕਰ ਗਿਆ। ਡੇਢ ਘੰਟੇ ਦੀ ਲਗਾਤਾਰ ਪੇਸ਼ਕਾਰੀ ਅਤੇ ਕੇਵਲ ਇਕ ਹੀ ਕਲਾਕਾਰ। ਐਨੇ ਵਿਚਾਰ, ਐਨੇ ਕਿਰਦਾਰ, ਐਨੇ ਹਾਵ-ਭਾਵ, ਐਨੇ ਉਤਰਾਅ-ਚੜਾਅ। ਨਾ ਅੱਕਿਆ, ਨਾ ਥੱਕਿਆ, ਨਾ ਰੁਕਿਆ। ਉਸ ਦੀ ਪ੍ਰਤਿਭਾ, ਉਸ ਦੀ ਕਲਾਕਾਰੀ, ਉਸਦੀ ਅਦਾਕਾਰੀ ਤਾਂ ਪਹਿਲਾਂ ਵੀ ਕਈ ਵਾਰ ਵੇਖੀ ਸੀ ਪਰ ਉਸ ਦਾ ਸਟੈਮਨਾ, ਉਸ ਦੀ ਸਮਰੱਥਾ ਪਹਿਲੀ ਵਾਰ ਤੱਕੀ ਹੈ। ਅਦਾਕਾਰੀ ਦੀ, ਸਟੇਜ ਪੇਸ਼ਕਾਰੀ ਦੀ ਮੈਰਾਥਨ। ਮੈਨੂੰ ਲਗਦਾ



ਹੈ ਕਿ ਨਾਟਕ 'ਧਨੁ ਲੇਖਾਰੀ ਨਾਨਕਾ' ਡਾ. ਸਾਹਿਬ ਸਿੰਘ ਨੂੰ ਦੁਨੀਆ ਦੇ ਬਿਹਤਰੀਨ ਰੰਗਮੰਚ ਕਲਾਕਾਰਾਂ ਦੀ ਕਤਾਰ ਵਿਚ ਲਿਆ ਖੜਾ ਕਰਦਾ ਹੈ।

ਧੀ ਨਾਲ ਹਰ ਰੋਜ਼ ਫੋਨ 'ਤੇ ਪਿਓ ਦੀ ਗੱਲਬਾਤ ਨਾਟਕ ਨੂੰ ਨਵੀਆਂ ਉਚਾਈਆਂ, ਨਵੀਆਂ ਗਹਿਰਾਈਆਂ ਪ੍ਰਦਾਨ ਕਰਦੀ ਮੁਲਕ ਦੇ ਹਾਲਾਤ 'ਤੇ ਰੌਸ਼ਨੀ ਪਾ ਜਾਂਦੀ ਹੈ।

ਬਾਬੇ ਨਾਨਕ ਦੀ ਫ਼ਿਲਾਸਫ਼ੀ ਦਾ ਛੱਟਾ ਦੇ ਕੇ, ਬਾਬੇ ਨਾਨਕ ਨਾਲ ਸੰਵਾਦ ਰਚਾ ਕੇ, ਇਕ ਲੇਖਕ ਦੀ ਉੱਚੀ ਸੁੱਚੀ ਸੋਚ ਨੂੰ, ਕਿਰਦਾਰ ਨੂੰ ਉਭਾਰ ਕੇ ਨਾਟਕ ਨੂੰ, ਨਾਟਕ ਦੇ ਸੰਦੇਸ਼ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ ਗਿਆ ਅਤੇ ਪੰਜਾਬ ਸਿੰਘ ਦੇ ਪ੍ਰਵੇਸ਼ ਨਾਲ ਨਾਟਕ ਬੁਲੰਦੀਆਂ ਵੱਲ ਵਧਦਾ ਨਜ਼ਰ ਆਉਂਦਾ ਹੈ। ਨਾਟਕ 'ਧਨੁ ਲੇਖਾਰੀ ਨਾਨਕਾ' ਦਾ ਮੁੱਖ ਮਨੋਰਥ ਇਕ ਲੇਖਕ, ਇਕ ਕਲਾਕਾਰ ਦੀ ਭੂਮਿਕਾ, ਪਰਿਭਾਸ਼ਾ, ਜ਼ਿੰਮੇਵਾਰੀ ਤੇ ਕਿਰਦਾਰ ਨੂੰ ਪੇਸ਼ ਕਰਨਾ ਹੈ। ਸਹੀ ਤੇ ਸੱਚਾ ਲੇਖਕ ਲੋਕਾਂ ਦੀ ਗੱਲ ਕਰਦਾ ਹੈ, ਸਮਾਜਿਕ ਸਰੋਕਾਰਾਂ 'ਤੇ ਪਹਿਰਾ ਦਿੰਦਾ ਹੈ। ਸਰਕਾਰਾਂ ਤੇ ਸਰਮਾਏਦਾਰਾਂ ਦੇ ਅੱਗੇ-ਪਿੱਛੇ ਨਹੀਂ ਫਿਰਦਾ। ਲੇਖਕ ਦਾ ਨਿਡਰ ਹੋ ਕੇ ਬੇਬਾਕੀ ਨਾਲ ਲਿਖਣਾ ਜ਼ਰੂਰੀ ਹੈ।

ਇਕ ਪਾਤਰ ਤੋਂ ਦੂਸਰੇ ਪਾਤਰ ਵਿਚ ਪ੍ਰਵੇਸ਼ ਏਨਾ ਸਰਲ, ਏਨਾ ਸਹਿਜ, ਏਨਾ ਸੁਭਾਵਿਕ, ਏਨਾ ਝੱਟਪਟ ਕਿ ਦਰਸ਼ਕ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦਾ।

ਇਕ ਕਹਾਣੀ, ਦੂਸਰੀ ਕਹਾਣੀ, ਤੀਸਰੀ ਕਹਾਣੀ, ਚੌਥੀ ਕਹਾਣੀ, ਪੰਜਵੀਂ ਕਹਾਣੀ ਜੁੜ ਕੇ ਜਦ ਇਕ ਸੰਘਣੀ ਕਹਾਣੀ ਬਣਦੀ ਹੈ ਤਾਂ ਦਰਸ਼ਕ ਸੁੰਨ ਹੋ ਜਾਂਦੇ ਹਨ। ਇਤਿਹਾਸ ਵਿਚ ਗੁਆਚ ਜਾਂਦੇ ਹਨ। ਸੰਨਾਟਾ ਪਸਰ ਜਾਂਦਾ ਹੈ। ਹਨੇਰੇ ਵਿਚ ਸੈਂਕੜੇ ਪ੍ਰਸ਼ਨ ਚਿੰਨ ਉੱਭਰ ਆਉਂਦੇ ਹਨ। ਨਾਟਕ ਮੁੱਕਦਾ ਹੈ, ਦਰਸ਼ਕ ਵਾਪਸ ਪਰਤਦੇ ਹਨ। ਅਦਾਕਾਰੀ, ਕਲਾਕਾਰੀ, ਸਿਰਜਣਾਤਮਿਕ ਸਮਰੱਥਾ ਅਤੇ ਸ਼ਕਤੀਸ਼ਾਲੀ ਸੰਦੇਸ਼ ਦੇ ਸਤਿਕਾਰ ਵਿਚ ਉੱਠ ਖੜੇ ਹੁੰਦੇ ਹਨ। ਸਹਿਜ ਸੁਭਾਵਿਕ ਤਾੜੀਆਂ ਵੱਜਣ ਲਗਦੀਆਂ ਹਨ। ਤਾੜੀਆਂ ਓਨੀ ਦੇਰ ਤੱਕ ਵੱਜਦੀਆਂ ਰਹਿੰਦੀਆਂ ਹਨ ਜਦ ਤੱਕ ਦਰਸ਼ਕ ਉਸ ਸੰਨਾਟੇ 'ਚੋਂ ਬਾਹਰ ਨਹੀਂ ਆ ਜਾਂਦੇ। ਫਿਰ ਸ਼ੁਰੂ ਹੁੰਦਾ ਹੈ ਡਾ. ਸਾਹਿਬ ਸਿੰਘ ਨੂੰ ਸ਼ਾਬਾਸ਼ ਦੇਣ ਦਾ ਸਿਲਸਿਲਾ। ਹੱਕ ਸੱਚ 'ਤੇ ਪਾਬੰਦੀਆਂ, ਗ਼ਰੀਬੀ ਅਤੇ ਮਿਹਨਤ ਦੀ ਬੇਕਦਰੀ, ਹਿੰਦੂ-ਮੁਸਲਿਮ ਟਕਰਾ, ਧਰਮ ਦੀ ਸਿਆਸਤ, ਕਿਸਾਨੀ ਸੰਘਰਸ਼, ਕੋਰੋਨਾ ਸੰਕਟ, 1984 ਦੀ ਚੀਸ, ਜਲਿਆਂਵਾਲੇ ਬਾਗ਼ ਦਾ ਨਵੀਨੀਕਰਨ, ਰਾਜਨੀਤਕ ਨਿਘਾਰ, ਸਮਾਜਿਕ ਬੁਰਾਈਆਂ, ਲੇਖਕਾਂ ਦਾ ਕਿਰਦਾਰ, ਸੱਚ ਲਿਖਣ-ਬੋਲਣ ਵਾਲਿਆਂ ਦੀ ਹੋਣੀ, ਦਲਿਤਾਂ ਦੀ ਦਸ਼ਾ, ਪੰਜਾਬ ਦੀ ਦੁਰਦਸ਼ਾ ਸਮੇਤ ਬਹੁਤ ਕੁਝ ਗੁੰਦਿਆ ਪਿਆ ਹੈ ਨਾਟਕ ਦੇ ਥੀਮ ਵਿਚ। ਦੂਜੇ ਪਾਸੇ ਜਿਹੜਾ ਕਲਾਕਾਰ ਕੋਈ ਭੂਮਿਕਾ ਨਿਭਾਉਣ ਲਈ ਉਸ ਦੀ ਤਿਆਰੀ ਵਿਚ ਕਈ ਸਾਲ ਲਗਾ ਸਕਦਾ ਹੈ। ਸਾਲਾਂ ਤੱਕ ਅਸਲੀ ਦਾੜੀ ਵਧਾ ਸਕਦਾ ਹੈ। ਪਗੜੀ ਬੰਨਣੀ ਸਿੱਖਣ 'ਤੇ ਦੋ ਮਹੀਨੇ ਖ਼ਰਚ ਸਕਦਾ ਹੈ ਅਤੇ ਫਿਰ ਸਾਰੀ ਫ਼ਿਲਮ ਦੀ ਸ਼ੂਟਿੰਗ ਵੇਲੇ ਖੁਦ ਪਗੜੀ ਬੰਨਦਾ ਹੈ। ਐਨ. ਓ. ਸੀ. ਲੈਣ ਅਤੇ 8 ਸਾਲ ਅਤੇ ਫ਼ਿਲਮ ਬਣਾਉਣ 'ਤੇ 6 ਸਾਲ ਲਗਾ ਸਕਦਾ ਹੈ, ਉਹ ਆਮਿਰ ਖਾਨ ਹੀ ਹੋ ਸਕਦਾ ਹੈ।

ਸੱਚ ਨੇ ਸੱਚ ਰਹਿਣਾ ਹੈ। ਆਖ਼ਿਰ ਸਾਹਮਣਾ ਕਰਨਾ ਹੀ ਪੈਣਾ ਹੈ। ਕਿੰਨਾ ਚਿਰ ਭੱਜੋਗੇ ? ਫ਼ਿਲਮ ਲਾਲ ਸਿੰਘ ਚੱਢਾ, ਅਮਰੀਕੀ ਅੰਗਰੇਜ਼ੀ ਫ਼ਿਲਮ 'ਫੌਰੇਸਟ ਮੰਮਪ' ਤੋਂ ਪ੍ਰੇਰਿਤ ਹੋ ਕੇ ਬਣਾਈ ਹੈ। ਜਿਸ ਪੁਸਤਕ 'ਤੇ ਇਹ ਫ਼ਿਲਮ ਆਧਾਰਿਤ ਹੈ, ਉਹ ਉਥੋਂ ਦੇ ਸਕੂਲਾਂ ਦੇ ਸਿਲੇਬਸ ਵਿਚ ਲੱਗੀ ਹੋਈ ਹੈ ਅਤੇ ਫ਼ਿਲਮ ਸਕੂਲਾਂ ਵਿਚ ਵਿਖਾਈ ਜਾਂਦੀ ਹੈ। ਫ਼ਿਲਮ 'ਲਾਲ ਸਿੰਘ ਚੱਢਾ' ਦੀ ਸ਼ੁਰੂਆਤ 'ਸਾਕਾ ਨੀਲਾ ਤਾਰਾ' ਤੋਂ ਹੋ ਕੇ, ਇੰਦਰਾ ਗਾਂਧੀ ਦੇ ਕਤਲ, ਦਿੱਲੀ ਦੰਗੇ, ਬਾਬਰੀ ਮਸਜਿਦ, ਮੁੰਬਈ ਦੰਗੇ, ਕਾਰਗਿਲ ਯੁੱਧ ਦਾ ਜ਼ਿਕਰ ਕਰਦਿਆਂ ਅੱਗੇ ਵਧਦੀ ਹੈ। ਬਹੁਤ ਸਾਰੇ ਸਵਾਲੀਆ ਚਿੰਨ ਉਭਾਰਦੀ ਇਹ ਫ਼ਿਲਮ ਸਵਾਲ ਕਰਦੀ ਹੈ ਕਿ ਸਾਡਾ ਸਮਾਜ ਮੰਦਬੁੱਧੀ ਇਨਸਾਨਾਂ ਪ੍ਰਤੀ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕਦੋਂ ਕਰੇਗਾ ? ਨਾਟਕ 'ਧਨੁ ਲੇਖਾਰੀ ਨਾਨਕਾ' ਲੇਖਕਾਂ, ਕਲਾਕਾਰਾਂ ਨੂੰ ਆਪਣੀ ਗੱਲ ਬੇਬਾਕੀ ਨਾਲ ਕਹਿਣ ਦਾ ਹੋਕਾ ਦਿੰਦਾ ਹੈ। ਆਮਿਰ ਖਾਨ ਆਪਣੀ ਗੱਲ ਬੇਬਾਕੀ ਨਾਲ ਕਹਿੰਦਾ ਹੈ। ਇਸ ਲਈ ਜਿਨਾਂ ਨੇ ਇਹ ਨਾਟਕ ਵੇਖਿਆ ਹੈ, ਉਹ ਇਹ ਫ਼ਿਲਮ ਜ਼ਰੂਰ ਵੇਖਣ। ਜਿਨਾਂ ਨੇ ਇਹ ਫ਼ਿਲਮ ਵੇਖੀ ਹੈ, ਉਹ ਇਹ ਨਾਟਕ ਜ਼ਰੂਰ ਵੇਖਣ। ਫ਼ਿਲਮ ਅਤੇ ਨਾਟਕ ਵਿਚਾਲੇ, ਆਮਿਰ ਖ਼ਾਨ ਅਤੇ ਸਾਹਿਬ ਸਿੰਘ ਦਰਮਿਆਨ ਇਕ ਸਾਂਝ, ਇਕ ਸਾਂਝੀ ਤੰਦ ਜ਼ਰੂਰ ਨਜ਼ਰ ਆਏਗੀ।

ਫ਼ਿਲਮ ਦਾ ਨਾਇਕ ਲਾਲ ਸਿੰਘ ਚੱਢਾ ਇਸ ਲਈ ਹੈ ਕਿਉਂਕਿ ਉਹ ਉਸ ਭਾਈਚਾਰੇ 'ਚੋਂ ਹੈ, ਜਿਸ ਦੀ ਬਾਬੇ ਨਾਨਕ ਦੀ ਫ਼ਿਲਾਸਫ਼ੀ ਦੇ ਸੰਕਲਪ ਨਾਲ ਸਾਂਝ ਹੈ।

ਬਾਕੀ ਸਫ਼ਾ 30 'ਤੇ

# 'ਮਸੀਹੀਅਤ ਅਤੇ ਥਿਆਲੋਜੀ'

*ਲੇਖਕ : ਡਾ. ਹਰਦੇਵ ਸਿੰਘ*
*ਪ੍ਰਕਾਸ਼ਕ : ਸਿੱਖ ਐਜੂਕੇਸ਼ਨਲ ਕਾਊਂਸਿਲ, ਯੂ.ਕੇ.*
*ਡਿਸਟ੍ਰੀਬਿਊਟਰ: ਸਿੰਘ ਬ੍ਰਦਰਜ਼, ਅੰਮ੍ਰਿਤਸਰ*
*ਕੀਮਤ : 400 ਰੁਪਏ ਸਾਲ : 2022*

ਕੰਵਰਜੀਤ ਸਿੰਘ ਸਿੱਧੂ
ਮੋ. ੯੮੧੫੯-੫੨੭੬੯

ਗੁਰਦਰਸ਼ਨ ਲੜੀ ਤਹਿਤ ਸਿੱਖ ਵਿਦਵਾਨ ਡਾ. ਹਰਦੇਵ ਸਿੰਘ ਦੀ ਪਹਿਲੀ ਕਿਤਾਬ 'ਮਸੀਹੀਅਤ ਅਤੇ ਥਿਆਲੋਜੀ' ਪੜਨ ਦਾ ਮੌਕਾ ਮਿਲਿਆ। ਵਿਸ਼ੇ ਪੱਖੋਂ ਇਹ ਕਿਤਾਬ ਆਪਣੇ ਆਪ ਵਿੱਚ ਨਿਵੇਕਲੀ ਪਹਿਲ ਹੈ। ਖੋਜੀ ਲੇਖਕ ਵਲੋਂ ਮਸੀਹੀ ਥਿਆਲੋਜੀ ਦੇ ਵਿਭਿੰਨ ਪੱਖਾਂ ਦੀ ਸੰਖੇਪ ਪਰ ਭਾਵਪੂਰਤ ਵਿਆਖਿਆ ਕੀਤੀ ਗਈ ਹੈ। ਕਿਤਾਬ ਪੜਦਿਆਂ ਜਿੱਥੇ ਅਸੀਂ ਥਿਆਲੋਜੀ ਦੇ ਬਹੁਦਿਸ਼ਾਈ ਪਸਾਰਾਂ ਦੇ ਦਰ ਖੁੱਲਦੇ ਦੇਖਦੇ ਹਾਂ, ਉਥੇ ਲੇਖਕ ਦੀ ਖੋਜੀ ਵਿਦਵਤਾ ਤੋਂ ਮੁਤਾਸਿਰ ਹੋਏ ਬਗ਼ੈਰ ਨਹੀਂ ਰਹਿ ਸਕਦੇ।

ਸਾਲ 2021 ਵਿੱਚ ਛਪੀ ਇਸ ਕਿਤਾਬ ਦਾ ਪ੍ਰਕਾਸ਼ਨ ਸਿੱਖ ਐਜੂਕੇਸ਼ਨ ਕੌਂਸਲ, ਯੂ.ਕੇ. ਵਲੋਂ ਕੀਤਾ ਗਿਆ ਹੈ। 265 ਸਫ਼ੇ ਦੀ ਕਿਤਾਬ ਦੇ ਕੁੱਲ ਛੇ ਅਧਿਆਇ ਹਨ ਅਤੇ ਏਨੇ ਕੁ ਸਫ਼ਿਆਂ ਵਿਚ ਹੀ ਲਗਭਗ 20 ਸ਼ਤਾਬਦੀਆਂ ਵਿੱਚ ਫੈਲੇ ਹੋਏ ਮਸੀਹੀ ਥਿਆਲੋਜੀ ਦੇ ਉਦਗਮ, ਬਣਤਰ, ਵਿਕਾਸ ਅਤੇ ਵਿਗਾਸ ਨੂੰ ਚਿਤਰਨ ਵਿਚ ਲੇਖਕ ਪੂਰੀ ਤਰਾਂ ਸਫ਼ਲ ਰਿਹਾ ਹੈ। ਕਿਤਾਬ ਵਿੱਚ ਲੇਖਕ ਵਲੋਂ ਮਸੀਹੀ ਥਿਆਲੋਜੀ ਦੇ ਲਾਤੀਨੀ, ਯੂਨਾਨੀ ਸੰਕਲਪਾਂ ਨੂੰ ਪਰਿਭਾਸ਼ਤ ਕਰਦੇ ਹੋਏ ਇਹਨਾਂ ਸੰਕਲਪਾਂ ਦੇ ਪਿਛੋਕੜ ਦੀ ਪੈੜ ਪਛਾਨਣ ਦਾ ਵੀ ਉਚੇਚਾ ਯਤਨ ਕੀਤਾ ਗਿਆ ਹੈ।

ਪਹਿਲੇ ਅਧਿਆਇ ਵਿੱਚ ਮਸੀਹੀਅਤ ਦੀ ਜਾਣ ਪਛਾਣ ਕਰਵਾਈ ਗਈ ਹੈ ਜਿਸ ਰਾਹੀਂ ਸਾਨੂੰ ਸਾਮੀ ਧਰਮਾਂ ਦੇ ਯਹੂਦੀ ਪਿਛੋਕੜ ਅਤੇ ਇਸ ਵਿੱਚੋਂ ਉਭਰੇ ਵਿਸ਼ੇਸ਼ ਕਰਕੇ ਮਸੀਹੀਅਤ




ਅਤੇ ਆਮ ਕਰਕੇ ਇਸਲਾਮ ਬਾਰੇ ਬਹੁਤ ਲੋੜੀਂਦੀਆਂ ਜਾਣਕਾਰੀਆਂ ਹਾਸਲ ਹੁੰਦੀਆਂ ਹਨ। ਦੂਜੇ ਅਧਿਆਇ ਵਿੱਚ ਮਸੀਹੀ ਥਿਆਲੋਜੀ ਨੂੰ ਪਰਿਭਾਸ਼ਤ ਕਰਦੇ ਹੋਏ ਮਿਥਿਹਾਸ, ਤੁਲਨਾਤਮਕ ਧਰਮ ਅਧਿਐਨ, ਰਿਲੀਜਨ ਆਦਿ ਨਾਲ ਇਸਦੀ ਸਮਾਨਤਾ ਅਤੇ ਅੱਡਰਤਾ ਨੂੰ ਪਛਾਣਿਆ ਗਿਆ ਹੈ। ਤੀਜੇ ਅਧਿਆਇ ਵਿੱਚ ਥਿਆਲਜੀ ਦੇ ਹੋਰ ਵਿਗਿਆਨਜ ਵਿਧੀਆਂ ਸੰਬੰਧਾਂ ਦੀ ਪੜਚੋਲ ਕੀਤੀ ਗਈ ਹੈ। ਚੌਥਾ ਅਧਿਆਇ ਮਸੀਹੀ ਥਿਆਲੋਜੀ ਦੀ ਭਾਸ਼ਾ ਅਤੇ ਵਰਗ ਵੰਡ ਨੂੰ ਸੰਬੋਧਤ ਹੁੰਦਾ ਹੈ। ਪੰਜਵੇਂ ਅਧਿਆਇ ਵਿੱਚ ਮਸੀਹੀ ਥਿਆਲੋਜੀ ਦੀ ਸਿਰਜਨਾ ਕਰਨ ਵਾਲੇ ਤੱਤਾਂ, ਮੁੱਖ ਸੰਕਲਪਾਂ ਅਤੇ ਸੰਸਕਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਆਖਰੀ ਅਧਿਆਇ ਵਿੱਚ ਮਸੀਹੀ ਥਿਆਲੋਜੀ ਦੇ ਨਿਕਾਸ ਅਤੇ ਵਿਕਾਸ ਨੂੰ ਪੂਰਨ ਵਿਸਥਾਰ ਨਾਲ ਦੱਸਿਆ ਗਿਆ ਹੈ।

ਕਿਤਾਬ ਪੜਦਿਆਂ ਜਿੱਥੇ ਅਸੀਂ ਥਿਆਲੋਜੀ ਦੇ ਵੱਖ-ਵੱਖ ਸੰਕਲਪਾਂ, ਪ੍ਰਤੀਕਾਂ ਅਤੇ ਸੰਸਕਾਰਾਂ ਦੇ ਜਾਣੂ ਹੁੰਦੇ ਹਾਂ, ਉਥੇ ਮਸੀਹੀਅਤ ਦੇ ਮੁੱਢ ਤੋਂ ਲੈ ਕੇ ਅੱਜ ਤੱਕ ਦੀ ਘਾਲਣਾ, ਸ਼ਹਾਦਤਾਂ ਅਤੇ ਕੋਸ਼ਿਸ਼ਾਂ ਬਾਰੇ ਵੀ ਜਾਣੂੰ ਹੁੰਦੇ ਹਨ। ਇਸ ਤੋਂ ਇਲਾਵਾ ਵਿਦਵਾਨ ਲੇਖਕ ਵਲੋਂ ਮਸੀਹੀਅਤ ਅਤੇ ਥਿਆਲੋਜੀ ਦੀ ਚਰਚਾ ਕਰਦਿਆਂ ਅਜੋਕੇ ਦੌਰ ਨਾਲ ਸਬੰਧਤ ਕਰਕੇ ਆਪਣੀਆਂ ਧਾਰਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਆਪਣੇ ਵਿਸ਼ੇ ਸਬੰਧੀ ਪੂਰੀ ਤਰਾਂ ਸੁਚੇਤ ਰਹਿੰਦੇ ਹੋਏ ਲੇਖਕ ਵਲੋਂ ਹੋਰ ਧਰਮਾਂ ਸਬੰਧੀ ਵੀ ਲੋੜੀਂਦੀਆਂ ਟਿੱਪਣੀਆਂ ਰਾਹੀਂ ਆਪਣੇ ਸੰਕਲਪਾਂ ਨੂੰ ਵਿਸਥਾਰ ਦਿੱਤਾ ਗਿਆ ਹੈ।

ਆਖਰ ਵਿੱਚ ਇਹ ਦੱਸਣਾ ਲਾਜ਼ਮੀ ਹੈ ਕਿ ਇਸ ਵਿਸ਼ੇ ਦੀ ਕਿਤਾਬ ਦੀ ਪੰਜਾਬੀ ਜ਼ੁਬਾਨ ਵਿੱਚ ਬਹੁਤ ਲੋੜ ਸੀ ਅਤੇ ਵਿਦਵਾਨ ਲੇਖਕ ਇਸ ਪਹਿਲਕਦਮੀ ਲਈ ਵਧਾਈ ਦਾ ਪਾਤਰ ਹੈ। ਇਸ ਕਿਤਾਬ ਨੂੰ ਜੀ ਆਇਆਂ ਨੂੰ ਕਹਿਣਾ ਬਣਦਾ ਹੈ ਅਤੇ ਗੁਰਦਰਸ਼ਨ ਲੜੀ ਤਹਿਤ ਵਿਉਂਤੀਆਂ ਗਈਆਂ ਅਗਲੀਆਂ ਦੋ ਕਿਤਾਬਾਂ ਵੀ ਪਾਠਕਾਂ ਤੱਕ ਜਲਦੀ ਪਹੁੰਚਾਏ ਜਾਣ ਦੀ ਆਸ ਕੀਤੀ ਜਾਣੀ ਚਾਹੀਦੀ ਹੈ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਆਜ਼ਾਦੀ ਦੇ ਮਸੀਹਾ

**ਅੰਜੂਜੀਤ ਪੰਜਾਬਣ**

ਗੁਲਾਮੀ ਵਿਚ ਜ਼ਿਆਦਾਤਰ ਏਕਤਾ ਰਹਿੰਦੀ ਹੈ ਅਤੇ ਏਕਤਾ ਵਿੱਚ ਸੰਘਰਸ਼ ਕਰਦੀ ਹੈ। ਮੈਂ ਇਹ ਵੀ ਕਹਿ ਦੇਵਾਂ ਕਿ ਗੁਲਾਮੀ ਇੱਕ ਵਚਨ ਹੈ ਅਤੇ ਆਜ਼ਾਦੀ ਬਹੁ ਵਚਨ। ਅਲੱਗ ਅਲੱਗ ਆਜ਼ਾਦ ਸੋਚਾਂ, ਆਪਣੀਆਂ ਮਨ ਮਰਜ਼ੀਆਂ ਆਪੋ ਆਪਣੇ ਹੱਕ।ਬਿਨਾ ਸ਼ੱਕ ਆਜ਼ਾਦੀ-ਮਨੁੱਖ ਦਾ ਜਮਾਂਦਰੂ ਹੱਕ ਹੈ । ਇਹ ਵੀ ਗੱਲ ਸੱਚ ਹੈ ਕਿ ਆਜ਼ਾਦੀ ਉਹ ਸ਼ੈਅ ਨਹੀਂ ਕਿ ਰਾਤੀਂ ਅਸੀਂ ਸੁਪਨਾ ਲਿਆ ਅਤੇ ਸਵੇਰ ਵੇਲੇ ਸੁਪਨਾ ਪੂਰਾ ਹੋ ਗਿਆ।ਆਜ਼ਾਦੀ ਉਸ ਜਾਮਣ ਦੇ ਬੂਟੇ ਵਾਂਗੂੰ ਆ ਜਿਸ ਦਾ ਬੀਜ ਬੀਜਣ ਵਾਲਾ ਕੋਈ ਹੁੰਦਾ ਹੈ ਅਤੇ ਉਸ ਦਾ ਫਲ਼ ਖਾਣ ਵਾਲਾ ਕੋਈ ਹੋਰ ਹੁੰਦਾ ਹੈ।ਆਜ਼ਾਦੀ ਦਾ ਬੀਜ ਜਜ਼ਬਿਆਂ ਵਿੱਚ, ਹੌਂਸਲਿਆਂ ਵਿੱਚ ਬੀਜਿਆ ਜਾਂਦਾ ਹੈ। ਆਜ਼ਾਦੀ ਦਾ ਨਾਅਰਾ ਜੋ ਵੀ ਅੱਗੇ ਹੋ ਕੇ ਲਾਉਂਦਾ ਹੈ ਸਭ ਤੋਂ ਪਹਿਲਾਂ ਉਸੇ ਨੂੰ ਆਪਣਾ ਸਿਰ ਦੇਣਾ ਪੈਂਦਾ ਹੈ। ਆਜ਼ਾਦੀ ਦੀਆਂ ਜੜਾਂ ਨੂੰ ਖ਼ੂਨ ਨਾਲ ਸਿੰਜਿਆ ਜਾਂਦਾ ਹੈ।ਫਿਰ ਕਿਤੇ ਜਾ ਕੇ ਉਹ ਦਰੱਖਤ ਬਣਦਾ ਹੈ। ਫਿਰ ਕਿਤੇ ਜਾ ਕੇ ਆਜ਼ਾਦ ਫਿਜ਼ਾਵਾਂ ਵਿੱਚ, ਆਜ਼ਾਦ ਛਾਂਵਾਂ ਹੇਠ ਬਹਿ ਕੇ ਨਵੀਂ ਪੀੜੀ ਵੱਲੋਂ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ ਜਿਨਾਂ ਨੇ ਮੁਲਕ ਨੂੰ ਆਜ਼ਾਦੀ ਦਾ ਮਹਿਬੂਬ ਚਿਹਰਾ ਦਿਖਾਇਆ ਹੁੰਦਾ ਹੈ।

ਆਜ਼ਾਦ ਹੋਣਾ ਜਾਂ ਗੁਲਾਮੀ ਨੂੰ ਮਾਰ ਕੇ ਆਜ਼ਾਦੀ ਲਿਆਉਣੀ ਤਾਂ ਸੌਖੀ ਹੈ ਪਰ ਆਜ਼ਾਦੀ ਦਾ ਸਹੀ ਮਤਲਬ ਸਮਝਣਾ, ਉਸ ਦੀ ਤਾਸੀਰ ਨੂੰ ਸਮਝਣਾ ਬਹੁਤ ਔਖਾ ਹੈ।

ਜਿਹੜੀਆਂ ਕੌਮਾਂ ਆਜ਼ਾਦੀ ਨੂੰ ਸਮਝ ਗਈਆਂ ਉਹ ਮੁਲਕ ਕਾਮਯਾਬ ਹਨ ਅਤੇ ਜਿਹਨਾਂ ਨੂੰ ਇਹ ਹੀ ਨਹੀਂ ਪਤਾ ਕਿ ਅਸੀਂ ਗੁਲਾਮ ਹਾਂ ਜਾਂ ਆਜ਼ਾਦ ਜਾਂ ਜੇ ਆਜ਼ਾਦ ਹਾਂ ਤਾਂ ਕਿੱਦਾਂ ਦੀ ਆਜ਼ਾਦੀ ਸਾਨੂੰ ਚਾਹੀਦੀ ਹੈ।

ਆਜ਼ਾਦੀ ਕਾਗਜ਼ ਤੇ ਲਿਖਿਆ ਜਾਣ ਵਾਲਾ ਸਿਰਫ਼ ਸ਼ਬਦ ਹੀ ਨਹੀਂ ਹੈ, ਆਜ਼ਾਦੀ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ।

ਅਸੀਂ 15 ਅਗਸਤ ਨੂੰ ਤਿਰੰਗੇ ਲਹਿਰਾ ਕੇ ਆਜ਼ਾਦੀ ਦੇ ਗੀਤ ਗਾ ਕੇ ਖ਼ੁਦ ਨੂੰ ਆਜ਼ਾਦ ਦੱਸ ਕੇ ਫ਼ਖ਼ਰ ਮਹਿਸੂਸ ਕਰਦੇ ਹਾਂ, ਜੋ ਕਿ ਬਹੁਤ ਚੰਗਾ ਉੱਦਮ ਹੈ ਪਰ ਉਨਾਂ ਮਸੀਹਿਆਂ ਲਈ ਵੀ ਜ਼ਰਾ ਅੱਖ 'ਚੋਂ ਹੰਝੂ ਟਪਕਾ ਲਿਆ ਕਰੀਏ, ਜਿਨਾਂ ਨੇ ਪੈਰਾਂ ਦਾ ਦਰਦ ਨੀਂ ਦੇਖਿਆ, ਜ਼ਿੰਦਗੀ ਦਾ ਆਰਾਮ ਨਹੀਂ ਦੇਖਿਆ ਸਾਡੀ ਖਾਤਿਰ। ਮੈਂ ਗੱਲ ਸ. ਭਗਤ ਸਿੰਘ ਦੇ ਚਾਚਾ ਸਰਦਾਰ ਅਜੀਤ ਸਿੰਘ ਜੀ ਦੀ ਕਰ ਰਹੀ ਹਾਂ ।

ਜਦ ਵੀ 14 ਅਗਸਤ ਦੀ ਰਾਤ ਤੇ 15 ਅਗਸਤ ਦੀ ਸਵੇਰ ਆਉਂਦੀ ਹੈ, ਮੇਰੇ ਮੂਹਰੇ ਸਰਦਾਰ ਅਜੀਤ ਸਿੰਘ ਦਾ ਚਿਹਰਾ ਆ ਜਾਂਦਾ ਹੈ। ਉਨਾਂ ਦੇ ਜਲਾਵਤਨੀ ਸਫ਼ਰ ਦੀ ਦਾਸਤਾਂ ਯਾਦ ਆ ਜਾਂਦੀ ਹੈ। ਭਾਵੇਂ ਉਨਾਂ ਦੇ ਹੀ ਭਤੀਜੇ ਸਰਦਾਰ ਭਗਤ ਨੇ ਆਪਣੀ ਚੜਦੀ ਜਵਾਨੀ ਦੇਸ਼ ਦੇ ਨਾਂ ਲਾ ਦਿੱਤੀ ਸੀ ਪਰ ਆਜ਼ਾਦੀ ਦਾ ਜਾਗ ਤਾਂ ਚਾਚੇ ਅਜੀਤ ਨੇ ਹੀ ਉਸਨੂੰ ਲਾਇਆ ਸੀ।

ਆਜ਼ਾਦੀ ਦੇ ਜਲਾਵਤਨੀ ਸਫ਼ਰ ਵਿੱਚ ਚਾਚਾ ਅਜੀਤ ਸਿੰਘ ਜੀ ਦੇ ਨਾਲ਼ ਸੂਫ਼ੀ ਅੰਬਾ ਪ੍ਰਸ਼ਾਦ ਵੀ ਸਨ, ਜਿਨਾਂ ਦਾ ਜਨਮ ਮੁਰਾਦਾਬਾਦ ਵਿਖੇ ਹੋਇਆ ਸੀ । ਜਿਨਾਂ ਦੀ ਕਲਮ ਨੇ ਗੋਰੀ ਸਰਕਾਰ ਦੇ ਸਾਹ ਸੁਕਾ ਰੱਖੇ ਸੀ, ਜਿਸ ਕਰਕੇ ਸੂਫ਼ੀ ਅੰਬਾ ਪ੍ਰਸ਼ਾਦ ਨੂੰ ਕਈ ਵਾਰ ਜੇਲ ਵੀ ਹੋਈ ਸੀ। ਫਿਰ ਸੂਫ਼ੀ ਅੰਬਾ ਪ੍ਰਸ਼ਾਦ ਨੇ ਚਾਚਾ ਅਜੀਤ ਸਿੰਘ ਨਾਲ਼ ਰਲ਼ ਕੇ ਭਾਰਤ ਮਾਤਾ ਸੁਸਾਇਟੀ ਵੀ ਕਾਇਮ ਕੀਤੀ ਸੀ। ਇਹ ਅੰਗਰੇਜ਼ਾਂ ਖ਼ਿਲਾਫ਼ ਕੱਢੇ ਜਾਂਦੇ ਜਲਸਿਆਂ ਵਿੱਚ ਵਧ ਚੜ ਕੇ ਹਿੱਸਾ ਲੈਂਦੇ ਤੇ ਅੰਗਰੇਜ਼ ਨੂੰ ਡਰ ਪਾਉਣ ਵਾਲੀਆਂ ਆਪਣੀਆਂ ਜੋਸ਼ੀਲੀਆਂ



**ਕਲਮਾਂ ਦੇ ਜਜ਼ਬਾਤ**

ਤਕਰੀਰਾਂ ਕਰਦੇ, ਭਾਸ਼ਨ ਦਿੰਦੇ।ਅੱਜ ਸਾਡਾ ਫਰਜ਼ ਬਣਦਾ ਹੈ ਇਨਾਂ ਦੋ ਮਸੀਹਿਆਂ ਨੂੰ ਚੇਤੇ ਕਰਨਾ।

ਚਾਚੇ ਅਜੀਤ ਤੇ ਸੂਫ਼ੀ ਅੰਬਾ ਪ੍ਰਸ਼ਾਦ ਤੋਂ ਗੋਰਿਆਂ ਨੂੰ ਇੰਨਾ ਡਰ ਪੈ ਗਿਆ ਸੀ ਕਿ ਦੋਹਾਂ ਨੂੰ ਕਿਸੇ ਬਹਾਨੇ ਜੇਲ ਡੱਕਣ ਦੀਆਂ ਸਾਜਿਸ਼ਾਂ ਗੋਰੀ ਸਰਕਾਰ ਕਰ ਰਹੀ ਸੀ। ਉਨਾਂ ਉਤੇ ਨਜ਼ਰ ਰੱਖੀ ਜਾਂਦੀ ਸੀ। ਇਸੇ ਕਰਕੇ ਚਾਚੇ ਅਜੀਤ ਅਤੇ ਸੂਫ਼ੀ ਅੰਬਾ ਪ੍ਰਸ਼ਾਦ ਨੇ ਸੋਚਿਆ ਕਿ ਗੋਰੀ ਸਰਕਾਰ ਸਾਡਾ ਆਜ਼ਾਦੀ ਦਾ ਮਿਸ਼ਨ ਕਾਮਯਾਬ ਹੋਣ ਨਹੀਂ ਦਿਉਗੀ, ਅਸੀਂ ਦੇਸ਼ ਤੋਂ ਬਾਹਰ ਜਾ ਕੇ ਦੇਸ਼ ਦੀ ਆਜ਼ਾਦੀ ਖ਼ੁਫ਼ੀਆ ਤਰੀਕੇ ਨਾਲ ਲੜਦੇ ਹਾਂ। ਇਸੇ ਕਰਕੇ ਚਾਚਾ ਅਜੀਤ ਸਿੰਘ ਜੀ ਨੇ 39 ਵਰੇ ਜਲਾਵਤਨੀ ਕੱਟੀ ਸੀ। ਆਪ ਕਦੇ ਇਰਾਨ, ਇਰਾਕ ਕਦੇ ਤੁਰਕੀ ਕਦੇ ਯੂਰਪ ਇਟਲੀ, ਫਰਾਂਸ, ਇੰਗਲੈਂਡ, ਬ੍ਰਾਜ਼ੀਲ ਕਦੇ ਕਿਤੇ ਕਦੇ ਕਿਤੇ ਗਏ। ਉਹ ਜਿਥੇ ਵੀ ਜਾਂਦੇ ਸੀ, ਗੋਰੀ ਸਰਕਾਰ ਉਹਨਾਂ ਦਾ ਖੁਰਾ ਲੱਭਣ ਦੀ ਕੋਸ਼ਿਸ਼ ਕਰਦੀ। ਕਿਉਂਕਿ ਉਹ ਜਾਣਦੇ ਸਨ ਕਿ ਚਾਚਾ ਅਜੀਤ ਸਿੰਘ ਬਦੇਸ਼ ਵਿੱਚ ਲੁਕ ਕੇ ਭਾਰਤੀਆਂ ਅੰਦਰ ਆਜ਼ਾਦੀ ਦੀ ਚਿਣਗ ਲਾਈ ਰੱਖਣਗੇ।

ਜਰਮਨ ਦੀ ਪੇਟਰਬੈਨ ਦੀ ਤਸੀਹਾ ਜੇਲ, ਜਿਹੜੀ ਗਾਂਧੀ ਜੀ ਦੇ ਨਾਂ ਨਾਲ ਮਸ਼ਹੂਰ ਸੀ ਕਿਉਂਕਿ ਉਥੇ ਤਸੀਹੇ ਭੋਗਣ ਵਾਲੇ ਦਾ ਭਾਰ ਗਾਂਧੀ ਜੀ ਦੇ ਭਾਰ ਜਿੰਨਾ ਰਹਿ ਜਾਂਦਾ ਸੀ।ਉਸ ਜੇਲ ਵਿੱਚ ਚਾਚਾ ਅਜੀਤ ਸਿੰਘ ਨੂੰ ਰਹਿਣਾ ਪਿਆ ਸੀ। ਸੂਫ਼ੀ ਅੰਬਾ ਪ੍ਰਸ਼ਾਦ ਸ਼ੁਰੂਆਤੀ ਦਿਨਾਂ ਵਿੱਚ ਹੀ ਸ਼ਿਰਾਜ ਵਿਚ ਸ਼ਹੀਦ ਹੋ ਗਏ ਸਨ, ਜਿਨਾਂ ਦੀ ਉਥੇ ਅੱਜ ਮਜ਼ਾਰ ਬਣੀ ਹੋਈ ਹੈ।

ਆਜ਼ਾਦੀ ਦੇ ਇਸ ਮਸੀਹੇ ਨੇ ਦੇਖਿਆ ਸੀ ਕਿ ਕਿਵੇਂ ਦੁਨੀਆਂ ਦੀਆਂ ਕੌਮਾਂ ਆਪੋ ਆਪਣੇ ਮੁਲਕ ਦੀ ਆਜ਼ਾਦੀ ਲਈ ਲੜ ਰਹੀਆਂ ਹਨ। ਉਸਨੇ ਹਰ ਕੌਮ ਤੋਂ ਲੜਾਈ ਦੀ ਜੁਗਤ ਅਤੇ ਰਾਜਨੀਤੀ ਦੇ ਨਵੇਂ ਢੰਗ ਤਰੀਕੇ ਦੇਖੇ। ਆਜ਼ਾਦੀ ਦੇ ਉਸਾਰੂ ਢੰਗ ਤੇ ਨਵੀਆਂ ਕਾਢਾਂ ਤੇ ਜਾਣਕਾਰੀਆਂ ਪ੍ਰਾਪਤ ਕਰ ਕਰ ਕੇ ਖ਼ੁਫ਼ੀਆ ਰਸਾਲਿਆਂ ਰਾਹੀਂ ਹਿੰਦੋਸਤਾਨ ਦੀ ਆਜ਼ਾਦੀ ਲਈ ਕੰਮ ਕੀਤੇ। ਆਪ ਲੋਕਾਂ ਅੰਦਰ ਚੇਤਨਾ ਪੈਦਾ ਕਰਦੇ ਰਹੇ ਸੁੱਤਿਆਂ ਨੂੰ ਜਗਾਉਂਦੇ ਰਹੇ। ਇਸ ਮਿਸ਼ਨ ਲਈ 39 ਵਰੇ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਦਿਨ ਹਿਜ਼ਰਤ ਵਿੱਚ ਕੱਟੇ। ਕਦੇ ਕਿਸੇ ਮੁਲਕ ਕਦੇ ਕਿਸੇ ਮੁਲਕ ਜਾ ਕੇ ਉਥੋਂ ਦੇ ਆਜ਼ਾਦੀ ਘੁਲਾਟੀਆਂ ਨਾਲ ਮਿਲੇ, ਕਿ ਉਹ ਕਿਵੇਂ ਆਪਣੇ ਮੁਲਕ ਨੂੰ ਅਜ਼ਾਦ ਕਰਾਉਣ ਲਈ ਲੜ ਰਹੇ ਹਨ।

ਇਹ ਹੀ ਕਾਰਨ ਸੀ ਕਿ ਹਿੰਦੋਸਤਾਨ ਚੇਤਨਾ ਵੱਲ ਵਧਦਾ ਗਿਆ ਕਿਉਂਕਿ ਉਥੇ ਰਾਜਗੁਰੂ, ਸੁਖਦੇਵ, ਮਦਨ ਲਾਲ ਢੀਂਗਰਾ, ਭਗਤ ਸਿੰਘ, ਚੰਦਰ ਸ਼ੇਖ਼ਰ ਆਜ਼ਾਦ, ਸੁਭਾਸ਼ ਚੰਦਰ ਬੋਸ ਵਰਗੇ ਆਪਣੀ ਰਗਾਂ ਵਿੱਚ ਤੱਤਾ ਲਹੂ ਲੈ ਕੇ ਪੈਦਾ ਹੋ ਚੁੱਕੇ ਸਨ।

ਇੱਕ ਦਿਨ ਅਜਿਹਾ ਆਇਆ ਕਿ ਹਿੰਦੋਸਤਾਨ ਆਜ਼ਾਦੀ ਦੀ ਚਰਮ ਸੀਮਾ 'ਤੇ ਪਹੁੰਚ ਗਿਆ। ਅਖ਼ੀਰ ਵਿੱਚ ਦੁਖ ਇਹ ਹੋਇਆ ਕਿ ਇੱਕ ਮੁੱਠ ਲੜਦਾ ਲੜਦਾ ਹਿੰਦੁਸਤਾਨ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਹੁਣ ਇਹ ਦੋਨੋਂ ਮੁਲਕ ਆਪੋ ਆਪਣੀ ਆਜ਼ਾਦੀ ਲਈ ਲੜਨ ਲੱਗੇ ਸੀ।

ਅਖ਼ੀਰ ਉਹ ਦਿਨ ਵੀ ਨੇੜੇ ਆ ਗਿਆ ਸੀ ਜਿਸ ਦਿਨ ਹਿੰਦੁਸਤਾਨ ਤੇ ਪਾਕਿਸਤਾਨ ਨੂੰ ਆਜ਼ਾਦੀ ਮਿਲ਼ ਰਹੀ ਸੀ।

ਚਾਚਾ ਅਜੀਤ ਸਿੰਘ ਆਪਣੀ 39 ਸਾਲ ਦੀ ਜਲਾਵਤਨੀ ਕੱਟ ਕੇ ਭਤੀਜੇ ਭਗਤ ਸਿੰਘ ਦੀ ਮਜ਼ਾਰ ਦਿਲ ਵਿੱਚ ਲੈ ਕੇ ਅਪ੍ਰੈਲ 1947 ਨੂੰ ਆਪਣੇ ਵਤਨ-ਏ-ਮਹਿਬੂਬ ਪਰਤ ਰਹੇ ਸਨ।

ਆਪ ਦੀ ਸਿਹਤ ਕਾਫ਼ੀ ਕਮਜ਼ੋਰ ਹੋ ਚੁੱਕੀ ਸੀ। ਫਿਰ ਵੀ ਉਨਾਂ ਨੇ ਹਿੰਦੋਸਤਾਨ ਆ ਕੇ ਕਈ ਪ੍ਰੈੱਸ ਕਾਨਫਰੰਸਾਂ ਵਿੱਚ ਜਲਾਵਤਨੀ ਦਾ ਦਰਦ ਸੁਣਾਇਆ। ਦੇਸ਼ ਦੀ ਮਿੱਟੀ ਦੇਸ਼ ਦੀ ਧਰਤੀ ਤੇ ਪਰਤਣ ਦੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਦੇਸ਼ ਨਾਲ਼ ਪਿਆਰ ਤੇ ਮੋਹ ਦੀਆਂ ਗੱਲਾਂ ਕੀਤੀਆਂ। ਭਾਵੇਂ ਉਸ ਵੇਲ਼ੇ ਆਜ਼ਾਦੀ ਦੀ ਤਾਸੀਰ ਬਟਵਾਰੇ ਕਰਕੇ ਤਲਖ਼ਮਈ ਹੋ ਚੁੱਕੀ ਸੀ। ਫਿਰਕੂ ਦੰਗੇ ਵਧ ਚੁੱਕੇ ਸਨ, ਦੇਸ਼ ਦੇ ਹਾਲਾਤ ਵਿਗੜ ਚੁੱਕੇ ਸਨ। ਇਸੇ ਕਸ਼ਮਕਸ਼ ਵਿੱਚ 1947 ਦਾ ਅਗਸਤ ਮਹੀਨਾ ਨੇੜੇ ਆ ਗਿਆ।

ਚਾਚੇ ਅਜੀਤ ਨੇ 15 ਅਗਸਤ ਦੀ ਸਵੇਰ ਪੰਜਾਬ ਦੀ ਰਾਜਧਾਨੀ ਉੱਤੇ ਦੇਸ਼ ਦੀ ਆਜ਼ਾਦੀ ਦਾ ਝੰਡਾ ਚੜਾਉਣਾ ਸੀ ਪਰ, ਬਦਕਿਸਮਤੀ ਕਿ ਜਿਸ ਰਾਤ 14 ਅਗਸਤ ਨੂੰ ਇਸਲਾਮਿਕ ਝੰਡਾ ਚੜਨਾ ਸੀ ਉਸੇ ਰਾਤ ਅਤੇ 15 ਅਗਸਤ ਦੀ ਸਵੇਰ ਇਹ ਆਜ਼ਾਦੀ ਦਾ ਮਸੀਹਾ ਦੋਹਾਂ ਵਤਨਾਂ ਦੇ ਵਾਰਸਾਂ ਵੱਲ ਹੱਥ ਜੋੜ ਕੇ ਸਦਾ ਦੀ ਨੀਂਦਰ ਸੌਂ ਗਿਆ।

ਲਾਲ ਕਿਲੇ ਉੱਤੇ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ ਪਰ ਪੰਜਾਬ ਦੀ ਮਸੀਹਾ ਆਪਣੇ ਆਖ਼ਰੀ ਸਾਹ ਪੰਜਾਬ ਦੀ ਸਰਜ਼ਮੀਂ 'ਚ ਲੈ ਰਿਹਾ ਸੀ । ਜਿਸ ਨੂੰ ਆਜ਼ਾਦੀ ਦਾ ਸੂਰਜ ਦੇਖਣਾ ਨਸੀਬ ਨਾ ਹੋਇਆ। 14 ਅਗਸਤ ਦੀ ਰਾਤ ਨੇ ਸਾਥੋਂ ਪੰਜਾਬ ਦਾ ਉਹ ਪੁੱਤ ਲੈ ਲਿਆ ਸੀ ਜਿਹਨੇ ਹਰ ਮੁਲਕ ਚੋਂ ਆਜ਼ਾਦੀ ਇਕੱਠੀ ਕਰ ਕਰ ਕੇ ਦੇਸ਼ ਦਾ ਮੁਕਟ ਬਣਾਇਆ ਸੀ। ਸਾਡੇ ਆਜ਼ਾਦ ਸੁਪਨਿਆਂ ਨੂੰ ਹਕੀਕਤ ਦੇਣ ਲਈ ਆਪ ਦਾ ਸਾਰਾ ਜੀਵਨ ਰਾਹਾਂ ਦੀ ਮਿੱਟੀ ਬਣ ਗਿਆ ਸੀ ਤੇ ਅਖ਼ੀਰ ਮਿੱਟੀ ਵਿੱਚ ਮਿੱਟੀ ਹੋ ਗਿਆ।

ਮੈਨੂੰ ਇਥੇ ਉਸ ਸਮੇਂ ਦੇ ਗ਼ਦਰੀ ਬਾਬਿਆਂ ਦੀ 'ਗੂੰਜ' ਨਾਂ ਦੀ ਅਖ਼ਬਾਰ ਵਿੱਚ ਹਰਮਨ ਪਿਆਰੇ ਗੀਤ ਦੀਆਂ ਕੁਝ ਸਤਰਾਂ ਮੁੜ ਯਾਦ ਆ ਰਹੀਆਂ ਹਨ :-

ਹੁਣ ਤਾਂ ਜਾਗੋ ਹਿੰਦੋਸਤਾਨੀਓ, ਦੇਸ਼ ਗਰਕਦਾ ਜਾਂਦਾ ਹੈ
ਹਾੜ ਜੇਠ ਨੂੰ ਧੁੱਪਾਂ ਸੜਨ, ਪੋਹ ਮਾਘ ਨੂੰ ਪਾਲਾ ਜੀ
ਖਾਣ ਪੀਣ ਨੂੰ ਤੰਗੀ ਹੋ ਗਈ, ਹੋ ਗਿਆ ਬਹੁਤਾ ਹਾਲਾ ਜੀ
ਪਿਛਲੇ ਸਮੇਂ ਪੈਂਚ ਅਸਾਡੇ, ਆਪ ਅਦਾਲਤ ਕਰਦੇ ਸੀ
ਮੱਝ ਗਾਈਂ ਦੇ ਵੱਗ ਅਸਾਡੇ, ਖੇਤਾਂ ਦੇ ਵਿੱਚ ਚਰਦੇ ਸੀ
ਹੁਣ ਤੇ ਭਾਈਓ ਨਸਲ ਅਸਾਡੀ, ਰੁੱਖੀ ਰੋਟੀ ਖਾਂਦੀ ਏ
ਹੁਣ ਤੇ ਜਾਗੋ ਦੇਸ਼ ਵਾਸੀਓ, ਕੌਮ ਗਰਕਦੀ ਜਾਂਦੀ ਹੈ।

ਅੱਜ ਅਸੀਂ ਫੋਕੀ ਬਹਿਸਬਾਜ਼ੀ ਵਿੱਚ ਗਰਕ ਚੁੱਕੇ ਹਾਂ। ਅਸੀਂ ਆਜ਼ਾਦੀ ਦਾ ਮੁਹਾਂਦਰਾ ਵਿਗਾੜ ਦਿੱਤਾ ਹੈ, ਅਹਿਸਾਨ ਫਰਾਮੋਸ਼ ਹੋ ਗਏ ਹਾਂ ਕਿਉਂਕਿ ਸਾਨੂੰ ਸਾਡੇ ਆਜ਼ਾਦੀ ਦੀ ਜੰਗ ਲੜਨ ਵਾਲੇ ਪੁਰਖਿਆਂ ਦਾ ਚੇਤਾ ਹੀ ਨਹੀਂ ਹੈ। ਅਸੀਂ ਰੰਗ, ਨਸਲ, ਕੌਮ, ਧਰਮ, ਜਾਤ ਪਾਤ ਦੀ ਦਲਦਲ ਵਿੱਚ ਫਸ ਕੇ ਸਹੀ ਰਸਤੇ ਤੋਂ ਥਿੜਕ ਗਏ ਹਾਂ ।

ਮੈਨੂੰ ਇਥੇ ਜਾਪਾਨ ਦੀ ਉਦਾਹਰਣ ਚੇਤੇ ਆ ਰਹੀ ਹੈ। ਕਿਸੇ ਵੇਲੇ ਜਾਪਾਨ ਛੋਟੇ ਛੋਟੇ ਰਾਜਾਂ ਵਿੱਚ ਵੰਡਿਆ ਸੀ।ਇੱਕ ਦੂਜੇ ਤੇ ਹਮਲਾ, ਇੱਕ ਦੂਜੇ ਨਾਲ ਉਨਾਂ ਦੀ ਦੁਸ਼ਮਣੀ ਸੀ। 1855 ਵਿੱਚ ਅਮਰੀਕਾ ਨੇ ਜਾਪਾਨ ਉੱਤੇ ਚੜਾਈ ਕਰ ਦਿੱਤੀ ਇਹ ਸੋਚ ਕੇ, ਕਿ ਜਾਪਾਨ ਕਮਜ਼ੋਰ ਮੁਲਕ ਹੈ। ਆਪਸ ਵਿੱਚ ਵੰਡਿਆ ਹੋਇਆ ਹੈ, ਇਹ ਕਿਥੋਂ ਇੱਕ ਦੂਜੇ ਦੀ ਮਦਦ ਲਈ ਆਉਣਗੇ। ਜਦ ਅਮਰੀਕਾ ਨੇ ਜਪਾਨ ਤੇ ਹਮਲਾ ਕੀਤਾ ਤਾਂ ਸਾਰਾ ਜਪਾਨ ਇੱਕ ਹੋ ਗਿਆ ਸੀ ਅਤੇ ਅਮਰੀਕਾ ਨੂੰ ਮੂੰਹ ਤੋੜ ਜਵਾਬ ਦਿੱਤਾ ਸੀ।

ਇਸੇ ਤਰਾਂ ਫਰਾਂਸ ਤੇ ਜਰਮਨੀ ਦੀ ਪੁਰਾਣੀ ਦੁਸ਼ਮਣੀ ਸੀ ।ਦੋਹਾਂ ਕੌਮਾਂ ਨੇ ਸਿੱਟਾ ਕੱਢਿਆ ਕੇ ਨਫ਼ਰਤ ਕਰਨ ਵਿੱਚ ਮੁਲਕ ਤਬਾਹ ਹੁੰਦੇ ਹਨ, ਨਸਲ ਤਬਾਹ ਹੁੰਦੀ ਹੈ। ਕਿਉਂ ਨਾ ਅਸੀਂ ਲੋਕ ਇੱਕ ਦੂਜੇ ਨੂੰ ਮਿੱਤਰਤਾ ਭਰੀਆਂ ਬਾਂਹਾਂ ਖੋਲ ਕੇ ਮਿਲੀਏ। ਅੱਜ ਜਰਮਨ ਤੇ ਫਰਾਂਸ ਦੋਸਤ ਹਨ ਅਤੇ ਕਾਰੋਬਾਰ ਵਿੱਚ ਦੁਨੀਆਂ ਵਿਚ ਅਵੱਲ ਹਨ।

ਆਖ਼ਿਰ ਵਿੱਚ ਇਹ ਹੀ ਕਹਾਂਗੀ ਕਿ ਵਾਰ ਵਾਰ ਚਾਚੇ ਅਜੀਤ ਵਰਗੇ, ਸੂਫ਼ੀ ਅੰਬੇ ਪ੍ਰਸ਼ਾਦ ਵਰਗੇ ਮਸੀਹੇ ਧਰਤੀ 'ਤੇ ਪੈਦਾ ਨਹੀਂ ਹੁੰਦੇ। ਇਸ ਬਾਰ ਸਾਨੂੰ ਖ਼ੁਦ ਨੂੰ ਆਪੋ ਆਪਣੇ ਨਾਂ ਦਾ ਝੰਡਾ ਚੁੱਕਣਾ ਪਊਗਾ ਅਤੇ ਨਵੇਂ ਜ਼ਮਾਨੇ ਦੀ ਆਜ਼ਾਦੀ ਵੱਲ ਮੁੜਨਾ ਪਊਗਾ। ਚਾਚਾ ਅਜੀਤ ਸਿੰਘ ਜੀ ਨੂੰ ਕੋਟਿ ਕੋਟਿ ਪ੍ਰਣਾਮ.....!

# ਖੰਡਿਆਂ ਵਾਲ਼ੇ ਸਿੱਖ ਬਾਈਕਰ

**ਗੈਰੀ ਫਰਿਜ਼ਨੋ**





ਮਾਊਂਟ ਰੁਸ਼ਮੋਰ ਦੀਆਂ ਫੋਟੋਆਂ ਇਹ ਜਿੱਥੇ ਗਰੇਨਾਈਟ (Granite) ਪਹਾੜ ਨੂੰ ਕੱਟਕੇ ਅਮਰੀਕਾ ਦੇ Presidents ਦੇ ਬੁੱਤ ਤਰਾਸ਼ੇ ਹੋਏ ਹਨ ਜੋ ਦੇਖਣ ਵਾਲਿਆਂ ਤੇ ਬਾ-ਕਮਾਲ ਪ੍ਰਭਾਵ ਪਾਉਂਦੇ ਹਨ। ਅਜਿਹੀ ਤਰਾਸ਼ਕਾਰੀ ਬੁੱਤ ਵਿੱਚ ਵੀ ਜਾਨ ਪਾ ਦਿੰਦੀ ਹੈ। ਇਸ ਜਗਾ ਉੱਤੇ ਜ਼ਿਆਦਾਤਰ ਬਾਈਕਰ ਆਉਂਦੇ ਹਨ।

1938 ਤੋਂ ਲੱਗਦੇ ਆਉਂਦੇ ਸਟੁਰਗਿਸ Sturgis ਮੇਲੇ 'ਤੇ ਪਹਿਲੀ ਵਾਰ ਲੋਕਾਂ ਨੇ ਖੰਡਿਆਂ ਵਾਲੇ Sikh Biker ਦੇਖਣ ਨੂੰ ਮਿਲੇ। ਜਿਨਾਂ ਨੂੰ ਵੇਖ ਕੇ ਉਨਾਂ ਦੀਆਂ ਅੱਖਾਂ ਵਿੱਚ ਇੱਕ ਅਲੱਗ ਜਿਹੀ ਰੋਸ਼ਨੀ ਨਜ਼ਰ ਆਉਂਦੀ ਸੀ। ਸਾਨੂੰ ਜਿਹੜਾ ਵੀ ਮਿਲਦਾ ਸੀ, ਪੁੱਛ ਲੈਂਦਾ ਸੀ ਕਿ ਕੀ ਮਤਲਬ ਇਸ ਚਿੰਨ ਦਾ ਤੇ ਉੱਪਰ ਲਿਖੇ ਦਾ। ਫੇਰ 10 ਮਿੰਟ ਲਾਈਦੇ ਸੀ ਉਨਾਂ ਨੂੰ ਸਮਝਾਉਣ ਲਈ ਕਿ

**ਹਰਫ਼ਾਂ ਦੇ ਨੂਰ**

ਸਿੱਖ ਕੌਮ ਦੇ ਅਣਖੀਲੇ ਯੋਧਿਆਂ ਦੀ ਪਹਿਚਾਣ ਹੈ ਜੋ ਸਾਨੂੰ ਸਾਡੇ ਗੁਰੂਆਂ ਦੀ ਬਖ਼ਸ਼ਿਸ਼ ਨਾਲ ਮਿਲੀ ਹੈ ਤੇ ਇਹ ਸਾਡੀ ਕੌਮ ਦੀ ਵਿਲੱਖਣ ਪਛਾਣ ਹੈ। ਸਾਡੇ ਦੋਮਾਲਿਆਂ ਵਾਲੇ ਨੌਜਵਾਨ ਮੁੰਡੇ ਕਈ ਅਮਰੀਕਾ ਦੇ ਜੰਮੇ ਹਨ ਤੇ ਕਈ ਛੋਟੇ ਹੁੰਦੇ ਬਾਹਰ ਆਏ ਹੋਏ ਇੱਥੇ ਪੜੇ ਲਿਖੇ ਹੋਣ ਕਰਕੇ, ਬੋਲੀ ਦੀ ਕਿਸੇ ਨੂੰ ਕੋਈ ਸਮੱਸਿਆ ਨਹੀਂ ਸੀ 'ਜੋ ਅਮਰੀਕਾ ਦੇ 21 ਸਾਲਾਂ ਦੇ ਆਪਣੇ ਤਜਰਬੇ ਵਿੱਚ ਮੈਂ ਦੇਖਿਆ ਉਹ ਇਹ ਦੇਖਿਆ ਕਿ ਨਫਰਤ ਦਾ ਸ਼ਿਕਾਰ ਲੋਕ ਸ਼ਕਲ ਜਾਂ ਪਹਿਰਾਵੇ ਕਰਕੇ ਘੱਟ ਪਰ ਬੋਲੀ ਕਰਕੇ ਬਾਹਲੇ ਹੁੰਦੇ ਹਨ।' ਸਾਡੇ ਨਾਲ ਅਜਿਹਾ ਕੋਈ ਵੀ ਕੋਈ ਮਾੜਾ ਵਿਵਹਾਰ ਨਹੀਂ ਹੋਇਆ ਜਿੱਥੇ ਸਾਨੂੰ ਕਿਸੇ ਨੇ ਨਫਰਤ ਕੀਤੀ ਹੋਵੇ, ਸਗੋਂ ਸਾਡੇ ਨਾਲ ਖੜ- ਖੜ ਫੋਟੋਆਂ ਖਿਚਵਾਉਂਦੇ ਰਹੇ ਗੋਰੇ। ਹਾਲਾਂਕਿ ਸਾਡੇ ਪੰਜਾਬੀ ਭਾਈਚਾਰੇ ਵਿੱਚ ਕੁਝ ਕੁ ਪਹਿਲਾਂ ਦੇ ਮੋਟਰਸਾਈਕਲ ਕਲਚਰ ਵਿੱਚ ਵੜੇ ਪੰਜਾਬੀਆਂ ਨੇ ਸਾਨੂੰ ਡਰਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ ਕਿ ਉੱਥੇ ਤੁਹਾਡੇ ਤੇ ਅਟੈਕ ਕਰਨਗੇ ਗੋਰਿਆਂ ਦੇ ਬਾਈਕਰ ਗੈਂਗ। ਅਸੀਂ ਕਿਹਾ ਜੇ ਆਹ ਗੱਲ ਹੈ ਤਾਂ ਜ਼ਰੂਰ ਜਾਵਾਂਗੇ ਤੇ ਜਾਵਾਂਗੇ ਵੀ ਆਪਣੀਆਂ Club Vests ਵਿੱਚ ਹੀ ਤੇ ਗਏ ਵੀ ਤੇ ਘੁੰਮੇ ਵੀ ਏਦਾਂ ਹੀ ਅਸੀਂ ਤਾਂ ਰਾਤ ਦੇ 2 ਵਜੇ ਮੇਲਾ ਬੰਦ ਕਰਕੇ ਹੋਟਲ ਨੂੰ ਵਾਪਸ ਮੁੜਦੇ ਸੀ। ਪਰ ਹਰ ਇੱਕ ਤੋਂ ਸਤਿਕਾਰ ਤੇ ਮਿੱਤਰਤਾ ਵਾਲਾ ਵਿਵਹਾਰ ਹੀ ਮਿਲਿਆ ਸਾਨੂੰ ਤਾਂ ਗੋਰਿਆਂ ਦੇ 99% ਅਬਾਦੀ ਵਾਲੇ ਮੇਲੇ 'ਚੋਂ। ਇੱਕ ਗੱਲ ਜ਼ਰੂਰ ਕਹਿ ਸਕਦੇ ਆਂ ਹੁਣ ਅਗਲੇ ਸਾਲਾਂ ਤੋਂ ਬਹੁਤ ਲੋਕ ਉੱਥੇ ਦੂਰੋਂ ਹੀ ਪਛਾਣ ਲਿਆ ਕਰਨਗੇ ਕਿ ਇਹ ਓਹੀ ਹਨ American Sikh Bikers ਕਿਉਂਕਿ ਉੱਥੇ ਓਹੀ ਲੋਕ ਹਨ ਹਰ ਸਾਲ ਜਾਣ ਵਾਲੇ, 5 ਲੱਖ ਤੋਂ 7.5 ਲੱਖ ਦੀ ਗਿਣਤੀ ਵਾਲੇ ਬਾਈਕਰ ਹਨ। ਜਿਨਾਂ ਵਿਚ ਇਸ ਵਾਰ ਸਿੱਖ ਬਾਈਕਰ ਵੀ ਸ਼ਾਮਿਲ ਹੋਏ।



# ਮਨੀਸ਼ ਸਿਸੋਦੀਆ ਖ਼ਿਲਾਫ਼ ਈ.ਡੀ. ਵਲੋਂ ਕੇਸ ਦਰਜ

## ✪ ਭਾਜਪਾ ਵਿਚ ਸ਼ਾਮਲ ਹੋਣ ’ਤੇ ਸਾਰੇ ਕੇਸ ਬੰਦ ਹੋ ਜਾਣ ਦਾ ਮਿਲਿਆ ਸੁਨੇਹਾ

## ✪ ਸਿਸੋਦੀਆ ਭਾਰਤ ਰਤਨ ਦੇ ਹੱਕਦਾਰ ਪਰ ਕੇਂਦਰ ਕਰ ਰਿਹੈ ਪ੍ਰੇਸ਼ਾਨ : ਕੇਜਰੀਵਾਲ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਿੱਲੀ ਆਬਕਾਰੀ ਨੀਤੀ ਵਿਚ ਕਥਿਤ ਬੇਨਿਯਮੀਆਂ ਦੀ ਜਾਂਚ ਲਈ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਹੋਰਾਂ ਖ਼ਿਲਾਫ਼ ਹਵਾਲਾ ਦਾ ਕੇਸ ਦਰਜ ਕੀਤਾ ਹੈ। ਈ.ਡੀ. ਦੇ ਇਸ ਕਦਮ ਨਾਲ ਸੀ.ਬੀ.ਆਈ. ਦੀ ਕਾਰਵਾਈ ਤੋਂ ਬਾਅਦ ਸਿਸੋਦੀਆ ਲਈ ਹੋਰ ਮੁਸੀਬਤ ਖੜੀ ਹੋ ਸਕਦੀ ਹੈ। ਅਧਿਕਾਰਕ ਸੂਤਰਾਂ ਨੇ ਦੱਸਿਆ ਕਿ ਈ.ਡੀ. ਨੇ ਸੀ.ਬੀ.ਆਈ. ਵਲੋਂ ਦਾਇਰ ਕੀਤੀ ਐਫ. ਆਈ. ਆਰ., ਜਿਸ ‘ਚ ਸਿਸੋਦੀਆ ਤੇ 14 ਹੋਰ ਨਾਮਜ਼ਦ ਹਨ, ਦਾ ਨੋਟਿਸ ਲੈਂਦਿਆਂ ਹਵਾਲਾ ਰੋਕੂ ਕਾਨੂੰਨ ਦੀਆਂ ਅਪਰਾਧਿਕ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਈ.ਡੀ. ਇਸ ਗੱਲ ਦੀ ਜਾਂਚ ਕਰੇਗੀ ਕਿ ਬੀਤੇ ਸਾਲ ਨਵੰਬਰ ਵਿਚ ਦਿੱਲੀ ਆਬਕਾਰੀ ਨੀਤੀ ਨੂੰ ਬਣਾਉਣ ਤੇ ਲਾਗੂ ਕਰਨ ’ਚ ਕਥਿਤ ਬੇਨਿਯਮੀਆਂ ਹੋਈਆਂ ਸਨ।

ਯਾਦ ਰਹੇ ਕਿ ਬੀਤੇ ਦਿਨੀਂ ਦਿੱਲੀ ਆਬਕਾਰੀ ਨੀਤੀ ਨੂੰ ਲਾਗੂ ਕਰਨ ਨਾਲ ਜੁੜੇ ਕਥਿਤ ਭ੍ਰਿਸ਼ਟਾਚਾਰ ਨੂੰ ਲੈ ਕੇ ਸੀ. ਬੀ. ਆਈ. ਨੇ ਬੀਤੇ ਸ਼ਨੀਵਾਰ ਨੂੰ 5 ਮੁਲਜ਼ਮਾਂ ਨੂੰ ਸੰਮਨ ਭੇਜੇ ਸਨ। ਇਨਾਂ ਪੰਜਾਂ ਮੁਲਜ਼ਮਾਂ ਨੂੰ ਦਿੱਲੀ ਸਥਿਤ ‘ਆਪ’ ਦੇ ਹੈੱਡਕੁਆਰਟਰ ਵਿਚ ਪੁੱਛਗਿੱਛ ਲਈ ਤਲਬ ਕੀਤਾ ਗਿਆ ਸੀ। ਸੀ. ਬੀ. ਆਈ. ਹਲਕਿਆਂ ਮੁਤਾਬਿਕ ਏਜੰਸੀ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਰਿਹਾਇਸ਼ ਸਮੇਤ 31 ਥਾਵਾਂ ਦੀ ਛਾਪੇਮਾਰੀ ਦੌਰਾਨ ਜ਼ਬਤ ਕੀਤੇ ਗਏ ਦਸਤਾਵੇਜ਼ਾਂ ਦੀ ਪੜਤਾਲ ਕਰ ਰਹੀ ਹੈ। ਦਸਤਾਵੇਜ਼ਾਂ ਅਤੇ ਹੋਰ ਇਲੈਕਟ੍ਰਿਕ ਯੰਤਰਾਂ ਦੇ ਨਾਲ ਬੈਂਕਾਂ ਦੇ ਲੈਣ-ਦੇਣ ਦੀ ਜਾਂਚ ਦਾ ਅਮਲ ਪੂਰਾ ਹੋਣ ਤੋਂ ਬਾਅਦ ਬਾਕੀ ਮੁਲਜ਼ਮਾਂ ਨੂੰ ਸੰਮਨ ਜਾਰੀ ਕੀਤਾ ਜਾਵੇਗਾ। ਦਿੱਲੀ ਦੀ ਸ਼ਰਾਬ ਨੀਤੀ ਨੂੰ ਲੈ ਕੇ ਸੀ. ਬੀ. ਆਈ. ਨੇ ਵੱਡਾ ਦਾਅਵਾ ਕਰਦਿਆਂ ਕਿਹਾ ਸੀ ਕਿ ਆਬਕਾਰੀ ਵਿਭਾਗ ਦੇ ਰਿਕਾਰਡ ’ਚ ਵੱਡੇ ਪੱਧਰ ’ਤੇ ਫ਼ਰਜ਼ੀ ਐਂਟਰੀਆਂ ਕੀਤੀਆਂ ਗਈਆਂ ਹਨ, ਤਾਂ ਜੋ ਸਰਕਾਰੀ ਅਧਿਕਾਰੀਆਂ ਅਤੇ ਨਿੱਜੀ ਕੰਪਨੀਆਂ ਨੂੰ ਸਿੱਧਾ ਲਾਭ ਪਹੁੰਚਾਇਆ ਜਾ ਸਕੇ।ਸੀ. ਬੀ. ਆਈ. ਨੇ ਐਫ਼. ਆਈ. ਆਰ. ਵਿਚ ਇਹ ਵੀ ਦਾਅਵਾ ਕੀਤਾ ਸੀ ਕਿ ਮੁੰਬਈ ਦੀ ਕੰਪਨੀ ਦੇ ਸਾਬਕਾ ਸੀ. ਈ. ਓ. ਵਿਜੈ ਨਾਇਰ ਨੇ ਮਨੀਸ਼ ਸਿਸੋਦੀਆ ਦੇ ਨਾਲ ਮਿਲ ਕੇ ਨਵੀਂ ਨੀਤੀ ਦਾ ਖਾਕਾ ਤਿਆਰ ਕੀਤਾ ਸੀ।ਇਸ ਵਿਚ ਆਬਕਾਰੀ ਵਿਭਾਗ ਦੇ ਦੋ ਸਾਬਕਾ ਆਲਾ ਅਧਿਕਾਰੀ ਅਤੇ ਇਕ ਮੌਜੂਦਾ ਅਧਿਕਾਰੀ ਵੀ ਸ਼ਾਮਿਲ ਹੈ। ਸੀ. ਬੀ. ਆਈ. ਨੇ ਇਹ ਵੀ ਦਾਅਵਾ ਕੀਤਾ ਕਿ ਸਿਸੋਦੀਆ ਨੇ ਅਮਿਤ ਅਰੋੜਾ, ਦਿਨੇਸ਼ ਅਰੋੜਾ ਅਤੇ ਅਰਜੁਨ ਪਾਂਡੇ ਨਾਲ ਮਿਲ ਕੇ ਲਾਇਸੈਂਸ ਹੋਲਡਰਾਂ ਤੋਂ ਮਿਲੇ ਗ਼ੈਰ ਕਾਨੂੰਨੀ ਫੰਡ ਨੂੰ ਟਰਾਂਸਫਰ ਕੀਤਾ ਹੈ।

### ਭਾਜਪਾ ਨੇ ‘ਆਪ’ ਤੋੜਨ ’ਤੇ ਮੁੱਖ ਮੰਤਰੀ ਅਹੁਦੇ ਦਾ ਲਾਲਚ ਦਿੱਤਾ : ਸਿਸੋਦੀਆ

ਦਿੱਲੀ ਦੀ ਵਿਵਾਦਤ ਆਬਕਾਰੀ ਨੀਤੀ ਵਿਚ ਘੁਟਾਲੇ ਦੇ ਦੋਸ਼ਾਂ ਹੇਠ ਘਿਰੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦਆ



ਨੇ ਦਾਅਵਾ ਕੀਤਾ ਹੈ ਕਿ ਭਾਜਪਾ ਨੇ ਉਸ ਨੂੰ ‘ਆਪ’ ਤੋੜ ਕੇ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਹੈ। ਉਨਾਂ ਭਾਜਪਾ ’ਤੇ ਇਹ ਵੀ ਦੋਸ਼ ਲਾਇਆ ਕਿ ਜੇਕਰ ਉਹ ‘ਆਪ’ ਛੱਡ ਕੇ ਪਾਰਟੀ ਵਿਚ ਸ਼ਾਮਲ ਹੁੰਦੇ ਹਨ ਤਾਂ ਉਨਾਂ ਖ਼ਿਲਾਫ਼ ਸਾਰੇ ਕੇਸ ਬੰਦ ਹੋ ਜਾਣਗੇ।ਮੇਰਾ ਭਾਜਪਾ ਨੂੰ ਜਵਾਬ ਹੈ ਕਿ ਮੈਂ ਮਹਾਰਾਣਾ ਪ੍ਰਤਾਪ ਦਾ ਵੰਸ਼ਜ ਹਾਂ। ਮੈਂ ਸਿਰ ਕਟਵਾ ਲਵਾਂਗਾ ਪਰ ਸਾਜ਼ਿਸ਼ਘਾੜਿਆਂ ਅਤੇ ਭ੍ਰਿਸ਼ਟ ਲੋਕਾਂ ਅੱਗੇ ਝੁਕਾਂਗਾ ਨਹੀਂ। ਮੇਰੇ ਖ਼ਿਲਾਫ਼ ਸਾਰੇ ਕੇਸ ਝੂਠੇ ਹਨ। ਤੁਸੀਂ ਜੋ ਕੁਝ ਕਰਨਾ ਹੈ, ਕਰ ਲਵੋ।

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦਾਅਵਾ ਕੀਤਾ ਹੈ ਕਿ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਉਨਾਂ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਹੈ। ਇਸ ਕਦਮ ਨੂੰ ‘ਨਾਟਕ’ ਕਰਾਰ ਦਿੰਦਿਆਂ ਉਨਾਂ ਕਿਹਾ ਕਿ ਜਾਂਚ ਏਜੰਸੀ ਨੂੰ ਉਨਾਂ ਦੀ ਰਿਹਾਇਸ਼ ’ਤੇ ਛਾਪੇ ਦੌਰਾਨ ਕੁੱਝ ਵੀ ਨਹੀਂ ਮਿਲਿਆ। ਸਿਸੋਦੀਆ ਨੇ ਕਿਹਾ ਕਿ ਉਹ ਦਿੱਲੀ ਵਿੱਚ ਸ਼ਰੇਆਮ ਘੁੰਮ ਰਹੇ ਹਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੁੱਛਿਆ ਕੀ ਉਹ ਉਨਾਂ ਨੂੰ ਨਹੀਂ ਲੱਭ ਸਕੇ। ਉਨਾਂ ਕਿਹਾ ਕਿ ਮੰਦਭਾਗਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਸੋਚਦੇ ਰਹਿੰਦੇ ਹਨ ਕਿ ਅੱਜ ਕਿਸ ਦੇ ਖ਼ਿਲਾਫ ਸੀਬੀਆਈ ਦਾ ‘ਲੁੱਕ ਆਊਟ’ ਸਰਕੂਲਰ ਜਾਰੀ ਕੀਤਾ ਜਾਵੇ। ਆਮ ਆਦਮੀ ਪਾਰਟੀ ਦੀ ਆਤਿਸ਼ੀ ਅਤੇ ਸੌਰਭ ਭਾਰਦਵਾਜ ਸਮੇਤ ਹੋਰ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ’ਤੇ ਦੋਸ਼ ਲਾਇਆ ਕਿ ਉਹ ਮਹਾਰਾਸ਼ਟਰ ਵਾਂਗ ਕੌਮੀ ਰਾਜਧਾਨੀ ਵਿਚ ਕੇਜਰੀਵਾਲ ਸਰਕਾਰ ਨੂੰ ਡੇਗਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਪਰ ਇਸ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ‘ਆਪ’ ਇਕ ਇਮਾਨਦਾਰ ਪਾਰਟੀ ਹੈ।’

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਕੌਮੀ ਰਾਜਧਾਨੀ ਦੇ ਸਕੂਲਾਂ ’ਵਿਚ ਸਿੱਖਿਆ ਦਾ ਮਿਆਰ ਸੁਧਾਰਨ ਲਈ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਭਾਰਤ ਰਤਨ ਮਿਲਣਾ ਚਾਹੀਦਾ ਹੈ ਪਰ ਕੇਂਦਰ ਸਰਕਾਰ ਸਿਆਸੀ ਬਦਲਾਖੋਰੀ ਕਾਰਨ ਉਨਾਂ ਨੂੰ ਲਗਾਤਾਰ ਪ੍ਰੇਸ਼ਾਨ ਕਰ ਰਹੀ ਹੈ। ਆਪ’ ਕਨਵੀਨਰ ਨੇ ਖ਼ਦਸ਼ਾ ਜਤਾਇਆ ਕਿ ਸਿਸੋਦੀਆਂ ਨੂੰ ਛੇਤੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ‘ਇਹ ਵੀ ਹੋ ਸਕਦਾ ਹੈ ਕਿ ਮੈਨੂੰ ਵੀ ਗ੍ਰਿਫ਼ਤਾਰ ਕਰ ਲਿਆ ਜਾਵੇ। ਇਹ ਸਾਰਾ ਕੁਝ ਗੁਜਰਾਤ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੀਤਾ ਜਾ ਰਿਹਾ ਹੈ।’

ਇਸ ਛਾਪੇਮਾਰੀ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਕੇ ਕਿਹਾ ਕਿ ਮਨੀਸ਼ ਸਿਸੋਦੀਆ ਆਜ਼ਾਦ ਭਾਰਤ ਦੇ ਸਭ ਤੋਂ ਬਿਹਤਰੀਨ ਸਿੱਖਿਆ ਮੰਤਰੀ ਹਨ। ਅਮਰੀਕਾ ਦੇ ਸਭ ਤੋਂ ਵੱਡੇ ਅਖ਼ਬਾਰ ਨਿਊਯਾਰਕ ਟਾਈਮਜ਼ ਨੇ ਪਹਿਲੇ ਪੰਨੇ ’ਤੇ ਉਨਾਂ ਦੀ ਫ਼ੋਟੋ ਛਾਪੀ ਅਤੇ ਇਸ ਤੋਂ ਦੁਖੀ ਹੋ ਕੇ ਨਰਿੰਦਰ ਮੋਦੀ ਨੇ ਉਨਾਂ ਦੇ ਘਰ ਸੀ.ਬੀ.ਆਈ. ਤੇ ਈਡੀ ਦੀ ਕਾਰਵਾਈ ਕਰਵਾਈ ਹੈ।

### ਕੇਜਰੀਵਾਲ ਦੀ ਖਾਮੋਸ਼ੀ ਸਾਬਤ ਕਰਦੀ ਹੈ ਕਿ ਉਹ ‘ਕੱਟੜ ਬੇਈਮਾਨ’ ਹਨ : ਭਾਜਪਾ

ਨਵੀਂ ਦਿੱਲੀ : ਭਾਜਪਾ ਨੇ ਮਨੀਸ਼ ਸਿਸੋਦੀਆ ਅਤੇ ‘ਆਪ’ ਦੇ ਹੋਰ ਆਗੂਆਂ ਵੱਲੋਂ ਲਾਏ ਗਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਖਾਮੋਸ਼ੀ ਸਾਬਤ ਕਰਦੀ ਹੈ ਕਿ ਉਹ ‘ਕੱਟੜ ਬੇਈਮਾਨ’ ਹਨ। ਭਾਜਪਾ ਦੇ ਕੌਮੀ ਬੁਲਾਰੇ ਗੌਰਵ ਭਾਟੀਆ ਨੇ ਕਿਹਾ ਕਿ ਕੇਜਰੀਵਾਲ ਦਾ ‘ਹੰਕਾਰ’ ਦਿੱਲੀ ਦੇ ਲੋਕ ਚਕਨਾਚੂਰ ਕਰ ਦੇਣਗੇ। ਉਨਾਂ ਇਹ ਵੀ ਦੋਸ਼ ਲਾਇਆ ਕਿ ਦਿੱਲੀ ਦੀ ਆਬਕਾਰੀ ਨੀਤੀ ਬਾਰੇ ਕਮੇਟੀ ਨੇ ਜਿਹੜੀ ਸਿਫ਼ਾਰਿਸ਼ ਕੀਤੀ ਸੀ ਅਤੇ ‘ਆਪ’ ਸਰਕਾਰ ਨੇ ਜੋ ਨੀਤੀ ਲਾਗੂ ਕੀਤੀ ਸੀ, ਉਸ ਵਿੱਚ ਬਹੁਤ ਫਰਕ ਹੈ। ਉਨਾਂ ਕਿਹਾ ਕਿ ਪ੍ਰਚੂਨ ਠੇਕਾ ਦੇਣ ਲਈ ਇੱਕ ਲਾਟਰੀ ਪ੍ਰਣਾਲੀ ਅਪਣਾਈ ਜਾਣੀ ਸੀ। ਭਾਟੀਆ ਨੇ ਕਿਹਾ ਕਿ ਸ਼ਹਿਰ ਨੂੰ 32 ਜ਼ੋਨਾਂ ਵਿੱਚ ਵੰਡਿਆ ਗਿਆ ਸੀ ਅਤੇ ਨੀਤੀ ਅਤੇ ਪੈਨਲ ਦੀਆਂ ਸਿਫ਼ਾਰਿਸ਼ਾਂ ਦੇ ਦਸਤਾਵੇਜ਼ ਦਿਖਾਏ ਗਏ ਸਨ। ਉਨਾਂ ਕਿਹਾ ਕਿ ਕੇਜਰੀਵਾਲ ਸਰਕਾਰ ਵੱਲੋਂ ਲਾਟਰੀ ਪ੍ਰਣਾਲੀ ਦੀ ਪਾਲਣਾ ਨਹੀਂ ਕੀਤੀ ਗਈ ਅਤੇ ‘ਕੁਝ’ ਉਦਯੋਗਪਤੀਆਂ ਨੂੰ ਜ਼ੋਨ ਦਿੱਤੇ ਗਏ। ਭਾਜਪਾ ਦੇ ਸੰਸਦ ਮੈਂਬਰ ਰਮੇਸ਼ ਬਿਧੂੜੀ ਨੇ ਸਵਾਲ ਕੀਤਾ ਕਿ ਕੇਜਰੀਵਾਲ ਆਬਕਾਰੀ ਨੀਤੀ ਬਾਰੇ ਉਠਾਏ ਜਾ ਰਹੇ ਸਵਾਲਾਂ ਦਾ ਜਵਾਬ ਕਿਉਂ ਨਹੀਂ ਦੇ ਰਹੇ ਹਨ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਜੇਕਰ ‘ਆਪ’ ਦੀ ਸ਼ਰਾਬ ਨੀਤੀ ਸਹੀ ਸੀ, ਤਾਂ ਉਸ ਨੂੰ ਵਾਪਸ ਕਿਉਂ ਲਿਆ ਗਿਆ। ਠਾਕੁਰ ਨੇ ਕਿਹਾ ਕਿ ਸਿਸੋਦੀਆ ਅਤੇ ਕੇਜਰੀਵਾਲ ਨੂੰ ਜਦੋਂ ਸ਼ਰਾਬ ਨੀਤੀ ‘ਵਿਚ ਭ੍ਰਿਸ਼ਟਾਚਾਰ ਦਿਖਿਆ ਤਾਂ ਸ਼ਰਾਬ ਨੀਤੀ ਵਾਪਸ ਲੈ ਲਈ। ਅਨੁਰਾਗ ਠਾਕੁਰ ਨੇ ‘ਆਪ’ ਸਰਕਾਰ ਵਲੋਂ ਬਲੈਕ ਲਿਸਟਿਡ ਕੰਪਨੀਆਂ ਨੂੰ ਠੇਕਾ ਦਿੱਤੇ ਜਾਣ ’ਤੇ ਵੀ ਸਵਾਲ ਉਠਾਏ। ਉਨਾਂ ਕਿਹਾ ਕਿ ਜੇਕਰ ਸ਼ਰਾਬ ਬਣਾਉਣ ਵਾਲੀਆਂ ਕੰਪਨੀਆਂ ਨੂੰ ਰਿਟੇਲ ਵਿਚ ਸ਼ਰਾਬ ਵੇਚਣ ਦੀ ਇਜਾਜ਼ਤ ਨਹੀਂ ਸੀ, ਤਾਂ ਇਸ ਨੀਤੀ ਦੇ ਤਹਿਤ ਉਨਾਂ ਨੂੰ ਮਨਜ਼ੂਰੀ ਕਿਉਂ ਦਿੱਤੀ ਗਈ।

### ਕੀ ਹੈ ਮਾਮਲਾ

ਤਕਰੀਬਨ ਇਕ ਮਹੀਨਾ ਪਹਿਲਾਂ ਦਿੱਲੀ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਨੇ ਗ੍ਰਹਿ ਮੰਤਰਾਲੇ ਨੂੰ ਦਿੱਲੀ ਦੀ ਸ਼ਰਾਬ ਨੀਤੀ ਨੂੰ ਲਾਗੂ ਕਰਨ ਵਿਚ ਹੋਈਆਂ ਬੇਨਿਯਮੀਆਂ ਦਾ ਹਵਾਲਾ ਦਿੰਦਿਆਂ ਇਸ ਸੰਬੰਧ ਵਿਚ ਜਾਂਚ ਕਰਨ ਦੀ ਸਿਫਾਰਸ਼ ਕੀਤੀ ਸੀ। ਉਪ ਰਾਜਪਾਲ ਵਲੋਂ ਇਹ ਕਦਮ ਆਬਕਾਰੀ ਨੀਤੀ ਦੇ ਮੁੱਖ ਸਕੱਤਰ ਨਰੇਸ਼ ਕੁਮਾਰ ਦੀ ਰਿਪੋਰਟ ਤੋਂ ਬਾਅਦ ਚੁੱਕਿਆ ਗਿਆ, ਜਿਸ ਵਿਚ ਸਿੱਧੇ ਤੌਰ ’ਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦਾ ਨਾਂਅ ਲਿਆ ਗਿਆ ਸੀ।

ਮੁੱਖ ਸਕੱਤਰ ਨੇ ਰਿਪੋਰਟ ਵਿਚ ਕਿਹਾ ਕਿ ਦਿੱਲੀ ਸਰਕਾਰ ਨੇ 2020 ਵਿਚ ਨਵੀਂ ਸ਼ਰਾਬ ਨੀਤੀ ਲਿਆਉਣ ਬਾਰੇ ਕਿਹਾ ਸੀ। ਮਈ 2020 ਵਿਚ ਦਿੱਲੀ ਸਰਕਾਰ ਵਿਧਾਨ ਸਭਾ ਵਿਚ ਨੀਤੀ ਲੈ ਕੇ ਆਈ, ਜਿਸ ਨੂੰ ਨਵੰਬਰ 2021 ਤੋਂ ਲਾਗੂ ਕਰ ਦਿੱਤਾ ਗਿਆ।

ਰਿਪੋਰਟ ਮੁਤਾਬਿਕ ਅਮਲ ਮੁਤਾਬਿਕ ਪ੍ਰਸਤਾਵਿਤ ਨੀਤੀ ਨੂੰ ਲਾਗੂ ਕਰਨ ਤੋਂ ਪਹਿਲਾਂ ਕੈਬਨਿਟ ਅੱਗੇ ਪੇਸ਼ ਕਰਨਾ ਹੁੰਦਾ ਹੈ ਫਿਰ ਮਨਜ਼ੂਰੀ ਲਈ ਉਪ ਰਾਜਪਾਲ ਨੂੰ ਭੇਜਣਾ ਹੁੰਦਾ ਹੈ।ਰਿਪੋਰਟ ਵਿਚ ਇਹ ਅਮਲ ਪੂਰਾ ਨਾ ਕਰਨ ਅਤੇ 4 ਨੇਮਾਂ ਨੂੰ ਤੋੜਨ ਦਾ ਦੋਸ਼ ਲਗਾਇਆ ਗਿਆ, ਜਿਸ ਵਿਚ ਜੀ. ਐਨ. ਸੀ. ਟੀ. ਡੀ. ਕਾਨੂੰਨ 1991, ਵਪਾਰ ਨੇਮਾਂ ਦੇ ਲੈਣ-ਦੇਣ (ਟੀ. ਓ. ਬੀ. ਆਰ.) 1993, ਦਿੱਲੀ ਉਤਪਾਦ ਸ਼ੁਲਕ ਕਾਨੂੰਨ 2009 ਅਤੇ ਦਿੱਲੀ ਉਤਪਾਦ ਸ਼ੁਲਕ 2010 ਦੀ ਉਲੰਘਣਾ ਕੀਤੀ ਗਈ। ਰਿਪੋਰਟ ਵਿਚ ਕਿਹਾ ਗਿਆ ਕਿ ਇਸ ਕਾਰਨ ਸਰਕਾਰੀ ਖਜ਼ਾਨੇ ਨੂੰ ਇਕ ਹਜ਼ਾਰ ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਹੈ।




# ਭਾਰਤੀ ਨਿਆਂਪਾਲਿਕਾ ਦੀ ਖ਼ੁਦਮੁਖਤਿਆਰੀ ਅਤੇ ਨਿਆਂ ਦੀ ਰਖਵਾਲੀ ਅੱਗੇ ਪ੍ਰਸ਼ਨ ਚਿੰਨ

**ਨਵਸ਼ਰਨ ਕੌਰ**

ਭਾਰਤ ਦੇ ਲੋਕਾਂ ਨੇ ਦੇਸ਼ ਦੇ ਸੰਵਿਧਾਨ ਵਿਚ ਹਮੇਸ਼ਾਂ ਵਿਸ਼ਵਾਸ ਜਤਾਇਆ ਹੈ। ਲੋਕ ਵਿਸ਼ਵਾਸ ਕਰਦੇ ਹਨ ਕਿ ਸੰਵਿਧਾਨ ਕੰਮ ਕਰੇਗਾ ਅਤੇ ਰਾਜ ਦੀਆਂ ਵਧੀਕੀਆਂ ਤੋਂ ਉਨ੍ਹਾਂ ਦੀ ਰੱਖਿਆ ਕਰੇਗਾ; ਲੋਕ ਆਸ ਕਰਦੇ ਹਨ ਕਿ ਸੰਸਥਾਵਾਂ ਇਸ ਤਰ੍ਹਾਂ ਕੰਮ ਕਰਨਗੀਆਂ ਤਾਂ ਜੋ ਸੰਵਿਧਾਨ ਦੀਆਂ ਮੂਲ ਕਦਰਾਂ-ਕੀਮਤਾਂ ਦੀ ਰਾਖੀ ਹੋਵੇ। ਭਾਰਤੀ ਅਦਾਲਤਾਂ ਵੀ ਆਪਣੇ ਆਪ ਨੂੰ ਮੌਲਿਕ ਅਧਿਕਾਰਾਂ ਅਤੇ ਸੰਵਿਧਾਨ ਦੇ ਰਖਵਾਲੇ ਹੋਣ ਦਾ ਦਾਅਵਾ ਅਤੇ ਮਾਣ ਮਹਿਸੂਸ ਕਰਦੀਆਂ ਹਨ। ਪਰ ਪਿਛਲੇ ਕੁਝ ਸਾਲਾਂ ਦੇ ਕਾਰਜ 'ਤੇ ਝਾਤ ਮਾਰਿਆ ਨਿਆਂਪਾਲਿਕਾ ਦੀ ਖ਼ੁਦਮੁਖਤਿਆਰੀ ਅਤੇ ਮੌਲਿਕ ਅਧਿਕਾਰਾਂ ਦੀ ਰਖਵਾਲੀ 'ਤੇ ਕਈ ਸਵਾਲ ਉੱਠੇ ਹਨ। ਇਸ ਨਾਲ ਰਿਆਸਤ/ਸਟੇਟ ਨੂੰ ਅਜਿਹੀਆਂ ਕਾਰਵਾਈਆਂ ਕਰਨ ਦੀ ਛੋਟ ਮਿਲ ਗਈ ਹੈ ਜਿਸ ਕਾਰਨ ਲੋਕਾਂ ਦੇ ਵਿਸ਼ਵਾਸ ਨੂੰ ਖ਼ੋਰਾ ਲੱਗਿਆ ਹੈ।

ਉਦਾਹਰਨਾਂ ਸਾਡੇ ਸਾਹਮਣੇ ਹਨ। ਕੁਝ ਹੀ ਮਹੀਨੇ ਪਹਿਲਾਂ ਜਦੋਂ ਕਰਨਾਟਕ ਵਿਚ ਵਿਦਿਆਰਥਣਾਂ ਦਾ ਹਿਜਾਬ ਪਹਿਨਣ ਦਾ ਮਾਮਲਾ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ ਦੇ ਸਾਹਮਣੇ ਆਇਆ ਤਾਂ ਉਸ ਨੇ ਬੱਚੀਆਂ ਨੂੰ ਕੋਈ ਰਾਹਤ ਨਾ ਦਿੱਤੀ ਸਗੋਂ ਵਕੀਲਾਂ ਨੂੰ 'ਇਸ ਮੁੱਦੇ ਨੂੰ ਸਨਸਨੀਖੇਜ਼ ਨਾ ਬਣਾਉਣ' ਦੀ ਨਸੀਹਤ ਦਿੱਤੀ। ਇਸ ਨਸੀਹਤ ਦਾ ਕੀ ਅਰਥ ਸੀ ? ਉਸ ਟਿੱਪਣੀ ਨੇ ਉਨ੍ਹਾਂ ਦੰਗਾਕਾਰੀਆਂ, ਜੋ ਹਿਜਾਬ ਦੇ ਨਾਂ 'ਤੇ ਫ਼ਿਰਕੂ ਅੱਗ ਨੂੰ ਭੜਕਾ ਰਹੇ ਸਨ, ਨੂੰ ਕੀ ਸੁਨੇਹਾ ਦਿੱਤਾ ? ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟਗਿਣਤੀਆਂ ਨੂੰ ਕੀ ਸੰਦੇਸ਼ ਦਿੱਤਾ ਜਿਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾ ਅਦਾਲਤ ਦੇ ਸਾਹਮਣੇ ਕੇਸ ਦਾ ਵਿਸ਼ਾ ਸੀ ?

ਯਾਦ ਕਰੀਏ ਕਿ ਖੇਤੀ ਕਾਨੂੰਨਾਂ ਦੀ ਚੁਣੌਤੀ ਨੂੰ ਸੁਪਰੀਮ ਕੋਰਟ ਨੇ ਕਿਵੇਂ ਨਜਿੱਠਿਆ ਸੀ। ਕਾਨੂੰਨ ਨੂੰ ਲਾਗੂ ਕਰਨ 'ਤੇ ਰੋਕ ਲਗਾ ਕੇ, ਸੁਪਰੀਮ ਕੋਰਟ ਨੇ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਇਕ ਕਮੇਟੀ ਦਾ ਗਠਨ ਕਰ ਦਿੱਤਾ। ਸੰਵਿਧਾਨਕ ਨਿਰਣੇ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕਦੇ ਵੀ, ਜਦੋਂ ਕਿਸੇ ਕਾਨੂੰਨ ਦੇ ਨਿਯਮਾਂ ਨੂੰ ਚੁਣੌਤੀ ਦਿੱਤੀ ਗਈ ਹੋਵੇ ਤਾਂ ਕੋਈ ਮਾਮਲਾ ਕਿਸੇ ਕਮੇਟੀ ਕੋਲ ਨਹੀਂ ਭੇਜਿਆ ਗਿਆ। ਇਸ ਤੋਂ ਬਾਅਦ ਅਦਾਲਤ ਨੇ ਔਰਤਾਂ ਅਤੇ ਬਜ਼ੁਰਗਾਂ ਨੂੰ ਵਾਪਸ ਜਾਣ ਲਈ ਕਿਹਾ। ਅੰਤ ਵਿਚ ਸਰਕਾਰ ਨੇ ਖੇਤੀ ਕਾਨੂੰਨ ਹੀ ਵਾਪਸ ਲੈ ਲਏ।

ਸਰਕਾਰ 'ਤੇ ਪੈਗਾਸਸ ਦੀ ਵਰਤੋਂ ਕਰ ਕੇ ਕਈ ਸੀਨੀਅਰ ਪੱਤਰਕਾਰਾਂ, ਵਿਰੋਧੀ ਪਾਰਟੀਆਂ ਦੇ ਨੇਤਾਵਾਂ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਜਾਸੂਸੀ ਕਰਨ ਦਾ ਦੋਸ਼ ਲੱਗਿਆ। ਸੁਪਰੀਮ ਕੋਰਟ ਤੋਂ ਉਮੀਦ ਸੀ ਕਿ ਅਦਾਲਤ ਇਸ ਜਾਸੂਸੀ ਲਈ ਸਰਕਾਰ ਅਤੇ ਕਾਨੂੰਨ ਅਧਿਕਾਰੀਆਂ ਨੂੰ ਫਿਟਕਾਰ ਪਾਏਗੀ ਅਤੇ ਉਨ੍ਹਾਂ ਨੂੰ ਕਾਨੂੰਨ ਦੇ ਘੇਰੇ ਅੰਦਰ ਲਿਆਏਗੀ ਪਰ ਅਜਿਹਾ ਕੁਝ ਨਹੀਂ ਹੋਇਆ।

**ਮਨੁੱਖੀ ਅਧਿਕਾਰ**

ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਅਸਾਮ ਦੀਆਂ ਸਰਕਾਰਾਂ ਵੱਲੋਂ ਮੁਸਲਮਾਨਾਂ ਦੇ ਘਰਾਂ ਨੂੰ ਢਹਿ ਢੇਰੀ ਕਰਦੇ ਬੁਲਡੋਜ਼ਰਾਂ ਦੇ ਅਸੰਵਿਧਾਨਕ ਇਸਤੇਮਾਲ ਖ਼ਿਲਾਫ਼ ਇਨਸਾਫ਼ ਦੀ ਗੁਹਾਰ ਲੱਗੀ ਪਰ ਪਟੀਸ਼ਨਰਾਂ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਾ ਮਿਲੀ। ਅਜਿਹੇ ਮਾਮਲਿਆਂ ਦੀ ਸੂਚੀ ਲੰਮੀ ਹੈ: ਧਾਰਾ 370, ਸੀਏਏ ਵਿਰੋਧੀ ਕੇਸ, ਚੋਣ ਬਾਂਡ, ਕਸ਼ਮੀਰ ਤੋਂ ਹੈਬੀਅਸ ਕਾਰਪਸ ਕੇਸ, ਯੂਏਪੀਏ ਦੇ ਕੇਸ, ਵਿਚਾਰਾਂ ਦੀ ਆਜ਼ਾਦੀ ਦੇ ਕੇਸ ਆਦਿ। ਜਦੋਂ ਨਿਆਂਪਾਲਿਕਾ ਲੋਕਾਂ ਦੇ ਹੱਕਾਂ ਅਤੇ ਨਾਗਰਿਕ ਆਜ਼ਾਦੀਆਂ ਪ੍ਰਤੀ ਅਵੇਸਲੀ ਹੋਣ ਲੱਗ ਪਵੇ ਤਾਂ ਲੋਕ ਕਾਨੂੰਨ ਅਤੇ ਨਿਆਂ ਪ੍ਰਬੰਧ ਵਿਚ ਆਪਣਾ ਵਿਸ਼ਵਾਸ ਕਿਵੇਂ ਕਾਇਮ ਰੱਖਣਗੇ ?

ਇਹ ਸਵਾਲ ਦਿੱਲੀ ਵਿਚ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਵੱਲੋਂ ਬੁਲਾਈ ਗਈ ਇਕ ਜਨ ਸੁਣਵਾਈ ਵਿਚ ਵਿਚਾਰਿਆ ਗਿਆ। ਛੇ ਅਗਸਤ 2022 ਨੂੰ 'ਨਾਗਰਿਕ ਆਜ਼ਾਦੀਆਂ 'ਤੇ ਨਿਆਂਇਕ ਹਮਲਾ' ਨਾਂ ਹੇਠ ਇਕ ਪੀਪਲਜ਼ ਟ੍ਰਿਬਿਊਨਲ ਆਯੋਜਿਤ ਕੀਤਾ ਗਿਆ ਜਿੱਥੇ ਸੁਪਰੀਮ ਕੋਰਟ ਦੇ ਹਾਲ ਹੀ ਦੇ ਦੋ ਫ਼ੈਸਲਿਆਂ- ਜ਼ਕੀਆ ਜਾਫ਼ਰੀ ਕੇਸ (ਗੁਲਬਰਗ




ਸੋਸਾਇਟੀ, ਗੁਜਰਾਤ) ਅਤੇ ਹਿਮਾਂਸ਼ੂ ਕੁਮਾਰ ਕੇਸ (ਗੋਮਪਾੜ/ਗਛਨਪੱਲੀ, ਛੱਤੀਸਗੜ੍ਹ)-ਤੋਂ ਪ੍ਰਭਾਵਿਤ ਪੀੜਤਾਂ ਨੇ ਦੇਸ਼ ਦੇ ਉੱਘੇ ਸੇਵਾਮੁਕਤ ਜੱਜਾਂ ਦੇ ਪੈਨਲ ਅੱਗੇ ਆਪਣੀ ਗਵਾਹੀ ਰਿਕਾਰਡ ਕੀਤੀ। ਪੈਨਲ ਵਿਚ ਜਸਟਿਸ ਏ.ਪੀ. ਸ਼ਾਹ (ਸਾਬਕਾ ਚੀਫ਼ ਜਸਟਿਸ, ਦਿੱਲੀ ਹਾਈ ਕੋਰਟ ਅਤੇ ਸਾਬਕਾ ਚੇਅਰਪਰਸਨ, ਲਾਅ ਕਮਿਸ਼ਨ ਆਫ਼ ਇੰਡੀਆ), ਜਸਟਿਸ ਅੰਜਨਾ ਪ੍ਰਕਾਸ਼ (ਸਾਬਕਾ ਜੱਜ, ਪਟਨਾ ਹਾਈ ਕੋਰਟ), ਜਸਟਿਸ ਮਾਰਲੇਪੱਲੇ (ਸਾਬਕਾ ਜੱਜ, ਬੰਬੇ ਹਾਈ ਕੋਰਟ), ਪ੍ਰੋਫੈਸਰ ਵਰਜੀਨੀਅਸ ਖਾਖਾ (2014 ਆਦਿਵਾਸੀਆਂ ਦੀ ਸਥਿਤੀ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਦੇ ਚੇਅਰ) ਅਤੇ ਡਾ. ਸਈਦਾ ਹਮੀਦ (ਯੋਜਨਾ ਕਮਿਸ਼ਨ ਦੀ ਸਾਬਕਾ ਮੈਂਬਰ) ਸ਼ਾਮਲ ਸਨ।

ਪੂਰਾ ਦਿਨ ਚੱਲੀ ਇਸ ਜਨ ਸੁਣਵਾਈ ਵਿਚ ਛੱਤੀਸਗੜ੍ਹ ਤੋਂ ਆਦਿਵਾਸੀ ਔਰਤਾਂ ਮਰਦਾਂ ਅਤੇ ਗੁਜਰਾਤ ਤੋਂ ਪੀੜਤ ਗਵਾਹਾਂ ਨੇ ਆਪਣੇ ਬਿਆਨ ਦਿੱਤੇ। ਜਿਊਰੀ ਨੇ ਇਨ੍ਹਾਂ ਕੇਸਾਂ 'ਤੇ ਬਣੀਆਂ ਤਿੰਨ ਦਸਤਾਵੇਜ਼ੀ ਫ਼ਿਲਮਾਂ ਦੇ ਹਿੱਸੇ ਵੀ ਵੇਖੇ ਅਤੇ ਮਾਹਿਰਾਂ ਦੇ ਬਿਆਨ ਵੀ ਲਏ।

**ਕੇਸਾਂ ਦਾ ਪਿਛੋਕੜ**

ਹਿਮਾਂਸ਼ੂ ਕੁਮਾਰ ਅਤੇ ਹੋਰ (ਛੱਤੀਸਗੜ੍ਹ ਰਾਜ ਅਤੇ ਹੋਰ) ਕੇਸ : ਇਹ ਮਾਮਲਾ 2009 ਵਿਚ ਛੱਤੀਸਗੜ੍ਹ ਸੂਬੇ ਦੇ ਗੋਮਪਾੜ, ਗਛਨਪੱਲੀ ਅਤੇ ਨੇੜਲੇ ਪਿੰਡਾਂ ਵਿੱਚ 19 ਆਦਿਵਾਸੀਆਂ ਦੀ ਹੱਤਿਆ ਦੇ ਦੁਖਾਂਤ ਤੋਂ ਉੱਭਰਿਆ। ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਹੱਤਿਆਵਾਂ ਸੁਰੱਖਿਆ ਬਲਾਂ ਨੇ ਕੀਤੀਆਂ ਸਨ। 'ਵਨਵਾਸੀ ਚੇਤਨਾ ਆਸ਼ਰਮ', ਦਾਂਤੇਵਾੜਾ, ਛੱਤੀਸਗੜ੍ਹ ਦੇ ਹਿਮਾਂਸ਼ੂ ਕੁਮਾਰ ਅਤੇ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਤੋਂ 12 ਹੋਰ ਆਦਿਵਾਸੀਆਂ ਨੇ ਇਨ੍ਹਾਂ ਹੱਤਿਆਵਾਂ ਦੀ ਸੁਤੰਤਰ ਜਾਂਚ ਦੀ ਬੇਨਤੀ ਦੀ ਇਕ ਸਾਧਾਰਨ ਮੰਗ ਨਾਲ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ। ਸਾਲਾਂ ਦੀ ਲੰਮੀ ਉਡੀਕ ਤੋਂ ਬਾਅਦ 14 ਜੁਲਾਈ 2022 ਨੂੰ ਸੁਪਰੀਮ ਕੋਰਟ ਦਾ ਫ਼ੈਸਲਾ ਆਇਆ ਜਿਸ ਵਿਚ ਹਿਮਾਂਸ਼ੂ ਕੁਮਾਰ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਗਿਆ। ਫ਼ੈਸਲੇ ਵਿਚ ਕਿਹਾ ਗਿਆ ਕਿ ਹਿਮਾਂਸ਼ੂ ਕੁਮਾਰ ਵੱਲੋਂ ਸੁਰੱਖਿਆ ਬਲਾਂ ਵਿਰੁੱਧ ਦਾਇਰ ਕੀਤਾ ਗਿਆ ਕੇਸ ਬਦਨੀਤੀ ਵਾਲਾ ਹੈ, ਉਸ ਨੇ ਸੁਰੱਖਿਆ ਬਲਾਂ ਨੂੰ ਬਦਨਾਮ ਕਰਨ ਦੀ ਚਾਲ ਦੇ ਹਿੱਸੇ ਵਜੋਂ ਅਦਾਲਤਾਂ ਦੀ ਵਰਤੋਂ ਕੀਤੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੀ ਇਸ ਦਲੀਲ ਨੂੰ ਮਨਜ਼ੂਰੀ ਦੇ ਦਿੱਤੀ ਹੈ ਕਿ ਕਿਸੇ ਵੀ ਅਦਾਲਤ ਵਿਚ ਦਾਇਰ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਵਿਰੁੱਧ ਕੇਸਾਂ ਦੀ ਜਾਂਚ ਨੂੰ ਅਪਰਾਧਿਕ ਸਾਜ਼ਿਸ਼ ਦੇ ਘੇਰੇ ਵਿਚ ਲਿਆ ਕੇ ਜਾਂਚ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਹਿਮਾਂਸ਼ੂ ਕੁਮਾਰ ਨੂੰ 5 ਲੱਖ ਰੁਪਏ ਜੁਰਮਾਨਾ ਲਗਾਇਆ ਹੈ ਅਤੇ ਨਾਲ ਹੀ ਕਿਹਾ ਹੈ ਕਿ ਉਸ ਬਾਰੇ ਭਾਰਤੀ ਦੰਡਾਵਲੀ ਦੀ ਧਾਰਾ 211 (ਝੂਠੇ ਦੋਸ਼ ਲਗਾਉਣ) ਤਹਿਤ ਜਾਂਚ ਕੀਤੀ ਜਾਏ।

ਛੇ ਅਗਸਤ ਦੇ ਟ੍ਰਿਬਿਊਨਲ ਵਿਚ ਆਦਿਵਾਸੀ ਪੀੜਤਾਂ ਨੇ ਗਵਾਹੀ ਦਿੱਤੀ। ਉਨ੍ਹਾਂ ਦੱਸਿਆ ਕਿ ਉਹ ਕਤਲ ਕਰਨ ਵਾਲਿਆਂ ਨੂੰ ਚੰਗੀ ਤਰ੍ਹਾਂ ਪਛਾਣਦੇ ਹਨ। ਉਹ ਨੇੜਲੇ ਥਾਣੇ ਤੋਂ ਸਨ ਅਤੇ ਅਕਸਰ ਪਿੰਡ ਆਉਂਦੇ ਸਨ। ਉਨ੍ਹਾਂ ਨੇ ਇਹ ਵੀ ਗਵਾਹੀ ਦਿੱਤੀ ਕਿ ਕੇਸ ਦੌਰਾਨ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਕੇ ਜ਼ਿਲ੍ਹਾ ਜੱਜ ਦੇ ਸਾਹਮਣੇ ਬਿਆਨ ਦਿਵਾਏ ਕਿ ਉਹ ਕਾਤਲਾਂ ਨੂੰ ਨਹੀਂ ਪਛਾਣਦੇ। ਜਿਊਰੀ ਨੂੰ 2009 ਦੀ ਇਕ ਛੋਟੀ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ। ਇਸ ਤੋਂ ਇਲਾਵਾ ਸੋਢੀ ਸੰਭੋ ਵੀ ਪੇਸ਼ ਹੋਈ ਜੋ 2009 ਵਿੱਚ ਪੁਲੀਸ ਗੋਲੀਬਾਰੀ ਵਿੱਚ ਜ਼ਖ਼ਮੀ ਹੋ ਗਈ ਸੀ ਅਤੇ ਹਿਮਾਂਸ਼ੂ ਕੁਮਾਰ ਉਸ ਨੂੰ ਇਲਾਜ ਲਈ ਦਿੱਲੀ ਲਿਆਇਆ ਸੀ। ਮਰਕਮ ਲੱਛਮੀ ਤੇ ਸੁਕਦੀ ਵੀ ਪੇਸ਼ ਹੋਈਆਂ ਜੋ ਆਪਣੇ ਪਤੀਆਂ ਦੀ ਹੱਤਿਆਵਾਂ ਦੀਆਂ ਚਸ਼ਮਦੀਦ ਗਵਾਹ ਸਨ। ਤਿੰਨ ਹੋਰ ਚਸ਼ਮਦੀਦ ਗਵਾਹ ਵੀ ਪੇਸ਼ ਹੋਏ।

ਹਿਮਾਂਸ਼ੂ ਕੁਮਾਰ ਨੇ ਦੱਸਿਆ ਕਿ ਕਤਲੇਆਮ ਤੋਂ ਇੱਕ ਹਫ਼ਤਾ ਬਾਅਦ ਜਮਹੂਰੀ ਹੱਕਾਂ ਦੀਆਂ ਕਈ ਸੰਸਥਾਵਾਂ ਨੇ ਇੱਕ ਤੱਥ ਖੋਜ ਟੀਮ ਬਣਾਈ ਤੇ ਤੱਥਾਂ 'ਤੇ ਆਧਾਰਿਤ ਰਿਪੋਰਟ ਜਨਤਕ ਕੀਤੀ। ਉਸ ਰਿਪੋਰਟ ਨੂੰ ਆਧਾਰ ਬਣਾ ਕੇ ਪੁਲਿਸ ਕੋਲ ਕੇਸ ਦਰਜ ਕਰਨ ਲਈ ਪਹੁੰਚ ਕੀਤੀ ਗਈ ਪਰ ਪੁਲਿਸ ਨੇ ਇਨਕਾਰ ਕਰ ਦਿੱਤਾ। ਇਹ ਰਿਪੋਰਟ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਵੀ ਭੇਜੀ ਗਈ ਸੀ। ਜਦੋਂ ਇਸ 'ਤੇ ਕੋਈ ਜਾਂਚ ਨਹੀਂ ਹੋਈ ਤਾਂ ਉਨ੍ਹਾਂ ਨੇ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਫ਼ੈਸਲਾ ਕੀਤਾ। ਗਛਨਪੱਲੀ ਤੋਂ ਦਿੱਲੀ ਦੀ ਸੁਪਰੀਮ ਕੋਰਟ ਤਕ ਦਾ ਸਫ਼ਰ ਮੁਸ਼ਕਲਾਂ ਭਰਿਆ ਸੀ ਤੇ ਅੰਤ ਜਦੋਂ ਸੁਣਵਾਈ ਹੋਈ ਤਾਂ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾ ਦਿੱਤਾ।

ਅਦਾਲਤਾਂ ਨਿਆਂ ਦੀ ਮੰਗ ਕਰਨ ਦਾ ਅੰਤਿਮ ਸਹਾਰਾ ਹਨ ਅਤੇ ਜੇਕਰ ਉਹ ਪਟੀਸ਼ਨਰਾਂ, ਖ਼ਾਸ ਕਰਕੇ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਕੇਸਾਂ ਨੂੰ ਅੱਗੇ ਲਿਆਉਣ ਵਾਲੇ ਪਟੀਸ਼ਨਰਾਂ ਨੂੰ ਹੀ ਸਜ਼ਾ ਦੇਣ ਲੱਗਣਗੀਆਂ ਤਾਂ ਪੀੜਤ ਕਿੱਥੇ ਜਾਣਗੇ ? ਉਨ੍ਹਾਂ ਦੀ ਪੈਰਵੀ ਕੌਣ ਕਰੇਗਾ ? ਪੀਪਲਜ਼ ਟ੍ਰਿਬਿਊਨਲ ਦਾ ਕਹਿਣਾ ਸੀ ਕਿ ਪਟੀਸ਼ਨ ਦਾ ਖਾਰਜ ਹੋਣਾ ਤੇ ਹਿਮਾਂਸ਼ੂ ਕੁਮਾਰ ਨੂੰ ਹੀ ਜੁਰਮਾਨਾ ਲਗਾਉਣ ਵਾਲਾ ਸੁਪਰੀਮ ਕੋਰਟ ਦਾ ਹੁਕਮ ਆਦਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਸੁਰੱਖਿਆ ਬਲਾਂ ਨੂੰ ਅੱਤਿਆਚਾਰਾਂ ਦੀ ਖੁੱਲ੍ਹ ਲਈ ਇੱਕ ਉਦਾਹਰਣ ਵਜੋਂ ਵਰਤਿਆ ਜਾਵੇਗਾ।

ਦੂਜਾ ਕੇਸ ਜ਼ਕੀਆ ਜਾਫ਼ਰੀ (ਗੁਲਬਰਗ ਸੁਸਾਇਟੀ, ਗੁਜਰਾਤ) 2002 ਗੁਜਰਾਤ ਵਿਚ ਮੁਸਲਮਾਨਾਂ ਵਿਰੁੱਧ ਹਿੰਸਾ ਦੌਰਾਨ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਨੂੰ ਉਸ ਦੇ ਆਪਣੇ ਹੀ ਘਰ ਵਿੱਚ ਹਿੰਸਕ ਭੀੜ ਵੱਲੋਂ ਬੇਰਹਿਮੀ ਨਾਲ ਕਤਲ ਕਰਨ ਦੀ ਜਾਂਚ ਬਾਰੇ ਸੀ। ਇਸ ਘਟਨਾ ਵਿੱਚ ਅਹਿਸਾਨ ਜਾਫ਼ਰੀ ਸਮੇਤ 66 ਹੋਰ ਮੁਸਲਮਾਨ, ਜਿਨ੍ਹਾਂ ਭੀੜ ਦੀ ਹਿੰਸਾ ਤੋਂ ਬਚਣ ਲਈ ਜਾਫ਼ਰੀ ਦੇ ਘਰ ਵਿਚ ਪਨਾਹ ਲਈ ਸੀ, ਵੀ ਮਾਰੇ ਗਏ ਸਨ। ਅਹਿਸਾਨ ਜਾਫ਼ਰੀ ਦੀ ਪਤਨੀ ਜ਼ਕੀਆ ਜਾਫ਼ਰੀ, ਗੁਲਬਰਗ ਸੁਸਾਇਟੀ ਵਿਚ ਮਾਰੇ ਗਏ ਵਸਨੀਕਾਂ ਦੇ ਪਰਿਵਾਰਾਂ ਨਾਲ ਸਾਲਾਂ ਤੋਂ ਦੇਸ਼ ਦੀਆਂ ਅਦਾਲਤਾਂ ਤੋਂ ਇਨਸਾਫ਼ ਦੀ ਮੰਗ ਕਰ ਰਹੀ ਹੈ। ਜ਼ਕੀਆ ਜਾਫ਼ਰੀ (ਪਟੀਸ਼ਨਰ ਨੰਬਰ 1) ਦੀ ਸੁਪਰੀਮ ਕੋਰਟ ਵਿਚ ਦਰਖ਼ਾਸਤ ਸੀ ਕਿ ਗੁਜਰਾਤ ਵਿੱਚ ਹੋਈ ਹਿੰਸਾ ਦੀ ਜਾਂਚ ਹੋਵੇ, ਦੰਗਈਆਂ ਅਤੇ ਕਾਤਲਾਂ 'ਤੇ ਮੁਕੱਦਮਾ ਚਲਾਇਆ ਜਾਏ ਅਤੇ ਰਾਜਨੀਤਕ ਅਦਾਰੇ, ਨੌਕਰਸ਼ਾਹੀ ਅਤੇ ਪੁਲੀਸ ਵੱਲੋਂ ਗੁਜਰਾਤ ਵਿੱਚ ਮੁਸਲਮਾਨਾਂ ਵਿਰੁੱਧ ਵੱਡੇ ਪੱਧਰ 'ਤੇ ਹਿੰਸਾ ਨੂੰ ਪ੍ਰਵਾਨਗੀ ਤੇ ਸਰਪ੍ਰਸਤੀ, ਅਤੇ ਨਫ਼ਰਤ ਤੇ ਅਪਰਾਧਿਕ ਲਾਪਰਵਾਹੀ ਦਾ ਮਾਹੌਲ ਸਿਰਜਣ ਦੇ ਦੋਸ਼ ਥੱਲੇ ਜਾਂਚ ਦੇ ਘੇਰੇ ਅੰਦਰ ਲਿਆਂਦਾ ਜਾਵੇ। ਮਨੁੱਖੀ ਹੱਕਾਂ ਦੀ ਮੰਨੀ-ਪ੍ਰਮੰਨੀ ਕਾਰਕੁੰਨ ਤੀਸਤਾ ਸੀਤਲਵਾੜ ਇਸ ਕੇਸ ਵਿੱਚ ਪਟੀਸ਼ਨਰ ਸੀ। 2006 ਵਿੱਚ ਸੁਪਰੀਮ ਕੋਰਟ ਨੇ ਇਹ ਕੇਸ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੂੰ ਸੌਂਪ ਦਿੱਤਾ ਜਿਸ ਨੇ 2012 ਵਿਚ ਸਾਜ਼ਿਸ਼ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ

ਬਾਕੀ ਸਫ਼ਾ 30 'ਤੇ

# ਭਾਰਤ ਦੇ ਉੱਭਰਦੇ ਸ਼ਤਰੰਜ ਖਿਡਾਰੀ

**ਸਾਰਿਮ ਅੰਨਾ**

ਯੂਕਰੇਨ-ਰੂਸ ਜੰਗ ਕਾਰਨ ਰੂਸ ਨੂੰ 44ਵੇਂ ਸ਼ਤਰੰਜ ਓਲੰਪੀਆਡ ਦੀ ਮੇਜ਼ਬਾਨੀ ਤੋਂ ਵਾਂਝਾ ਹੋਣਾ ਪਿਆ, ਸਿੱਟੇ ਵਜੋਂ ਭਾਰਤ ਨੂੰ ਪਹਿਲੀ ਵਾਰ ਸ਼ਤਰੰਜ ਓਲੰਪੀਆਡ ਕਰਵਾਉਣ ਦਾ ਮੌਕਾ ਮਿਲਿਆ, ਜੋ ਕਿ ਮਹਾਬਲੀਪੁਰਮ 'ਚ 28 ਜੁਲਾਈ ਤੋਂ 9 ਅਗਸਤ ਤੱਕ ਖੇਡਿਆ ਗਿਆ। 11ਵੀਂ ਰੈਂਕਿੰਗ ਪ੍ਰਾਪਤ ਹੋਣ ਦੇ ਬਾਵਜੂਦ ਭਾਰਤ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਟੀਮ ਈਵੈਂਟਸ ਵਿਚ ਦੋ-ਦੋ ਕਾਂਸੀ ਤਮਗੇ ਜਿੱਤੇ, ਇਕ ਪੁਰਸ਼ ਵਰਗ ਵਿਚ ਅਤੇ ਦੂਜਾ ਮਹਿਲਾ ਵਰਗ ਵਿਚ। ਹਾਲਾਂਕਿ ਇਹ ਪਹਿਲਾ ਮੌਕਾ ਨਹੀਂ ਸੀ, ਜਦੋਂ ਸ਼ਤਰੰਜ ਓਲੰਪੀਆਡ ਵਿਚ ਭਾਰਤ ਨੇ ਤਮਗ਼ਾ ਜਿੱਤਿਆ ਹੋਵੇ, ਕਿਉਂਕਿ ਉਸ ਨੂੰ ਆਪਣਾ ਪਹਿਲਾ ਸ਼ਤਰੰਜ ਓਲੰਪੀਆਡ ਟੀਮ ਤਮਗ਼ਾ 2014 ਵਿਚ ਮਿਲਿਆ ਸੀ, ਪਰ ਇਸ ਵਾਰ ਸਭ ਤੋਂ ਚੰਗੀ ਗੱਲ ਇਹ ਰਹੀ ਕਿ ਭਾਰਤ ਦੇ ਚਾਰ ਨੌਜਵਾਨ ਭਾਰਤੀ ਸ਼ਤਰੰਜ ਦੇ ਨਵੇਂ ਆਨੰਦ ਬਣ ਕੇ ਉੱਭਰੇ। ਇਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਪ੍ਰਭਾਵਿਤ ਹੋ ਕੇ ਭਾਰਤੀ ਟੀਮ ਦੇ ਕੋਚ ਆਰ. ਬੀ. ਰਮੇਸ਼ ਨੇ ਕਿਹਾ ਕਿ 2014 ਦੀ ਤੁਲਨਾ 'ਚ ਇਸ ਵਾਰ ਤਮਗ਼ਾ ਮਿਲਣ ਦੀ ਸਾਨੂੰ ਜ਼ਿਆਦਾ ਉਮੀਦ ਸੀ, ਇਸ ਲਈ ਜਦੋਂ ਅਸੀਂ ਕਾਂਸੀ ਤਮਗ਼ਾ ਜਿੱਤਿਆ, ਤਾਂ ਸਾਨੂੰ ਲੱਗਾ ਕਿ ਸੋਨ ਤਮਗ਼ਾ ਵੀ ਜਿੱਤ ਸਕਦੇ ਸੀ।

ਭਾਰਤ ਦੀ ਟੀਮ-2, ਜਿਸ ਨੇ ਕਾਂਸੀ ਤਮਗ਼ਾ ਜਿੱਤਿਆ, ਉਸ 'ਚ ਚਾਰ ਨੌਜਵਾਨ ਪ੍ਰਗਿਆਨੰਦ, ਡੀ. ਗੁਕੇਸ਼, ਨਿਹਾਲ ਸਰੀਨ ਤੇ ਰੌਨਕ ਸਧਵਾਨੀ ਸ਼ਾਮਿਲ ਸਨ ਅਤੇ








ਟੀਮ ਦੇ ਪੰਜਵੇਂ ਖਿਡਾਰੀ ਦੇ ਰੂਪ 'ਚ 29 ਸਾਲਾ ਬੀ. ਅਧਿਬਾਨ ਮੌਜੂਦ ਸਨ। ਦੂਜੇ ਪਾਸੇ ਭਾਰਤ ਦੀ ਟੀਮ-1 ਲਈ ਖੇਡੇ 19 ਸਾਲਾ ਅਰਜੁਨ ਐਰੀਗੈਸੀ ਵੀ ਜ਼ਬਰਦਸਤ ਲੈਅ ਵਿਚ ਸਨ, ਜਿਵੇਂ-ਜਿਵੇਂ ਟੂਰਨਾਮੈਂਟ ਅੱਗੇ ਵਧਦਾ ਗਿਆ, ਉਹ ਬਿਹਤਰ ਹੁੰਦੇ ਚੱਲੇ ਗਏ ਅਤੇ ਉਨ੍ਹਾਂ ਨੇ ਲਾਇਵ ਰੇਟਿੰਗਜ਼ 'ਚ 2700 ਦਾ ਜਾਦੂਈ ਇਲੋ ਅੰਕ ਪਾਰ ਕੀਤਾ, ਜੋ ਕਿ ਜ਼ਬਰਦਸਤ ਉਪਲਬਧੀ ਹੈ। ਇਸ ਤੋਂ ਪਹਿਲਾਂ ਇਲੋ 2700 ਪਾਰ ਕਰਨ ਵਾਲੇ ਪਹਿਲੇ ਚਾਰ ਭਾਰਤੀ ਸਨ ਗ੍ਰੈਂਡਮੈਸਟਰਜ਼ ਵਿਸ਼ਵਨਾਥਨ ਆਨੰਦ, ਸ਼ਸ਼ੀਕਿਰਨ ਕ੍ਰਿਸ਼ਨਨ, ਪੇਂਟਲਾ ਹਰਿਕ੍ਰਿਸ਼ਨਾ ਅਤੇ ਵਿਦਿਤ ਗੁਜਰਾਤੀ। ਇਸ ਤਰ੍ਹਾਂ ਹੁਣ ਭਾਰਤ ਦੇ ਪੰਜ ਸ਼ਤਰੰਜ ਖਿਡਾਰੀ ਇਲੋ 2700 ਕਲੱਬ ਵਿਚ ਸ਼ਾਮਿਲ ਹਨ, ਜੋ ਭਾਰਤ ਦੇ ਸਾਧਨਾਂ ਦਾ ਸੰਕੇਤ ਹਨ। ਦੱਸਣਯੋਗ ਹੈ ਕਿ ਵਿਸ਼ਵਨਾਥਨ ਆਨੰਦ ਕਲਾਸੀਕਲ ਸ਼ਤਰੰਜ ਵਿਚ ਪੰਜ ਵਾਰ ਵਿਸ਼ਵ ਚੈਂਪੀਅਨ ਬਣੇ। ਉਕਤ ਪੰਜ ਨੌਜਵਾਨਾਂ ਵਿਚ ਆਨੰਦ ਦੀਆਂ ਉਪਲਬਧੀਆਂ ਨੂੰ ਦੁਹਰਾਉਣ ਅਤੇ ਸ਼ਾਇਦ ਉਸ ਤੋਂ ਵੀ ਅੱਗੇ ਨਿਕਲਣ ਦੀ ਸਮਰੱਥਾ ਹੈ।

ਇਸ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ 16 ਸਾਲਾ ਡੀ. ਗੁਕੇਸ਼ ਇਸ ਸ਼ਤਰੰਜ ਓਲੰਪੀਆਡ ਦੀ ਸਫਲਤਾ ਕਥਾ ਹੈ। ਉਨ੍ਹਾਂ ਨੇ ਸਿਖਰਲੇ ਬੋਰਡ 'ਤੇ ਲਗਾਤਾਰ ਰਿਕਾਰਡ ਅੱਠ ਜਿੱਤਾਂ ਦਰਜ ਕੀਤੀਆਂ। ਪਿਛਲੇ ਕੁਝ ਮਹੀਨਿਆਂ ਦੌਰਾਨ ਗੁਕੇਸ਼ ਨੇ ਜਿਸ ਤੇਜ਼ ਰਫ਼ਤਾਰ ਨਾਲ ਉਨਤੀ ਕੀਤੀ ਹੈ, ਉਸ ਨਾਲ ਕਦਮ ਨਾਲ ਕਦਮ ਮਿਲਾਉਣਾ ਤਾਂ ਆਨੰਦ ਲਈ ਵੀ ਔਖਾ ਹੋ ਗਿਆ ਸੀ। ਆਨੰਦ ਅਨੁਸਾਰ ਗੁਕੇਸ਼ ਦੀ ਉਨਤੀ ਬਹੁਤ ਨਾਟਕੀ ਢੰਗ ਨਾਲ ਹੋਈ ਹੈ ਕਿਉਂਕਿ ਮੈਂ ਇਸ ਸਾਲ ਮਈ ਦੀ ਤੁਲਨਾ ਵਿਚ ਬਿਲਕੁੱਲ ਇਕ ਵੱਖਰਾ ਖਿਡਾਰੀ ਦੇਖ ਰਿਹਾ ਹਾਂ। ਉਨ੍ਹਾਂ ਨੇ ਅਪ੍ਰੈਲ 'ਚ ਟਾਪ-100 'ਚ ਪ੍ਰਵੇਸ਼ ਕੀਤਾ ਸੀ ਅਤੇ ਹੁਣ ਉਹ ਟਾਪ-20 'ਚ ਪਹੁੰਚ ਗਏ ਹਨ। ਮੈਨੂੰ ਸ਼ਾਇਦ ਫਿਰ ਤੋਂ ਬੈਠ ਕੇ ਉਨ੍ਹਾਂ ਦਾ ਮੁਲਾਂਕਣ ਕਰਨਾ ਪਵੇਗਾ। ਗੁਕੇਸ਼ ਤੋਂ ਇਲਾਵਾ ਦੂਜੇ ਬੋਰਡ 'ਤੇ ਨਿਹਾਲ ਸਰੀਨ ਨੇ ਨਿਰੰਤਰਤਾ ਪ੍ਰਦਰਸ਼ਿਤ ਕੀਤੀ ਅਤੇ ਉਹ ਸ਼ਤਰੰਜ ਓਲੰਪੀਆਡ ਵਿਚ ਆਪਣਾ ਇਕ ਵੀ ਮੈਚ ਨਹੀਂ ਹਾਰੇ। ਪ੍ਰਗਿਆਨੰਦ ਨੇ ਤੀਜੇ ਬੋਰਡ 'ਤੇ ਟੀਮ-2 ਲਈ ਨਾਜ਼ੁਕ ਮੌਕਿਆਂ 'ਤੇ ਮਹੱਤਵਪੂਰਨ ਅੰਕ ਹਾਸਲ ਕੀਤੇ। ਚੌਥੇ ਬੋਰਡ 'ਤੇ ਰੌਨਕ ਸਧਵਾਨੀ ਨੇ ਕੁਝ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ। ਬੀ. ਅਧਿਬਾਨ ਦਾ ਵੀ ਚੰਗਾ ਯੋਗਦਾਨ ਰਿਹਾ।

## ਭਾਰਤੀ ਨਿਆਂਪਾਲਿਕਾ ਦੀ...

ਕੇਸ ਨੂੰ ਬੰਦ ਕਰ ਦਿੱਤਾ। ਇਸ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਵਿਚ ਪਟੀਸ਼ਨਕਰਤਾਵਾਂ ਨੂੰ ਕਈ ਸਾਲ ਲੱਗ ਗਏ। ਆਖ਼ਰਕਾਰ ਸੁਪਰੀਮ ਕੋਰਟ ਨੇ ਕੇਸ ਸੁਣਿਆ ਅਤੇ 24 ਜੂਨ 2022 ਨੂੰ ਫ਼ੈਸਲਾ ਸੁਣਾਇਆ। ਕੋਰਟ ਨੇ ਜ਼ਕੀਆ ਜਾਫ਼ਰੀ ਦੀ ਪਟੀਸ਼ਨ ਖਾਰਜ ਕਰ ਦਿੱਤੀ ਤੇ ਨਾਲ ਹੀ ਕਿਹਾ ਕਿ ਤੀਸਤਾ ਸੀਤਲਵਾੜ ਅਤੇ ਇਕ ਆਹਲਾ ਪੁਲੀਸ ਅਧਿਕਾਰੀ ਜਿਸ ਨੇ ਸਾਜ਼ਿਸ਼ ਬਾਰੇ ਸੁਚੇਤ ਕੀਤਾ ਸੀ, ਗੁਜਰਾਤ ਸਰਕਾਰ ਨੂੰ ਬਦਨਾਮ ਕਰਨ ਦੀ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਹਨ ਅਤੇ ਇਸ ਦੀ ਜਾਂਚ ਦੀ ਲੋੜ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਕੁਝ ਘੰਟਿਆਂ ਬਾਅਦ ਹੀ ਤੀਸਤਾ ਸੀਤਲਵਾੜ ਅਤੇ ਸਾਬਕਾ ਪੁਲੀਸ ਅਧਿਕਾਰੀ ਆਰ.ਬੀ. ਸ੍ਰੀਕੁਮਾਰ (ਜੋ ਕਿ ਪਟੀਸ਼ਨਰ ਵੀ ਨਹੀਂ ਸਨ) ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ।

ਟ੍ਰਿਬਿਊਨਲ ਵਿਚ ਜ਼ਕੀਆ ਜਾਫ਼ਰੀ ਦੇ ਪੁੱਤਰ ਤਨਵੀਰ ਜਾਫ਼ਰੀ ਨੇ ਪਹਿਲੀ ਗਵਾਹੀ ਦਿੱਤੀ ਉਨਾਂ ਦੱਸਿਆ ਕਿ ਪੁਲਿਸ ਕਮਿਸ਼ਨਰ ਦਾ ਦਫ਼ਤਰ, ਗੁਲਬਰਗ ਸੁਸਾਇਟੀ ਤੋਂ 5 ਮਿੰਟ ਦੀ ਦੂਰੀ 'ਤੇ ਸੀ। ਪੁਲਿਸ ਕਮਿਸ਼ਨਰ ਅਤੇ ਮੁੱਖ ਮੰਤਰੀ ਨੂੰ ਕਈ ਵਾਰ ਟੈਲੀਫ਼ੋਨ ਕੀਤਾ ਗਿਆ ਪਰ ਕੋਈ ਮਦਦ ਨਹੀਂ ਭੇਜੀ ਗਈ। ਗੁਲਬਰਗ ਸੁਸਾਇਟੀ ਵਿਚ ਅੱਠ ਘੰਟੇ ਕਤਲੇਆਮ ਹੁੰਦਾ ਰਿਹਾ। ਉਸ ਦੀ ਮਾਂ ਨੇ ਇਹ ਸਭ ਕੁਝ ਆਪਣੀਆਂ ਅੱਖਾਂ ਸਾਹਮਣੇ ਦੇਖਿਆ ਅਤੇ ਜਾਂਚ ਦੀ ਮੰਗ ਕੀਤੀ।

ਲੋਕ ਟ੍ਰਿਬਿਊਨਲ ਦੀ ਕਾਰਵਾਈ ਤੋਂ ਸਾਫ਼ ਸੀ ਕਿ ਨਾਗਰਿਕ ਆਜ਼ਾਦੀਆਂ 'ਤੇ ਨਿਆਂਇਕ ਹਮਲੇ ਸਾਧੇ ਗਏ ਹਨ। ਜੇ ਦੇਸ਼ ਦੀ ਕਾਰਜਕਾਰਨੀ ਨੇ ਕਾਨੂੰਨ ਦੇ ਸ਼ਾਸਨ, ਨਾਗਰਿਕ ਆਜ਼ਾਦੀਆਂ ਦਾ ਕੋਈ ਸਤਿਕਾਰ ਨਹੀਂ ਦਿਖਾਇਆ ਤਾਂ ਨਿਆਂਪਾਲਿਕਾ ਨੇ ਵੀ ਸਟੇਟ ਦੀ ਮਨਮਾਨੀ ਨੂੰ ਠੱਲ ਪਾਉਣ ਵਿਚ ਅਜਿਹਾ ਯੋਗਦਾਨ ਨਹੀਂ ਦਿੱਤਾ ਜਿਸ ਦੀ ਆਸ ਸਰਬਉੱਚ ਅਦਾਲਤ ਤੋਂ ਕੀਤੀ ਜਾਂਦੀ ਹੈ। ਲੋਕ ਟ੍ਰਿਬਿਊਨਲ ਇਸ ਨਤੀਜੇ 'ਤੇ ਪੁੱਜਿਆ ਕਿ ਦੋਵੇਂ ਫ਼ੈਸਲੇ ਦਰਸਾਉਂਦੇ ਹਨ ਕਿ ਅਦਾਲਤਾਂ ਲੋਕਾਂ ਦੀ ਬਜਾਏ ਰਾਜ ਦੀ ਤਾਕਤ ਨੂੰ ਮਜ਼ਬੂਤ ਕਰਨ ਲਈ ਉਤਸੁਕ ਹਨ। ਅਸਹਿਮਤੀ ਨੂੰ ਅਪਰਾਧ ਦੇ ਘੇਰੇ ਅੰਦਰ ਲਿਆ ਕੇ ਸਖ਼ਤ ਸਜ਼ਾ ਦੇਣ ਦੀ ਰਵਾਇਤ ਕਾਇਮ ਹੋ ਰਹੀ ਹੈ। ਅਜਿਹੇ ਫ਼ੈਸਲੇ ਸੰਵਿਧਾਨਕ ਅਤੇ ਸ਼ਾਂਤਮਈ ਤਰੀਕਿਆਂ ਨਾਲ ਨਿਆਂ ਮੰਗਣ ਦੀ ਇੱਛਾ ਰੱਖਣ ਵਾਲੇ ਸਾਰੇ ਲੋਕਾਂ ਤੇ ਉਨਾਂ ਦੇ ਹੱਕਾਂ ਦੀ ਪੈਰਵੀ ਕਰ ਰਹੇ ਕਾਮਿਆਂ ਨੂੰ ਡਰਾ ਕੇ ਚੁੱਪ ਕਰਵਾਉਣ ਦੀ ਸਮਰੱਥਾ ਰੱਖਦੇ ਹਨ। ਇਹ ਸਾਡੇ ਜ਼ਿੰਮੇ ਆਇਆ ਹੈ ਕਿ ਅਸੀਂ ਇਸ ਰੁਝਾਨ ਨੂੰ ਸਮਝੀਏ, ਤੱਥ ਖੋਜ ਮਿਸ਼ਨਾਂ ਦੀ ਰਵਾਇਤ ਕਾਇਮ ਰੱਖੀਏ, ਸੱਚ ਨੂੰ ਆਮ ਲੋਕਾਂ ਤੱਕ ਲੈ ਕੇ ਜਾਈਏ ਅਤੇ ਜਮਹੂਰੀ ਹੱਕਾਂ ਦੀ ਆਵਾਜ਼ ਮੱਠੀ ਨਾ ਪੈਣ ਦੇਈਏ।

## ਫ਼ਿਲਮ 'ਲਾਲ ਸਿੰਘ ਚੱਢਾ'

ਜੋ ਸਰਬੱਤ ਦੇ ਭਲੇ, ਸੱਭੇ ਸਾਂਝੀਵਾਲ ਸਦਾਇਨ ਅਤੇ ਵੰਡ ਛਕਣ ਦੇ ਸੰਕਲਪ ਨੂੰ ਨਿਭਾਉਂਦਾ ਹੈ। ਫ਼ਿਲਮ ਸੋਚਣ ਲਈ ਮਜਬੂਰ ਕਰਦੀ ਹੈ, ਨਾਟਕ ਸੋਚਣ ਲਈ ਮਜਬੂਰ ਕਰਦਾ ਹੈ। ਫ਼ਿਲਮ ਗੰਧਲੀ ਸਿਆਸਤ ਦੇ ਬਖੀਏ ਉਧੇੜਦੀ ਹੈ, ਨਾਟਕ ਗੰਧਲੀ ਸਿਆਸਤ 'ਤੇ ਕਰਾਰੀ ਚੋਟ ਲਾਉਂਦਾ ਹੈ। ਆਮਿਰ ਖਾਨ ਨੇ ਸਿੱਖ ਕਿਰਦਾਰ ਦੀ ਅਦਾਕਾਰੀ ਨਹੀਂ ਕੀਤੀ, ਉਸ ਨੂੰ ਸਿਰਜਿਆ ਹੈ, ਜਿਊਇਆ ਹੈ। ਸਮੇਂ ਦੀ ਸਿਆਸਤ ਤੇ ਸਮਾਜ ਨੂੰ ਪੇਸ਼ ਕਰਦੀਆਂ ਸੱਚੀਆਂ ਘਟਨਾਵਾਂ ਫ਼ਿਲਮ ਦਾ ਹਾਸਲ ਹਨ। ਕਹਾਣੀਕਾਰ, ਨਿਰਦੇਸ਼ਕ, ਨਾਇਕ, ਨਾਇਕਾ ਅਤੇ ਸਹਾਇਕ ਕਲਾਕਾਰ ਅਰਥ-ਭਰਪੂਰ ਫ਼ਿਲਮ ਲਈ ਵਧਾਈ ਦੇ ਹੱਕਦਾਰ ਹਨ। ਫ਼ਿਲਮ ਮਾਨਵਤਾ ਦਾ, ਸਰਬੱਤ ਦੇ ਭਲੇ ਦਾ ਸੰਦੇਸ਼ ਦਿੰਦੀ ਹੈ। ਵਪਾਰਕ ਪੱਖੋਂ ਭਾਵੇਂ ਇਹ ਵੱਡੀ ਕਾਮਯਾਬੀ ਹਾਸਲ ਨਾ ਕਰੇ ਪ੍ਰੰਤੂ ਵਿਸ਼ਾ-ਸਮੱਗਰੀ, ਸਾਰਥਿਕਤਾ, ਸੰਦੇਸ਼ ਅਤੇ ਕਲਾ ਪੱਖੋਂ ਇਹ ਇਕ ਸ਼ਕਤੀਸ਼ਾਲੀ ਫ਼ਿਲਮ ਹੈ।

## ਨੀਲੀ

ਨੀਲੀ ਉੱਥੇ ਦੀ ਉੱਥੇ ਖਲੋਤੀ ਗਰਦਨ ਮੋੜ ਗਵਾਲੇ ਨੂੰ ਵੇਖਣ ਲੱਗ ਪਈ। ਉਹ ਤੇ ਮਸਾਲੇ ਦੀ ਟੋਕਰੀ ਚੁੱਕੀ ਵਾਹੋ-ਦਾਹੀ ਜਾ ਰਿਹਾ ਸੀ। ਦੂਰ ਕੋਠੀ ਦੇ ਗੇਟ ਕੋਲ਼ ਜਦੋਂ ਉਹ ਪੁੱਜਾ, ਨੀਲੀ ਉੜੀਕੀ, ਜਿਵੇਂ ਉਸ ਨੂੰ ਬੁਲਾ ਰਹੀ ਹੋਵੇ। ਗਵਾਲੇ ਨੇ ਪ੍ਰਵਾਹ ਨਹੀਂ ਕੀਤੀ। ਜਦੋਂ ਹੱਥ ਵਧਾ ਕੇ ਉਹ ਗੇਟ ਨੂੰ ਖੋਲਣ ਲੱਗਾ, ਨੀਲੀ ਨੇ ਫੇਰ ਉੜੀਕ ਕੇ ਜਿਵੇਂ ਉਹਨੂੰ ਬੁਲਾਇਆ। ਗਵਾਲਾ ਗੁੱਸੇ ਵਿੱਚ ਕੋਠੀ ਤੋਂ ਬਾਹਰ ਚਲਾ ਗਿਆ।

ਕਿਤਨਾ ਚਿਰ ਉਂਞ ਹੀ ਉਂਞ ਮਹਿੰਦੀ ਹੇਠ ਖਲੋਤੀ, ਬੂਥੀ ਚੁੱਕੀ ਨੀਲੀ ਗੇਟ ਵੱਲ ਵੇਖਦੀ ਰਹੀ, ਜਿਵੇਂ ਗਵਾਲੇ ਨੂੰ ਉਡੀਕ ਰਹੀ ਹੋਵੇ। ਵਿੱਚ-ਵਿੱਚ ਨੀਲੀ ਕਦੀ-ਕਦੀ ਉੜੀਕਦੀ ਜਿਵੇਂ ਗਵਾਲੇ ਨੂੰ ਅਵਾਜ਼ਾਂ ਦੇ ਰਹੀ ਹੋਵੇ। ਜਿਵੇ ਨੀਲੀ ਉਹਨੂੰ ਕਹਿ ਰਹੀ ਹੋਵੇ.. ਮੇਰੇ ਮਾਲਕ, ਤੈਨੂੰ ਕਿਉਂ ਨਹੀਂ ਸਮਝ ਆਉਂਦੀ ਅਜੇ ਤੇ ਦੋ ਦਿਨ ਨਹੀਂ ਹੋਏ ਮੇਰੀ ਬੱਚੀ ਨੂੰ ਮੋਇਆਂ? ਮੇਰੀ ਕੁੱਖੋਂ ਜਾਈ ਮੈਥੋਂ ਖੋਹ ਲਈ ਗਈ ਹੈ। ਮੇਰੀ ਆਂਦਰ! ਹਾਏ ਉਹਦੀ ਯਾਦ ਵਿਸਾਰਿਆਂ ਨਹੀਂ ਵਿਸਰਦੀ। ਇਸ ਪੇਟ ਭੈੜੇ ਦਾ ਕੀ ਕਰਾਂ। ਇਸ ਵਿੱਚ ਤੇ ਝੁਲ਼ਕਾ ਪਾਣਾ ਹੀ ਹੋਇਆ। ਅੱਜ ਤਿੰਨ ਦਿਨਾਂ ਦੀ ਮੈਂ ਭੁੱਖੀ-ਭਾਣੀ ਡਿੱਕ-ਡੋਲੇ ਪਈ ਖਾਂਦੀ ਹਾਂ। ਤੈਨੂੰ ਕਿਉਂ ਸਮਝ ਨਹੀਂ ਆਉਂਦੀ, ਇਨਾਂ ਥਣਾਂ ਨੂੰ ਮੇਰੀ ਲਾਡਲੀ ਦੇ ਪੋਲੇ-ਪੋਲੇ ਹੋਂਠ ਜਦੋਂ ਲਗਦੇ ਸਨ ਤੇ ਆਪਣੇ-ਆਪ ਹੀ ਮੇਰਾ ਦੁੱਧ ਲਹਿ ਆਉਂਦਾ ਸੀ? ਇੰਞ ਧੁੱਸਾਂ ਮਾਰਦੀ ਸੀ ਲਾਡ ਵਿੱਚ ਉਹ ਮੇਰੀ ਖੀਰੀ ਨੂੰ, ਤੈਨੂੰ ਨਹੀਂ ਪਤਾ, ਮਾਂ ਬੱਚੇ ਦਾ ਕੀ ਰਿਸ਼ਤਾ ਹੁੰਦਾ ਹੈ? ਮੈਂ ਨਹੀਂ ਕਹਿੰਦੀ ਕਿ ਮੈਂ ਉਸ ਨੂੰ ਭੁੱਲਾਂਗੀ ਨਹੀਂ। ਮੈਂ ਉਸ ਨੂੰ ਭੁੱਲ ਜਾਵਾਂਗੀ। ਮੈਂ ਨਹੀਂ ਕਹਿੰਦੀ ਮੈਂ ਹਮੇਸ਼ਾ ਦੁੱਧ ਨਹੀਂ ਦਿਆਂਗੀ। ਮੈਂ ਦੁੱਧ ਦਿਆਂਗੀ। ਪਰ ਕੁਝ ਚਿਰ ਹੋਰ ਤੂੰ ਸਬਰ ਕਰ ਲੈ। ਖ਼ਬਰੇ ਇੱਕ ਦਿਨ ਹੀ ਹੋਰ। ਤੇ ਫੇਰ ਮੈਂ ਆਪਣੇ ਦਿਲ ਦੇ ਟੁਕੜੇ ਨੂੰ ਭੁੱਲ ਜਾਵਾਂਗੀ। ਫੇਰ ਮੈਨੂੰ ਆਪਣਾ ਲਾਂਭ-ਚਾਂਭ ਖ਼ਾਲੀ-ਖ਼ਾਲੀ ਨਹੀਂ ਲੱਗੇਗਾ। ਅੱਗੇ-ਪਿੱਛੇ ਮੈਨੂੰ ਇਹ ਹਨੇਰਾ-ਹਨੇਰਾ ਨਹੀਂ ਮਹਿਸੂਸ ਹੋਵੇਗਾ ਅਤੇ ਫੇਰ ਮਸਾਲਾ ਖਾਂਦੀ ਆਪਣੇ ਧਿਆਨ ਮੈਂ ਦੁੱਧ ਲਾਹ ਦਿਆ ਕਰਾਂਗੀ। ਮੈਂ ਹੁਣ ਦੁੱਧ ਨੂੰ ਕੀ ਕਰਨਾ ਏ? ਦੁਧ ਪੀਣ ਵਾਲ਼ੀ ਤੇ ਮੇਰੀ ਤੁਰ ਗਈ। ਤੂੰ ਮੁੜ ਆ, ਇੰਞ ਮੈਨੂੰ ਭੁੱਖਾ ਨਾ ਮਾਰ। ਅੱਗੇ ਥੋੜਾ ਮੇਰੇ ਨਾਲ਼ ਅਨਿਆਂ ਹੋਇਆ ਏ; ਤੂੰ ਮੁੜ ਆ, ਮੇਰੇ ਮਾਲਕ....। ਕਿਤਨਾ ਚਿਰ ਮਹਿੰਦੀ ਹੇਠ ਉਂਞ ਦੀ ਉਂਞ ਖੜੋਤੀ ਨੀਲੀ ਕੋਠੀ ਦੇ ਗੇਟ ਵੱਲ ਵੇਖਦੀ ਰਹੀ, ਵੇਖਦੀ ਰਹੀ। ਗਵਾਲਾ ਨਹੀਂ ਮੁੜਿਆ।

## ਪੰਜਾਬ ਵਿਚ ਪਾਣੀਆਂ...

ਪੰਜਾਬ ਦੇ ਦਰਿਆਈ ਪਾਣੀਆਂ ਦੀ ਮਾਲਕੀ ਹਾਸਲ ਕਰਨ, ਧਰਤੀ ਹੇਠਲੇ ਪਾਣੀ ਨੂੰ ਸੰਕਟ ਵਿਚੋਂ ਕੱਢਣ ਅਤੇ ਪਾਣੀ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਪੰਜਾਬੀਆਂ ਦਾ ਅਹਿਮ ਏਜੰਡਾ ਹੋਣਾ ਚਾਹੀਦਾ ਹੈ। ਮੁਲਕ ਵਿਚ ਹਰ ਸਾਲ 1070 ਮਿਲੀਲਿਟਰ ਮੀਂਹ ਪੈਂਦੇ ਹਨ ਜਿਸ ਦਾ ਕੇਵਲ 15 ਫੀਸਦ ਹਿੱਸਾ ਹੀ ਸਾਂਭਿਆ ਜਾਂਦਾ ਹੈ। ਮੁਲਕ ਦਾ ਪ੍ਰਸ਼ਾਸਕੀ ਢਾਂਚਾ ਇੰਨਾ ਡਾਵਾਂਡੋਲ ਹੋ ਚੁੱਕਾ ਹੈ ਕਿ ਹਰ ਸਾਲ ਮੀਂਹ ਦੇ ਪਾਣੀ ਨਾਲ ਕਰੋੜਾਂ ਰੁਪਏ ਦਾ ਨੁਕਸਾਨ ਅਤੇ ਤਬਾਹੀ ਹੁੰਦੀ ਹੈ। ਪਾਣੀ ਨੂੰ ਸਾਂਭਣ, ਕੰਟਰੋਲ ਕਰਨ ਅਤੇ ਰੀਚਾਰਜ ਕਰਨਾ ਕਿਸੇ ਵੀ ਸਰਕਾਰ ਦਾ ਏਜੰਡਾ ਨਹੀਂ ਹੈ। ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਪੰਜਾਬੀਆਂ ਨੂੰ ਜਾਗਣਾ ਪਵੇਗਾ। ਪਾਣੀਆਂ ਦੀ ਮਾਲਕੀ ਪ੍ਰਾਪਤ ਕਰਕੇ ਪੰਜਾਬ ਦੀ ਨਵੀਂ ਤਕਦੀਰ ਲਿਖੀ ਜਾ ਸਕਦੀ ਹੈ।

## ਰਾਗੀ ਸਿੰਘ ਵਲੋਂ...

ਜਦੋਂ ਗੁਰੂ ਸਾਹਿਬਾਨ ਸੁਚੇਤ ਰੂਪ ਵਿਚ ਗੁਰਬਾਣੀ ਅੰਦਰ, ਨੱਚ-ਟੱਪ ਕੇ ਭਗਤੀ ਦੇ ਮਾਰਗ ਨੂੰ, ਕੋਈ ਜਗਾ ਨਹੀਂ ਦੇ ਕੇ ਗਏ ਤਾਂ ਫਿਰ ਸਪੱਸ਼ਟ ਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, 'ਕ੍ਰਿਸ਼ਨਾ ਤੇਰੀ ਮੁਰਲੀ 'ਤੇ ਭਲਾ ਕੌਣ ਨੀ ਨੱਚਦਾ' ਗੀਤ ਗਾਉਣੇ ਵੀ ਗੁਰੂ-ਘਰ ਦੇ ਆਸ਼ੇ ਅਤੇ ਮਰਯਾਦਾ ਦੇ ਉਲਟ ਹੈ।

ਸੋ, ਇੱਥੇ ਮਸਲਾ ਸਿਰਫ਼ ਰਾਗੀ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਸ੍ਰੀ ਕ੍ਰਿਸ਼ਨ ਜੀ ਦੀ ਉਸਤਤਿ ਦਾ ਗੀਤ ਗਾਉਣ ਦਾ ਹੀ ਨਹੀਂ ਹੈ, ਕੁਝ ਸਾਲ ਪਹਿਲਾਂ ਇਕ ਰਾਗੀ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਹਫ਼ਤੇ ਦੌਰਾਨ ਕੀਰਤਨ ਕਰਦਿਆਂ ਇਤਿਹਾਸ ਨਾਲ ਸਬੰਧਿਤ ਕਵਿਤਾਵਾਂ ਗਾਈਆਂ ਸਨ ਤਾਂ ਉਦੋਂ ਵੀ ਪੰਥ ਦੇ ਜਾਗਦੇ ਹਿੱਸੇ ਵਲੋਂ ਇਸ ਦਾ ਵਿਰੋਧ ਕੀਤਾ ਗਿਆ ਸੀ। ਕੀਰਤਨ ਦੀ ਇਕ ਮਰਯਾਦਾ ਹੈ ਅਤੇ ਇਸ ਮਰਯਾਦਾ ਵਿਚ ਢਿੱਲ ਦੇਣ ਨਾਲ ਗੱਲ ਪਤਾ ਨਹੀਂ ਕਿੱਥੇ ਜਾ ਕੇ ਰੁਕੇਗੀ? ਹੁਣ ਜੋ ਕੁਝ ਹੋਇਆ ਹੈ, ਇਹ ਵੀ ਪਿਛਲੇ ਸਮਿਆਂ ਤੋਂ ਆਈਆਂ ਢਿੱਲਾਂ ਦਾ ਨਤੀਜਾ ਹੀ ਹੈ।

ਬਾਕੀ, ਸਿੱਖ ਹਰੇਕ ਧਰਮ ਦਾ ਅਤੇ ਉਨਾਂ ਦੀਆਂ ਮਾਨਤਾਵਾਂ ਦਾ ਸਤਿਕਾਰ ਕਰਦੇ ਹਨ। ਬਲਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਵਰਗੀ ਲਾਸਾਨੀ ਸ਼ਹਾਦਤ ਦੁਨੀਆ ਭਰ ਵਿਚ ਹੋਰ ਕਿਤੇ ਨਹੀਂ ਮਿਲਣੀ, ਜਿੱਥੇ ਕਿਸੇ ਧਰਮ ਦੇ ਪੈਗੰਬਰ ਨੇ ਕਿਸੇ ਹੋਰ ਧਰਮ ਦੇ ਵਿਸ਼ਵਾਸਾਂ ਨੂੰ ਕਾਇਮ ਰੱਖਣ ਲਈ 'ਸੀਸ' ਦਿੱਤਾ ਹੋਵੇ। ਭਾਈਚਾਰਕ ਏਕਤਾ ਦੀ ਦੁਨੀਆ ਭਰ 'ਚ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ? ਜਿੱਥੋਂ ਤੱਕ ਗੱਲ ਹੈ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ਿਆਂ ਦੇ ਚਾਰਾਂ ਵਰਣਾਂ ਦੇ ਸਾਂਝੇ ਹੋਣ ਦੀ ਤਾਂ ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਤੇ ਨਾ ਹੀ ਮਰਯਾਦਾ ਅਨੁਸਾਰ ਗੁਰੂ-ਘਰ ਅੰਦਰ ਆਉਣ ਵਾਲੇ ਕਿਸੇ ਵੀ ਰੰਗ, ਜਾਤ, ਨਸਲ ਤੇ ਫਿਰਕੇ ਦੇ ਕਿਸੇ ਮਨੁੱਖ ਨੂੰ ਰੋਕਿਆ ਜਾਂਦਾ ਹੈ ਪਰ ਜੋ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਮਰਯਾਦਾ ਦਾ ਨਿਰਬਾਹ ਹੁੰਦਾ ਹੈ, ਉਹ ਕਿਸੇ ਦੀ ਖ਼ਾਤਰ ਵੀ ਬਦਲਿਆ ਨਹੀਂ ਜਾਂਦਾ। ਬਲਕਿ ਉੱਥੇ ਗੁਰਬਾਣੀ ਤਾਂ ਸਾਰਿਆਂ ਲਈ ਇਕੋ ਜਿਹਾ ਉਪਦੇਸ਼ ਹੀ ਦਿੰਦੀ ਹੈ :-

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥**
**ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥੪॥੩॥੫੦॥ (ਸੂਹੀ ਮਹਲਾ:੫, ਅੰਗ: ੭੪੭)**

## ਕੈਨੇਡਾ ਦੀ ਨੌਜਵਾਨ...

ਚਾਹੇ ਪਿਤਾ ਜਗਜੀਤ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਸਿੱਧੂ ਦੀ ਮਿਹਨਤ ਅਤੇ ਪ੍ਰੇਰਨਾ ਹੋਵੇ ਅਤੇ ਚਾਹੇ ਤਾਇਆ ਜੀ ਹਰਦੀਪ ਸਿੰਘ ਕੋਚ ਦੀ ਕਰੜੀ ਘਾਲਣਾ, ਸਭ ਨੇ ਮਿਲਜੁਲ ਕੇ ਹਰਲੀਨ ਕੌਰ ਨੂੰ ਇੱਥੇ ਪਹੁੰਚਾਇਆ ਕਿ ਅੱਜ ਉਸ ਦਾ ਬਾਸਕਟਬਾਲ ਖਿਡਾਰੀਆਂ ਵਿੱਚ ਵਿਸ਼ੇਸ਼ ਥਾਂ ਹੈ। ਇਹ ਵੀ ਖ਼ੁਸ਼ੀ ਵਾਲੀ ਗੱਲ ਹੈ ਕਿ ਹਰਲੀਨ ਕੌਰ ਅਤੇ ਉਸ ਦਾ ਜੀਵਨ ਸਾਥੀ ਮਨਜੋਤ ਸਿੰਘ ਦੂਲੇ ਮਿਲ ਕੇ ਕੋਚਿੰਗ ਦੀਆਂ ਸੇਵਾਵਾਂ ਨਿਭਾ ਰਹੇ ਹਨ, ਹਾਲਾਂਕਿ ਹਰਲੀਨ ਕੌਰ ਪੇਸ਼ੇ ਵੱਜੋਂ ਨਰਸ ਹੈ। ਉਸਦਾ ਡੇਢ ਸਾਲ ਦਾ ਬੱਚਾ ਏਨਾ ਹੁਸ਼ਿਆਰ ਹੈ ਕਿ ਹੁਣੇ ਹੀ ਬਾਲ ਕੋਰਟ 'ਚ ਪਾਉਣ ਦੀ ਕਲਾ ਹਾਸਲ ਕਰ ਚੁੱਕਿਆ ਹੈ। ਵਾਹਿਗੁਰੂ ਚੜ੍ਹਦੀ ਕਲਾ ਬਖ਼ਸ਼ੇ ਅਤੇ ਇਹੋ ਜਿਹੇ ਨੌਜਵਾਨ ਹੋਰਨਾਂ ਲਈ ਪ੍ਰੇਰਨਾਸਰੋਤ ਬਣਨ। ਮਾਣ ਹੈ ਹਰਲੀਨ ਕੌਰ 'ਤੇ..।

## ਜਿਨਾਹ ਦੇ ਡਰ...

ਕਾਨੂੰਨਾਂ ਨੇ 'ਲਵ ਜੇਹਾਦ' ਵਰਗੀਆਂ ਹਾਸੋਹੀਣੇ ਸਾਜ਼ਿਸ਼ਾਂ ਦੇ ਸਿਧਾਂਤ ਨੂੰ ਸਵੀਕਾਰ ਕੀਤਾ ਹੈ-ਇਹ ਵਿਚਾਰ ਕਿ ਮੁਸਲਮਾਨ ਮਰਦ ਹਿੰਦੂ ਔਰਤਾਂ ਨੂੰ ਧਰਮ ਪਰਿਵਰਤਨ ਕਰਨ ਲਈ ਉਨਾਂ ਨਾਲ ਰੋਮਾਂਸ ਕਰ ਰਹੇ ਹਨ। ਭਾਰਤ ਦੇ ਇਕਲੌਤੇ ਮੁਸਲਿਮ ਬਹੁ-ਗਿਣਤੀ ਵਾਲੇ ਰਾਜ, ਕਸ਼ਮੀਰ ਨੂੰ ਇਸਦੀ ਸੰਵਿਧਾਨਕ ਤੌਰ 'ਤੇ ਗਾਰੰਟੀਸ਼ੁਦਾ ਖੁਦਮੁਖਤਿਆਰੀ ਨੂੰ ਖਤਮ ਕਰਨ ਦੇ ਮੋਦੀ ਦੇ ਫੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਨਿਸ਼ਚਿਤ ਸੁਰੱਖਿਆ ਵੀ ਕਮਜ਼ੋਰ ਹਨ।

ਇਸ ਦੌਰਾਨ, ਸੰਘੀ ਪੱਧਰ 'ਤੇ, ਸਿਆਸੀ ਸ਼ਕਤੀ ਵਿਚ ਮੁਸਲਮਾਨਾਂ ਦੀ ਹਿੱਸੇਦਾਰੀ ਘਟਦੀ ਜਾ ਰਹੀ ਹੈ। ਭਾਵੇਂ ਉਹ ਅਬਾਦੀ ਦਾ 14% ਤੋਂ ਵੱਧ ਬਣਦੀ ਹੈ, ਪਰ ਉਹ ਸੰਸਦ ਦੇ ਹੇਠਲੇ ਸਦਨ ਦੇ 4% ਤੋਂ ਵੀ ਘੱਟ ਮੈਂਬਰਾਂ ਲਈ ਯੋਗਦਾਨ ਪਾਉਂਦੇ ਹਨ। ਭਾਜਪਾ ਦੇ 395 ਸੰਸਦ ਮੈਂਬਰਾਂ ਵਿੱਚੋਂ ਇੱਕ ਵੀ ਮੁਸਲਮਾਨ ਨਹੀਂ ਹੈ।

ਇਹ ਸੱਚ ਹੈ ਕਿ ਭਾਰਤ ਇੱਕ ਲੋਕਤੰਤਰ ਦੇਸ਼ ਬਣਿਆ ਹੋਇਆ ਹੈ ਨਾ ਕਿ ਤਾਨਾਸ਼ਾਹੀ ਰਾਜ, ਜਿਸ ਵਿੱਚ ਸ਼ਕਤੀਸ਼ਾਲੀ ਖੇਤਰੀ ਸਿਆਸਤਦਾਨ ਅਤੇ ਕੁਝ ਬਹਾਦਰ ਅਤੇ ਸੁਤੰਤਰ ਕਾਰਕੁੰਨ ਅਤੇ ਪੱਤਰਕਾਰ ਹਨ। ਉਨਾਂ ਰਾਜਾਂ ਵਿੱਚ ਜਿੱਥੇ ਮੁਸਲਮਾਨ ਵੋਟਿੰਗ ਅਬਾਦੀ ਦਾ ਇੱਕ ਵੱਡਾ ਹਿੱਸਾ ਬਣਾਉਂਦੇ ਹਨ, ਉਹ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ ਵਿੱਚ ਬਿਹਤਰ ਢੰਗ ਨਾਲ ਸਮਰੱਥ ਹੋਏ ਹਨ। ਨਾ ਹੀ ਭਾਰਤ ਇਕਲੌਤਾ ਦੇਸ਼ ਹੈ ਜਿੱਥੇ ਸਿਆਸਤਦਾਨ ਅਤੇ ਮੀਡੀਆ ਹਸਤੀਆਂ ਪੱਖਪਾਤੀ ਲਾਭ ਲਈ ਨਸਲੀ-ਰਾਸ਼ਟਰਵਾਦ ਨੂੰ ਹਵਾ ਦੇ ਰਹੀਆਂ ਹਨ। ਫਿਰ ਵੀ ਰੁਝਾਨ ਲਾਈਨਾਂ ਅਸ਼ੁਭ ਹਨ। ਭਾਰਤ ਦਾ ਸਿਆਸੀ ਵਿਰੋਧ ਕਮਜ਼ੋਰ ਅਤੇ ਵੰਡਿਆ ਹੋਇਆ ਹੈ। ਮੁੱਖ ਧਾਰਾ ਦੇ ਮੀਡੀਆ ਨੇ ਮੁਸਲਮਾਨਾਂ ਨੂੰ ਇਸ ਹੱਦ ਤੱਕ ਵਿਅੰਗਮਈ ਬਣਾਇਆ ਹੈ ਕਿ ਇੱਕ ਦਹਾਕੇ ਪਹਿਲਾਂ ਸੋਚਿਆ ਵੀ ਨਹੀਂ ਜਾ ਸਕਦਾ ਸੀ। ਉੱਤਰੀ ਹਿੰਦੀ ਪੱਟੀ ਲੱਖਾਂ ਘੱਟ ਪੜ੍ਹੇ ਲਿਖੇ, ਬੇਰੁਜ਼ਗਾਰ ਅਤੇ ਗੁੱਸੇ ਵਾਲੇ ਨੌਜਵਾਨਾਂ ਨਾਲ ਭਰੀ ਹੋਈ ਹੈ। ਉਥੋਂ ਦੇ ਅਤੇ ਕਿਤੇ ਹੋਰ ਸਿਆਸਤਦਾਨ ਜਾਣਦੇ ਹਨ ਕਿ ਸਕੂਲਾਂ ਨੂੰ ਠੀਕ ਕਰਨ ਅਤੇ ਨੌਕਰੀਆਂ ਪੈਦਾ ਕਰਨ ਨਾਲੋਂ ਉਨਾਂ ਨਿਰਾਸ਼ਾ ਨੂੰ ਬੇਰਹਿਮੀ ਬਲੀ ਦੇ ਬਕਰਿਆਂ ਵੱਲ ਸੇਧਿਤ ਕਰਨਾ ਬਹੁਤ ਸੌਖਾ ਹੈ।

ਮੋਦੀ ਭਾਰਤ ਨੂੰ 'ਲੋਕਤੰਤਰ ਦੀ ਮਾਂ' ਕਹਿਣਾ ਪਸੰਦ ਕਰਦੇ ਹਨ। ਪਰ ਲੋਕਤੰਤਰ ਦੀ ਕੇਂਦਰੀ ਪ੍ਰੀਖਿਆ ਇਹ ਹੁੰਦੀ ਹੈ ਕਿ ਇਹ ਆਪਣੇ ਸਭ ਤੋਂ ਕਮਜ਼ੋਰ ਨਾਗਰਿਕਾਂ ਨਾਲ ਕਿਵੇਂ ਪੇਸ਼ ਆਉਂਦਾ ਹੈ-ਕੀ ਉਨਾਂ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਂਦੀ ਹੈ ਅਤੇ ਉਨਾਂ ਦੇ ਵਿਚਾਰ ਸੁਣੇ ਜਾਂਦੇ ਹਨ। ਨਹਿਰੂ ਅਤੇ ਭਾਰਤ ਦੇ ਹੋਰ ਸੰਸਥਾਪਕਾਂ ਨੇ ਜਿਨਾਹ ਨੂੰ ਗਲਤ ਸਾਬਤ ਕਰਨ ਨੂੰ ਆਪਣਾ ਸਭ ਤੋਂ ਬੁਨਿਆਦੀ ਫਰਜ਼ ਸਮਝਿਆ, ਇੱਕ ਬਹੁਲਵਾਦੀ ਭਾਰਤ ਦੀ ਸਥਾਪਨਾ ਕੀਤੀ ਜੋ ਇਸਦੀ ਵਿਭਿੰਨਤਾ ਦੇ ਬਾਵਜੂਦ ਵਿਕਾਸ ਕਰੇਗਾ। ਇੱਕ ਸਦੀ ਦੇ ਤਿੰਨ ਚੌਥਾਈ ਸਾਲਾਂ ਬਾਅਦ, ਭਾਰਤੀਆਂ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ, ਕੀ ਉਹ ਦੇਸ਼ ਦੇ ਨਾਗਰਿਕ ਹਨ ਨਾ ਕਿ ਸਰਹੱਦ ਪਾਰ ਦੇ ਉਨਾਂ ਦੇ ਸਾਬਕਾ ਭਰਾ, ਜੋ ਹੁਣ ਉਹ ਬੋਲ ਕੇ ਗਲਤੀ ਕਰ ਰਹੇ ਹਨ?

## ਪਟਿਆਲਾ ਵਿਖੇ ਟੂਰਨਾਮੈਂਟ

ਉਸ ਨੂੰ ਬਿਲਕੁਲ ਨਹੀਂ ਪਤਾ ਕਿ ਹਮਲਾਵਰ ਕੌਣ ਸਨ ਤੇ ਕਿਸ ਮਕਸਦ ਨਾਲ ਆਏ ਸਨ।ਇਸ ਮਾਮਲੇ ਸਬੰਧੀ ਜਦੋਂ ਐੱਸਐੱਚਓ ਥਾਣਾ ਸਦਰ ਹਰਸ਼ਵੀਰ ਸਿੰਘ ਸੰਧੂ ਨਾਲ ਗੱਲ ਕੀਤੀ ਤਾਂ ਉਨਾਂ ਕਿਹਾ ਕਿ ਮਾਮਲੇ ਸਬੰਧੀ ਅਣਪਛਾਤੇ ਵਿਅਕਤੀਆਂ 'ਤੇ ਕੇਸ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਯੂਨਾਨੀ ਸਭਿਅਤਾ ਤੇ...

ਮੌਲਿਕ ਅਧਿਕਾਰਾਂ ਦੇ ਉਲਟ ਹੈ।

1) ਗੁਲਾਮ ਪ੍ਰਣਾਲੀ ਗੈਰ ਕੁਦਰਤੀ ਹੈ – ਗੁਲਾਮੀ ਪਰੰਪਰਾ ਕਿਸੇ ਵੀ ਤਰੀਕੇ ਨਾਲ ਕੁਦਰਤੀ ਨਹੀਂ ਹੁੰਦੀ। ਮਨੁੱਖਾਂ ਵਿਚ ਇਕ ਕੁਦਰਤੀ ਸਮਾਨਤਾ ਹੈ, ਭਿੰਨਤਾ ਅਤੇ ਅਕਲ ਦੇ ਅਧਾਰ ਤੇ ਅੰਤਰ ਦੇ ਬਾਵਜੂਦ, ਆਲੋਚਨਾ ਕਰਨਾ ਮਨੁੱਖਤਾ ਦਾ ਅਪਮਾਨ ਹੈ।

2. ਅਰਸਤੂ ਦਾ ਗੁਲਾਮੀ ਬਾਰੇ ਵਿਚਾਰ ਆਪਾ ਵਿਰੋਧੀ ਹਨ। ਇਕ ਪਾਸੇ, ਅਰਸਤੂ ਦਾਸ ਪਰੰਪਰਾ ਨੂੰ ਅੰਨੇਵਾਹ ਪ੍ਰਵਾਨ ਕਰਦਾ ਹੈ ਅਤੇ ਦੂਜੇ ਪਾਸੇ, ਉਹ ਕਹਿੰਦਾ ਹੈ ਕਿ ਨੌਕਰ ਮਾਲਕ ਦੀ ਜ਼ਮੀਰ ਨੂੰ ਸੀਮਤ ਤਰੀਕੇ ਨਾਲ ਸਮਝ ਸਕਦਾ ਹੈ, ਇਸ ਲਈ ਉਹ ਜਾਨਵਰਾਂ ਨਾਲੋਂ ਉੱਤਮ ਹੈ।ਇਕ ਪਾਸੇ ਉਹ ਗੁਲਾਮੀ ਨੂੰ ਕੁਦਰਤੀ ਮੰਨਦਾ ਹੈ, ਦੂਜੇ ਪਾਸੇ ਉਹ ਗੁਲਾਮੀ ਤੋਂ ਆਜ਼ਾਦੀ ਦੀ ਗੱਲ ਕਰਦਾ ਹੈ।ਉਹ ਇਹ ਦੱਸਣ ਵਿੱਚ ਅਸਫਲ ਰਿਹਾ ਕਿ ਉਸਦੀ ਮੁਕਤੀ ਕਿਵੇਂ ਸੰਭਵ ਹੈ ਜਦੋਂ ਕਿ ਕੁਦਰਤ ਨੇ ਮਨੁੱਖ ਨੂੰ ਇੱਕ ਗੁਲਾਮ ਘੜਿਆ ਹੈ।

3. ਅਰਸਤੂ ਦੇ ਸੰਕਲਪ ਅਨੁਸਾਰ ਬੁਧੀਹੀਣ ਤੇ ਬੁਧੀਮਾਨ ਦੇ ਆਧਾਰ 'ਤੇ ਗੁਲਾਮ ਤੇ ਮਾਲਕਾਂ, ਸ਼ਾਸਕਾ ਅਤੇ ਦਾਸਾਂ ਅਧੀਨ ਸਮਾਜ ਦੀ ਵੰਡ ਖਤਰਨਾਕ ਸਿੱਧ ਹੋਵੇਗੀ। ਇਸ ਨਾਲ ਸਮਾਜ ਵਿਚ ਨਿਰਾਸ਼ਾ, ਅਸ਼ਾਂਤੀ ਅਤੇ ਅਰਾਜਕਤਾ ਪੈਦਾ ਹੋਵੇਗੀ।

4. ਅਰਸਤੂ ਮੰਨਦਾ ਹੈ ਕਿ ਕੁਝ ਲੋਕ ਜਨਮ ਤੋਂ ਅਗਿਆਨੀ ਅਤੇ ਹੁਨਰ ਦੀ ਘਾਟ ਹੁੰਦੀ ਹੈ, ਪਰ ਵਿਗਿਆਨਕ ਤੱਥ ਨੂੰ ਭੁੱਲ ਜਾਂਦੇ ਹਨ ਕਿ ਉਹ ਚੰਗੇ ਵਾਤਾਵਰਣ, ਸਹੀ ਦਿਸ਼ਾ ਅਤੇ ਸਹੀ ਸਿੱਖਿਆ ਜਾਂ ਹੋਰ ਸਾਧਨਾਂ ਨੂੰ ਪ੍ਰਾਪਤ ਕਰਨ ਲਈ ਬੁੱਧੀਮਾਨ ਬਣ ਜਾਂਦੇ ਹਨ। ਕੋਈ ਵੀ ਸਿਧਾਂਤ ਜਿਹੜਾ ਮਨੁੱਖ ਨੂੰ ਜਾਨਵਰਾਂ ਵਾਂਗ ਸਮਝਦਾ ਹੈ ਕਦੇ ਵੀ ਵਿਗਿਆਨਕ ਨਹੀਂ ਹੋ ਸਕਦਾ.ਤੇ ਨਿਆਂ ਕਾਰੀ ਨਹੀਂ ਹੋ ਸਕਦਾ।

5. ਇੱਕ ਮਨੁੱਖ ਦੁਆਰਾ ਦੂਸਰੇ ਦੁਆਰਾ ਗ਼ੁਲਾਮ ਬਣਾਉਣਾ ਇੱਕ ਘ੍ਰਿਣਾਯੋਗ ਅਤੇ ਨਫ਼ਰਤ ਭਰਪੂਰ ਵਿਚਾਰ ਹੈ। ਅਰਸਤੂ ਨੇ ਇਸ ਵਿਚਾਰ ਨੂੰ ਪੇਸ਼ ਕਰਦਿਆਂ ਘੋਰ ਅਨੈਤਿਕਤਾ ਦੀ ਵਕਾਲਤ ਕੀਤੀ ਹੈ। ਸਮਾਜ ਵਿਚ ਕੋਈ ਵੀ ਕਾਰਜ ਜੋ ਸਮਾਜਿਕ ਨਿਯਮਾਂ ਦੇ ਵਿਰੁੱਧ ਹੈ ਨੈਤਿਕ ਨਹੀਂ ਹੋ ਸਕਦਾ। ਇਹ ਮਨੁੱਖਤਾ ਦੇ ਨਜ਼ਰੀਏ ਤੋਂ ਇਕ ਘੋਰ ਅਪਰਾਧ ਹੈ, ਜੋ ਨੈਤਿਕਤਾ ਦਾ ਖਾਤਮਾ ਕਰਦਾ ਹੈ।

6. ਅਰਸਤੂ ਨੇ ਵੀ ਗੁਲਾਮੀ ਦੇ ਹੱਕ ਵਿੱਚ ਦਲੀਲ ਦਿੱਤੀ ਹੈ ਕਿ ਉੱਤਮ ਵਿਅਕਤੀਆਂ ਨੂੰ ਉਨਾਂ ਦੇ ਜਨਤਕ ਜੀਵਨ ਲਈ ਛੁੱਟੀ ਦੀ ਜ਼ਰੂਰਤ ਹੁੰਦੀ ਹੈ। ਪਰ ਅਜਿਹੀ ਛੁੱਟੀ ਸਾਰੀਆਂ ਕਲਾਸਾਂ ਲਈ ਉਪਲਬਧ ਹੋਣੀ ਚਾਹੀਦੀ ਹੈ, ਤਾਂ ਜੋ ਹਰ ਵਰਗ ਦੇ ਵਿਅਕਤੀ ਨੂੰ ਆਪਣੀ ਬੌਧਿਕਤਾ ਨੂੰ ਵਿਕਸਤ ਕਰਨ, ਰਾਜਨੀਤਿਕ ਅਤੇ ਸਮਾਜਿਕ ਗਤੀਵਿਧੀਆਂ ਵਿਚ ਹਿੱਸਾ ਲੈਣ ਅਤੇ ਕਲਾ ਅਤੇ ਸਾਹਿਤ ਦਾ ਅਨੰਦ ਲੈਣ ਦਾ ਮੌਕਾ ਮਿਲ ਸਕੇ।ਇਹ ਅਧਿਕਾਰ ਸਿਰਫ ਇਕ ਵਿਸ਼ੇਸ਼ ਵਰਗ ਨੂੰ ਦੇਣਾ ਸਮਾਜਿਕ ਅਸਮਾਨਤਾਤੇ ਅਨਿਆਂ ਨੂੰ ਜਨਮ ਦਿੰਦਾ ਹੈ।

7. ਗੁਲਾਮ ਨੂੰ ਸਦੀਵੀ ਜਾਇਦਾਦ ਮੰਨਣਾ ਮਨੁੱਖੀ ਤੌਰ 'ਤੇ ਅਨਿਆਂ ਹੈ।ਕਿਸੇ ਜਾਨਵਰ ਨਾਲ ਨੌਕਰ ਦੀ ਤੁਲਨਾ ਕਰਨਾ ਆਪਣੇ ਆਪ ਵਿਚ ਮਨੁੱਖੀ ਅਪਰਾਧ ਹੈ।ਇਸ ਲਈ ਗੁਲਾਮ ਪਰਿਵਾਰ ਦੀ ਜਾਇਦਾਦ ਨਹੀਂ ਹੋ ਸਕਦਾ।

8. ਅਰਸਤੂ ਨੇ ਗੁਲਾਮੀ ਦੀ ਵਿਆਖਿਆ ਵਿਚ ਹੱਥੀਂ ਕੰਮ ਕਰਨ ਵਾਲੇ ਸਾਰੇ ਕਾਮਿਆਂ ਨੂੰ ਗੁਲਾਮ ਕਰਾਰ ਦਿੱਤਾ ਹੈ।ਪਰ ਇਹ ਪਹੁੰਚ ਸਹੀ ਨਹੀ ਹੈ।ਸਰੀਰਕ ਕਾਮੇ ਵੀ ਯੂਨਾਨ ਦੇ ਨਾਗਰਿਕ ਹੋਣਗੇ, ਜਦੋਂਕਿ ਅਰਸਤੂ ਯੂਨਾਨ ਦੇ ਨਾਗਰਿਕਾਂ ਨੂੰ ਗੁਲਾਮ ਨਹੀਂ ਬਣਾਉਣਾ ਚਾਹੁੰਦਾ। ਇਸਤਰਾਂ ਅਰਸਤੂ ਦਾ ਫਲਸਫਾ ਆਪਾ ਵਿਰੋਧੀ ਹੈ ਤੇ ਨਸਲਵਾਦੀ ਹੈ। ਹਿੰਦੂ ਰਾਸ਼ਟਰਵਾਦ ਦੇ ਮਨੂਵਾਦੀ ਸਿਧਾਂਤ ਨਾਲ ਮੇਲ ਖਾਂਦਾ ਹੈ।

## ਪਾਕਿਸਤਾਨ ਵਿਚ ਸਿੱਖ...

### ਪੁਲਿਸ ਦੱਸ ਰਹੀ ਹੋਰ ਕਹਾਣੀ

ਇਸ ਦੌਰਾਨ, ਬੁਨੇਰ ਜ਼ਿਲੇ ਦੇ ਪੁਲਿਸ ਅਧਿਕਾਰੀ ਅਬਦੁਰ ਰਾਸ਼ੀਦ ਨੇ ਪਰਿਵਾਰ ਦੇ ਸਾਰੇ ਇਲਜ਼ਾਮਾਂ ਦਾ ਖੰਡਨ ਕੀਤਾ ਹੈ ਅਤੇ ਕਿਹਾ ਹੈ ਕਿ ਪੁਲਿਸ ਨੇ ਬੀਬੀ ਨੂੰ ਲੱਭ ਕੇ ਸਥਾਨਕ ਅਦਾਲਤ ਵਿੱਚ ਉਸ ਨੂੰ ਜੱਜ ਦੇ ਸਾਹਮਣੇ ਪੇਸ਼ ਕੀਤਾ। ਅਧਿਕਾਰੀ ਮੁਤਾਬਕ, 'ਬੀਨਾ ਨੇ ਅਦਾਲਤ ਵਿੱਚ ਦਿੱਤੇ ਆਪਣੇ ਬਿਆਨ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਉਸ ਨੇ ਆਪਣੀ ਮਰਜ਼ੀ ਨਾਲ ਧਰਮ ਪਰਿਵਰਤਨ ਕਰਕੇ ਇਸਲਾਮ ਅਪਣਾਇਆ ਹੈ ਅਤੇ ਵਿਆਹ ਕਰਵਾਇਆ ਹੈ। ਉਸ ਨੇ ਇਸ ਸਬੰਧੀ ਜਾਇਜ਼ ਦਸਤਾਵੇਜ਼ ਵੀ ਜਮਾਂ ਕਰਵਾਏ ਹਨ।'

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਅਦਾਲਤ ਨੇ ਪੁਲਿਸ ਨੂੰ ਆਦੇਸ਼ ਦਿੱਤੇ ਹਨ ਕਿ ਉਹ ਬੀਨਾ ਨੇ ਦਾਰੁਲ ਅਮਨ (ਜਿਸ ਨਾਲ ਬੀਨਾ ਨੇ ਵਿਆਹ ਕਰਵਾਇਆ ਹੈ) ਨਾਲ ਭੇਜ ਦੇਣ ਅਤੇ ਉਸ ਨੂੰ ਸੁਰੱਖਿਆ ਵੀ ਪ੍ਰਦਾਨ ਕੀਤੀ ਜਾਵੇ।

ਉਨਾਂ ਕਿਹਾ, 'ਇਹ ਮਾਮਲਾ ਅਦਾਲਤ ਵਿੱਚ ਹੈ। ਜੇਕਰ ਅਦਾਲਤ ਐੱਫਆਈਆਰ ਦਰਜ ਕਰਨ ਦੇ ਹੁਕਮ ਦਿੰਦੀ ਹੈ ਤਾਂ ਪੁਲਿਸ ਉਸ ਦੀ ਪਾਲਣਾ ਕਰੇਗੀ।'

ਯਾਦ ਰਹੇ ਕਿ ਬੁਨੇਰ ਵਿੱਚ ਲਗਭਗ 100 ਸਿੱਖ ਪਰਿਵਾਰ ਰਹਿੰਦੇ ਹਨ ਅਤੇ ਇੱਕ ਅਨੁਮਾਨ ਅਨੁਸਾਰ ਉਨਾਂ ਦੀ ਜਨ ਸੰਖਿਆ ਦਸ ਹਜ਼ਾਰ ਤੋਂ ਘੱਟ ਹੈ। ਇਨਾਂ ਸਿੱਖ ਪਰਿਵਾਰਾਂ ਵਿੱਚੋਂ ਜ਼ਿਆਦਾਤਰ ਵਪਾਰ ਕਰਦੇ ਹਨ ਅਤੇ ਉਨਾਂ ਦੀ ਵਿੱਤੀ ਹਾਲਤ ਵੀ ਚੰਗੀ ਹੈ।

### ਇਹ ਪਹਿਲੀ ਘਟਨਾ ਨਹੀਂ

ਸਾਲ 2020 ਵਿੱਚ ਅਜਿਹੀ ਹੀ ਇੱਕ ਘਟਨਾ ਨਨਕਾਣਾ ਸਾਹਿਬ ਵਿਖੇ ਵੀ ਵਾਪਰੀ ਸੀ। ਉਦੋਂ ਸਿੱਖ ਭਾਈਚਾਰੇ ਨੇ ਇਲਜ਼ਾਮ ਲਗਾਇਆ ਸੀ ਕਿ ਇੱਕ ਗ੍ਰੰਥੀ ਦੀ ਧੀ ਨੂੰ ਅਗਵਾ ਕਰਕੇ ਜ਼ਬਰਦਸਤੀ ਉਸ ਦਾ ਧਰਮ ਪਰਿਵਰਤਨ ਕਰਵਾਇਆ ਗਿਆ ਸੀ।

ਉਸ ਸਮੇਂ ਵੀ ਪ੍ਰਦਰਸ਼ਨ ਹੋਏ ਸਨ, ਕਈ ਮਹੀਨਿਆਂ ਤੱਕ ਮਾਮਲਾ ਅਦਾਲਤ ਵਿਚ ਰਿਹਾ ਅਤੇ ਕੁੜੀ ਨੇ ਬਿਆਨ ਦਿੱਤੇ ਕਿ ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਸੀ। ਜ਼ਬਰਦਸਤੀ ਧਰਮ ਪਰਿਵਰਤਨ ਦੇ ਅਜਿਹੇ ਮਾਮਲੇ ਦੱਖਣੀ ਸਿੰਧ ਸੂਬੇ ਤੋਂ ਵੀ ਸਾਹਮਣੇ ਆਏ ਹਨ। ਇੱਥੇ ਬਹੁਤ ਵਾਰ ਹਿੰਦੂ ਭਾਈਚਾਰੇ ਵੱਲੋਂ ਅਜਿਹੇ ਦਾਅਵੇ ਕੀਤੇ ਗਏ ਹਨ ਕਿ ਉਨਾਂ ਦੀਆਂ ਕੁੜੀਆਂ ਨੂੰ ਬਹਿਲਾ-ਫੁਸਲਾ ਕੇ ਮੁਸਲਮਾਨ ਪੁਰਸ਼ਾਂ ਨਾਲ ਉਨਾਂ ਦੇ ਵਿਆਹ ਕਰਵਾ ਦਿੱਤੇ ਗਏ। ਹਾਲਾਂਕਿ, ਜ਼ਬਰਦਸਤੀ ਧਰਮ ਪਰਿਵਰਤਨ ਸਬੰਧੀ ਕੋਈ ਭਰੋਸੇਯੋਗ ਅੰਕੜੇ ਉਪਲੱਬਧ ਨਹੀਂ ਹਨ।

## ਅਨਾਜ ਘੁਟਾਲੇ ਵਿਚ...

ਫੇਰ ਕੋਈ ਕੇਸ ਦਰਜ ਕੀਤਾ ਜਾਵੇ।

ਆਸ਼ੂ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਪਿਛਲੇ 5 ਮਹੀਨਿਆਂ ਤੋਂ 'ਆਪ' ਸਰਕਾਰ ਦੇ ਹੁਕਮਾਂ 'ਤੇ ਵਿਜੀਲੈਂਸ ਨੇ ਉਸ ਕੋਲ ਰਹੇ ਮਹਿਕਮੇ ਦੀਆਂ ਸਾਰੀਆਂ ਫਾਈਲਾਂ ਛਾਣ ਮਾਰੀਆਂ ਹਨ ਪ੍ਰੰਤੂ ਕੁੱਝ ਵੀ ਨਹੀਂ ਮਿਲਿਆ ਹੈ।

### ਕੀ ਹੈ ਘੁਟਾਲਾ

ਦਰਅਸਲ, ਨਵਾਂਸ਼ਹਿਰ ਦੇ ਠੇਕੇਦਾਰ ਗੁਰਪ੍ਰੀਤ ਸਿੰਘ ਨੇ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਸੀ ਕਿ 2020-21 ਵਿੱਚ ਖੁਰਾਕ ਸਪਲਾਈ ਵਿਭਾਗ ਨੇ ਅਨਾਜ ਦੀ ਲਿਫਟਿੰਗ ਦਾ ਠੇਕਾ ਮਨਪਸੰਦ ਠੇਕੇਦਾਰ ਨੂੰ ਦੇਣ ਦੀ ਨੀਤੀ ਬਦਲ ਦਿੱਤੀ ਸੀ। ਸਾਲ 2019-20 ਤੱਕ ਪਾਲਿਸੀ ਵਿੱਚ ਖਰੀਦ ਕਲਸਟਰ ਦੀ ਸਮਰੱਥਾ ਕਣਕ ਦੀ ਆਮਦ ਦੇ ਹਿਸਾਬ ਨਾਲ ਹੀ ਤੈਅ ਕੀਤੀ ਗਈ ਸੀ। ਵਿਭਾਗ ਨੇ 2020-21 ਵਿੱਚ ਝੋਨੇ ਦੇ ਨਾਲ-ਨਾਲ ਕਣਕ ਦੀ ਆਮਦ ਦੇ ਹਿਸਾਬ ਨਾਲ ਖਰੀਦ ਕਲੱਸਟਰ ਦੀ ਸਮਰੱਥਾ ਤੈਅ ਕੀਤੀ ਹੈ। ਇਸ ਕਾਰਨ ਮੁਕਾਬਲਾ ਘਟ ਗਿਆ।

ਕਈ ਠੇਕੇਦਾਰਾਂ ਨੇ ਟੈਂਡਰ ਵਿੱਚ ਹਿੱਸਾ ਨਹੀਂ ਲਿਆ ਤਾਂ ਕਈ ਠੇਕੇਦਾਰਾਂ ਦੀਆਂ ਕਮੀਆਂ ਦੂਰ ਕਰਕੇ ਠੇਕਾ ਰੱਦ ਕਰ ਦਿੱਤਾ ਗਿਆ। ਬਾਅਦ ਵਿੱਚ ਠੇਕੇਦਾਰ ਤੇਲੂ ਰਾਮ ਅਤੇ ਉਸ ਦੇ ਸਾਥੀਆਂ ਨੂੰ ਠੇਕਾ ਦੇ ਦਿੱਤਾ ਗਿਆ। ਦੋਸ਼ ਹੈ ਕਿ ਠੇਕਾ ਲੈਣ ਲਈ ਤੇਲੂ ਰਾਮ ਅਤੇ ਉਸ ਦੇ ਸਾਥੀਆਂ ਨੇ ਜਿਨਾਂ ਵਾਹਨਾਂ ਦੇ ਨੰਬਰ ਦਿੱਤੇ ਸਨ, ਉਹ ਦੋਪਹੀਆ ਵਾਹਨ ਸਨ। ਉਨਾਂ ਨੂੰ ਉਨਾਂ ਦੇ ਗੇਟ ਪਾਸ ਦੀ ਪੁਸ਼ਟੀ ਕੀਤੇ ਬਿਨਾਂ ਭੁਗਤਾਨ ਕੀਤਾ ਗਿਆ ਸੀ। ਉਸ ਸਮੇਂ ਭਾਰਤ ਭੂਸ਼ਣ ਆਸ਼ੂ ਖੁਰਾਕ ਸਪਲਾਈ ਮੰਤਰੀ ਸਨ। ਇਸ ਲਈ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਨਾਲ ਸਬੰਧਤ ਇਸ ਘਪਲੇ ਵਿੱਚ ਆਸ਼ੂ ਅਤੇ ਉਸ ਦੇ ਪੀ.ਏ. ਦਾ ਨਾਂ ਵੀ ਸਾਹਮਣੇ ਆਇਆ ਹੈ।

ਸੂਬੇ ਦੀ ਸਿਆਸੀ ਤਸਵੀਰ ਬਦਲਣ ਤੋਂ ਬਾਅਦ ਖ਼ੁਰਾਕ ਤੇ ਸਪਲਾਈ ਵਿਭਾਗ ਨੇ ਉਹੀ ਗਲਤੀਆਂ ਦੁਹਰਾਈਆਂ ਜੋ ਪਿਛਲੀਆਂ ਸਰਕਾਰਾਂ ਨੇ ਕੀਤੀਆਂ ਸਨ। ਤਤਕਾਲੀ ਖੁਰਾਕ ਮੰਤਰੀ ਭਾਰਤ ਭੂਸ਼ਣ ਆਸ਼ੂ 'ਤੇ ਗ਼ਲਤ ਢੰਗ ਨਾਲ ਟੈਂਡਰ ਅਲਾਟ ਕਰਨ ਦੇ ਦੋਸ਼ ਲੱਗੇ। ਵਿਜੀਲੈਂਸ ਨੇ ਟੈਂਡਰ ਪ੍ਰਾਪਤ ਕਰਨ ਵਾਲੇ ਠੇਕੇਦਾਰ ਤੇਲੂ ਰਾਮ 'ਤੇ ਕੇਸ ਦਰਜ ਕੀਤਾ ਤਾਂ ਇਹ ਪਰਤਾਂ ਖੁੱਲਣ ਲੱਗ ਪਈਆਂ ਕਿ ਠੇਕੇਦਾਰ ਨੇ ਭਾਰ ਢੋਹਣ ਲਈ ਦੁਪਹੀਆ ਵਾਹਨਾਂ ਦੇ ਨੰਬਰ ਦਿਖਾਏ ਹਨ ਤਾਂ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਘਿਰ ਗਏ।

ਦਿਲਚਸਪ ਗੱਲ ਹੈ ਕਿ ਕਾਂਗਰਸੀ ਆਗੂਆਂ ਨੇ ਅਕਾਲੀਆਂ ਨੂੰ ਘੇਰਨ ਲਈ ਜਾਲ ਵਿਛਾਇਆ ਸੀ ਪਰ ਅੱਜ ਉਨਾਂ ਦਾ ਆਪਣਾ ਆਗੂ ਭਾਰਤ ਭੂਸ਼ਣ ਆਸ਼ੂ ਫਸ ਗਿਆ ਹੈ। ਵਿਜੀਲੈਂਸ ਅਨੁਸਾਰ ਟੈਂਡਰ ਅਲਾਟਮੈਂਟ ਵਿਚ 2000 ਕਰੋੜ ਰੁਪਏ ਦਾ ਘਪਲਾ ਹੋਇਆ ਹੈ। ਜਾਂਚ ਵਿਚ ਖ਼ੁਲਾਸਾ ਹੋਇਆ ਹੈ ਕਿ ਅਨਾਜ ਦੇ ਗੇਟ ਪਾਸ 'ਤੇ ਜਿਨਾਂ ਵਾਹਨਾਂ ਦੇ ਨੰਬਰ ਲਿਖੇ ਹੋਏ ਸਨ, ਉਹ ਅਸਲ ਵਿਚ ਦੋਪਹੀਆ ਵਾਹਨਾਂ (ਸਕੂਟਰ, ਮੋਟਰਸਾਈਕਲ) ਦੇ ਸਨ ਅਤੇ ਇਨਾਂ ਵਾਹਨਾਂ ਦੀ ਢੋਆ-ਢੁਆਈ ਨਹੀਂ ਕੀਤੀ ਜਾ ਸਕਦੀ ਪਰ ਠੇਕੇਦਾਰ ਨੇ ਇਨਾਂ ਵਾਹਨਾਂ 'ਤੇ ਭਾਰ (ਅਨਾਜ) ਢੋਹਣ ਦੀ ਗੱਲ ਕਹੀ ਹੈ।

**ਭਾਜਪਾ ਆਗੂ ਸਿੰਗਲਾ ਵਲੋਂ ਹੁਣ ਮਨਪ੍ਰੀਤ ਸਿੰਘ ਬਾਦਲ ਵਿਰੁੱਧ ਸ਼ਿਕਾਇਤ**

ਕਾਂਗਰਸ ਸਰਕਾਰ ਦੌਰਾਨ ਫੂਡ ਸਪਲਾਈ ਮੰਤਰੀ ਰਹੇ ਭਾਰਤ ਭੂਸ਼ਣ ਆਸ਼ੂ 'ਤੇ ਵਿਜੀਲੈਂਸ ਦੀ ਕਾਰਵਾਈ ਤੋਂ ਬਾਅਦ ਬਠਿੰਡਾ ਸ਼ਹਿਰੀ ਦੇ ਸਾਬਕਾ ਵਿਧਾਇਕ ਤੇ ਭਾਜਪਾ ਆਗੂ ਸਰੂਪ ਚੰਦ ਸਿੰਗਲਾ ਨੇ ਐਸਐਸਪੀ ਵਿਜੀਲੈਂਸ ਨੂੰ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਉਸ ਦੇ ਸਾਥੀਆਂ ਵਿਰੁੱਧ ਸ਼ਿਕਾਇਤ ਦੇ ਕੇ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ। ਸ਼ਿਕਾਇਤ ਵਿਚ ਉਨਾਂ ਦੋਸ਼ ਲਾਇਆ ਹੈ ਕਿ ਸਾਬਕਾ ਵਿੱਤ ਮੰਤਰੀ ਨੇ ਕਣਕ-ਝੋਨੇ ਦੀ ਢੋਆ-ਢੁਆਈ ਲਈ ਆਪਣੇ ਡਰਾਈਵਰ ਅਤੇ ਗੰਨਮੈਨ ਦੇ ਨਾਂ 'ਤੇ ਫਰਜ਼ੀ ਕੰਪਨੀਆਂ ਬਣਾ ਕੇ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਹੈ। ਵਿੱਤ ਮੰਤਰੀ ਹੁੰਦਿਆਂ ਮਨਪ੍ਰੀਤ ਬਾਦਲ ਨੇ ਬਠਿੰਡਾ ਸ਼ਹਿਰ ਵਿਚ ਕਈ ਵੱਡੇ ਘਪਲੇ ਕੀਤੇ ਹਨ, ਜਿਨਾਂ ਨੂੰ ਆਉਣ ਵਾਲੇ ਸਮੇਂ ਵਿਚ ਲੋਕਾਂ ਤੇ ਸਰਕਾਰ ਸਾਹਮਣੇ ਰੱਖਿਆ ਜਾਵੇਗਾ। ਇਸ ਮਾਮਲੇ ਸਬੰਧੀ ਪੱਖ ਜਾਣਨ ਲਈ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਉਨਾਂ ਦੇ ਨਜ਼ਦੀਕੀ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਨੂੰ ਫੋਨ ਕੀਤਾ ਪਰ ਉਨਾਂ ਫੋਨ ਨਹੀਂ ਚੁੱਕਿਆ।

**ਰਵਨੀਤ ਬਿੱਟੂ ਦੱਸਣ ਕਿ ਦਾਦੇ ਦੇ ਰਾਜ ਵਿਚ ਨੌਜਵਾਨਾਂ ਨੂੰ ਘਰੋਂ ਚੁੱਕਣ ਸਮੇਂ ਪੁਲਿਸ ਵਾਲੇ ਪਹਿਚਾਣ ਪੱਤਰ ਦਿਖਾਉਂਦੇ ਸਨ ? : ਬਸਪਾ**

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ ਨੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਵਿਜੀਲੈਂਸ ਮੁਲਾਜ਼ਮਾਂ ਨੂੰ ਚੋਰ ਕਹਿ ਕੇ ਸੰਬੋਧਨ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਜਸਵੀਰ ਸਿੰਘ ਗੜ੍ਹੀ ਨੇ ਰਵਨੀਤ ਸਿੰਘ ਬਿੱਟੂ ਨੂੰ ਸਵਾਲ ਕਰਦਿਆਂ ਕਿਹਾ ਕਿ ਕੀ ਉਹ ਪੰਜਾਬ ਦੇ ਲੋਕਾਂ ਨੂੰ ਦੱਸਣਗੇ ਜਦੋਂ ਉਨਾਂ ਦੇ ਦਾਦਾ ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਰਾਤਾਂ ਨੂੰ ਘਰਾਂ ਵਿਚੋਂ ਸਿੱਖ ਨੌਜਵਾਨਾਂ ਨੂੰ ਚੁੱਕਣ ਸਮੇਂ ਪੁਲਿਸ ਵਾਲੇ ਪਹਿਚਾਣ ਪੱਤਰ ਦਿਖਾਉਂਦੇ ਸਨ। ਉਨਾਂ ਕਿਹਾ ਕਿ ਮੁਲਾਜ਼ਮ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਇਕ ਘਪਲੇ ਦੇ ਦੋਸ਼ ਵਿੱਚ ਗ੍ਰਿਫਤਾਰ ਕਰਨ ਗਏ ਸਨ, ਪ੍ਰੰਤੂ ਉਨਾਂ ਦੇ ਦਾਦੇ ਦੇ ਰਾਜ ਵਿੱਚ ਹਜ਼ਾਰਾਂ ਬੇਗੁਨਾਹਾਂ ਨੂੰ ਰਾਤਾਂ ਨੂੰ ਘਰੋਂ ਚੁੱਕਿਆ ਜਾਂਦਾ ਸੀ, ਜੋ ਕਦੇ ਘਰ ਵਾਪਸ ਨਹੀਂ ਆਏ। ਉਨਾਂ ਕਿਹਾ ਕਿ ਉਸ ਕਾਲੇ ਦੌਰ ਵਿੱਚ ਕਰੀਬ 30 ਹਜ਼ਾਰ ਸਿੱਖ ਨੌਜਵਾਨਾਂ ਨੂੰ ਚੁੱਕ ਚੁੱਕ ਖਤਮ ਕਰ ਦਿੱਤਾ, ਕੀ ਉਸ ਸਮੇਂ ਪੁਲਿਸ ਵਾਲਿਆਂ ਨੇ ਸ਼ਨਖਾਤੀ ਪੱਤਰ ਵਿਖਾਏ ਸਨ। ਉਨਾਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਇਕ ਕਾਂਗਰਸੀ ਸਾਬਕਾ ਮੰਤਰੀ ਦੇ ਬਚਾਅ ਲਈ ਐਮਪੀ ਬਿੱਟੂ ਬੁਖਲਾਹਟ ਵਿੱਚ ਇਹ ਵੀ ਮਰਿਆਦਾ ਭੁੱਲ ਗਏ ਕਿ ਮੁਲਾਜ਼ਮਾਂ ਨੂੰ ਕੀ ਸ਼ਬਦ ਬੋਲ ਰਹੇ ਹਨ।

**ਸੋਸ਼ਲ ਮੀਡੀਆ 'ਤੇ ਭਾਰਤ ਭੂਸ਼ਣ ਆਸ਼ੂ ਦੀ ਹੋ ਰਹੀ ਹੈ ਕਿਰਕਿਰੀ**

ਭ੍ਰਿਸ਼ਟਾਚਾਰ ਦੇ ਦੋਸ਼ ਤਹਿਤ ਵਿਜੀਲੈਂਸ ਬਿਊਰੋ ਦੁਆਰਾ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਸੋਸ਼ਲ ਮੀਡੀਆ 'ਤੇ ਖ਼ੂਬ ਕਿਰਕਰੀ ਹੋ ਰਹੀ ਹੈ। ਭਾਵੇਂ ਕਾਂਗਰਸੀ ਆਗੂ ਆਪਣੇ ਸਾਬਕਾ ਮੰਤਰੀ ਦੇ ਸਮਰਥਨ ਵਿਚ ਆ ਗਏ ਹਨ, ਪਰ ਬਤੌਰ ਵਜ਼ੀਰ ਉਨਾਂ ਦੇ ਰਵੱਈਏ ਅਤੇ ਲੋਕਾਂ ਨਾਲ ਕੀਤੇ ਗਏ ਵਰਤਾਰੇ ਨੂੰ ਲੈ ਕੇ ਫੇਸਬੁੱਕ, ਵਟਸਐਪ ਅਤੇ ਇੰਸਟਾਗ੍ਰਾਮ 'ਤੇ ਤਰਾਂ-ਤਰਾਂ ਦੀਆਂ ਟਿਪਣੀਆਂ ਪੜਨ ਸੁਣਨ ਨੂੰ ਮਿਲ ਰਹੀਆਂ ਹਨ।

ਨੌਕਰੀ ਤੋਂ ਬਰਖ਼ਾਸਤ ਕੀਤੇ ਗਏ ਲੁਧਿਆਣਾ ਦੇ ਡੀਐੱਸਪੀ ਬਲਵਿੰਦਰ ਸਿੰਘ ਸੇਖੋਂ ਨਾਲ ਸਖ਼ਤ ਭਾਸ਼ਾ ਵਿਚ ਕੀਤੀ ਗਈ ਗੱਲਬਾਤ ਅਤੇ ਇਕ ਬੀਬੀ ਅਧਿਕਾਰੀ (ਡੀਈਓ) ਨੂੰ ਸਮਾਗਮ ਵਿਚ ਵਾਪਸ ਭੇਜਣ ਦੀ ਤਾੜਨਾ ਵਾਲੀ ਵੀਡਿਓ ਕਲਿੱਪ ਸੋਸ਼ਲ ਮੀਡੀਆ 'ਤੇ ਘੁੰਮ ਰਹੀਆਂ ਹਨ। ਇਹਨਾਂ ਵੀਡਿਓ ਕਲਿੱਪਾਂ ਦੇ ਥੱਲੇ ਲੋਕਾਂ ਨੇ ਉਹੀ ਕੁਮੈਂਟ ਕੀਤੇ ਹਨ ਜਿਹੜੇ ਭਾਰਤ ਭੂਸ਼ਣ ਆਸ਼ੂ ਨੇ ਸੱਤਾ ਦੀ ਕੁਰਸੀ 'ਤੇ ਬੈਠਿਆਂ ਕੀਤੇ ਸਨ। ਬਰਖ਼ਾਸਤ ਕੀਤੇ ਗਏ ਡੀਐੱਸਪੀ ਬਲਵਿੰਦਰ ਸਿੰਘ ਸੇਖੋਂ ਨੂੰ ਆਸ਼ੂ ਨੇ ਇੱਥੋ ਤਕ ਕਹਿ ਦਿੱਤਾ ਸੀ ਕਿ ਹਾਈਕੋਰਟ ਉਪਰ ਡਿੱਗਦਾ ਜਾ ਹਾਈਕੋਰਟ ਨੂੰ ਕਹਿ ਦੇ ਕਿ ਮੰਤਰੀ ਨਹੀਂ ਮੰਨਦਾ ਅਤੇ ਸਿੱਧ ਕੇ ਰੱਖ ਦਿਆਂਗੇ ਇਹੀ ਕੁਮੈਂਟ ਹੁਣ ਲੋਕਾਂ ਵੱਲੋਂ ਆਸ਼ੂ 'ਤੇ ਕੀਤੇ ਜਾ ਰਹੇ ਹਨ। ਦਿਲਚਸਪ ਗੱਲ ਹੈ ਕਿ ਕਈ ਕਾਂਗਰਸੀਆਂ ਖ਼ਾਸ ਕਰ ਕੇ ਲੁਧਿਆਣਾ ਵਿਚ ਦਿੱਤੇ ਗਏ ਧਰਨੇ ਸਬੰਧੀ ਵੀ ਕੁਝ ਲੋਕਾਂ ਨੇ ਪੋਸਟਾਂ ਸ਼ੇਅਰ ਕੀਤੀਆਂ ਹਨ, ਪਰ ਇਨਾਂ ਪੋਸਟਾਂ 'ਤੇ ਵੀ ਲੋਕਾਂ ਨੇ ਆਸ਼ੂ ਨਾਲ ਹਮਦਰਦੀ ਕਰਨ ਦੀ ਬਜਾਏ ਵਿਜੀਲੈਂਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਹੀ ਕੀਤੀ ਹੈ।

ਆਸ਼ੂ ਹੀ ਨਹੀਂ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਵੱਲੋਂ ਵਿਜੀਲੈਂਸ ਅਧਿਕਾਰੀਆਂ ਨਾਲ ਕੀਤੇ ਗਏ ਗ਼ਲਤ ਵਰਤਾਰੇ ਦੀ ਵੀ ਆਲੋਚਨਾ ਹੋ ਰਹੀ ਹੈ। ਵੱਖ-ਵੱਖ ਪੋਸਟਾਂ 'ਤੇ ਲੋਕਾਂ ਨੇ ਰਵਨੀਤ ਬਿੱਟੂ ਦੇ ਦਾਦਾ ਸਵਰਗੀ ਬੇਅੰਤ ਸਿੰਘ ਦੇ ਕਾਰਜਕਾਲ ਦੌਰਾਨ ਨੌਜਵਾਨਾਂ ਨੂੰ ਹਿਰਾਸਤ ਵਿਚ ਲੈਣ ਸਮੇਂ ਸਰਕਾਰ ਅਤੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਲੋਕਾਂ ਵੱਲੋਂ ਸਖ਼ਤ ਇਤਰਾਜ਼ ਕੀਤਾ ਗਿਆ ਹੈ। ਕਈ ਲੋਕਾਂ ਨੇ ਲਿਖਿਆ ਹੈ ਕਿ ਹੰਕਾਰਿਆਂ ਸੋ ਮਾਰਿਆ, ਇਕ ਵਿਅਕਤੀ ਨੇ ਕੁਮੈਂਟ ਕੀਤਾ ਹੈ ਕਿ ਮੰਤਰੀ ਹੁੰਦੇ ਹੋਏ ਇਸਨੇ (ਆਸ਼ੂ) ਨੇ ਚੰਮ ਦੀਆਂ ਚਲਾਈਆਂ ਸਨ।

## ਪ੍ਰਧਾਨ ਮੰਤਰੀ ਮੋਦੀ ਨੇ...

ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ ਨੂੰ ਅੱਜ ਆਧੁਨਿਕ ਕੈਂਸਰ ਹਸਪਤਾਲ ਮਿਲਿਆ ਹੈ। ਇਹ ਕੇਂਦਰ ਦੇਸ-ਵਿਦੇਸ ਵਿੱਚ ਆਪਣੀਆਂ ਸੇਵਾਵਾਂ ਦੇ ਕੇ ਲੋਕਾਂ ਦੀਆਂ ਜਾਨਾਂ ਬਚਾ ਰਿਹਾ ਹੈ। ਭਾਰਤ ਸਰਕਾਰ ਕੈਂਸਰ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾ ਰਹੀ ਹੈ। ਟਾਟਾ ਮੈਮੋਰੀਅਲ ਨੇੜੇ ਡੇਢ ਲੱਖ ਮਰੀਜਾਂ ਦੇ ਇਲਾਜ ਦੀ ਸਹੂਲਤ ਤਿਆਰ ਕੀਤੀ ਗਈ ਹੈ। ਇਹ ਕੈਂਸਰ ਦੇ ਮਰੀਜਾਂ ਨੂੰ ਰਾਹਤ ਦੇਣ ਜਾ ਰਿਹਾ ਹੈ।

ਪੀਐਮ ਨੇ ਕਿਹਾ ਕਿ ਪਹਿਲਾਂ ਲੋਕ ਪੀਜੀਆਈ ਵਿੱਚ ਆਉਂਦੇ ਸਨ, ਜਿੱਥੇ ਬਹੁਤ ਭੀੜ ਹੁੰਦੀ ਸੀ। ਬਹੁਤ ਸਾਰੀਆਂ ਸਮੱਸਿਆਵਾਂ ਹਨ। ਹੁਣ ਬਿਲਾਸਪੁਰ ਹਿਮਾਚਲ ਪ੍ਰਦੇਸ ਵਿੱਚ ਏਮਜ ਬਣ ਗਿਆ ਹੈ। ਜੋ ਬਿਲਾਸਪੁਰ ਦੇ ਨੇੜੇ ਹੈ, ਉਹ ਉਥੇ ਜਾਵੇਗਾ, ਜੋ ਮੁਹਾਲੀ ਦੇ ਨੇੜੇ ਹੈ, ਉਹ ਇੱਥੇ ਆਵੇਗਾ।

ਪੀਐਮ ਨੇ ਕਿਹਾ ਕਿ ਭਾਰਤ ਵਿੱਚ ਸਿਹਤ ਦੇ ਖੇਤਰ ਵਿੱਚ ਪਿਛਲੇ ਸੱਤ-ਅੱਠ ਸਾਲਾਂ ਵਿੱਚ ਜੋ ਹੋਇਆ ਹੈ, ਉਹ ਪਿਛਲੇ 70 ਸਾਲਾਂ ਵਿੱਚ ਨਹੀਂ ਹੋਇਆ ਹੈ। ਅੱਜ ਸਿਹਤ ਖੇਤਰ ਲਈ ਗਰੀਬ ਤੋਂ ਗਰੀਬ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਛੇ ਮੋਰਚਿਆਂ 'ਤੇ ਮਿਲ ਕੇ ਕੰਮ ਕਰਕੇ ਦੇਸ ਦੀਆਂ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਇਆ ਜਾ ਰਿਹਾ ਹੈ।

ਪੀਐਮ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਐਲਜੀਪੀ ਦੇ ਕੇ ਧੂੰਏਂ ਤੋਂ ਹੋਣ ਵਾਲੀ ਬਿਮਾਰੀ ਤੋਂ ਬਚਾਇਆ ਹੈ। ਪਿੰਡ ਵਿੱਚ ਜਿੰਨੇ ਚੰਗੇ ਹਸਪਤਾਲ ਹੋਣਗੇ, ਓਨੀ ਜਲਦੀ ਬਿਮਾਰੀ ਦਾ ਪਤਾ ਲੱਗ ਜਾਵੇਗਾ। ਸਾਡੀ ਸਰਕਾਰ ਪਿੰਡਾਂ ਨੂੰ ਆਧੁਨਿਕ ਸਿਹਤ ਸਹੂਲਤਾਂ ਨਾਲ ਜੋੜਨ ਲਈ 1.5 ਲੱਖ ਤੋਂ ਵੱਧ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਦਾ ਨਿਰਮਾਣ ਕਰ ਰਹੀ ਹੈ। 1.25 ਸਿਹਤ ਅਤੇ ਤੰਦਰੁਸਤੀ ਕੇਂਦਰ ਨੇ ਕੰਮ ਕਰਨਾ ਸੁਰੂ ਕਰ ਦਿੱਤਾ ਹੈ। ਪੰਜਾਬ ਵਿੱਚ ਵੀ ਲਗਭਗ 3000 ਸਿਹਤ ਅਤੇ ਤੰਦਰੁਸਤੀ ਕੇਂਦਰ ਸੇਵਾ ਕਰ ਰਹੇ ਹਨ। ਦੇਸ ਭਰ ਵਿੱਚ ਕੈਂਸਰ ਤੋਂ ਪੀੜਤ 22 ਕਰੋੜ ਲੋਕਾਂ ਦੀ ਜਾਂਚ ਕੀਤੀ ਗਈ ਹੈ। ਇਸ ਵਿੱਚ ਸਾਰੇ ਸਾਥੀਆਂ ਦੀ ਕੈਂਸਰ ਨਾਲ ਪਛਾਣ ਕੀਤੀ ਗਈ ਹੈ।

ਜਿਕਰਯੋਗ ਹੈ ਕਿ ਇਸ ਹਸਪਤਾਲ ਦਾ ਨੀਂਹ ਪੱਥਰ 30 ਦਸੰਬਰ 2013 ਨੂੰ ਅਕਾਲੀ ਭਾਜਪਾ ਗਠਜੋੜ ਸਰਕਾਰ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਨੇ ਰੱਖਿਆ ਸੀ।

300 ਬਿਸਤਰਿਆਂ ਵਾਲੇ ਇਸ ਹਸਪਤਾਲ ਤੇ 664 ਕਰੋੜ ਰੁਪਏ ਖਰਚ ਹੋਏ ਹਨ ਅਤੇ ਇਸਦੇ ਨਿਰਮਾਣ ਨੂੰ ਅੱਠ ਸਾਲ ਤੋਂ ਵੱਧ ਸਮਾਂ ਲੱਗਾ ਹੈ ਜਦਕਿ ਇਹ ਪ੍ਰੋਜੈਕਟ 2018 ਵਿਚ ਮੁਕੰਮਲ ਹੋਣਾ ਸੀ।

ਜਾਣਕਾਰੀ ਅਨੁਸਾਰ ਹਸਪਤਾਲ ਵਿਚ ਰੇਡੀਓ ਥੈਰੇਪੀ, ਰੈਡਿਆਲੋਜੀ, , ਸੀ.ਟੀ ਸਕੈਨ , ਮੈਮੋਗ੍ਰਾਫੀ ਅਤੇ ਬੋਨਮਾਰੋ ਟਰਾਂਸਪਲਾਂਟ ਦੀ ਸੁਵਿਧਾ ਮਿਲੇਗੀ। ਇਹ ਭਾਰਤ ਦੇ ਪ੍ਰਸਿੱਧ ਟਾਟਾ ਮੈਮੋਰੀਅਲ ਕੈਂਸਰ ਹਸਪਤਾਲ ਦਾ ਹਿੱਸਾ ਹੈ।

ਸਟੇਜ 'ਤੇ ਪ੍ਰਧਾਨ ਮੰਤਰੀ ਨਾਲ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ ਮੌਜੂਦ ਰਹੇ। ਭਾਜਪਾ ਦੇ ਗੁਰਮੀਤ ਸਿੰਘ ਸੋਢੀ , ਕੇਵਲ ਸਿੰਘ ਢਿਲੋਂ, ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ, ਭਾਜਪਾ ਦੇ ਜਨਰਲ ਸਕੱਤਰ ਡਾ. ਸੁਭਾਸ਼ ਚਾਵਲਾ ਵੀ ਪੰਡਾਲ ਵਿਚ ਪੁੱਜੇ । ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਪ੍ਰਵਾਸੀ ਮਾਮਲਿਆਂ ਵਿਭਾਗ ਦੇ ਮੰਤਰੀ ਫੌਜਾ ਸਿੰਘ ਸਰਾਰੀ,ਕੈਬਨਿਟ ਮੰਤਰੀ ਅਨਮੋਲ ਗਗਨ ਮਾਨ, ਸੁਨੀਲ ਜਾਖੜ, ਬਲਵੀਰ ਸਿੰਘ ਸਿੱਧੂ , ਆਪ ਦੇ ਕਈ ਵਿਧਾਇਕ ਪੰਡਾਲ ਵਿਚ ਪੁੱਜੇ।

**ਕਾਂਗਰਸੀਆਂ ਨੂੰ ਨਹੀਂ ਮਿਲਿਆ ਸੱਦਾ**

ਸੂਬਾ ਕਾਂਗਰਸ ਕਮੇਟੀ (ਪੀ.ਸੀ.ਸੀ.) ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਡਾ: ਰਾਜ ਕੁਮਾਰ ਚੱਬੇਵਾਲ ਨੇ ਪੁਸਟੀ ਕੀਤੀ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਕਿਸੇ ਵੀ ਵਿਧਾਇਕ ਨੂੰ ਸਮਾਗਮ ਵਿੱਚ ਸੱਦਾ ਨਹੀਂ ਦਿੱਤਾ ਗਿਆ ਹੈ। ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਦਾ ਨੀਂਹ ਪੱਥਰ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਰੱਖਿਆ ਸੀ ਅਤੇ ਸਾਡੀ ਪਾਰਟੀ ਦੇ ਵਿਧਾਇਕਾਂ ਨੂੰ ਸੱਦਣਾ ਚਾਹੀਦਾ ਸੀ।




ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com